ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ

Nawi Dunia

Free

ਸਾਲ: 2 ਅੰਕ : 6 Phone : 780 465 9118, 403 775 2100 Fax: 780 465 0661, e-mail: info@nawidunia.com ਜੂਨ-2011



6 ਜੂਨ : ਸਾਕਾ ਨੀਲਾ ਤਾਰਾ

ਟਿਮ ਉੱਪਲ ਕੈਨੇਡਾ ਦੀ ਕੈਬਨਿਟ 'ਚ — ਪੰਨਾ-3



ਪਿੰਡ ਵਿੱਚ ਭੰਗ ਭੁਜਦੀ — ਪੰਨਾ-9




ਵੱਡੇ ਕਵੀ ਕੋਲ ਹਰ ਘਟਨਾ ਦੀਵਾ ਲੈ ਕੇ ਆਉਂਦੀ ਹੈ : ਭਾਰਤੀ — ਪੰਨਾ-26



ਨੌਜਵਾਨਾਂ ਲਈ 'ਦੌੜ' ਰਿਹਾ ਸੌ ਸਾਲਾ ਫੌਜਾ ਸਿੰਘ — ਪੰਨਾ-38



# ਅੱਗ ਦਾ ਕਹਿਰ : ਸਲੇਵ ਲੇਕ ਨੂੰ ਕੀਤਾ ਅਰਸ਼ੋਂ ਫਰਸ਼

## ਰੁੱਤੇ ਅੜੀਏ! ਝੱਖੜ ਨੂੰ ਕਹਿ ਬੱਸ ਕਰੇ..

ਸਲੇਵ ਲੇਕ (ਨਦਬ) ਸਲੇਵ ਲੇਕ ਸ਼ਹਿਰ ਦੇ ਨਜ਼ਦੀਕੀ ਜੰਗਲਾਂ ਵਿਚ ਲੱਗੀ ਅੱਗ ਨੇ ਜਿਥੇ ਜੰਗਲ ਵਿਚ ਅੱਗ ਦਾ ਤਾਂਡਵ ਕੀਤਾ, ਉਥੇ ਹੀ ਸ਼ਹਿਰ ਨੂੰ ਵੀ ਆਪਣੀ ਲਪੇਟ ਵਿਚ ਲੈ ਕੇ ਅਰਸ਼ੋਂ ਫਰਸ਼ ਕਰ ਦਿੱਤਾ। ਸ਼ਹਿਰ ਵਿਚ ਲੱਗੀ ਅੱਗ ਨਾਲ ਭਾਰੀ ਤਬਾਹੀ ਦਾ ਮੰਜ਼ਰ ਵੇਖਣ ਨੂੰ ਮਿਲਿਆ। ਸਾਲਾਂ ਤੋਂ ਮਿਹਨਤ-ਮੁਸ਼ੱਕਤ ਨਾਲ ਖੜੇ ਕੀਤੇ ਕਾਰੋਬਾਰਾਂ, ਘਰਾਂ, ਦਫ਼ਤਰਾਂ ਤੇ ਹੋਰ ਗਗਨ ਚੁੰਬੀਆਂ ਇਮਾਰਤਾਂ ਨੂੰ ਲੋਕ ਆਪਣੇ ਹੰਝੂਆਂ ਰਾਹੀਂ ਧੁੰਦਲੇ ਤੋਂ ਖ਼ਤਮ ਹੁੰਦਿਆਂ ਵੇਖਦੇ ਰਹੇ। ਕੁਦਰਤ ਦੇ ਕਹਿਰ ਅੱਗੇ ਲੱਟ-ਲੱਟ ਬਲਦੀਆਂ ਚੀਜ਼ਾਂ ਨੂੰ ਅਡੋਲ ਖੜੇ ਵੇਖਦੇ ਰਹੇ। ਕਈ ਪਰਿਵਾਰਾਂ ਦੇ ਰੋਜ਼ੀ-ਰੋਟੀ ਦੇ ਸਾਧਨ ਤਬਾਹ ਹੋ ਗਏ। ਰੋਜ਼ੀ ਰੋਟੀ ਦੀ ਭਾਲ ਵਿਚ ਭਾਰਤੀ ਪੰਜਾਬ ਤੋਂ ਕੈਨੇਡਾ ਦੇ ਸਲੇਵ ਲੇਕ ਵਿਖੇ ਰਹਿ ਰਹੇ ਕਈ ਪੰਜਾਬੀ ਪਰਿਵਾਰ ਵੀ ਕੱਖੋਂ ਹੌਲੇ ਹੋ ਕੇ ਰਹਿ ਗਏ ਹਨ। ਸਾਲਾਂ ਤੋਂ ਸ਼ੁਰੂ ਕੀਤੇ ਕਾਰੋਬਾਰ ਨੇ ਜਦੋਂ ਪੈਰ ਪੁੱਟਣੇ ਸ਼ੁਰੂ ਕੀਤੇ ਸਨ ਤਾਂ ਅੱਗ ਦਾ ਕੁਹਾੜਾ ਪੈਰ ਵੱਢ ਕੇ ਲੈ ਗਿਆ। ਜੰਗਲਾਂ ਵਿਚ ਲੱਗੀ ਅੱਗ ਕਾਰਨ ਜਿਥੇ ਪਸ਼ੂ-ਪੰਛੀ, ਜਾਨਵਰ ਆਦਿ ਆਪਣੇ ਰੈਣ ਬਸੇਰਿਆਂ ਤੋਂ ਚਲੇ ਗਏ ਹਨ, ਠੀਕ ਉਸੇ ਤਰ੍ਹਾਂ ਲੋਕ ਸੜਕਾਂ 'ਤੇ ਆ ਗਏ ਹਨ। ਜ਼ਰੂਰੀ ਸੇਵਾਵਾਂ ਦੇ ਕਾਮੇ ਇਥੇ ਆਪਣੇ ਕੰਮ ਵਿਚ ਜੁਟ ਗਏ ਹਨ। ਇਥੇ ਚਾਰ ਪੜਾਵਾਂ ਵਿਚ ਰਾਹਤ ਕਾਰਜ ਕੀਤੇ ਜਾਣਗੇ ਜਿਸ ਮਗਰੋਂ ਲੋਕ ਆਪਣੇ ਘਰਾਂ ਨੂੰ ਪਰਤ ਜਾਣਗੇ। ਇਸ ਭਿਆਨਕ ਅੱਗ ਕਾਰਨ 7000 ਦੇ ਕਰੀਬ ਲੋਕ ਆਪਣਾ ਘਰ-ਬਾਰ ਛੱਡ ਕੇ ਚਲੇ ਗਏ ਸਨ। ਸਲੇਵ ਲੇਕ ਦੀ



ਮੇਅਰ ਕਰੀਨਾ ਪਿਲੇ ਦਾ ਕਹਿਣਾ ਹੈ ਕਿ ਇਹ ਲੋਕ ਕੁਝ ਦਿਨਾਂ ਵਿਚ ਹੀ ਆਪਣੇ ਘਰਾਂ ਨੂੰ ਪਰਤ ਜਾਣਗੇ। ਮਿਊਂਸਪਲ ਡਿਸਟ੍ਰਿਕਟ ਆਰ. ਡੈਨੀ ਗਰਾਟ ਦਾ ਕਹਿਣਾ ਹੈ ਕਿ ਉਹ ਸਮਝਦੇ ਹਨ ਕਿ ਹਫਤੇ ਦੇ ਅਖੀਰ ਤਕ ਲੋਕ ਆਪਣੇ ਘਰਾਂ ਨੂੰ ਆ ਜਾਣਗੇ। ਟੇਗਜ਼ ਫੂਡ, ਨੈਸ਼ਨਲ ਕਾਰ ਰੈਂਟਲ ਦੇ ਮਾਲਕ ਸੁਰਿੰਦਰ ਮਿਨਹਾਸ (ਬੌਬੀ) ਵੀ ਆਪਣੇ ਕਾਰੋਬਾਰ ਤੇ ਘਰ ਨੂੰ ਨਾ ਬਚਾ ਸਕੇ। ਕੁਦਰਤ ਦੇ ਕਹਿਰ ਅੱਗੇ ਹਾਰ ਗਏ। ਸੰਨ 2007 ਵਿਚ ਸਲੇਵ ਲੇਕ ਆ ਕੇ ਵੱਸੇ ਬੌਬੀ ਨੇ ਕਦੀ ਇਹ ਨਹੀਂ ਸੋਚਿਆ ਹੋਵੇਗਾ ਕਿ ਆਪਣੀਆਂ ਦੋ ਬੇਟੀਆਂ ਤੇ ਇਕ ਲੜਕੇ ਦੇ ਨਾਲ ਪਤਨੀ ਸੁਰਜੀਤ ਮਿਨਹਾਸ ਨੂੰ ਰੈਣ ਬਸੇਰੇ ਲਈ ਕਦੀ ਐਡਮਿੰਟਨ ਤੇ ਕਦੀ ਗ੍ਰੈਂਡ ਪ੍ਰੇਰੀ ਜਾ ਕੇ ਰਹਿਣਾ ਪੈ ਰਿਹਾ ਹੈ। ਕਾਂਡੋਮਿਨੀਅਮ ਵਿਚ ਰਹਿੰਦੇ ਵਿਕਰਮਜੀਤ ਸਿੰਘ ਵੀ ਕੱਖੋਂ ਹੌਲੇ ਪਏ ਹਨ। (**ਇਕ ਹੋਰ ਸਬੰਧਤ ਖ਼ਬਰ ਸਫਾ 11 'ਤੇ**)

# ਹਾਕੀ ਨੂੰ ਵਿਸ਼ੇਸ਼ ਦਰਜਾ ਦਿਵਾਉਣ ਲਈ ਪ੍ਰਗਟ ਸਿੰਘ ਵਲੋਂ ਭੁੱਖ ਹੜਤਾਲ ਦੀ ਚੇਤਾਵਨੀ



ਨਵੀਂ ਦਿੱਲੀ (ਨਦਬ) : ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਪਰਗਟ ਸਿੰਘ ਨੇ ਹਾਕੀ ਨੂੰ ਬਤੌਰ ਕੌਮੀ ਖੇਡ ਦਾ ਵਿਸ਼ੇਸ਼ ਦਰਜਾ ਦੇਣ ਦੀ ਮੰਗ ਕਰਦਿਆਂ ਕਿਹਾ ਹੈ ਕਿ ਮੌਜੂਦਾ ਹਾਲਾਤ ਵਿਚ ਟੀਮ ਦਾ ਓਲੰਪਿਕ ਲਈ ਕੁਆਲੀਫਾਈ ਹੋਣਾ ਅਸੰਭਵ ਹੈ। ਉਨ੍ਹਾਂ ਹਾਲਾਤ ਨਾ ਸੁਧਰਨ 'ਤੇ 29 ਅਗਸਤ ਨੂੰ ਭੁੱਖ ਹੜਤਾਲ ਕਰਨ ਦਾ ਵੀ ਐਲਾਨ ਕੀਤਾ ਹੈ।

ਪਰਗਟ ਸਿੰਘ ਨੇ ਕਿਹਾ, 'ਹਾਕੀ ਦੀ ਦਸ਼ਾ ਇਸ ਦੇਸ਼ ਵਿਚ ਫੁੱਟਬਾਲ ਵਾਂਗ ਹੋ ਗਈ ਹੈ ਜਿਸਨੂੰ ਕਦੇ ਭਾਰਤੀ ਹਾਕੀ ਫੈਡਰੇਸ਼ਨ, ਕਦੇ ਹਾਕੀ ਇੰਡੀਆ ਤੇ ਕਦੇ ਖੇਡ ਮੰਤਰਾਲਾ ਕਿਕ ਮਾਰ ਰਿਹਾ ਹੈ। ਜੇਕਰ ਇਹੀ ਹਾਲ ਰਿਹਾ ਤਾਂ ਮੈਨੂੰ ਨਹੀਂ ਲਗਦਾ ਕਿ ਅਸੀਂ ਲੰਡਨ ਓਲੰਪਿਕ 2012 ਲਈ ਕੁਆਲੀਫਾਈ ਕਰ ਸਕਾਂਗੇ।' ਹਾਕੀ ਇੰਡੀਆ ਦੀ ਵਿਕਾਸ ਕਮੇਟੀ ਦੇ ਮੁਖੀ ਪਰਗਟ ਸਿੰਘ ਨੇ ਕਿਹਾ ਕਿ ਪਿਛਲੇ ਛੇ ਮਹੀਨੇ ਵਿਚ ਹਾਲਾਤ ਜਿਉਂ ਦੇ ਤਿਉਂ ਹਨ ਅਤੇ ਉਨ੍ਹਾਂ ਦੇ ਕਿਸੇ ਸੁਝਾਅ 'ਤੇ ਅਮਲ ਨਹੀਂ ਕੀਤਾ ਗਿਆ। ਇਸ ਦੇ ਬਾਵਜੂਦ ਉਨ੍ਹਾਂ ਨੇ ਅਹੁਦੇ ਤੋਂ ਅਸਤੀਫਾ ਦੇਣ ਤੋਂ ਇਨਕਾਰ ਕਰਦੇ ਹੋਏ ਕਿਹਾ, 'ਮੈਂ ਵਿਵਸਥਾ ਵਿਚ ਰਹਿ ਕੇ ਹੀ ਇਸ ਨੂੰ ਸੁਧਾਰ ਸਕਦਾ ਹਾਂ। ਜਦੋਂ ਤੱਕ ਮੈਨੂੰ ਬਦਲਾਅ ਦੀ ਉਮੀਦ ਦਿਖੇਗੀ, ਮੈਂ ਅਹੁਦੇ 'ਤੇ ਕਾਇਮ ਰਹਾਂਗਾ।'

# ਪੰਜਾਬ ਸੰਕਟ ਜ਼ੈਲ ਸਿੰਘ-ਸੰਜੇ ਗਾਂਧੀ ਦੀ ਦੇਣ

## 'ਏ ਸੈਨਟੇਨਰੀ ਹਿਸਟਰੀ ਆਫ ਦੀ ਇੰਡੀਅਨ ਨੈਸ਼ਨਲ ਕਾਂਗਰਸ' ਕਿਤਾਬ ਵਿਚ ਕਬੂਲਨਾਮਾ

ਨਵੀਂ ਦਿੱਲੀ (ਨਦਬ) ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਅਤੇ ਸੰਜੇ ਗਾਂਧੀ 1980 ਦੇ ਦਹਾਕੇ ਵਿਚ ਪੰਜਾਬ ਸੰਕਟ ਲਈ ਜ਼ਿੰਮੇਵਾਰ ਸਨ। ਜ਼ੈਲ ਸਿੰਘ ਨੇ ਆਪਣੇ ਮੁੱਖ ਮੰਤਰੀ ਕਾਰਜਕਾਲ ਦੌਰਾਨ ਧਾਰਮਕ ਭਾਵਨਾਵਾਂ ਨੂੰ ਹਵਾ ਦੇ ਕੇ ਸੂਬੇ ਵਿਚ ਫਿਰਕੂ ਮਾਹੌਲ ਪੈਦਾ ਕੀਤਾ। ਇਹ ਤੱਥ 'ਏ ਸੈਨਟੇਨਰੀ ਹਿਸਟਰੀ ਆਫ ਦ ਇੰਡੀਅਨ ਨੈਸ਼ਨਲ ਕਾਂਗਰਸ' ਪੁਸਤਕ ਦੇ ਪੰਜਵੇਂ ਭਾਗ ਵਿਚ ਪ੍ਰਕਾਸ਼ਤ ਹੋਇਆ ਹੈ। ਕਿਤਾਬ ਦੇ ਸੰਪਾਦਕ ਮੰਡਲ ਦੇ ਮੁਖੀ ਪ੍ਰਣਬ ਮੁਖਰਜੀ ਹਨ। ਗਿਆਨੀ ਜ਼ੈਲ ਸਿੰਘ ਨੇ ਕਾਂਗਰਸ ਦੇ ਪੱਖ ਵਿਚ ਸਿੱਖਾਂ ਦਾ ਵੋਟ ਬੈਂਕ ਬਣਾਉਣ ਦੇ ਉਦੇਸ਼ ਨਾਲ ਇਕ ਵੱਡਾ ਧਾਰਮਕ ਸਮਾਗਮ ਕੀਤਾ ਸੀ। ਇਸ ਕਾਰਨ ਸੂਬੇ ਦੀ ਸਿਆਸਤ ਵਿਚ ਫਿਰਕੂਵਾਦ ਦਾ ਪ੍ਰਭਾਵ ਵਧਦਾ ਗਿਆ। ਇਸ ਵਿਚ ਗਿਆਨੀ ਜ਼ੈਲ ਸਿੰਘ ਨੂੰ ਸੰਜੇ ਗਾਂਧੀ ਦਾ ਸਹਿਯੋਗ ਸੀ। ਕਿਤਾਬ ਵਿਚ ਆਪਰੇਸ਼ਨ ਬਲਿਊ ਸਟਾਰ ਮਗਰੋਂ ਪੈਦਾ ਹੋਏ ਹਾਲਾਤ 'ਤੇ ਟਿੱਪਣੀ ਕਰਦੇ ਹੋਏ ਕਿਹਾ ਗਿਆ ਹੈ ਕਿ ਜ਼ੈਲ ਸਿੰਘ ਨੇ ਹੀ ਜਰਨੈਲ ਸਿੰਘ ਭਿੰਡਰਾਂਵਾਲਾ ਨੂੰ ਅਕਾਲੀ ਲੀਡਰਸ਼ਿਪ ਅੱਗੇ ਖੜਾ ਕੀਤਾ।





ਇਹ ਵੀ ਸਮਝ ਤੋਂ ਪਰ੍ਹੇ ਰਿਹਾ ਕਿ ਇੰਦਰਾ ਗਾਂਧੀ ਦੀ ਸਹਿਮਤੀ ਤੋਂ ਬਿਨਾਂ ਉਸ ਨੂੰ ਸਥਾਪਤ ਕੀਤਾ ਗਿਆ। ਇਸ ਮਗਰੋਂ ਦੋਵਾਂ ਦਲਾਂ ਨੇ ਵੋਟ ਦੀ ਸਿਆਸਤ ਲਈ ਧਾਰਮਕ ਭਾਵਨਾਵਾਂ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ। 1972 ਵਿਚ ਚੋਣਾਂ ਮਗਰੋਂ ਮੁੱਖ ਮੰਤਰੀ ਦਾ ਅਹੁਦਾ ਸੰਭਾਲਣ 'ਤੇ ਜ਼ੈਲ ਸਿੰਘ ਨੇ ਅਕਾਲੀ ਦਲ ਨੂੰ ਕਮਜ਼ੋਰ ਕਰਨ ਲਈ ਧਰਮ ਦੀ 'ਗੰਦੀ ਸਿਆਸਤ' ਸ਼ੁਰੂ ਕੀਤੀ। ਇਹ ਪੰਜਾਬ ਵਿਚ ਅਤਿਵਾਦ ਤੇ ਖਾਲਿਸਤਾਨ ਅੰਦੋਲਨ ਦਾ ਮੁੱਖ ਕਾਰਨ ਸੀ। ਜ਼ੈਲ ਸਿੰਘ ਤੇ ਸੰਜੇ ਗਾਂਧੀ ਦੋਵਾਂ ਨੂੰ ਇਹ ਭਰੋਸਾ ਸੀ ਕਿ ਭਿੰਡਰਾਂਵਾਲਾ ਦੇ ਉਤੇਜਿਤ ਧਾਰਮਕ ਵਿਚਾਰ ਅਕਾਲੀ ਦਲ ਨੂੰ ਕਮਜ਼ੋਰ ਕਰਨ ਵਿਚ ਸਹਾਇਕ ਹੋਣਗੇ। ਇਹੀ ਭਿੰਡਰਾਂਵਾਲਾ ਬਾਅਦ ਵਿਚ ਜ਼ੈਲ ਸਿੰਘ ਦੇ ਹੱਥੋਂ ਨਿਕਲ ਗਿਆ।

# ਸ਼੍ਰੋਮਣੀ ਕਮੇਟੀ ਭੁੱਲਰ ਦੀ ਸਜ਼ਾ ਮਾਫ਼ੀ ਲਈ ਰਾਸ਼ਟਰਪਤੀ ਕੋਲ ਪਹੁੰਚ ਕਰੇਗੀ

ਅੰਮ੍ਰਿਤਸਰ (ਨਦਬ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਖਿਲਾਫ ਮੁਹਿੰਮ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਇਸ ਤਹਿਤ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੂੰ ਰਹਿਮ ਦੀ ਅਪੀਲ ਕੀਤੀ ਜਾਵੇਗੀ। ਮਾਮਲੇ ਨੂੰ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਵੀ ਉਠਾਇਆ ਜਾਵੇਗਾ।

ਇਸ ਤੋਂ ਇਲਾਵਾ ਪੰਜਾਬ ਵਿਧਾਨ ਸਭਾ ਵਿਚ ਭੁੱਲਰ ਦੀ ਫਾਂਸੀ ਦੇ ਫੈਸਲੇ ਖਿਲਾਫ ਪ੍ਰਸਤਾਵ ਪਾਸ ਕਰਨ ਲਈ ਦਬਾਅ ਬਣਾਇਆ ਜਾਵੇਗਾ। ਅਕਾਲ ਤਖ਼ਤ ਦੇ ਜਥੇਦਾਰ ਗੁਰਬਚਨ ਸਿੰਘ ਅਤੇ ਪੰਥਕ ਜਥੇਬੰਦੀਆਂ ਦੇ ਆਗੂਆਂ ਦੀ ਹੋਈ ਮੀਟਿੰਗ ਮਗਰੋਂ ਐਸ.ਜੀ.ਪੀ.ਸੀ. ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਇਹ ਐਲਾਨ ਕੀਤਾ। ਅਜਿਹਾ ਪਹਿਲੀ ਵਾਰ ਹੈ ਜਦੋਂ ਕਿਸੇ ਮਾਮਲੇ ਨੂੰ ਲੈ ਕੇ ਸਾਰੀਆਂ ਸਿੱਖ ਜਥੇਬੰਦੀਆਂ ਵਿਚਾਲੇ ਸਹਿਮਤੀ ਬਣੀ ਹੈ। ਸਜ਼ਾ ਮੁਆਫੀ ਲਈ ਅਕਾਲ ਤਖ਼ਤ ਹਸਤਾਖ਼ਰ ਮੁਹਿੰਮ ਵੀ ਚਲਾਉਣ ਜਾ ਰਿਹਾ ਹੈ।

LUTHRA LAW OFFICE
* Personal Injuries
* Real Estate Transactions
* Immigration Appeals
Services in Hindi, Punjabi, Urdu and Arabic also
SARJAN LUTHRA
B.Sc, LL.B.
Barrister Solicitor
780-466-4660

3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"
Please call for all your Commercial Real Estate Needs in Hotel, Motel, Apartments & Shopping Centers
TOP 1% OF REALTORS IN CANADA
Land Parcels Available in throughout Alberta
A.L.L. Stars Realty Ltd.,
312 Saddleback Road, T6J 4R7
Cell: (780) 951-9873 Bus: (780) 434-4700

For All Your Real Estate Needs & Best Services
Contact Dan Sidhu
Broker / Owner
Your Real Estate Expert!
ਨਵਾਂ ਜਾਂ ਪੁਰਾਣਾ ਘਰ, ਕਿਸੇ ਵੀ ਕਿਸਮ ਦੀ ਜਾਇਦਾਦ ਖਰੀਦਣ / ਵੇਚਣ ਲਈ ਭਰੋਸੇਯੋਗ ਤੇ ਇਮਾਨਦਾਰ ਸੇਵਾਵਾਂ ਲਈ DAN SIDHU ਨੂੰ ਅੱਜ ਹੀ ਫੋਨ ਕਰੋ।
Cell:403 560 6300
Off:403 569 2900
Fax:403 207 1237
email: dansidhu@gmail.com
MAXVALUE REALTY LTD
Each Office is Individually Owned and Operated
Specialized in Residential
Commertial & Investment Properties
110-300 Merganser Dr. West Chestermere, AB T1X 1L6

DOMINION LENDING CENTRES
MORTGAGE MENTORS
CANADA'S NATIONAL MORTGAGE COMPANY
INDEPENDENTLY OWNED & OPERATED
BHUVINDER (BETTY) GILL
MORTGAGE ASSOCIATE
CELL: 780.905.7274
FAX: 780.436.2510
ਮੌਰਟਗੇਜ਼ ਸਬੰਧੀ ਸਭ ਮੁਸ਼ਕਲਾਂ ਦਾ ਹੱਲ
ਨਵੇਂ, ਪੁਰਾਣੇ ਘਰ ਜਾਂ ਕੰਨਸਟਰਕਸ਼ਨ ਲਈ ਮੌਰਟਗੇਜ਼ ਜਾਂ ਲਾਈਨ ਆਫ ਕਰੈਡਿਟ ਲੈ ਕੇ ਦਿੰਦੇ ਹਨ। ਇੰਮੀਗਰਾਂਟ ਪਰਿਵਾਰਾਂ ਲਈ ਖਾਸ ਸਹੂਲਤਾਂ ਤੇ ਵਾਜਬ ਰੇਟਾਂ ਤੇ ਮੌਰਟਗੇਜ਼ ਕਰਵਾ ਕੇ ਦਿੰਦੇ ਹਨ
BETTYGILL@DOMINIONLENDING.CA
WWW.BETTYGILL.CA

Sarbjeet Dodd REALTOR®
Contact For Buying & Selling of Residential & Commercial Property any where in Alberta
A.L.L. Stars Realty Ltd.
312 saddleback Rd. Edmonton, AB T6J 4R7
Bus: 780 434 4700 sarbjeetdodd@hotmail.com
Cell: 780 951 1590 Fax: 780 436 9902

## Insurance & Financial Services

- Life Insurance
- Critical Illness
- Health Benefits
- Group Benefits (Dental & Medical)
- Mortgage Insurance
- Travel & Visitor Insurance
- Disability Insurance (Income Protection)

ਲਾਈਫ: ਯੂਨੀਵਰਸਲ, ਟਰਮ ਅਤੇ ਮੌਰਟਗੇਜ਼
ਡਿਸਏਬਿਲਟੀ, ਕਰਿਟੀਕਲ ਇਲਨੈਸ, ਹੈਲਥ ਪਲੈਨਜ਼
ਅਤੇ ਰਜਿਸਟਰਡ ਰਿਟਾਇਰਮੈਂਟ ਸੇਵਿੰਗ ਪਲੈਨਜ਼

ਹਰ ਤਰ੍ਹਾਂ ਦੀ ਇਸ਼ੋਰੈਂਸ ਲਈ ਸੰਪਰਕ ਕਰੋ

*For All Insurance Needs*
Call: Shalu Badesha
Phone:780-660-3071

*Sponsor by Canada Life & Access to all Major Insurance Companies in Canada*

## STP ELECTRIC LTD.

stpelectric@hotmail.com
Offering Full Range of Electrical Services of
- Residential
- Commercial
- Industrial Installations

C. 780.984 2356
F. 780.463 6276

ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ
**Sushil Singh**
Certified Master Electrician
ਸਰਟੀਫਾਈਡ ਮਾਸਟਰ ਇਲੈਕਟ੍ਰੀਸ਼ਨ

## EAGLE ROCK GOLF COURSE

ਵਿਆਹ ਸ਼ਾਦੀਆਂ, ਜਨਮ ਦਿਨ ਪਾਰਟੀਆਂ, ਲੇਡੀਜ਼ ਸੰਗੀਤ, 50 ਤੋਂ ਲੈ ਕੇ 200 ਆਦਮੀਆਂ ਤੱਕ ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ
ਵਧੇਰੇ ਜਾਣਕਾਰੀ ਲਈ ਫੋਨ ਕਰੋ:
Linda- 780 464 4653
Ext-2, Cell- 780 720 6895

50549, Range Road 234
Edmonton, AB

EAGLE ROCK

- Catering
- Wedding
- Banquet
- Birthday Parties
- Ladies Sangeet
- Golf Tournaments

## ALPHA Tent Rentals

All Events Big or Small
We are in this Business Since 2001

**Tents** All Size and Different Colours,
**Tables** Rectangular & Round, **Chairs** All Colours,
**Lights**, Dance Floor, Heaters, Fans,
**Catering Equipment,** Coffee Brewers,
Food Warmers, Big Burners, Big Pots (Patila), Cutlery and Plates,
**Portable Bars,** Beer Tubs, Ice Boxes,
**Carpet, Stantions, Linens and Clips.**

Ladies Sangeet Jago Equipment

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ
Guaranteed Low Prices Open Seven Days a Week

Umrao Ghinger: 780 237 5556
Rana Pandher: 780 498 6375
Office: 780 490 5354
www.alphatentrentals.com

## DASHMESH TIRE & LUBE

All Brands of Tires
MRF or JK (Indian)
B.F Goodrich, Michelin, Dunlop
Tire Repairs, Brakes, Oil Change & Lubrication
- Do Service on remote locations including Weighing Scales.
- Vehicle Inspection by Certified Mechanic.

Call: Manjit S.Khosa, Garry Dhaliwal
Ph: 780-298-1114, 780-993-4441
Enough Parking Space
6609 34 st. , Edmonton, Alberta.

## WILDROSE MASONARY & STONE WORKS

Commertial & Residential
Ph: 780 340 1400
Off: 780 450 1413
Fax: 780 490 4888
Dave Johal

ਘਰਾਂ ਦੇ ਬਾਹਰ ਜਾਂ ਅੰਦਰ ਕਲਚਰ ਸਟੋਨ, ਇੱਟਾਂ, ਹਰ ਤਰ੍ਹਾਂ ਦੇ ਬਲਾਕ ਲਗਵਾਉਣਾ ਚਾਹੁੰਦੇ ਹੋ, ਇੱਕ ਵਾਰ ਸਾਡੇ ਤੋਂ ਜਰੂਰ ਐਸਟੀਮੇਟ ਲਗਵਾਓ

Culture Stone | Bricks
Blocks | Glass Blocks

email:wildrosemasonary@live.ca ✦ 1404-69th St. SW Edmonton, AB T6L 1L4

## MILLWOODS PIZZA & INDIAN CUISINE

4418 36th Ave, Millwoods Road East, Edmonton.
ਪੰਜਾਬੀ ਸਟਾਇਲ ਪੀਜ਼ਾ
✆780 462 4313
Cell: 780 504 5600
*Out door Catering at reasonable rates*
*Take Out Buffets starting from $ 7.99*
www.millwoodspizza.com
Faryad Pannu

## A & J DRIVING SCHOOL

Raj Bajwa (Senior Instructor)
raj@aj-drivingschool.com
Hybrid Cars
In House Simulators
Fully Equipped Classroom
"Where your safety comes first"
Cell:780-221-8004
17523 100 Ave ◈ www.aj-drivingschool.com

Concept, Design and Installation
## Cambridge Windows Mfg. Inc.

ਘੱਟ ਕੀਮਤਾਂ ਦੀ ਗਰੰਟੀ
ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਵਧੀਆ ਤੇ ਭਰੋਸੇਯੋਗ ਸੇਵਾਵਾਂ

ਪੁਰਾਣੀਆਂ ਖਿੜਕੀਆਂ ਬਦਲਾਉਣ ਜਾਂ ਨਵੇਂ ਘਰ ਸੋਹਣੀਆਂ ਖਿੜਕੀਆਂ ਨਾਲ ਸਜਾਉਣ ਲਈ ਹਮੇਸ਼ਾ ਯਾਦ ਰੱਖੋ
ਕੈਬਰਿਜ ਵਿੰਡੋ
780-436-0111
7941-Argyll Road Edmonton AB, T6C 4A9

BBB
www.cambridgewindow.com
Better Business Bureau ਦੇ ਮੈਂਬਰ

# ਸ਼ੇਰਵੁੱਡ ਪਾਰਕ ਤੋਂ ਐਮ.ਪੀ. ਟਿਮ ਉੱਪਲ ਕੈਨੇਡਾ ਦੀ ਕੈਬਨਿਟ ’ਚ ਨਵੇਂ ਚਿਹਰੇ, ਐਂਬਰੋਜ਼ ਸਣੇ ਐਲਬਰਟਾ ਦੇ ਪੰਜ ਹੋਰਨਾਂ ਨੂੰ ਮਿਲੀ ਨੁਮਾਇੰਦਗੀ



ਐਡਮਿੰਟਨ : ਐਲਬਰਟਾ ਸੂਬੇ ਵਿਚੋਂ ਕਈ ਨਵੇਂ ਚਿਹਰੇ ਕੈਨੇਡਾ ਦੇ ਸੰਘੀ ਮੰਤਰੀ ਮੰਡਲ ਵਿਚ ਸ਼ਾਮਲ ਹੋਏ ਹਨ। ਕੈਲਗਰੀ ਤੋਂ ਚੁਣੇ ਗਏ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਸ਼ੇਰਵੁੱਡ ਪਾਰਕ ਤੋਂ ਚੁਣੇ ਗਏ ਨਵੇਂ ਚਿਹਰੇ ਟਿਮ ਉੱਪਲ ਨੂੰ ਆਪਣੇ ਮੰਤਰੀ ਮੰਡਲ ਵਿਚ ਥਾਂ ਦਿੱਤੀ ਹੈ। ਟਿਮ ਉਪਲ ਨੇ ਆਜ਼ਾਦ ਉਮੀਦਵਾਰ ਜੇਮਜ਼ ਫੌਰਡ ਨੂੰ ਹਰਾਇਆ ਸੀ। ਟਿਮ ਉੱਪਲ ਤੇਜ਼ੀ ਨਾਲ ਵਿਕਾਸ ਕਰ ਰਹੇ ਐਲਬਰਟਾ, ਬ੍ਰਿਟਿਸ਼ ਕੋਲੰਬੀਆ ਅਤੇ ਓਂਟਾਰੀਓ ਸੂਬਿਆਂ ਤੋਂ ਇਲਾਵਾ ਵਿਕਾਸ ਵਿਚ ਸੁਸਤ ਰਫ਼ਤਾਰ ਇਲਾਕਿਆਂ ਵਿਚਲੇ ਸੰਸਦ ਮੈਂਬਰਾਂ ਲਈ ਕੰਮ ਕਰਨਗੇ। ਟਿਮ ਉੱਪਲ ਨੇ ਔਟਵਾ ਤੋਂ ਟੇਲੀਫੋਨ ’ਤੇ ਦੱਸਿਆ ਕਿ ਐਲਬਰਟਾ ਵਿਚੋਂ ਸਾਡਾ ਵਧੇਰੇ ਸੀਟਾਂ ਜਿੱਤਣ ਦਾ ਮਤਲਬ ਇਹ ਨਹੀਂ ਕਿ ਸਿਰਫ਼ ਉਸ ਸੂਬੇ ਵਿਚ ਕੰਮ ਹੋਵੇਗਾ, ਬਲਕਿ ਅਸੀਂ ਕਿਊਬੈਕ ਵਿਚ ਵੀ ਉਸੇ ਰਫ਼ਤਾਰ ਨਾਲ ਕੰਮ ਕਰਾਂਗੇ। ਜ਼ਿਕਰਯੋਗ ਹੈ ਕਿ 2004 ਤੋਂ ਐਡਮਿੰਟਨ ਤੋਂ ਸੰਸਦ ਮੈਂਬਰ ਰੌਨਾ ਐਂਬਰੋਜ਼ ਜਨ ਸਿਹਤ ਅਤੇ ਸਰਕਾਰੀ ਸੇਵਾਵਾਂ ਬਾਰੇ ਮੰਤਰੀ ਹਨ। ਦੱਖਣੀ ਐਲਬਰਟਾ ਦੀ ਨੁਮਾਇੰਦਗੀ ਟੈੱਡ ਮੈਂਜ਼ਿਜ਼ ਕਰਦੇ ਹਨ, ਜਿਨ੍ਹਾਂ ਨੂੰ ਵਿੱਤ ਰਾਜ ਮੰਤਰੀ ਬਣਾਇਆ ਗਿਆ ਹੈ, ਜਦੋਂ ਕਿ ਡਿਆਨ ਐਬਲੋਨੌਂਜ਼ੀ ਨੂੰ ਵਿਦੇਸ਼ ਮਾਮਲਿਆਂ ਬਾਰੇ ਵਿਭਾਗ ਦਿੱਤਾ ਗਿਆ ਹੈ। ਰੱਖਿਆ ਮੰਤਰੀ ਪੀਟਰ ਮੈਕੇ ਪਹਿਲਾਂ ਵਾਂਗ ਆਪਣੀ ਕੁਰਸੀ ’ਤੇ ਕਾਇਮ ਹਨ। ਪ੍ਰਧਾਨ ਮੰਤਰੀ ਸਟੀਫਨ ਹਾਰਪਰ ਸਣੇ ਐਲਬਰਟਾ ਦੇ ਛੇ ਸੰਸਦ ਮੈਂਬਰਾਂ ਨੂੰ ਮੰਤਰੀ ਲਿਆ ਗਿਆ ਹੈ। ਗ੍ਰਾਂਟ ਮੈਕਈਵਾਨ ਯੂਨੀਵਰਸਿਟੀ ਦੇ ਰਾਜਨੀਤੀ ਵਿਗਿਆਨ ਦੇ ਪ੍ਰੋਫੈਸਰ ਜੌਹਨ ਸੋਰੋਸਕੀ ਨੇ ਕਿਹਾ, 'ਮੈਂ ਸਮਝਦਾ ਹਾਂ ਕਿ ਹਾਰਪਰ ਵਲੋਂ ਟਿਮ ਉਪਲ ਨੂੰ ਕੈਬਨਿਟ ਵਿਚ ਜਗ੍ਹਾ ਦੇਣਾ, ਉਨ੍ਹਾਂ ਦੀ ਜਿੱਤ ਲਈ ਸ਼ਾਬਾਸ਼ੀ ਦੇਣ ਦੇ ਤੁਲ ਹੈ।’ ਸੋਰੋਸਕੀ ਨੇ ਕਿਹਾ ਕਿ ਇਸ ਗੱਲ ਵਿਚ ਕੋਈ ਹੈਰਾਨੀ ਨਹੀਂ ਹੋਵੇਗੀ ਜੇਕਰ ਐਡਮਿੰਟਨ ਨੂੰ ਹੋਰ ਨੁਮਾਇੰਦਗੀ ਦੇ ਦਿੱਤੀ ਜਾਵੇ।

# ਸਿਆਸੀ ਪਾਰਟੀਆਂ ਨੂੰ ਮਿਲਣ ਵਾਲੀ ਸਬਸਿਡੀ ਬੰਦ ਕਰੇਗੀ ਹਾਰਪਰ ਸਰਕਾਰ

## ਲਿਬਰਲ ਤੇ ਬਲਾਕ ਕਿਊਬੈਕ ਨੂੰ ਹੋਵੇਗਾ ਸਭ ਤੋਂ ਵੱਧ ਨੁਕਸਾਨ

ਔਟਵਾ, (ਨਦਬ) : ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦੀ ਸਰਕਾਰ ਸਿਆਸੀ ਪਾਰਟੀਆਂ ਨੂੰ ਪ੍ਰਤੀ ਵੋਟ ਦੇ ਅਧਾਰ ’ਤੇ ਮਿਲਣ ਵਾਲੀ ਸਬਸਿਡੀ ਜੂਨ ਵਿਚ ਪੇਸ਼ ਕੀਤੇ ਜਾਣ ਵਾਲੇ ਬਜਟ ਵਿਚ ਬੰਦ ਕਰਨ ਬਾਰੇ ਵਿਚਾਰ ਕਰ ਰਹੀ ਹੈ। ਇਹ ਪ੍ਰਗਟਾਵਾ ਮੀਡੀਆ ਵਿਚ ਆਈਆਂ ਖ਼ਬਰਾਂ ਵਿਚ ਕੀਤਾ ਗਿਆ। ਲੋਕਤੰਤਰੀ ਸੁਧਾਰ ਮੰਤਰੀ ਟਿਮ ਉਪਲ ਨੇ ਕਿਹਾ, 'ਅਸੀਂ ਚਾਹੁੰਦੇ ਹਾਂ ਕਿ ਸਿਆਸੀ ਪਾਰਟੀਆਂ ਸਿੱਧੇ ਤੌਰ ’ਤੇ ਆਪਣੇ ਸਮਰਥਕਾਂ ਤੋਂ ਫੰਡ ਇਕੱਠਾ ਕਰਨ ਨਾ ਕਿ ਟੈਕਸ ਅਦਾ ਕਰਨ ਵਾਲੇ ਲੋਕਾਂ ਤੋਂ ਪੈਸਾ ਹਾਸਲ ਕੀਤਾ ਜਾਵੇ।’ ਉਨ੍ਹਾਂ ਕਿਹਾ ਕਿ ਸਰਕਾਰ ਦੀ ਯੋਜਨਾ ਬਾਰੇ ਅਜੇ ਵਿਸਥਾਰ ਵਿਚ ਕੋਈ ਗੱਲ ਨਹੀਂ ਕਰਨਾ ਚਾਹੁੰਦੇ ਅਤੇ ਇਸ ਬਾਰੇ ਸਮਾਂ ਆਉਣ ’ਤੇ ਦੱਸ ਦਿੱਤਾ ਜਾਵੇਗਾ, ਕਿਉਂਕਿ ਮੰਤਰੀ ਮੰਡਲ ਪ੍ਰਸਤਾਵ ਨੂੰ ਅੰਤਿਮ ਰੂਪ ਦੇ ਰਿਹਾ ਹੈ। ਸੂਤਰਾਂ ਨੇ ਦੱਸਿਆ ਕਿ ਸਮੇਂ ਦੇ ਨਾਲ ਸਬਸਿਡੀ ਪੂਰੀ ਤਰ੍ਹਾਂ ਖਤਮ ਕਰ ਦਿੱਤੀ ਜਾਵੇਗੀ। ਪਿਛਲੀਆਂ ਸੰਘੀ ਚੋਣਾਂ ਦੌਰਾਨ ਸਿਆਸੀ ਪਾਰਟੀਆਂ ਨੂੰ ਹਾਸਲ ਹੋਏ ਫੰਡਾਂ ਵਿਚੋਂ ਸਬਸਿਡੀ ਦੇ ਰੂਪ ਵਿਚ ਉਨ੍ਹਾਂ ਦੇ ਹੱਕ ਵਿਚ ਭੁਗਤੀ ਹਰ ਵੋਟ ਲਈ ਦੋ ਡਾਲਰ ਸਾਲਾਨਾ ਮਿਲੇ ਸਨ। ਪਿਛਲੇ ਸਾਲ ਕੰਜ਼ਰਵੇਟਿਵ ਪਾਰਟੀ ਨੂੰ ਸਬਸਿਡੀ ਦੇ ਰੂਪ ਵਿਚ 10,430,835 ਡਾਲਰ , ਲਿਬਰਲ ਪਾਰਟੀ ਨੂੰ 7,275,727 ਡਾਲਰ, ਨਿਊ ਡੈਮੋਕਰੈਟਿਕ ਪਾਰਟੀ ਨੂੰ 5,036,707, ਡਾਲਰ ਬਲਾਕ ਕਿਊਬੈਕਸ ਨੂੰ 2,763,345 ਡਾਲਰ ਅਤੇ ਗਰੀਨ ਪਾਰਟੀ ਨੂੰ 18,77,513 ਡਾਲਰ ਮਿਲੇ ਸਨ। ਨਿਊ ਡੈਮੋਕਰੇਟਿਕ ਪਾਰਟੀ ਦੇ ਆਗੂ ਲੇਟਨ ਨੇ ਕਿਹਾ, 'ਜੇ ਸਬਸਿਡੀਆਂ ਖ਼ਤਮ ਹੁੰਦੀਆਂ ਹਨ ਤਾਂ ਸਾਨੂੰ ਫੰਡ ਹਾਸਲ ਕਰਨ ਲਈ ਮੁੜ ਜਥੇਬੰਦਕ ਤਬਦਲੀਆਂ ਕਰਨੀਆਂ ਪੈਣਗੀਆਂ, ਪਰ ਲੋਕਤੰਤਰੀ ਪ੍ਰਕ੍ਰਿਆ ਵਿਚ ਇਹ ਕੰਮ ਐਨਾ ਸੌਖਾ ਨਹੀਂ ਜਾਪਦਾ।’ ਲਿਬਰਲ ਪਾਰਟੀ ਦੇ ਸੰਸਦ ਮੈਂਬਰ ਮਾਰਕ ਗਾਰਨੀ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਇਸ ਪ੍ਰਸਤਾਵ ਦੇ ਵਿਰੁੱਧ ਜਾਵੇਗੀ। 'ਸਾਨੂੰ ਪਹਿਲਾਂ ਇਸਦਾ ਬਦਲ ਲੱਭਣਾ ਹੋਵੇਗਾ ਤਾਂ ਹੀ ਪਾਰਟੀ ਦੇ ਫੰਡਾਂ ਦੀ ਕਮੀ ਨੂੰ ਪੂਰਾ ਜਾ ਸਕਦਾ ਹੈ।’ ਕੁੱਝ ਸਿਆਸਤਦਾਨਾਂ ਦਾ ਕਹਿਣਾ ਹੈ ਕਿ ਨਵੇਂ ਪ੍ਰਸਤਾਵ ਨਾਲ ਲਿਬਰਲ ਪਾਰਟੀ ਅਤੇ ਬਲਾਕ ਕਿਊਬੈਕਸ ਨੂੰ ਸਭ ਤੋਂ ਜ਼ਿਆਦਾ ਨੁਕਸਾਨ ਝੱਲਣਾ ਪਵੇਗਾ, ਕਿਉਂਕਿ ਹਾਲ ਹੀ ਵਿਚ ਹੋਈਆਂ ਚੋਣਾਂ ਦੌਰਾਨ ਉਨ੍ਹਾਂ ਨੂੰ ਮਿਲੀਆਂ ਵੋਟਾਂ ਦੀ ਗਿਣਤੀ ਵਿਚ ਕਮੀ ਆਈ ਹੈ। ਗਾਰਨੀ ਨੇ ਆਖਿਆ ਕਿ ਇਸ ਮੁੱਦੇ ’ਤੇ ਵਿਸਤਾਰਥ ਬਹਿਸ ਹੋਣੀ ਚਾਹੀਦੀ ਹੈ ਕਿ ਕੀ ਨਿੱਜੀ ਯੋਗਦਾਨ ਦੀ ਹੱਦ 1100 ਡਾਲਰ ਹਰੇਕ ਤੋਂ ਵਧਾਈ ਜਾਣੀ ਚਾਹੀਦੀ ਹੈ। ਗੈਰ ਸਰਕਾਰੀ ਅੰਕੜਿਆਂ ਮੁਤਾਬਿਕ ਕੈਨੇਡਾ ਵਿਚ ਹੋਈਆਂ ਚੋਣਾਂ ਦੌਰਾਨ ਸਿਆਸੀ ਪਾਰਟੀਆਂ ਨੂੰ 29.5 ਮਿਲੀਅਨ ਡਾਲਰ ਦੀ ਸਬਸਿਡੀ ਹਾਸਲ ਹੋਈ।

# ਵਿਰੋਧੀ ਧਿਰ ਦੇ ਆਗੂ ਟੋਰੀਆਂ ਨੂੰ ਜਵਾਬਦੇਹ ਬਣਾਉਣ ਲਈ ਦ੍ਰਿੜ ਸੰਕਲਪ

ਔਟਵਾ, (ਨਦਬ) : ਨਿਊ ਡੈਮੋਕਰੇਟਿਕ ਪਾਰਟੀ ਦੇ ਆਗੂ ਜੈਕ ਲੇਟਨ ਨੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੂੰ ਨੋਟਿਸ ਜਾਰੀ ਕੀਤਾ ਹੈ ਕਿ ਉਨ੍ਹਾਂ ਦੀ ਨਵੀਂ ਬਣੀ ਬਹੁਮਤ ਵਾਲੀ ਸਰਕਾਰ ਨੂੰ ਵਿਰੋਧੀ ਪਾਰਟੀ ਅੱਗੇ ਜਵਾਬਦੇਹ ਹੋਣਾ ਪਵੇਗਾ। ਲੇਟਨ ਨੇ ਕਿਹਾ ਕਿ ਪਿਛਲੇ 31 ਸਾਲਾਂ ਦੀ ਵਿਸ਼ਾਲ ਅਤੇ ਇਕਜੁਟ ਵਿਰੋਧੀ ਧਿਰ ਹਰ ਮੁੱਦੇ ’ਤੇ ਪ੍ਰਧਾਨ ਮੰਤਰੀ ਤੋਂ ਜਵਾਬ ਮੰਗੇਗੀ। ਵੈਨਕੂਵਰ ਵਿਖੇ ਇਕ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਆਖਿਆ ਕਿ ਕੈਨੇਡਾ ਦੀ ਸਿਆਸਤ ਦੇ ਨਵੇਂ ਅਧਿਆਏ ਵਿਚ ਨਿਊ ਡੈਮੋਕਰੈਟਿਕ ਪਾਰਟੀ ਨੂੰ ਲੋਕਾਂ ਨੇ ਸਪਸ਼ਟ ਫ਼ਤਵਾ ਦਿੱਤਾ ਹੈ ਅਤੇ ਉਹ ਆਪਣੀ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਵੇਗੀ। ਲੋਕਾਂ ਦੇ ਇਸ ਫ਼ਤਵੇ ਨੂੰ ਸਟੀਵਨ ਹਾਰਪਰ ਨਜ਼ਰਅੰਦਾਜ਼ ਨਹੀਂ ਕਰ ਸਕਦੇ। 'ਮੈਂ ਸਮਝਦਾ ਹਾਂ ਕਿ ਭਾਵੇਂ ਸਟੀਫਨ ਹਾਰਪਰ ਬਹੁਮਤ ਅਤੇ ਲੋੜੀਂਦੀਆਂ ਸੀਟਾਂ ਜਿੱਤ ਗਏ ਹਨ ,

**ਲੇਟਨ ਨੇ ਕਿਹਾ, ਹਾਰਪਰ ਨੂੰ ਪਿਛਲੇ 31 ਸਾਲਾਂ ਦੀ ਵਿਸ਼ਾਲ ਅਤੇ ਇਕਜੁਟ ਵਿਰੋਧੀ ਧਿਰ ਦਾ ਕਰਨਾ ਪੈ ਰਿਹੈ ਸਾਹਮਣਾ**

ਪਰ ਫਿਰ ਵੀ 103 ਸੰਸਦ ਮੈਂਬਰਾਂ ਵਾਲੀ ਸਾਡੀ ਪਾਰਟੀ ਆਪਣੀ ਹੋਂਦ ਦਰਸਾਵੇਗੀ।’ ਉਨ੍ਹਾਂ ਕਿਹਾ ਕਿ ਨਿਊ ਡੈਮੋਕਰੈਟਿਕ ਪਾਰਟੀ ਦੀਆਂ ਜ਼ਮੀਨੀ ਪੱਧਰ ’ਤੇ ਜੜਾਂ ਮਜ਼ਬੂਤ ਹਨ ਅਤੇ ਇਹ ਜਨ ਸਿਹਤ ਪ੍ਰਣਾਲੀ ਤੋਂ ਇਲਾਵਾ ਬਜ਼ੁਰਗਾਂ ਲਈ ਪੈਨਸ਼ਨਾਂ, ਸਾਫ਼ ਸੁਥਰਾ ਵਾਤਾਵਰਣ ਅਤੇ ਨੌਜਵਾਨਾਂ ਲਈ ਨੌਕਰੀਆਂ ਵਰਗੇ ਮੁੱਦਿਆਂ ਨੂੰ ਲੈ ਕੇ ਕੰਮ ਕਰੇਗੀ। ਦੱਸਣਯੋਗ ਹੈ ਕਿ ਲਿਬਰਲ ਪਾਰਟੀ ਕੈਨੇਡਾ ਵਿਚ 34 ਸੀਟਾਂ ਤੱਕ ਸੀਮਤ ਰਹਿ ਗਈ ਹੈ ਜਦੋਂ ਕਿ ਸੱਤਾਧਾਰੀ ਕੰਜ਼ਰਵੇਟਿਵ ਪਾਰਟੀ ਨੂੰ 166 ਸੀਟਾਂ ਹਾਸਲ ਹੋਈਆਂ। ਨਿਊ ਡੈਮੋਰੈਟਿਕ ਪਾਰਟੀ ਦੇ ਆਗੂਆਂ ਦਾ ਕਹਿਣਾ ਹੈ ਕਿ ਬੀਤੇ ਮਾਰਚ ਵਿਚ ਪੇਸ਼ ਕੀਤਾ ਗਿਆ ਬਜਟ ਦੇਸ਼ ਦੀਆਂ ਲੋੜਾਂ ਪੂਰੀਆਂ ਨਹੀਂ ਕਰਦਾ। ਇਥੇ ਇਹ ਵੀ ਦੱਸਣਾ ਬਣਦਾ ਹੈ ਕਿ ਐਨ ਡੀ ਪੀ ਨੂੰ ਹਾਸਲ ਹੋਈਆਂ 103 ਸੀਟਾਂ ਵਿਚੋਂ 56 ਕਿਊਬੈਕ ਸੂਬੇ ਵਿਚੋਂ ਮਿਲੀਆਂ ਹਨ।

# ਸਿਖਿਆ ਬਜਟ ’ਚ ਕਟੌਤੀ ਦੇ ਵਿਰੋਧ ’ਚ ਮਾਪਿਆਂ ਵਲੋਂ ਕੀਤੀ ਗਈ ਵਿਧਾਨ ਸਭਾ ਦੇ ਅਹਾਤੇ ’ਚ ਰੋਸ ਰੈਲੀ

ਅਲਬਰਟਾ, (ਨਦਬ) : 29 ਮਈ ਦਿਨ ਐਤਵਾਰ ਨੂੰ ਅਲਬਰਟਾ ਵਿਧਾਨ ਸਭਾ ਦੇ ਅਹਾਤੇ ਚ ਸਰਕਾਰ ਵਲੋਂ ਸਿਖਿਆ ਬਜਟ ’ਚ ਕਟੌਤੀ ਦੇ ਵਿਰੋਧ ’ਚ ਇਕ ਭਰਵੀਂ ਰੈਲੀ ਦਾ ਆਯੋਜਨ ਕੀਤਾ ਗਿਆ। ਮਾਪੇ, ਅਧਿਆਪਕ ਤੇ ਵਿਦਿਆਰਥੀਆਂ ਦੀ ਸ਼ਮੂਲੀਅਤ ਵਾਲੀ ਇਸ ਰੈਲੀ ਦਾ ਆਯੋਜਨ ਕੁੱਝ ਚੇਤੰਨ ਮਾਪਿਆਂ ਦੇ ਉਦਮ ਸਦਕਾ ਹੋ ਸਕਿਆ।

ਰੈਲੀ ’ਚ ਹਾਜ਼ਰੀ ਤੋਂ ਖੁਸ਼ ਇਕ ਮਾਪੇ ਕੈਲੀ ਕਾਰਡਟਰ ਨੇ ਦਸਿਆ ਕਿ ਕਿਵੇਂ ਸੂਬਾ ਸਰਕਾਰ ਇੱਕ ਤੋਂ ਵੱਧ ਢੰਗਾਂ ਨਾ ਸਿੱਖਿਆ ਬਜਟ ’ਤੇ ਕੁਹਾੜੀ ਚਲਾ ਰਹੀ ਹੈ। ਪ੍ਰਦਰਸ਼ਨ ਵਿੱਚ ਹਿੱਸਾ ਲੈਣ ਆਇਆਂ ਨੇ ਅੱਗੇ ਦਸਿਆ ਕਿ ਸਪੈਸ਼ਲ ਨੀਡ ਪ੍ਰੋਗਰਾਮ ’ਤੇ ਲਾਏ ਜਾ ਰਹੇ ਕੱਟਾਂ ਕਰਕੇ ਇਸ ਸ਼੍ਰੇਣੀ ਦੇ ਤਕਰੀਬਨ 50,000 ਵਿਦਿਆਰਥੀਆਂ ’ਤੇ ਇਸ ਦਾ ਅਸਰ ਪਵੇਗਾ। ਬਾਹਰੋਂ ਆ ਕੇ ਕੈਨੇਡਾ ’ਚ ਪੱਕੇ ਤੌਰ ’ਤੇ ਵੱਸਣ ਵਾਲੇ ਪਰਿਵਾਰਾਂ ਲਈ ਚਲਾਏ ਜਾ ਰਹੇ 'ਈ.ਐਸ.ਐਲ.’ ਪ੍ਰੋਗਰਾਮਾਂ ਨੂੰ ਸਿਖਿਆ ਪ੍ਰਣਾਲੀ ਦਾ ਅਹਿਮ ਅੰਗ ਮੰਨਦਿਆਂ ਇਸ ਦੇ ਬਜਟ ’ਚ ਕਟੌਤੀ ਨਾਲ ਦੂਰ ਰਸ ਪ੍ਰਭਾਵ ਪੈਣਗੇ।

ਇਸ ਰੋਸ ਪ੍ਰਦਰਸ਼ਨ ਨੂੰ ਸਫ਼ਲ ਕਰਨ ਵਾਲੇ ਮਾਪਿਆਂ ’ਚ ਪ੍ਰਮੁੱਖ ਵਿਨੈਸਾ ਸਾਲਵੇ ਨੇ ਇੱਕ ਸਵਾਲ ਦਾ ਜਵਾਬ ਦਿੰਦਿਆਂ 'ਨਵੀਂ ਦੁਨੀਆ' ਨਾਲ ਗੱਲਬਾਤ ਕਰਦਿਆਂ ਦਸਿਆ ਕਿ ਉਨ੍ਹਾਂ ਨੇ ਤਕਰੀਬਨ ਸਾਰੇ ਸਕੂਲਾਂ, ਮਾਪਿਆਂ, ਯੂਨੀਵਰਸਿਟੀ ਦੇ ਸਿੱਖਿਆ ਵਿਭਾਗ ਨਾਲ ਇਸ ਰੈਲੀ ਸਬੰਧੀ ਤਾਲਮੇਲ ਕੀਤਾ ਸੀ ਤੇ ਉਹ ਅਗੋਂ ਨੂੰ ਵਧੇਰੇ ਸ਼ਮੂਲੀਅਤ ਲਈ ਆਸਵੰਦ ਹਨ। ਐਨ.ਡੀ.ਪੀ. ਤੋਂ ਬਿਨਾਂ ਹੋਰਨਾਂ ਰਾਜਨੀਤਿਕ ਪਾਰਟੀਆਂ ਵਲੋਂ ਅੱਜ ਦੀ ਰੈਲੀ ’ਚ ਨਾ ਆਉਣ ਬਾਰੇ ਸਾਲਵੇ ਨੇ ਕਿਹਾ ਕਿ ਉਨ੍ਹਾਂ ਵਲੋਂ ਸਭ ਨੂੰ ਸੱਦਾ ਦਿਤਾ ਗਿਆ ਸੀ। ਉਨ੍ਹਾਂ ਦਸਿਆ ਕਿ ਬਜਟ ਦੀ ਕਟੌਤੀ ਨਾਲ ਜਿਥੇ ਸਿਖਿਆ ਦੀ ਗੁਣਵਤਾ ’ਤੇ ਅਸਰ ਪਵੇਗਾ, ਉਥੇ ਹੀ ਸਕੂਲ ਛੱਡਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵੀ ਵੱਧਣ ਦਾ ਖਦਸ਼ਾ ਹੈ। ਸਪੈਸ਼ਲ ਨੀਡ ਚਿਲਡ੍ਰਨ ਲਈ ਦਿਤੀ ਜਾਣ ਵਾਲੀ ਗ੍ਰਾਂਟ ’ਚ ਪਿਛਲੇ ਸਮੇਂ ’ਚ 15-20 ਫ਼ੀਸਦੀ ਕਟੌਤੀ ਹੋਈ ਹੈ। ਰੈਲੀ ’ਚ ਵਿਸ਼ੇਸ਼ ਤੌਰ ’ਤੇ ਭਾਗ ਲੈਣ ਆਈ ਐਨ.ਡੀ.ਪੀ. ਦੀ ਐਮ.ਐਲ.ਏ. ਰੈਸ਼ਲ ਨੋਟਲੀ ਨੇ 'ਨਵੀਂ ਦੁਨੀਆ' ਨਾਲ ਗੱਲਬਾਤ ਕਰਦਿਆਂ ਕਿਹਾ ਕਿ ਬਜਟ ਕਟੌਤੀਆਂ ਦੇ ਚਲਦਿਆਂ ਅਧਿਆਪਕਾਂ ਤੇ ਸਹਾਇਕਾਂ ਦੀ ਗਿਣਤੀ ਘਟੇਗੀ ਤੇ ਕਲਾਸਾਂ ’ਚ ਵਿਦਿਆਰਥੀਆਂ ਦੇ ਗਿਣਤੀ ਵੱਧ ਹੋਣ ਕਾਰਨ ਬੱਚੇ ਵਿਸ਼ੇਸ਼

**ਖਾਸ ਖ਼ਬਰ**











ਰੋਸ ਰੈਲੀ ਕਰਦੇ ਹੋਏ ਮਾਪੇ, ਨਵੀਂ ਦੁਨੀਆ ਨਾਲ ਗੱਲਬਾਤ ਕਰਦੇ ਹੋਏ ਕੈਲੀ ਕਾਰਡਟਰ, ਸਾਰਾ ਹਾਊਸਮੈਨ, ਵੈਨਸਾ ਸਾਲਵੇ ਅਤੇ ਰੈਸ਼ਲ ਨੋਟਲੀ।

ਸਹਾਇਤਾ ਪ੍ਰਾਪਤ ਕਰਨ ਤੋਂ ਵਾਂਝੇ ਰਹਿ ਜਾਣਗੇ। ਉਨ੍ਹਾਂ ਦਾਅਵਾ ਕੀਤਾ ਕਿ ਅਲਬਰਟਾ ’ਚ ਕੈਨੇਡਾ ਭਰ ’ਚੋਂ ਸਭ ਤੋਂ ਵੱਧ ਵਿਦਿਆਰਥੀ ਸਕੂਲ ਛੱਡ ਜਾਂਦੇ ਹਨ। ਉਨ੍ਹਾਂ ਸਰਕਾਰ ਦੇ ਇਸ ਤਰਕ ਦਾ ਖੰਡਨ ਕੀਤਾ ਕਿ ਵਿਦਿਆਰਥੀਆਂ ਨੂੰ ਅਲਬਰਟਾ ਦਾ ਤੇਲ ਗੈਸ ਉਦਯੋਗ ਪੜਾਈ ਨਾਲੋਂ ਵੱਧ ਅਕਰਸ਼ਿਤ ਕਰਦਾ ਹੈ। ਰੈਸਲ ਨੇ ਕਿਹਾ ਕਿ ਸਕੂਲ ਛੱਡਣ ਦਾ ਰੁਝਾਨ ਹਾਲੀਆ ਮੰਦਵਾੜੇ ’ਚ ਵੀ ਜਾਰੀ ਰਿਹਾ। ਸਰਕਾਰ ਵਲੋ ਤੇਲ ਗੈਸ ਉਦਯੋਗ ਨੂੰ ਦਿਤੀਆਂ ਜਾ ਰਹੀਆਂ ਵੱਡੀਆਂ ਰਿਆਇਤਾਂ ਦਾ ਮਜ਼ਾਕ ਉਡਾਂਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਨੂੰ ਆਪਣੀਆਂ ਤਰਜੀਹਾਂ ’ਤੇ ਧਿਆਨ ਦੇਣਾ ਚਾਹੀਦਾ ਹੈ। ਸਿਖਿਆ ਹਰੇਕ ਤਰੱਕੀ ਦਾ ਧੁਰਾ ਹੈ। ਐਡਮਿੰਟਨ ਪਬਲਿਕ ਸਕੂਲ ਬੋਰਡ ਟਰੱਸਟੀ ਸਾਰਾ ਹੌਫ਼ਮੈਨ ਨੇ ਇਕ ਵਿਸਥਾਰਿਤ ਗੱਲਬਾਤ ਦੌਰਾਨ ਦਸਿਆ ਕਿ ਇਸ ਰੈਲੀ ਦਾ ਮਹੱਤਵਪੂਰਨ ਪਹਿਲੂ ਇਸ ਨੂੰ ਸਫ਼ਲ ਕਰਨ ਲਈ ਮਾਪਿਆਂ ਦੀ ਦਿਲਚਸਪੀ ਹੋਣਾ ਹੈ। ਬਜਟ ਕਟੌਤੀਆਂ ਤੋਂ ਪ੍ਰਭਾਵਿਤ ਹੋਣ ਵਾਲੇ ਅਧਿਆਪਕਾਂ ਤੇ ਵਿਦਿਆਰਥੀਆਂ ਦੀ ਗਿਣਤੀ ਵਧੇਗੀ ਅਤੇ ਸਹਾਇਕਾਂ ਦੀ ਗਿਣਤੀ ’ਚ ਕਟੌਤੀ ਨਾਲ ਵਿਦਿਆਰਥੀਆਂ ਨੂੰ ਲੋੜੀਂਦੀ ਮਦਦ ਦੀ ਅਣਹੋਂਦ ਮਹਿਸੂਸ ਹੋਵੇਗੀ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਨੂੰ ਸਿੱਖਿਆ ਅਨੁਦਾਨ ਬਹਾਲ ਕਰਨਾ ਚਾਹੀਦਾ ਹੈ।


ALL-WAY CARPET CLEANING LTD.
3510 - 31A St. NW, Edmonton, AB T6T 1T6




Fully Equipped Services for:
Carpet/Rug Cleaning at Site.
Best Service at Reasonable Price.
We Value Your Money.
Call:Harjit
allwaycarpetclenaing@gmail.com
Ph: 780 278 3105

## ਸਿਟੀ ਸੈਂਟਰ ਹਵਾਈ ਅੱਡੇ ਦਾ ਠੇਕਾ ਹਾਸਲ ਕਰਨ ਦੀ ਦੌੜ 'ਚ ਸਿਰਫ਼ ਤਿੰਨ ਕੰਪਨੀਆਂ

ਐਡਮਿੰਟਨ : ਸਿਟੀ ਸੈਂਟਰ ਹਵਾਈ ਅੱਡੇ ਨੂੰ ਮੁੜ ਵਿਕਸਤ ਕਰਨ ਦੀ ਯੋਜਨਾ ਵਿਚ ਸ਼ਾਮਲ ਕੰਪਨੀਆਂ ਦੀ ਗਿਣਤੀ 5 ਤੋਂ ਘਟਾ ਕੇ ਤਿੰਨ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ। ਸ਼ਹਿਰ ਦੇ ਕੌਂਸਲਰਾਂ ਮੁਤਾਬਿਕ ਹੁਣ ਸਿਰਫ਼ ਪਰਕਿਨਜ਼ ਵਿੱਲ ਆਫ਼ ਵੈਨਕੂਵਰ, ਲੰਡਨ ਦੀ ਫੌਸਟਰ ਐਂਡ ਪਾਰਟਨਰਜ਼, ਕੇ ਸੀ ਏ ਪੀ ਆਰਕੀਟੈਕਟਸ ਐਂਡ ਪਲੈਨਰਜ਼, ਨੀਦਰਲੈਂਡ ਹੀ ਦੌੜ ਵਿਚ ਰਹਿ ਗਈਆਂ ਹਨ। ਇਸਦਾ ਮਤਲਬ ਇਹ ਹੋਇਆ ਕਿ ਸਵੀਡਨ ਦੀ ਸਵੈਕੋ ਅਤੇ ਕਾਂਸਾਸ ਸਿਟੀ ਦੀ ਬੀ ਐਨ ਆਈ ਐਮ ਨੂੰ 22 ਜੂਨ ਨੂੰ ਜਾਰੀ ਕੀਤੇ ਜਾਣ ਵਾਲਾ ਠੇਕਾ ਨਹੀਂ ਮਿਲ ਸਕੇਗਾ। ਕੌਂਸਲਰ ਐਡ ਗਿਬਨਜ਼ ਨੇ ਦੱਸਿਆ ਕਿ ਹਵਾਈ ਅੱਡੇ ਨੂੰ ਵਿਕਸਤ ਕਰਨ ਲਈ 33 ਕੰਪਨੀਆਂ ਨੇ ਅਰਜ਼ੀਆਂ ਦਿੱਤੀਆਂ ਸਨ, ਜਿਨ੍ਹਾਂ ਵਿਚੋਂ ਪੰਜ ਦੀ ਚੋਣ ਕੀਤੀ ਗਈ। ਹਰੇਕ ਫਰਮ ਨੇ 217 ਹੈਕਟੇਅਰ ਖੇਤਰ ਵਿਚ ਮੁੜ ਵਿਕਸਤ ਕੀਤੇ ਜਾਣ ਵਾਲੇ ਹਵਾਈ ਅੱਡੇ ਦੀ ਯੋਜਨਾ ਵਿਚ ਸ਼ਾਮਲ ਹੋਣ ਲਈ 50 ਹਜ਼ਾਰ ਡਾਲਰ ਅਦਾ ਕੀਤੇ ਸਨ। ਨਵਾਂ ਹਵਾਈ ਅੱਡਾ ਵਿਕਸਤ ਹੋਣ ਨਾਲ 30 ਹਜ਼ਾਰ ਲੋਕਾਂ ਨੂੰ ਫਾਇਦਾ ਹੋਵੇਗਾ। ਇਸ ਤੋਂ ਇਲਾਵਾ ਨੇੜੇ ਰਹਿੰਦੇ ਲੋਕਾਂ ਨੂੰ ਨੌਕਰੀਆਂ ਵੀ ਮਿਲਣਗੀਆਂ। ਸਿਟੀ ਮੈਨੇਜਰ ਸਾਈਮਨ ਫਾਰਬ੍ਰਦਰ ਨੇ ਕਿਹਾ ਕਿ ਕੌਂਸਲ ਬਿਹਤਰੀਨ ਡਿਜ਼ਾਈਨ ਵਾਲੀ ਟੀਮ ਨੂੰ ਹੀ ਚੁਣੇਗੀ। ਦਸਤਖ਼ਤ ਕੀਤੇ ਜਾਣ ਪਿਛੋਂ ਠੇਕਾ ਪ੍ਰਾਪਤ ਕਰਨ ਵਾਲੀ ਫਰਮ 15 ਮਹੀਨਿਆਂ ਦੇ ਅੰਦਰ ਯੋਜਨਾ ਨੂੰ ਸਿਰੇ ਚਾੜ੍ਹੇਗੀ।

## ਹਾਰਪਰ ਕੈਬਨਿਟ ਦਾ ਖਰਚਾ 9 ਮਿਲੀਅਨ ਡਾਲਰ ਪਹੁੰਚਣ ਲੱਗਾ

### 2014-15 ਤੱਕ ਵਿੱਤੀ ਘਾਟਾ ਖਤਮ ਕਰਨ ਦੇ ਦਾਅਵੇ ਖੋਖਲੇ ਸਾਬਤ ਹੋਏ

ਔਟਵਾ: ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਕੈਬਨਿਟ 'ਤੇ ਆਉਣ ਵਾਲੇ ਖਰਚੇ ਵਿਚ ਕਟੌਤੀ ਕੀਤੇ ਜਾਣ ਦੀ ਸੰਭਾਵਨਾ ਹੈ, ਕਿਉਂਕਿ ਸੀਨੀਅਰ ਅਤੇ ਜੂਨੀਅਰ ਮੰਤਰੀਆਂ ਦਾ ਸਾਲਾਨਾ ਤਨਖ਼ਾਹ ਬਿੱਲ 9 ਮਿਲੀਅਨ ਡਾਲਰ ਤੱਕ ਜਾ ਪੁੱਜੇਗਾ ਜੋ ਕਿ ਇਕ ਰਿਕਾਰਡ ਹੈ। ਕੰਜ਼ਰਵੇਟਿਵ ਪਾਰਟੀ ਦੀ ਸਰਕਾਰ ਵਿੱਤੀ ਘਾਟੇ ਨੂੰ ਪੂਰਨ ਲਈ ਨੌਕਰਸ਼ਾਹੀ ਦੀਆਂ ਤਨਖ਼ਾਹਾਂ ਵਿਚ ਕਟੌਤੀ ਕਰਕੇ 4 ਮਿਲੀਅਨ ਡਾਲਰ ਦੀ ਬਚਨ ਕਰਨ ਬਾਰੇ ਸੋਚ ਰਹੀ ਹੈ, ਪਰ ਕੈਬਨਿਟ ਦੇ ਖਰਚਿਆਂ ਨੇ ਬਚਤ ਦੀ ਇਸ ਯੋਜਨਾ 'ਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ। ਸੰਸਦ ਦੀ ਵੈਬਸਾਈਟ 'ਤੇ ਪਾਏ ਤਾਜ਼ਾ ਅੰਕੜਿਆਂ ਮੁਤ-ਾਬਿਕ ਇਕ ਐਮ.ਪੀ. 1,57,731 ਡਾਲਰ ਸਾਲਾਨਾ ਤਨਖ਼ਾਹ ਲੈਂਦਾ ਹੈ ਜਦੋਂ ਕਿ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦੀ ਤਨਖ਼ਾਹ ਅਤੇ ਭੱਤੇ ਦੁੱਗਣੇ ਹਨ। ਹਾਰਪਰ ਨੂੰ 3,17,574 ਡਾਲਰ ਸਾਲਾਨਾ ਮਿਲਦੇ ਹਨ। ਇਹ ਰਕਮ ਵੱਖ ਵੱਖ ਬੈਂਕਾਂ ਦੇ ਮੁਖੀਆਂ ਅਤੇ ਮੁੱਖ ਕਾਰਜਕਾਰੀ ਅਫਸਰਾਂ ਨੂੰ ਮਿਲਦੀ ਤਨਖ਼ਾਹ ਦੇ ਬਰਾਬਰ ਹੈ। ਉਧਰ ਕੈਬਨਿਟ ਵਿਚ ਸ਼ਾਮਲ ਮੰਤਰੀਆਂ ਨੂੰ ਸੰਸਦ ਮੈਂਬਰ ਦੀ ਤਨਖ਼ਾਹ ਤੋਂ ਇਲਾਵਾ 75,516 ਡਾਲਰ ਕਾਰ ਭੱਤਾ ਮਿਲਦਾ ਹੈ। ਰਾਜ ਮੰਤਰੀਆਂ ਨੂੰ 56,637 ਡਾਲਰ ਮਿਲਦੇ ਹਨ ਪਰ ਕਾਰ ਭੱਤਾ ਨਹੀਂ ਦਿੱਤਾ ਜਾਂਦਾ। ਹਾਰਪਰ ਤੋਂ ਇਲਾਵਾ 25 ਕੈਬਨਿਟ ਮੰਤਰੀ ਅਤੇ 11 ਰਾਜ ਮੰਤਰੀ ਹਨ। ਇਨ੍ਹਾਂ ਵਿਚ ਸੈਨੇਟ ਦੇ ਆਗੂਆਂ ਦੀਆਂ ਤਨਖ਼ਾਹਾਂ ਅਤੇ ਭੱਤੇ ਰਲਾ ਕੇ ਲਗਭਗ 9 ਮਿਲੀਅਨ ਡਾਲਰ ਦੀ ਰਕਮ ਬਣਦੀ ਹੈ।

ਉਧਰ ਕੰਜ਼ਰਵੇਟਿਵ ਪਾਰਟੀ ਨੇ ਚੁੱਪ ਚਪੀਤੇ ਮੰਤਰੀਆਂ ਦੇ ਸਟਾਫ ਦੀਆਂ ਤਨਖ਼ਾਹਾਂ ਵਿਚ ਵਾਧਾ ਕਰ ਦਿੱਤਾ ਹੈ ਜੋ ਇਕ ਅਪ੍ਰੈਲ 2011 ਤੋਂ ਲਾਗੂ ਹੋਵੇਗਾ ਜਦੋਂ ਕਿ ਸਟੀਫਨ ਹਾਰਪਰ 2014-15 ਤੱਕ ਵਿੱਤੀ ਘਾਟਾ ਪੂਰੀ ਤਰ੍ਹਾਂ ਖ਼ਤਮ ਕਰਨ ਦਾ ਐਲਾਨ ਕਰ ਚੁੱਕੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਖਰਚਿਆਂ ਵਿਚ ਕਟੌਤੀ ਕਰਕੇ ਇਸ ਨੂੰ ਬਰਾਬਰ ਲਿਆਂਦਾ ਜਾਵੇਗਾ, ਪਰ ਕੈਬਨਿਟ ਦੀ ਤਨਖ਼ਾਹ ਉਨ੍ਹਾਂ ਦੇ ਇਸ ਦਾਅਵੇ 'ਤੇ ਸਵਾਲੀਆ ਨਿਸ਼ਾਨ ਲਗਾ ਰਹੀ ਹੈ।

## ਬੌਬ ਰੇਅ ਲਿਬਰਲ ਪਾਰਟੀ ਦੇ ਅੰਤਰਮ ਪ੍ਰਧਾਨ ਬਣੇ



ਟੋਰਾਂਟੋ, (ਨਦਬ) : ਲਿਬਰਲ ਪਾਰਟੀ ਨੇ ਆਪਣੇ ਅੰਤਰਮ ਪ੍ਰਧਾਨ ਵਜੋਂ ਸ੍ਰੀ ਬੌਬ ਰੇਅ ਨੂੰ ਚੁਣ ਲਿਆ ਹੈ। ਵਰਣਨਯੋਗ ਹੈ ਕਿ ਸ੍ਰੀ ਬੌਬ ਰੇਅ ਪਹਿਲਾਂ ਵੀ ਲਿਬਰਲ ਲੀਡਰ ਦੀ ਦੌੜ ਵਿਚ ਸ਼ਾਮਲ ਰਹਿ ਚੁੱਕੇ ਹਨ। 62 ਸਾਲਾ ਰੇਅ ਟੋਰਾਂਟੋ ਕੇਂਦਰੀ ਹਲਕੇ ਤੋਂ ਲਿਬਰਲ ਐੱਮ. ਪੀ. ਹਨ, ਜੋ ਪਿਛਲੀਆਂ ਤਿੰਨ ਚੋਣਾਂ ਤੋਂ ਲਗਾਤਾਰ ਜਿੱਤਦੇ ਆ ਰਹੇ ਹਨ। ਇਸ ਤੋਂ ਪਹਿਲਾਂ ਉਹ ਨਿਊ ਡ੍ਰੈਮੋਕ੍ਰੇਟ ਪਾਰਟੀ ਵਿਚ ਸਨ ਅਤੇ 1990 ਤੋਂ 1995 ਤੱਕ ਪ੍ਰੀਮੀਅਰ ਰਹਿ ਚੁੱਕੇ ਹਨ।

## ਏਅਰ ਕੈਨੇਡਾ ਦੇ ਪਾਇਲਟਾਂ ਵਲੋਂ ਅਸਥਾਈ ਠੇਕਾ ਰੱਦ

ਟੋਰਾਂਟੋ (ਨਦਬ) : ਏਅਰ ਕੈਨੇਡਾ ਦੇ ਪਾਇਲਟਾਂ ਦੀ ਐਸੋਸੀਏਸ਼ਨ ਅਸਥਾਈ ਠੇਕਾ ਰੱਦ ਕਰਕੇ ਪ੍ਰਬੰਧਕਾਂ ਵਿਰੁੱਧ ਸੰਘਰਸ਼ ਦੇ ਰਾਹ 'ਤੇ ਤੁਰ ਪਈ ਹੈ। ਐਸੋਸੀਏਸ਼ਨ ਦੇ 98 ਫ਼ੀਸਦੀ ਯੋਗ ਮੈਂਬਰਾਂ ਵਿਚੋਂ ਲਗਭਗ 67 ਫ਼ੀਸਦੀ ਨੇ ਪ੍ਰਸਤਾਵਿਤ ਸਮਝੌਤੇ ਵਿਰੁੱਧ ਵੋਟ ਪਾਈ। ਐਸੋਸੀਏਸ਼ਨ ਦੇ ਬੁਲਾਰੇ ਕੈਪਟਨ ਪੌਲ ਸਟਰੈਕਨ ਨੇ ਕਿਹਾ, 'ਅਸੀਂ ਆਪਣੀਆਂ ਸ਼ਿਕਾਇਤਾਂ ਬਾਰੇ ਪ੍ਰਬੰਧਕਾਂ ਨੂੰ ਜਾਣੂ ਕਰਾਵਾਂਗੇ।' ਏਅਰ ਕੈਨੇਡਾ ਪਾਇਲਟ ਐਸੋਸੀਏਸ਼ਨ ਲਗਭਗ ਤਿੰਨ ਹਜ਼ਾਰ ਪਾਇਲਟਾਂ ਦੀ ਨੁਮਾਇੰਦਗੀ ਕਰਦੀ ਹੈ। ਇਸੇ ਦੌਰਾਨ ਪਾਇਲਟਾਂ ਨੇ ਮੌਜੂਦਾ ਠੇਕੇ ਤਹਿਤ ਆਪਣਾ ਕੰਮ ਜਾਰੀ ਰੱਖਣ ਦਾ ਫੈਸਲਾ ਵੀ ਕੀਤਾ। ਏਅਰ ਲਾਈਨ ਦੇ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਏਅਰ ਲਾਈਨ ਕੰਪਨੀ ਦੀ ਵਿਕਾਸ ਰਣਨੀਤੀ 2013 ਦੇ ਅਖੀਰ ਤੱਕ ਬੋਇੰਗ 787 ਜਹਾਜ਼ ਮਿਲਣ ਤੱਕ ਲਾਗੂ ਨਹੀਂ ਕੀਤੀ ਜਾ ਸਕਦੀ।




## ਏਅਰ ਕੈਨੇਡਾ ਯੂਨੀਅਨ ਖਿਲਾਫ ਪਾਇਲਟਾਂ ਦੀ ਸ਼ਿਕਾਇਤ ਰੱਦ

ਕੈਲਗਰੀ (ਨਦਬ) : ਕੈਨੇਡਾ ਇੰਡਸਟਰੀਅਲ ਰਿਲੇਸ਼ਨਜ਼ ਬੋਰਡ ਨੇ ਏਅਰ ਕੈਨੇਡਾ ਪਾਇਲਟਸ ਐਸੋਸੀਏਸ਼ਨ (ਏ.ਸੀ.ਪੀ.ਏ.) ਖਿਲਾਫ਼ ਫਲਾਈ ਪਾਸਟ 60 ਕੋਲੀਸ਼ਨ ਦੀ ਸ਼ਿਕਾਇਤ ਨੂੰ ਰੱਦ ਕਰ ਦਿੱਤਾ ਹੈ। ਆਪਣੀ ਸ਼ਿਕਾਇਤ ਵਿਚ ਇਸ ਜਥੇਬੰਦੀ ਨੇ ਏਅਰ ਕੈਨੇਡਾ ਪਾਇਲਟਸ ਐਸੋਸੀਏਸ਼ਨ ਉੱਤੇ ਇਹ ਦੋਸ਼ ਲਾਇਆ ਸੀ ਕਿ ਉਨ੍ਹਾਂ ਨੇ ਸੀਨੀਅਰ ਪਾਇਲਟਾਂ ਦੀ ਸੇਵਾਮੁਕਤੀ ਲਈ ਮਿਥੀ ਗਈ 60 ਸਾਲਾਂ ਦੀ ਲਾਜ਼ਮੀ ਹੱਦ ਦੇ ਵਿਰੋਧ ਵਿਚ ਸ਼ਿਕਾਇਤ ਦਰਜ ਕਰਵਾਉਣ ਤੋਂ ਇਨਕਾਰ ਕਰ ਦਿੱਤਾ। ਓ.ਸੀ.ਪੀ.ਏ. ਦੇ ਪ੍ਰਧਾਨ ਪਾਲ ਸਟ੍ਰੈਚਨ ਨੇ ਆਖਿਆ ਕਿ ਕੈਨੇਡਾ ਇੰਡਸਟਰੀਅਲ ਰਿਲੇਸ਼ਨਜ਼ ਬੋਰਡ ਵਲੋਂ ਸੁਣਾਏ ਗਏ ਇਸ ਫੈਸਲੇ ਤੋਂ ਉਹ ਕਾਫੀ ਖੁਸ਼ ਹਨ ਤੇ ਉਨ੍ਹਾਂ ਦੀ ਹਿੰਮਤ ਕਾਫੀ ਵਧੀ ਹੈ। ਉਨ੍ਹਾਂ ਆਖਿਆ ਕਿ ਸਾਡੇ ਮੈਂਬਰਾਂ ਨੂੰ ਸਾਂਝੇ ਤੌਰ ਉੱਤੇ ਗੱਲ ਕਰਕੇ ਸੇਵਾਮੁਕਤੀ ਦੀ ਉਮਰ ਤੈਅ ਕਰਨ ਦਾ ਹੱਕ ਹੈ ਤੇ ਸਾਨੂੰ ਇਸ ਗੱਲ ਦਾ ਵੀ ਪੂਰਾ ਭਰੋਸਾ ਹੈ ਕਿ ਸਾਡੇ ਅਧਿਕਾਰਾਂ ਉੱਤੇ ਹੋਣ ਵਾਲੇ ਕਿਸੇ ਵੀ ਕਾਨੂੰਨੀ ਹਮਲੇ ਦਾ ਅਸੀਂ ਜਵਾਬ ਦੇ ਸਕਾਂਗੇ। ਓ.ਸੀ.ਪੀ.ਏ. ਦਾ ਕਹਿਣਾ ਹੈ ਕਿ ਯੂਨੀਅਨ ਵਲੋਂ ਪਿਛਲੇ ਸਾਲ ਪਾਇਲਟਾਂ ਸਬੰਧੀ ਕਰਵਾਏ ਗਏ ਸਰਵੇਖਣ ਵਿਚ ਹਿੱਸਾ ਲੈਣ ਵਾਲਿਆਂ ਵਿਚੋਂ 82 ਫੀਸਦੀ ਪਾਇਲਟਾਂ ਲਈ ਸੇਵਾਮੁਕਤੀ ਦੀ ਉਮਰ 60 ਸਾਲ ਜਾਂ ਇਸ ਤੋਂ ਵੀ ਘੱਟ ਰੱਖਣ ਦੇ ਹੱਕ ਵਿਚ ਹਨ। ਵਕੀਲ ਤੇ ਏਅਰ ਕੈਨੇਡਾ ਦੇ ਸੇਵਾਮੁਕਤ ਪਾਇਲਟ ਰੇਅਮੰਡ ਹਾਲ ਵਲੋਂ ਫਲਾਈ ਪਾਸਟ 60 ਕੋਲੀਸ਼ਨ ਦੀ ਅਗਵਾਈ ਕੀਤੀ ਜਾ ਰਹੀ ਹੈ, ਦਾ ਕਹਿਣਾ ਹੈ ਕਿ ਉਨ੍ਹਾਂ ਨੇ ਸੀ.ਆਈ.ਆਰ.ਬੀ. ਕੋਲ ਅਰਜ਼ੀ ਦਾਇਰ ਕਰਨ ਦੀ ਯੋਜਨਾ ਬਣਾਈ ਹੈ ਤੇ ਉਨ੍ਹਾਂ ਨੂੰ ਆਪਣੇ ਫੈਸਲੇ ਨੂੰ ਮੁੜ ਵਿਚਾਰਨ ਲਈ ਆਖਿਆ ਜਾਵੇਗਾ। ਹਾਲ ਨੇ ਅੰਦਾਜ਼ੇ ਨਾਲ ਆਖਿਆ ਕਿ 150 ਦੇ ਕਰੀਬ ਸੇਵਾਮੁਕਤ ਪਾਇਲਟ ਏਅਰ ਕੈਨੇਡਾ ਲਈ ਮੁੜ ਤੋਂ ਕੰਮ ਕਰਨਾ ਚਾਹੁੰਦੇ ਹਨ।

## ਵਿਗਿਆਨੀਆਂ ਦੀ ਕਾਰਬਨ ਡਾਈਆਕਸਾਈਡ ਨੂੰ ਬਾਲਣ (ਈਂਧਣ) 'ਚ ਬਦਲਣ ਦੀ ਯੋਜਨਾ

ਵੈਨਕੂਵਰ : ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਦੇ ਵਿਗਿਆਨੀ ਸੂਰਜੀ ਊਰਜਾ ਨੂੰ ਬਿਜਲੀ 'ਚ ਬਦਲਣ ਦੀ ਯੋਜਨਾ 'ਤੇ ਕੰਮ ਕਰ ਰਹੇ ਹਨ। ਇਸ ਪ੍ਰੀਕਿਰਿਆ ਤਹਿਤ ਸਾਡੇ ਗ੍ਰਹਿ ਲਈ ਖ਼ਤਰਨਾਕ ਹੁੰਦੀ ਜਾ ਰਹੀ ਗ੍ਰੀਨ ਹਾਊਸ ਗੈਸ ਕਾਰਬਨਡਾਈਆਕਸਾਈਡ ਨੂੰ ਉਪਯੋਗੀ ਬਾਲਣ ਵਿਚ ਤਬਦੀਲ ਕਰਨ ਦੀ ਯੋਜਨਾ ਹੈ। ਬੀ.ਸੀ. ਯੂਨੀਵਰਸਿਟੀ ਦੇ ਸਵੱਛ ਊਰਜਾ ਖੋਜ ਕੇਂਦਰ ਦੇ ਕਾਰਜਕਾਰੀ ਨਿਰਦੇਸ਼ਕ ਡੇਵਿਡ ਵਿਲਕਿਨਸਨ ਦਾ ਕਹਿਣਾ ਹੈ ਕਿ ਬਿਜਲੀ ਪਲਾਂਟਾਂ ਤੋਂ ਨਿਕਲਣ ਵਾਲੀ ਸੰਘਣੀ ਕਾਰਬਨਡਾਈਆਕਸਾਈਡ ਗੈਸ ਨੂੰ ਪਾਣੀ ਦੇ ਸੰਯੋਜਨ ਨਾਲ ਮਿਥੇਨ, ਮੈਥਾਨੌਲ, ਫਾਰਮਿਕ ਅਮਲ ਅਤੇ ਹੋਰ ਉਪਯੋਗੀ ਬਾਲਣਾਂ ਵਿਚ ਤਬਦੀਲ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਧਰਤੀ ਦੇ ਵਾਤਾਵਰਣ ਵਿਚ ਕਾਰਬਨਡਾਈਆਕਸਾਈਡ ਦਾ ਸੰਘਣਾਪਣ ਵਧਦਾ ਜਾ ਰਿਹਾ ਹੈ ਜਿਸ ਨਾਲ ਆਲਮੀ ਤਪਸ਼ ਅਤੇ ਜਲਵਾਯੂ ਤਬਦੀਲੀ ਵਰਗੇ ਨਤੀਜੇ ਸਾਹਮਣੇ ਆ ਰਹੇ ਹਨ। ਗ੍ਰੀਨ ਹਾਊਸ ਗੈਸਾਂ ਨੂੰ ਸਵੱਛ ਬਾਲਣ ਵਿਚ ਤਬਦੀਲ ਕਰਨ ਨਾਲ ਅਸੀਂ ਖ਼ਤਰਨਾਕ ਫਾਲਤੂ ਪਦਾਰਥਾਂ ਨੂੰ ਲਾਭਦਾਇਕ ਸਾਧਨਾਂ ਵਿਚ ਬਦਲਣ ਦੇ ਸਮਰੱਥ ਹੋ ਸਕਾਂਗੇ। ਨਾਸਾ ਵੀ ਇਕ ਅਜਿਹੀ ਹੀ ਯੋਜਨਾ 'ਤੇ ਕੰਮ ਕਰ ਰਹੀ ਹੈ ਜਿਸ ਤਹਿਤ ਜੈਮਿਨੀ-ਪੁਲਾੜ ਮੁਹਿੰਮ 'ਤੇ ਪੀਣ ਯੋਗ ਪਾਣੀ ਅਤੇ ਮਿਥੇਨ ਵਰਗੇ ਲਾਭਦਾਇਕ ਤੱਤ ਕੈਬਿਨ ਦੇ ਵਾਤਾਵਰਣ ਵਿਚਲੀ ਵਾਧੂ ਕਾਰਬਨਡਾਈਆਕਸਾਈਡ ਤੋਂ ਪੈਦਾ ਕੀਤੇ ਜਾ ਸਕਦੇ ਹਨ। ਜੇਕਰ ਇਸ ਤਕਨਾਲੋਜੀ ਦੀ ਵਰਤੋਂ ਕਾਰਬਨ ਡਾਈਆਕਸਾਈਡ ਦੇ ਘੱਟ ਸੰਘਣੇਪਣ 'ਤੇ ਲਾਗੂ ਕੀਤੀ ਜਾ ਸਕੇ ਤਾਂ ਇਸ ਵਿਧੀ ਨਾਲ ਗ੍ਰੀਨ ਹਾਊਸ ਗੈਸਾਂ ਨੂੰ ਸਿੱਧੇ ਵਾਤਾਵਰਣ 'ਚੋਂ ਲੈ ਕੇ ਉਪਯੋਗੀ ਸਾਧਨ 'ਚ ਤਬਦੀਲ ਕੀਤਾ ਜਾ ਸਕੇਗਾ ਅਤੇ ਇਸ ਤਰ੍ਹਾਂ ਵਿਸ਼ਵ ਦੇ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰਾਂ ਵਿਚ ਹਵਾ ਦਾ ਸੁਧਾਰ ਕੀਤਾ ਜਾ ਸਕੇਗਾ। ਵਿਲਕਿਨਸਨ ਨੇ ਕਿਹਾ ਕਿ ਸਮੱਸਿਆ ਇਹ ਹੈ ਕਿ ਬਾਲਣ ਤਿਆਰ ਕਰਨ ਲਈ ਲੋੜੀਂਦੀ ਮਾਤਰਾ ਵਿਚ ਚਾਹੀਦੀ ਊਰਜਾ ਦੀ ਬਹੁਤ ਜ਼ਿਆਦਾ ਲੋੜ ਹੈ ਕਿਉਂਕਿ ਕਾਰਬਨ ਡਾਈਆਕਸਾਈਡ ਇਕ ਬੇਹੱਦ ਸਥਿਰ ਅਣੂ ਹੈ ਜੋ ਕਿ ਵਾਤਾਵਰਣ ਵਿਚ 400 ਸਾਲਾਂ ਤੱਕ ਦਾ ਸਮਾ ਗੁਜ਼ਾਰ ਸਕਦਾ ਹੈ। ਇਸ ਲਈ ਇਸ ਨੂੰ ਤੋੜਣ ਲਈ ਤੁਹਾਨੂੰ ਬਹੁਤ ਜ਼ਿਆਦਾ ਊਰਜਾ ਦੀ ਲੋੜ ਹੈ।

## ਬੈਟਲ ਰਿਵਰ ਡਵੀਜ਼ਨ ਦੇ ਸਕੂਲਾਂ ਦੇ ਅਧਿਆਪਕਾਂ 'ਤੇ ਛਾਂਟੀ ਦੀ ਤਲਵਾਰ ਲਟਕੀ, 20 ਨੂੰ ਬਰਖ਼ਾਸਤਗੀ ਨੋਟਿਸ

ਐਡਮਿੰਟਨ : ਬੈਟਲ ਰਿਵਰ ਡਵੀਜ਼ਨ ਦੇ ਸਕੂਲਾਂ ਦੇ ਲਗਭਗ 20 ਅਧਿਆਪਕਾਂ ਨੂੰ ਬਰਖ਼ਾਸਤਗੀ ਨੋਟਿਸ ਜਾਰੀ ਕਰ ਦਿੱਤੇ ਗਏ ਹਨ । ਅਲਬਰਟਾ ਟੀਚਰਜ਼ ਐਸੋਸੀਏਸ਼ਨ ਦੇ ਅਧਿਕਾਰੀਆਂ ਨੇ ਦੱਸਿਆ ਕਿ ਡਵੀਜ਼ਨ ਸੁਪਰਡੈਂਟ ਦੀ ਸਿਫ਼ਾਰਸ਼ 'ਤੇ ਇਨ੍ਹਾਂ ਅਧਿਆਪਕਾਂ ਦੀਆਂ ਸੇਵਾਵਾਂ ਖ਼ਤਮ ਕੀਤੀਆਂ ਗਈਆਂ। ਡਵੀਜ਼ਨ ਅਧੀਨ 30 ਤੋਂ ਵਧੇਰੇ ਸਕੂਲ ਆਉਂਦੇ ਹਨ ਜਿਨ੍ਹਾਂ ਵਿਚ 6500 ਦੇ ਕਰੀਬ ਵਿਦਿਆਰਥੀ ਪੜ੍ਹਦੇ ਹਨ। ਅਧਿਆਪਕ ਐਸੋਸੀਏਸ਼ਨ ਦੇ ਕੋਆਰਡੀਨੇਟਰ ਬਰਾਇਨ ਆਂਦਰਿਆਸ ਨੇ ਦੱਸਿਆ, 'ਉਹ ਸਾਨੂੰ ਸੰਕੇਤ ਦੇ ਰਹੇ ਹਨ ਕਿ ਵਿੱਤੀ ਸਰੋਤਾਂ ਦੀ ਕਮੀ ਕਾਰਨ ਇਹ ਕਦਮ ਚੁੱਕਿਆ ਗਿਆ। ਆਪਣੇ ਕੈਰੀਅਰ ਦੇ ਵੱਖ ਵੱਖ ਪੜਾਵਾਂ 'ਤੇ ਪੁੱਜੇ ਅਧਿਆਪਕਾਂ ਨੂੰ ਬਰਖਾਸਤਗੀ ਨੋਟਿਸ ਪ੍ਰਾਪਤ ਹੋਏ ਹਨ, ਜਿਨ੍ਹਾਂ ਵਿਚੋਂ ਕਈ ਕੈਰੀਅਰ ਦੀ ਸ਼ੁਰੂਆਤ ਅਤੇ ਕਈ ਅੰਤਲੇ ਪੜਾਅ ਵਿਚ ਹਨ।' ਉਨ੍ਹਾਂ ਕਿਹਾ ਕਿ ਐਸੋਸੀਏਸ਼ਨ ਇਨ੍ਹਾਂ ਅਧਿਆਪਕਾਂ ਦਾ ਸਮਰਥਨ ਕਰੇਗੀ ਤਾਂ ਕਿ ਉਨ੍ਹਾਂ ਦਾ ਰੁਜ਼ਗਾਰ ਬਚਾਇਆ ਜਾ ਸਕੇ। ਸਕੂਲਾਂ ਦੇ ਟਰੱਸਟੀ ਸੁਪਰਡੈਂਟ ਦੀ ਬਰਖ਼ਾਸਤਗੀ ਸਿਫ਼ਾਰਸ਼ ਨੂੰ ਰੱਦ ਕਰ ਸਕਦੇ ਹਨ। ਬੈਟਲ ਰਿਵਰ ਦੀ ਅਧਿਆਪਕ ਐਸੋਸੀਏਸ਼ਨ ਦੇ ਪ੍ਰਧਾਨ ਨੇ ਦੱਸਿਆ ਕਿ ਡਵੀਜ਼ਨ ਵਿਚ 385 ਫੁਲ ਟਾਈਮ ਅਧਿਆਪਕਾਂ ਵਿਚੋਂ 34 ਨੂੰ ਹਟਾਇਆ ਜਾਣਾ ਹੈ, ਜਿਨ੍ਹਾਂ ਵਿਚੋਂ 34 ਅਸਾਮੀਆਂ 'ਤੇ ਆਰਜ਼ੀ ਜਾਂ ਪ੍ਰੋਬੇਸ਼ਨਰੀ ਠੇਕੇ 'ਤੇ ਅਧਿਆਪਕਾਂ ਦੀ ਭਰਤੀ ਕੀਤੀ ਜਾਵੇਗੀ।

## ਖਾਲਸਾ ਪੰਥ ਦਾ 313ਵਾਂ ਸਾਜਨਾ ਦਿਵਸ ਮਨਾਇਆ

ਐਡਮਿੰਟਨ (ਨਦਬ)-ਐਤਵਾਰ, 22 ਮਈ 2011 ਨੂੰ ਇਥੇ ਐਡਮਿੰਟਨ ਸ਼ਹਿਰ ਅਤੇ ਆਸ-ਪਾਸ ਦੀ ਸੰਗਤਾਂ ਨੇ ਖਾਲਸਾ ਪੰਥ ਦਾ 313ਵਾਂ ਸਾਜਨਾ ਦਿਵਸ, ਵਿਸਾਖੀ ਮਨਾਉਂਦੇ ਹੋਏ ਬੜੇ ਪਿਆਰ, ਸਤਿਕਾਰ ਅਤੇ ਸ਼ਰਧਾ ਨਾਲ ਨਗਰ ਕੀਰਤਨ ਵਿਚ ਸ਼ਾਮਲ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਐਡਮਿੰਟਨ ਦੇ ਨਗਰ ਕੀਰਤਨ ਨੂੰ ਗੁਰਦੁਆਰਾ ਮਿਲਵੁਡਜ਼, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਤੇ ਸ੍ਰੀ ਗੁਰੂ ਨਾਨਕ ਸਿੱਖ ਗੁਰਦੁਆਰਾ ਆਫ ਅਲਬਰਟਾ ਦੀਆਂ ਪ੍ਰਬੰਧਕ ਕਮੇਟੀਆਂ ਵਲੋਂ ਜਿਸ ਮਿਲਵਰਤਨ ਨਾਲ ਸਜਾਇਆ ਜਾਂਦਾ ਹੈ, ਉਹ ਕੈਨੇਡਾ ਭਰ ਵਿਚ ਆਪਣੀ ਮਿਸਾਲ ਆਪ ਹੈ। ਪੰਜਾਬੀ ਭਾਈਚਾਰੇ ਅਤੇ ਸ਼ਹਿਰ ਵਿਚ ਸਥਿਤ ਸਾਰੇ ਗੁਰ-ਦੁਆਰਿਆਂ ਨੇ ਮਿਲਜੁਲ ਕੇ ਨਗਰ ਕੀਰਤਨ ਵਿਚ ਇਤਿਹਾਸਕ ਇਕੱਠ ਕਰਕੇ ਸ਼ਹਿਰ ਨੂੰ ਖਾਲਸਾਈ ਰੰਗ ਵਿਚ ਰੰਗ ਦਿੱਤਾ ਜੋ ਹਜ਼ਾਰਾਂ ਸ਼ਹਿਰ ਵਾਸੀਆਂ ਦੇ ਇਕੱਠ ਨਾਲ ਨਗਰ ਕੀਰਤਨ ਐਤਵਾਰ 12:30 ਵਜੇ ਅਰਦਾਸ ਕਰਨ ਮਗਰੋਂ ਜੈਕਾਰਿਆਂ ਦੀ ਗੂੰਜ ਨਾਲ ਆਰੰਭ ਹੋਇਆ। ਹਰ ਪਾਸੇ ਸਿੱਖ ਕੌਮ ਖਾਲਸਾਈ ਬਾਣਿਆਂ ਵਿਚ ਸੱਜੀ ਹੋਈ ਸੀ। ਨਗਰ ਕੀਰਤਨ 2 ਕਿਲੋਮੀਟਰ ਦਾ ਲੰਮਾ ਕਾਫਲਾ ਤੈਅ ਕਰਦਾ ਹੋਇਆ ਲਗਭਗ 3:00 ਵਜੇ ਗੁਰਦੁਆਰਾ ਮਿਲਵੁੱਡਜ਼ ਵਿਖੇ ਪੁੱਜਾ। ਇਸ ਮੌਕੇ ਸਿੱਖ ਪ੍ਰਚਾਰਕਾਂ, ਸਰਕਾਰ ਦੇ ਤਿੰਨਾਂ ਪੱਧਰਾਂ ਦੇ ਨੁਮਾਇੰਦਿਆਂ ਅਤੇ ਗੁਰਦੁਆਰਿਆਂ ਦੇ ਪ੍ਰਬੰਧਕਾਂ ਨੇ ਖਾਲਸੇ ਦੇ ਸਾਜਨਾ ਦਿਵਸ ਦੀਆਂ ਸ਼ੁਭ ਇਛਾਵਾਂ ਦਿੱਤੀਆਂ। ਵਿਸਾਖੀ ਨਗਰ ਕੀਰਤਨ ਕਮੇਟੀ ਦੇ ਚੇਅਰਮੈਨ ਜਗਜੀਤ ਸਿੰਘ ਗਿੱਲ ਨੇ ਸਮੂਹ ਸੰਗਤਾਂ ਨੂੰ ਖਾਲਸੇ ਦੇ ਸਾਜਨਾ ਦਿਵਸ ਦੀ ਵਧਾਈ ਦਿੰਦਿਆਂ ਸੰਗਤਾਂ ਦਾ ਨਗਰ ਕੀਰਤਨ ਵਿਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ ਅਤੇ ਦੱਸਿਆ ਕਿ ਨਗਰ ਕੀਰਤਨ ਵਿਚ ਤਕਰੀਬਨ ਵੀਹ ਹਜ਼ਾਰ ਸੰਗਤਾਂ ਨੇ ਹਿੱਸਾ ਲਿਆ। ਇਸ ਨਗਰ ਕੀਰਤਨ ਦੀ ਸਫ਼ਲਤਾ ਸਮੂਹ ਸੰਗਤਾਂ ਦੇ ਸਹਿਯੋਗ ਦੁਆਰਾ ਹੀ ਹੋ ਸਕੀ ਹੈ, ਜਿਸ ਲਈ ਪ੍ਰਬੰਧਕ ਸਭ ਸੰਗਤਾਂ ਦੇ ਧੰਨਵਾਦੀ ਹਨ। ਭਾਰੀ ਮੀਂਹ ਦੌਰਾਨ ਵੀ ਸੰਗਤ ਗੁਰਦੁਆਰਾ ਸਾਹਿਬ ਦੇ ਬਾਹਰ ਗੁਰੂ ਸਾਹਿਬ ਦੇ ਜਾਹੋ-ਜਲੋਅ ਤੇ ਇਲਾਹੀ ਬਾਣੀ ਦਾ ਅਨੰਦ ਮਾਣਦੀਆਂ ਰਹੀਆਂ।
















# ਮੇਪਲ ਲੀਫ਼ ਰਾਈਟਰਜ਼ ਫ਼ਾਊਂਡੇਸ਼ਨ ਵਲੋਂ ਸ਼ਹੀਦ ਭਗਤ ਸਿੰਘ ਨੂੰ ਸਮਰਪਿਤ ਸੈਮੀਨਾਰ

ਐਡਮਿੰਟਨ, (ਨਦਬ) : ਪਿਛਲੇ ਦਿਨੀਂ ਮੇਪਲ ਲੀਫ਼ ਰਾਈਟਰਜ਼ ਫ਼ਾਊਂਡੇਸ਼ਨ ਵਲੋਂ ਸ਼ਹੀਦ ਭਗਤ ਸਿੰਘ ਨੂੰ ਸਮਰਪਿਤ ਇਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਸੈਮੀਨਾਰ ਵਿਚ ਡਾ. ਚਮਨ ਲਾਲ ਵਿਜ਼ਟਿੰਗ ਪ੍ਰੋਫ਼ੈਸਰ ਯੂਨੀਵਰਸਿਟੀ ਆਫ਼ ਵੈਸਟ ਇੰਡੀਜ਼ ਅਤੇ ਰੇਡੀਉ ਇੰਡੀਆ ਵੈਨਕੂਵਰ ਦੇ ਹੋਸਟ ਗੁਰਪ੍ਰੀਤ ਸਿੰਘ ਮੁੱਖ ਬੁਲਾਰਿਆਂ ਵਜੋਂ ਸ਼ਾਮਿਲ ਹੋਏ। ਸਮਾਰੋਹ ਦੀ ਪ੍ਰਧਾਨਗੀ ਸਾਬਕਾ ਵਿਧਾਇਕ ਐਨ.ਡੀ.ਪੀ. ਡਾ. ਰਾਜ ਪੰਨੂੰ ਅਤੇ ਮੇਪਲ ਲੀਫ਼ ਦੇ ਪ੍ਰਧਾਨ ਡਾ. ਪੀ.ਆਰ. ਕਾਲੀਆ ਨੇ ਸਾਂਝੇ ਰੂਪ ਵਿੱਚ ਕੀਤੀ। ਸਟੇਜ ਸਕੱਤਰ ਭੂਮਿਕਾ ਨਿਭਾਉਂਦਿਆਂ ਦਲਬੀਰ ਸਾਂਗਿਆਣ ਨੇ ਹਾਜ਼ਰੀਨ ਨੂੰ ਜੀ ਆਇਆਂ ਕਿਹਾ। ਉਪਰੰਤ ਦਰਸ਼ਨ ਖਹਿਰਾ ਨੇ ਡਾ. ਚਮਨ ਲਾਲ ਅਤੇ ਨਵਤੇਜ ਬੈਂਸ ਨੇ ਗੁਰਪ੍ਰੀਤ ਸਿੰਘ ਦੀ ਸਖ਼ਸ਼ੀਅਤ 'ਤੇ ਚਾਨਣਾ ਪਾਇਆ।



ਸੈਮੀਨਾਰ ਦੇ ਮੁੱਖ ਵਿਸ਼ੇ 'ਅੱਜ ਦੇ ਸੰਦਰਭ ਵਿੱਚ ਸ਼ਹੀਦ ਭਗਤ ਸਿੰਘ' ਬਾਰੇ ਬੋਲਦਿਆਂ ਡਾ. ਚਮਨ ਲਾਲ ਨੇ ਭਗਤ ਸਿੰਘ ਦੇ ਸ਼ੁਰੂਆਤੀ ਦਿਨਾਂ ਤੋਂ ਲੈ ਕੇ ਫਾਂਸੀ ਉਪਰੰਤ ਉਨ੍ਹਾਂ ਵਲੋਂ ਵਿਢੇ ਕਾਰਜਾਂ 'ਤੇ ਵਿਸਥਾਰ ਨਾਲ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਪੰਜਾਬ ਦਾ ਭਲਾ ਸਿਰਫ਼ ਤਿੰਨ 'ਬੱਬੇ' ਬਾਬਾ ਨਾਨਕ, ਬੁੱਲੇ ਸ਼ਾਹ ਅਤੇ ਭਗਤ ਸਿੰਘ ਨੇ ਕੀਤਾ ਹੈ। ਉਨ੍ਹਾਂ ਬਹੁਤ ਸਖ਼ਤ ਲਹਿਜ਼ੇ ਵਿੱਚ ਕਿਹਾ ਕਿ ਭਗਤ ਸਿੰਘ ਦੇ ਨਾਮ 'ਤੇ ਰੋਟੀਆਂ ਸੇਕਣ ਵਾਲੇ ਅਤੇ ਪੰਜਾਬ ਨੂੰ ਫਿਰਕੂ ਰੰਗਤ ਦੇਣ ਵਾਲੇ ਲੋਕ ਨਾ ਤਾਂ ਧਰਮ ਦਾ ਭਲਾ ਚਾਹੁੰਦੇ ਹਨ ਅਤੇ ਨਾ ਹੀ ਲੋਕਾਂ ਦਾ। ਉਨ੍ਹਾਂ ਕਿਹਾ ਕਿ ਅੱਜ ਵੀ ਭਗਤ ਸਿੰਘ ਦੀਆਂ ਲਿਖਤਾਂ 'ਤੇ ਖੋਜ ਕਾਰਜ ਚੱਲ ਰਿਹਾ ਹੈ ਅਤੇ ਉਨ੍ਹਾਂ ਵਲੋਂ ਲਿਖੀਆਂ ਕਿਤਾਬਾਂ ਅਤੇ ਹੋਰ ਲਿਖਤਾਂ ਦਾ ਅਰਥ ਅੱਜ ਦੇ ਸੰਦਰਭ ਵਿੱਚ ਹੀ ਲਾਭਕਾਰੀ ਹੈ।

ਰੇਡੀਓ ਇੰਡੀਆ ਦੇ ਹੋਸਟ ਗੁਰਪ੍ਰੀਤ ਸਿੰਘ ਨੇ 'ਭਗਤ ਸਿੰਘ ਦੇ ਨਾਂਅ ਦੀ ਕੁਵਰਤੋਂ' ਵਿਸ਼ੇ 'ਤੇ ਬੋਲਦਿਆਂ ਕਿਹਾ ਕਿ ਭਗਤ ਸਿੰਘ ਦੇ ਅਸਲੀ ਵਾਰਸ ਉਹ ਲੋਕ ਹਨ, ਜੋ ਉਨ੍ਹਾਂ ਦੀ ਸੋਚ 'ਤੇ ਠੋਕ ਕੇ ਪਹਿਰਾ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਬੇਸ਼ੱਕ ਉਹ ਬੁੱਤ ਪ੍ਰੰਪਰਾ ਦੇ ਉਲਟ ਹਨ ਪਰ ਸ਼ਹੀਦ ਭਗਤ ਸਿੰਘ ਦੇ ਬੁੱਤ ਲਾਉਣ ਅਤੇ ਸ਼ਹਿਰਾਂ ਦੇ ਨਾਮ ਰੱਖਣ ਨਾਲ ਘੱਟੋ ਘੱਟ ਕੋਈ ਵੀ ਅਣਜਾਣ ਆਦਮੀ ਜੋ ਭਗਤ ਸਿੰਘ ਬਾਰੇ ਘੱਟ ਜਾਣਦਾ ਹੋਵੇਗਾ, ਉਸ ਅੰਦਰ ਉਸ ਨੂੰ ਜਾਨਣ ਦੀ ਇੱਛਾ ਪ੍ਰਬਲ ਹੋਵੇਗੀ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਨੂੰ ਜੇਕਰ ਸਹੀ ਅਰਥਾਂ ਵਿੱਚ ਸਮਝਣਾ ਹੋਵੇ ਤਾਂ ਉਹ ਕੇਵਲ ਉਨ੍ਹਾਂ ਦੀਆਂ ਲਿਖਤਾਂ ਨੂੰ ਧੁਰ ਅੰਦਰ ਤਕ ਪੜ੍ਹ ਕੇ ਹੀ ਸਮਝਿਆ ਜਾ ਸਕਦਾ ਹੈ।

ਇਸ ਸੈਮੀਨਾਰ ਦੇ ਮੌਕੇ ਦਲਜੀਤ ਸਿੰਘ ਰੱਖਰਾ ਦੀ ਕਿਤਾਬ 'ਮਨੁੱਖ ਦੇ ਪਿਤਾਮੇ' ਨੂੰ ਵੀ ਲੋਕ ਅਰਪਣ ਕੀਤਾ ਗਿਆ। ਸੈਮੀਨਾਰ ਉਪਰੰਤ ਸਵਾਲ ਜਵਾਬ ਸੈਸ਼ਨ ਵਿੱਚ ਹਾਜ਼ਰ ਲੋਕਾਂ ਨੇ ਡਾ. ਚਮਨ ਲਾਲ ਅਤੇ ਗੁਰਪ੍ਰੀਤ ਸਿੰਘ ਕੋਲੋਂ ਸ਼ਹੀਦ ਭਗਤ ਸਿੰਘ ਨਾਲ ਸਬੰਧਤ ਪ੍ਰਸ਼ਨ ਪੁੱਛ ਕੇ ਇਹ ਸਾਬਿਤ ਕਰ ਦਿੱਤਾ ਕਿ ਲੋਕਾਂ ਨੇ ਇਸ ਸੈਮੀਨਾਰ ਵਿੱਚ ਚੇਤੰਨ ਹੋ ਕੇ ਹਿੱਸਾ ਲਿਆ ਅਤੇ ਉਹ ਵਾਕਿਆ ਹੀ ਇਸ ਵਿਸ਼ੇ ਬਾਰੇ ਹੋਰ ਜਾਨਣ ਦੇ ਇੱਛੁਕ ਹਨ।

# ਪੰਜਾਬੀ ਸਾਹਿਤ ਸਭਾ ਨੇ ਮਦਰ ਡੇਅ ਮਨਾਇਆ

ਕੈਲਗਰੀ (ਨਦਬ) : ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਾਸਿਕ ਇਕੱਤਰਤਾ ਪਿਛਲੇ ਦਿਨੀ ਕੌਂਸਲ ਆਫ ਸਿੱਖ ਆਰਗੇਨਾਈਜ਼ੇਸ਼ਨ ਦੇ ਹਾਲ ਕਮਰੇ ਵਿਚ, ਬੀਬੀ ਸੁਰਿੰਦਰ ਗੀਤ ਅਤੇ ਸੁਰਿੰਦਰ ਸਿੰਘ ਢਿਲੋਂ ਦੀ ਪ੍ਰਧਾਨਗੀ ਮੰਡਲ ਹੇਠ ਹੋਈ। ਸਟੇਜ ਦੀ ਜ਼ਿੰਮੇਵਾਰੀ ਗੁਰਦਿਆਂਲ ਸਿੰਘ ਖਹਿਰਾ ਹੋਰਾਂ ਨਿਭਾਈ। 8 ਮਈ 1914 ਨੂੰ ਅਮਰੀਕਾ ਦੇ ਪ੍ਰੈਜ਼ੀਡੈਂਟ ਵੁੱਡਰੋ ਵਿਲਸਨ ਨੇ ਮਤਾ ਰੱਖਕੇ ਇਸ ਦਿਨ ਨੂੰ ਮਦਰਜ਼ ਡੇਅ ਨਾਲ ਸਨਮਾਨਤ ਕੀਤਾ। ਇਸ ਵਿਸ਼ੇ 'ਤੇ ਬੋਲਦਿਆਂ ਗੁਰਦਿਆਲ ਸਿੰਘ ਖਹਿਰਾ ਨੇ ਆਖਿਆ ਕਿ ਔਰਤ ਨੂੰ ਮਾਂ ਹੋਣ ਦਾ ਮਾਣ ਹਾਸਲ ਹੈ। ਹਰ ਇੱਕ ਮਰਦ ਨੂੰ ਭੈਣ ਦਾ ਭਰਾ ਹੋਣ ਦਾ ਮਾਣ, ਪਤਨੀ ਦੇ ਪਤੀ ਹੋਣ ਦਾ ਮਾਣ, ਧੀ ਦੇ ਬਾਪ ਹੋਣ ਦਾ ਮਾਣ ਹਾਸਲ ਹੈ ਔਰਤ ਦੇ ਵੱਖ ਵੱਖ ਰੂਪਾਂ ਵਿਚ ਇਸ ਦੀ ਆਪਣੀ ਆਪਣੀ ਮਹੱਤਤਾ ਹੈ, ਪਿਆਰ ਹੈ, ਸਤਿਕਾਰ ਹੈ। ਆਲਮਜੀਤ ਦੀਵਾਨਾ ਨੇ ਜਿੱਥੇ ਜੱਗ ਜਣਨੀ ਨੂੰ ਵਧਾਈ ਦਿੱਤੀ ਨਾਲ ਹੀ ਸ਼ਿਵ ਕੁਮਾਰ ਬਟਾਲਵੀ ਅਤੇ ਰਵਿੰਦਰਾ ਨਾਥ ਟੈਗੋਰ ਦੇ 150ਵੇਂ ਜਨਮ ਸ਼ਤਾਬਦੀ ਦੀ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਜੀਵਨ ਕਾਲ ਦੀਆ ਪ੍ਰਾਪਤੀਆਂ ਤੇ ਖੁਲ੍ਹਕੇ ਚਾਨਣਾ ਪਾਇਆ। ਇੱਕ ਰਚਨਾ ਵੀ ਸਾਂਝੀ ਕੀਤੀ। ਜਸਵੰਤ ਸਿੰਘ ਹਿਸੋਵਾਲ ਨੇ ਪ੍ਰੋ.ਮੋਹਨ ਸਿੰਘ ਦੀ ਰਚਨਾ ਨਾਲ ਕੁਲ ਸੰਸਾਰ ਦੀਆਂ ਮਾਵਾਂ ਨੂੰ ਵਧਾਈ ਦਿੱਤੀ।

# ਰਾਈਟਰਜ਼ ਫੋਰਮ ਕੈਲਗਰੀ ਦੀ ਮਾਸਿਕ ਇਕੱਤਰਤਾ

ਕੈਲਗਰੀ (ਨਦਬ): ਰਾਈਟਰਜ਼ ਫੋਰਮ ਕੈਲਗਰੀ ਦੀ ਮਾਸਿਕ ਇਕੱਤਰਤਾ ਕਾਊਂਸਲ ਆਫ ਸਿੱਖ ਆਰਗੇਨਾਈਜ਼ੇਸ਼ਨ ਦੇ ਹਾਲ ਕਮਰੇ ਵਿਚ ਕਸ਼ਮੀਰਾ ਸਿੰਘ ਚਮਨ, ਸਮਸ਼ੇਰ ਸਿੰਘ ਸੰਧੂ ਅਤੇ ਸਬਾ ਸ਼ੇਖ਼ ਦੀ ਪ੍ਰਧਾਨਗੀ ਹੇਠ ਹੋਈ। ਜੱਸ ਚਾਹਲ ਨੇ ਸਟੇਜ ਸਕੱਤਰ ਦੀਆਂ ਜ਼ਿੰਮੇਵਾਰੀਆਂ ਨਿਭਾਈ। ਇਸ ਤੋਂ ਸੁਰਜੀਤ ਸਿੰਘ ਸੀਤਲ 'ਪੰਨੂ', ਹਰਸੁਖਵੰਤ ਸਿੰਘ ਸ਼ੇਰਗਿੱਲ, ਜਸਵੰਤ ਸਿੰਘ ਹਿੱਸੋਵਾਲ, ਬੀਬੀ ਹਰਚਰਨ ਕੌਰ ਬਾਸੀ, ਸਮਸ਼ੇਰ ਸਿੰਘ ਸੰਧੂ ਗ਼ਜ਼ਲ ਦੀ ਰਿਕਾਰਡਿੰਗ ਸੁਣਾਈ ਅਤੇ ਸਰੂਪ ਸਿੰਘ ਮੰਡੇਰ ਨੇ ਆਪਣੀ ਇਕ ਸਾਂਝੀ ਕੀਤੀ। ਗੁਰਦੀਪ ਸਿੰਘ ਕੁਤਬਾ ਨੇ ਭਾਰਤੀ ਸਿਸਟਮ ਦੇ ਕੰਮ-ਕਾਜ ਬਾਰੇ ਆਪਣੇ ਕੁਝ ਵਿਚਾਰ ਸਾਂਝੇ ਕੀਤੇ। ਜਾਵੇਦ ਨਿਜ਼ਾਮੀ ਨੇ ਉਰਦੂ ਵਿਚ ਲਿਖੀਆਂ ਦੋ ਰਚਨਾਵਾਂ ਸੁਣਾਈਆਂ, ਮੋਹਤਰਮਾ ਅਮਤੁਲ ਮਤੀਨ ਖ਼ਾਨ ਆਪਣੀ ਪੰਜਾਬੀ ਰਚਨਾ ਅਤੇ ਤਰਸੇਮ ਸਿੰਘ ਪਰਮਾਰ, ਜਸਵੀਰ ਸਿੰਘ ਸਿਹੋਤਾ ਨੇ ਆਪਣੀ ਕਵਿਤਾ ਸੁਣਾਈ। ਕਸ਼ਮੀਰਾ ਸਿੰਘ ਚਮਨ ਨੇ ਦੋਹੇ ਸੁਣਾਕੇ ਨਿਹਾਲ ਕੀਤਾ। ਅਜਾਇਬ ਸਿੰਘ ਸੇਖੋਂ ਹੋਰਾਂ ਸੂਫ਼ਿਆਨਾ ਖ਼ਿਆਲ ਭਰੀ ਰਚਨਾ, ਮੋਹਨ ਸਿੰਘ ਮਿਨਹਾਸ ਨੇ ਇਸੇ ਅੰਦਾਜ਼ ਨੂੰ ਬਰਕਰਾਰ ਰੱਖਦੇ ਹਿੰਦੀ ਵਿਚ ਕੁਝ ਲਾਈਨਾਂ, ਗੁਰਦਿਆਲ ਸਿੰਘ ਖੇਹਰਾ ਨੇ ਮਾਹੌਲ ਬਦਲਦਿਆਂ ਹਿੰਦੀ ਅਤੇ ਪੰਜਾਬੀ ਵਿਚ ਤਿੰਨ ਮਿੰਨੀ ਕਵਿਤਾਵਾਂ ਸੁਣਾਇਆਂ।

# ਐਡਮਿੰਟਨ ਵਿੱਚ 'ਬੋਲੇ ਸੋ ਨਿਹਾਲ' ਦੀ ਪੇਸ਼ਕਾਰੀ ਪ੍ਰਭਾਵਸ਼ਾਲੀ ਰਹੀ



ਐਡਮਿੰਟਨ, (ਨਦਬ) :ਸਿੱਖ ਇਤਿਹਾਸ ਦੀ ਲਹੂ-ਭਿੱਜੀ ਗਾਥਾ 'ਤੇ ਅਧਾਰਿਤ ਨਾਟਕ 'ਬੋਲੇ ਸੋ ਨਿਹਾਲ' ਬੇਰਵੁੱਡ ਪਾਰਕ ਦੇ ਫੈਸਟੀਵਲ ਪੈਲੇਸ 'ਚ ਕਰਵਾਇਆ ਗਿਆ, ਜਿਸ ਦੀ ਪੇਸ਼ਕਾਰੀ ਪ੍ਰਭਾਵਸ਼ਾਲੀ ਰਹੀ। ਲੋਕ ਆਵਾਜ਼, ਸ਼ਾਨ ਐਂਟਰਟੈਨਮੈਂਟ ਅਤੇ ਐਮ.ਐਸ. ਮਿਸ਼ਨਰੀ ਵੱਲੋਂ ਸਾਂਝੇ ਤੌਰ 'ਤੇ ਕਰਵਾਏ ਗਏ ਇਸ ਨਾਟਕ ਦੇ ਲੇਖਕ ਡਾ. ਹਰਚਰਨ ਸਿੰਘ ਤੇ ਨਿਰਦੇਸ਼ਕ ਹਰਬਖਸ਼ ਸਿੰਘ ਲਾਟਾ ਸਨ। ਨਾਟਕ ਦੇ ਹੰਢੇ ਵਰਤੇ ਕਲਾਕਾਰਾਂ ਦੀ ਕਾਰਗੁਜ਼ਾਰੀ ਇਕ ਦੂਜੇ ਤੋਂ ਵੱਧ ਕੇ ਸੀ, ਜਿਨ੍ਹਾਂ ਨੇ ਸ਼ੁਰੂ ਤੋਂ ਲੈ ਕੇ ਅੰਤ ਤਕ ਲੋਕਾਂ ਨੂੰ ਪ੍ਰੋਗਰਾਮ ਦੇ ਨਾਲ ਜੋੜੀ ਰੱਖਿਆ। ਨਾਟਕ ਦੇ ਮੁੱਖ ਕਲਾਕਾਰਾਂ 'ਚ ਬਲਕਾਰ ਸਿੱਧੂ, ਨਰਿੰਦਰ ਨੀਨਾ, ਸੰਨੀ ਸਿੱਧੂ ਦੇ ਨਾਂ ਪ੍ਰਮੁੱਖ ਸਨ। ਇਹ ਪ੍ਰੋਗਰਾਮ ਰੋਸ਼ਨੀ ਆਵਾਜ਼ ਨਾਟਕ ਤੇ ਫ਼ਿਲਮ ਦਾ ਸੁਮੇਲ ਸੀ। ਇਸ ਮੌਕੇ 'ਤੇ ਪਾਵਰ ਹੋਮ ਦੇ ਰਣਜੀਤ ਸਿੰਘ ਪਵਾਰ , ਕੁਲਦੀਪ ਸਿੰਘ ਪਵਾਰ ਤੇ ਕੈਨ ਡਰਾਈਵ ਸਕੂਲ ਦੇ ਗੁਰਚਰਨ ਗਰਚਾ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਨ੍ਹਾਂ ਨੂੰ ਸਨਮਾਨਿਤ ਕਰਨ ਦੀ ਰਸਮ ਐਮ.ਐਲ.ਏ. ਪੀਟਰ ਸੰਧੂ, ਕੌਂਸਲਰ ਅਮਰਜੀਤ ਸੋਹੀ, ਕਮਲ ਘੁੰਮਣ ਅਤੇ ਤਲਵਿੰਦਰ ਪਨੇਸਰ ਨੇ ਸਾਂਝੇ ਤੌਰ 'ਤੇ ਨਿਭਾਈ। ਕੁੱਲ ਮਿਲਾ ਕੇ 'ਬੋਲੇ ਸੋ ਨਿਹਾਲ' ਐਡਮਿੰਟਨ ਵਾਸੀਆਂ ਦੇ ਦਿਲਾਂ 'ਤੇ ਅਮਿਟ ਛਾਪ ਛੱਡ ਗਿਆ। ਸੰਗਤ ਵਲੋਂ ਇਸ ਪ੍ਰੋਗਰਾਮ ਨੂੰ ਮੁੜ ਕਰਵਾਉਣ ਦੀ ਮੰਗ ਕੀਤੀ ਜਾ ਰਹੀ ਹੈ।

# ਸਿਆਸੀ ਬੰਧਨ ਵਿੱਚ ਬੱਝੇ ਹੋਏ ਹਨ ਬੰਧਨ-ਮੁਕਤ ਫੰਡ

## * ਮੁੱਖ ਮੰਤਰੀ ਤੇ ਸੁਖਬੀਰ ਵਲੋਂ ਆਪਣੇ ਹਲਕਿਆਂ 'ਤੇ ਮਿਹਰਾਂ * ਮਨਪ੍ਰੀਤ ਵੀ ਪਿੱਛੇ ਨਾ ਰਹੇ

ਮੁੱਖ ਮੰਤਰੀ ਨੇ 'ਆਪਣਿਆਂ' ਲਈ ਫੰਡਾਂ ਦਾ ਮੀਂਹ ਵਰ੍ਹਾ ਦਿੱਤਾ ਹੈ। ਬੰਧਨ ਮੁਕਤ ਫੰਡ ਏਨੇ ਪੰਜਾਬ ਦੇ ਹਿੱਸੇ ਨਹੀ ਆਏ, ਜਿੰਨੇ ਹਲਕਾ ਲੰਬੀ ਵਿਚ ਪੁੱਜੇ ਹਨ। ਉਪ ਮੁੱਖ ਮੰਤਰੀ ਨੇ ਬਠਿੰਡਾ ਹਲਕੇ ਨੂੰ ਇਨ੍ਹਾਂ ਫੰਡਾਂ ਨਾਲ 'ਨਿਹਾਲ' ਕਰ ਦਿੱਤਾ ਹੈ। ਮਨਪ੍ਰੀਤ ਸਿੰਘ ਬਾਦਲ ਇਸ ਮਾਮਲੇ ਵਿੱਚ ਤਾਂ ਵੱਡੇ-ਛੋਟੇ ਬਾਦਲ ਨੂੰ ਵੀ ਪਿਛੇ ਛੱਡ ਗਏ। ਬੰਧਨ-ਮੁਕਤ ਫੰਡਾਂ ਦੀ ਚਾਰ ਵਰ੍ਹਿਆਂ ਦੀ ਸੂਚਨਾ ਇਹ ਗਵਾਹੀ ਭਰਦੀ ਹੈ ਕਿ ਖ਼ਜ਼ਾਨੇ ਦਾ ਮੂੰਹ ਕੇਵਲ ਬਾਦਲ ਪਰਿਵਾਰ ਦੇ ਹਲਕਿਆਂ ਵਿਚ ਖੁੱਲ੍ਹਿਆ ਹੈ। ਇਸ 'ਖਾਸ' ਪਰਿਵਾਰ ਨੇ 67.50 ਫੀਸਦੀ ਬੰਧਨ ਮੁਕਤ ਫੰਡ ਆਪਣੇ ਹਲਕਿਆਂ ਵਿਚ ਵੰਡੇ ਹਨ।







ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮਾਲੀ ਸਾਲ 2010-11 ਦੌਰਾਨ 6 ਕਰੋੜ ਰੁਪਏ ਦੇ ਬੰਧਨ ਮੁਕਤ ਫੰਡ ਵੰਡੇ ਹਨ, ਜਿਨ੍ਹਾਂ ਵਿਚੋਂ 5.23 ਕਰੋੜ ਰੁਪਏ ਇਕੱਲੇ ਹਲਕਾ ਲੰਬੀ ਵਿਚ ਵੰਡੇ ਗਏ, ਜੋ 87.10 ਫੀਸਦੀ ਬਣਦੇ ਹਨ। ਇਸ ਮਾਲੀ ਵਰ੍ਹੇ ਦੌਰਾਨ ਮੁੱਖ ਮੰਤਰੀ ਨੇ ਪੰਜਾਬ ਦੇ 13 ਜ਼ਿਲ੍ਹਿਆਂ ਨੂੰ ਇਨ੍ਹਾਂ ਫੰਡਾਂ ਵਿਚੋਂ ਇਕ ਪਾਈ ਵੀ ਨਹੀ ਦਿੱਤੀ ਅਤੇ ਬਾਕੀ ਪੰਜਾਬ ਦੇ ਹਿੱਸੇ ਕੇਵਲ 77 ਲੱਖ ਰੁਪਏ ਹੀ ਆਏ।

ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸਾਲ 2010-11 ਵਿਚ ਪੰਜ ਕਰੋੜ ਰੁਪਏ ਇਨ੍ਹਾਂ ਫੰਡਾਂ ਵਿਚੋਂ ਵੰਡੇ ਜਿਨ੍ਹਾਂ ਵਿਚੋਂ 4.02 ਕਰੋੜ ਰੁਪਏ ਇਕੱਲੇ ਬਠਿੰਡਾ ਹਲਕੇ ਵਿਚ ਵੰਡ ਦਿੱਤੇ ਗਏ, ਜੋ 80 ਫੀਸਦੀ ਬਣਦੇ ਹਨ। ਉਪ ਮੁੱਖ ਮੰਤਰੀ ਨੇ ਬਾਕੀ ਬਚੇ ਫੰਡਾਂ ਵਿਚੋਂ 50 ਲੱਖ ਦੇ ਫੰਡ ਆਪਣੇ ਰਿਸ਼ਤੇਦਾਰ ਬਿਕਰਮ ਸਿੰਘ ਮਜੀਠੀਆ ਦੇ ਹਲਕਾ ਮਜੀਠਾ ਵਿਚ ਵੰਡੇ ਹਨ। ਪੰਜਾਬ ਦੇ 14 ਜ਼ਿਲ੍ਹਿਆਂ ਵਿਚ ਉਨ੍ਹਾਂ ਦਾ ਕੋਈ ਫੰਡ ਨਹੀ ਪੁੱ-ਜਆ ਹੈ। ਸ੍ਰੀ ਸੁਖਬੀਰ ਬਾਦਲ ਨੇ ਇਨ੍ਹਾਂ ਫੰਡਾਂ ਵਿਚੋਂ 3.96 ਕਰੋੜ ਰੁਪਏ ਇਕੱਲੇ ਟੇਲਾਂ 'ਤੇ ਟਿਊਬਵੈੱਲ ਲਾਉਣ ਲਈ ਵੰਡੇ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 2007-08 ਤੋਂ 2010-11 ਤੱਕ ਦੇ ਚਾਰ ਵਰ੍ਹਿਆਂ ਦੌਰਾਨ ਕੁੱਲ 38.50 ਕਰੋੜ ਰੁਪਏ ਬੰਧਨ-ਮੁਕਤ ਫੰਡ ਵੰਡੇ ਹਨ, ਜਿਨ੍ਹਾਂ ਵਿਚੋਂ 21.97 ਕਰੋੜ ਰੁਪਏ ਇਕੱਲੇ ਲੰਬੀ ਹਲਕੇ ਵਿਚ ਵੰਡੇ ਗਏ। ਇਸ ਸਮੇਂ ਦੌਰਾਨ ਮੁੱਖ ਮੰਤਰੀ ਨੇ 467 ਗਰਾਂਟਾਂ ਦੀ ਵੰਡ ਕੀਤੀ, ਜਿਸ ਵਿਚੋਂ ਲੰਬੀ ਹਲਕੇ ਵਿਚ 284 ਗਰਾਂਟਾਂ ਵੰਡੀਆਂ ਗਈਆਂ ਹਨ। ਮਾਲੀ ਸਾਲ 2009-10 ਦੌਰਾਨ ਮੁੱਖ ਮੰਤਰੀ ਨੇ 5.50 ਕਰੋੜ ਰੁਪਏ ਬੰਧਨ ਮੁਕਤ ਫੰਡਾਂ ਦੇ ਵੰਡੇ, ਜਿਨ੍ਹਾਂ ਵਿਚੋਂ 3.51 ਕਰੋੜ ਰੁਪਏ ਇਕੱਲੇ ਆਪਣੇ ਹਲਕੇ ਵਿਚ ਵੰਡੇ। ਉਸ ਸਾਲ ਪੰਜਾਬ ਦੇ 9 ਜ਼ਿਲ੍ਹਿਆਂ ਨੂੰ ਇਨ੍ਹਾਂ ਫੰਡਾਂ ਵਿਚੋਂ ਕੋਈ ਹਿੱਸਾ ਨਹੀ ਮਿਲਿਆ। ਇਸ ਤਰ੍ਹਾਂ ਸਾਲ 2008-09 ਵਿਚ ਮੁੱਖ ਮੰਤਰੀ ਨੇ 17 ਕਰੋੜ ਦੇ ਇਹ ਫੰਡ ਵੰਡੇ, ਜਿਨ੍ਹਾਂ ਵਿਚੋਂ 11.12 ਕਰੋੜ ਰੁਪਏ ਇਕੱਲੇ ਲੰਬੀ ਵਿਚ ਵੰਡੇ ਗਏ ਹਨ। ਸਾਲ 2008-09 ਵਿਚ ਮੁੱਖ ਮੰਤਰੀ ਨੇ 1.70 ਕਰੋੜ ਰੁਪਏ ਬਠਿੰਡਾ ਹਲਕੇ ਵਿਚ ਵੰਡੇ। ਸਾਲ 2007-08 ਦੌਰਾਨ ਮੁੱਖ ਮੰਤਰੀ ਨੇ 10 ਕਰੋੜ ਵਿਚੋਂ 2.11 ਕਰੋੜ ਰੁਪਏ ਲੰਬੀ ਹਲਕੇ ਵਿਚ ਵੰਡੇ।

ਪੀਪਲਜ਼ ਪਾਰਟੀ ਆਫ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ, ਜੋ ਹੁਣ ਪੂਰੇ ਪੰਜਾਬ ਦੀ ਗੱਲ ਕਰਦੇ ਹਨ, ਨੇ ਬਤੌਰ ਖ਼ਜ਼ਾਨਾ ਮੰਤਰੀ ਚਾਰ ਵਰ੍ਹਿਆਂ ਦੌਰਾਨ 93.37 ਫੀਸਦੀ ਬੰਧਨ ਮੁਕਤ ਫੰਡ ਇਕੱਲੇ ਹਲਕਾ ਗਿੱਦੜਬਾਹਾ ਨੂੰ ਵੰਡੇ ਹਨ। ਖਾਸ ਗੱਲ ਇਹ ਰਹੀ ਹੈ ਕਿ ਇਨ੍ਹਾਂ ਫੰਡਾਂ ਵਿਚੋਂ ਇਕ ਪੈਸਾ ਵੀ ਉਸ ਕਲੱਬ ਜਾਂ ਸੰਸਥਾ ਦੇ ਹਿੱਸੇ ਨਹੀ ਆਇਆ ਜੋ ਸ਼ਹੀਦਾਂ ਦੇ ਨਾਮ 'ਤੇ ਬਣੀ ਹੋਈ ਸੀ। ਪੰਜਾਬ ਦੇ 15 ਤੋਂ 17 ਜ਼ਿਲ੍ਹੇ ਹਰ ਸਾਲ ਮਨਪ੍ਰੀਤ ਸਿੰਘ ਬਾਦਲ ਵਲੋਂ ਵੰਡੇ ਫੰਡਾਂ ਤੋਂ ਵਾਂਝੇ ਰਹੇ ਹਨ। ਮਨਪ੍ਰੀਤ ਬਾਦਲ ਨੇ ਮਾਲੀ ਸਾਲ 2010-11 ਦੌਰਾਨ 1.22 ਕਰੋੜ ਦੇ ਬੰਧਨ-ਮੁਕਤ ਫੰਡ ਵੰਡੇ ਜਿਨ੍ਹਾਂ ਵਿਚੋਂ ਉਨ੍ਹਾਂ ਨੇ ਗਿੱਦੜਬਾਹਾ ਹਲਕੇ ਵਿਚ 1.11 ਕਰੋੜ ਰੁਪਏ ਵੰਡੇ। ਸਾਲ 2009-10 ਦੌਰਾਨ ਤਤਕਾਲੀ ਵਿੱਤ ਮੰਤਰੀ ਨੇ 4.90 ਕਰੋੜ ਦੇ ਇਹ ਕੁੱਲ ਫੰਡ ਜਾਰੀ ਕੀਤੇ ਸਨ, ਜਿਨ੍ਹਾਂ ਵਿਚੋਂ 4.58 ਕਰੋੜ ਰੁਪਏ ਇਕੱਲੇ ਗਿੱਦੜਬਾਹਾ ਹਲਕੇ ਦੇ ਹਿੱਸੇ ਆਏ। ਪੰਜਾਬ ਦੇ 15 ਜ਼ਿਲ੍ਹੇ ਇਨ੍ਹਾਂ ਫੰਡਾਂ ਨੂੰ ਤਰਸਦੇ ਰਹੇ। ਬਾਕੀ ਪੰਜਾਬ ਦੇ ਹਿੱਸੇ ਕੇਵਲ 32 ਲੱਖ ਰੁਪਏ ਹੀ ਆਏ। ਸਾਲ 2008-09 ਦੌਰਾਨ ਮਨਪ੍ਰੀਤ ਸਿੰਘ ਬਾਦਲ ਨੇ 3 ਕਰੋੜ ਦੇ ਫੰਡ ਜਾਰੀ ਕੀਤੇ ਅਤੇ ਇਨ੍ਹਾਂ ਫੰਡਾਂ ਵਿਚੋਂ 2.79 ਕਰੋੜ ਦੇ ਫੰਡਾਂ ਦੀ ਵੰਡ ਹਲਕਾ ਗਿੱਦੜਬਾਹਾ ਵਿਚ ਹੋਈ। ਉਸ ਵਰ੍ਹੇ ਵਿਚ ਮਨਪ੍ਰੀਤ ਸਿੰਘ ਬਾਦਲ ਨੇ ਆਪਣੇ ਰਿਸ਼ਤੇਦਾਰ ਵਿਧਾਇਕ ਦੇ ਹਲਕਾ ਜਲੰਧਰ ਛਾਉਣੀ ਨੂੰ 20 ਲੱਖ ਰੁਪਏ ਦਿੱਤੇ। ਪੰਜਾਬ ਦੇ ਬਾਕੀ 17 ਜ਼ਿਲ੍ਹਿਆਂ ਨੂੰ ਕੋਈ ਗਰਾਂਟ ਨਸੀਬ ਨਾ ਹੋ ਸਕੀ।

# ਸੱਭਿਆਚਾਰਕ ਪ੍ਰਦੂਸ਼ਣ ਖ਼ਿਲਾਫ਼ ਡੱਟਣ ਦਾ ਸੱਦਾ




ਮੋਰਿੰਡਾ, (ਨਦਬ) : ਯਾਰ ਅਣਮੁੱਲੇ ਦਾ ਬਦਲ ਮੈਂ ਸ਼ਹੀਦ ਅਣਮੁੱਲੇ ਰਾਹੀਂ ਦਿੱਤਾ ਹੈ ਅਤੇ ਇਹ ਗੀਤ ਯੂ ਟਿਊਬ ਤੇ ਵੀ ਪਾਇਆ ਹੈ ਕਿਉਂਕਿ ਸੱਭਿਆਚਾਰਕ ਪ੍ਰਦੂਸ਼ਣ ਮੈਨੂੰ ਤੰਗ ਕਰਦਾ ਹੈ। ਉਪਰੋਕਤ ਵਿਚਾਰ ਨਾਟਕਕਾਰ ਅਤੇ ਇਪਟਾ ਪੰਜਾਬ ਦੇ ਜਨਰਲ ਸਕੱਤਰ ਸ੍ਰੀ ਸੰਜੀਵਨ ਸਿੰਘ ਨੇ ਆਪਣੇ ਸੰਬੋਧਨ ਵਿਚ ਗੁਰੂ ਨਾਨਕ ਪਬਲਿਕ ਸਕੂਲ ਮੋਰਿੰਡਾ ਵਿਚ ਕਹੇ, ਜਿੱਥੇ ਕਿ ਨੌਜਵਾਨ ਸਾਹਿਤ ਸਭਾ ਰਜਿ ਮੋਰਿੰਡਾ ਵੱਲੋਂ ਸਾਹਿਤਕ ਸਮਾਗਮ ਕਰਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਲਾਭ ਸਿੰਘ ਚਤਾਮਲੀ ਨੇ ਕੀਤੀ ਅਤੇ ਮੁੱਖ ਮਹਿਮਾਨ ਸਨ ਪੜ੍ਹੋ ਪੰਜਾਬ ਪਟਿਆਲਾ ਦੇ ਜਿਲ੍ਹਾ ਕੋਆਰਡੀਨੇਅਰ ਰਾਜਿੰਦਰ ਸਿੰਘ ਚਾਨੀ। ਵਿਸ਼ੇਸ਼ ਮਹਿਮਾਨ ਵਜੋਂ ਸ੍ਰੀ ਅਸ਼ਵਨੀ ਸ਼ਰਮਾ,ਜਿਲ੍ਹਾ ਯੂਥ ਕਲੱਬਜ ਤਾਲਮੇਲ ਕਮੇਟੀ ਰੂਪਨਗਰ ਨੇ ਸ਼ਿਰਕਤ ਕੀਤੀ। ਮੰਚ ਸੰਚਲਾਨ ਕਰਦਿਆਂ ਸਭਾ ਦੇ ਜਨਰਲ ਸਕੱਤਰ ਰਾਬਿੰਦਰ ਸਿੰਘ ਰੱਬੀ ਨੇ ਸ੍ਰੀ ਸੁਰਜੀਤ ਸਿੰਘ ਡੱਲਾ ਅਤੇ ਪ੍ਰੋ ਸਰਬਜੀਤ ਔਲਖ ਦੇ ਅਕਾਲ ਚਲਾਣੇ ਉੱਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਸ੍ਰੀ ਸੰਜੀਵਨ ਨੇ ਆਪਣੀ ਗੱਲ ਕਹਿੰਦਿਆਂ ਦੱਸਿਆ ਕਿ ਮੈਂ ਲੱਕ ਟਵੈਂਟੀ ਏਟ ਕੁੜੀ ਦਾ ਗੀਤ ਦਾ ਵੀ ਬਦਲ ਦਿੱਤਾ ਹੈ ਅਤੇ ਸਾਨੂੰ ਸਾਰਿਆਂ ਨੂੰ ਡੱਟ ਕੇ ਇਸ ਗੰਦ ਮੰਦ ਵਿਰੁੱਧ ਲਾਮਬੰਦ ਹੋਣਾ ਚਾਹੀਦਾ ਹੈ। ਉਨ੍ਹਾਂ ਆਪਣੇ ਨਾਟਕਾਂ ਡੈਣ, ਮੇਰਾ ਉੱਜੜਿਆ ਗੁਆਂਢੀ, ਭਾਬੀ ਮੈਨਾ, ਕਹਾਣੀ ਇੱਕ ਪਿੰਡ ਦੀ, ਮੁੱਖ ਮਹਿਮਾਨ, ਫਰੀਡਮ ਫਾਇਟਰ, ਖੁਸਰੇ, ਸੌਰੀ, ਸਰਦਾਰ ਅਤੇ ਟੈਲੀ ਫਿਲਮ ਦਫਤਰ ਬਾਰੇ ਵੀ ਗੱਲਬਾਤ ਕੀਤੀ। ਇਸ ਸਮੇਂ ਗੁਰਨਾਮ ਸਿੰਘ ਬਿਜਲੀ, ਸਰਬਜੀਤ ਸਿੰਘ ਦੁੱਮਣਾ, ਰਾਣਾ ਅਜ਼ਾਦ, ਰੁਪਿੰਦਰ ਸਿੰਘ ਲੰਬੜਦਾਰ, ਬਲਦੇਵ ਪੋਹਲੋਪੁਰੀ, ਪ੍ਰੀਤਮ ਸਿੰਘ ਮੌਜਪੁਰੀ, ਦਿਲਬਾਗ ਬੇਈਮਾਨ, ਸੰਤੋਖ ਸਿੰਘ ਸੋਖਾ, ਰਾਬਿੰਦਰ ਸਿੰਘ ਰੱਬੀ, ਸਵਰਨ ਸਿੰਘ ਸੈਣਾ, ਗੁਰਜੰਟ ਬਾਵਾ, ਕ੍ਰਿਸਨ ਲਾਲ ਮਹਿਤਾ, ਸੁਰਿੰਦਰ ਸੌਂਕੀ, ਰੰਜੀਵਨ ਸਿੰਘ , ਰਿਸ਼ਮ ਰਾਗ, ਰਾਜਿੰਦਰ ਸਿੰਘ ਚਾਨੀ, ਅਸ਼ਵਨੀ ਸ਼ਰਮਾ ਅਤੇ ਲਾਭ ਸਿੰਘ ਚਤਾਮਲੀ ਨੇ ਆਪੋ ਆਪਣੀਆਂ ਰਚਨਾਵਾਂ ਸੁਣਾਈਆਂ। ਸਮਾਗਮ ਵਿਚ ਸੁਰਿੰਦਰ ਸਿੰਘ ਰਸੂਲਪੁਰ, ਸਤਵਿੰਦਰ ਮੜੌਲਵੀ, ਮੋਹਣ ਸਿੰਘ ਰੱਤੂ, ਸੋਨੀ ਸਾਗੀ, ਨਿਹਾਲ ਸਿੰਘ ਕਲਸੀ, ਅਤੇ ਅਰਵਿੰਦਰ ਸਿੰਘ ਕੌਡੂ ਨੇ ਵੀ ਸਿਰਕਤ ਕੀਤੀ। ਅੰਤ ਵਿਚ ਸਭਾ ਵੱਲੋਂ ਸ੍ਰੀ ਸੰਜੀਵਨ ਦਾ ਸਨਮਾਨ ਕੀਤਾ ਗਿਆ ਅਤੇ ਉਨ੍ਹਾਂ ਨੂੰ ਸਭਾ ਵੱਲੋਂ ਕਿਤਾਬ ਵੀ ਭੇਂਟ ਕੀਤੀ ਗਈ।



# Progressive Peoples Foundation of Edmonton
And
# Punjab United Sports & Heritage Association of Edmonton
*Organize*



# 4th Shaheed Bhagat Singh Sports Tournament
And
# Soccer Camp

Dedicated to Shaheed Bhagat Singh and his co-patriots Raj Guru and Sukhdev

**To provide a platform for our youth to play Soccer with a mission to strengthen community participation and infuse leadership spirit among them**

**Saturday July 9, 2011 & Sunday July 10, 2011**




**Registration Fee: $20 per Child, Security Deposit: $ 200 per Adult Team**

## Please register your kids & teams with the following Program Co-ordinators:

**Sonny Gill: 780-497-8801, Mohinder Banga: 780-913-1820, Harjinder Badesha: 780-265-1920**
**Kamaljit Sidhu: 780-499-9913, Iqbal Mahal: 780-995-7035, Kashmir Gill: 780-951-2772**
**Surinder Deol: 780-239-9038, Bakhsh Sangha: 780-461-7528, Raju Virk: 780-298-4499**

## For Further Information, please call:

**Dr. P. R. Kalia: 780-440-2766: Gurcharan Brar:780-265-3752**
**Navtej Bains:780-200-2872 Mohinder Banga: 780-913-1820**
**Sonny Gill: 780-497-8801 Joginder Randhawa:780-266-1757**
**Dalbir Sangione: 780-995-5475 Kirtmeet Kohar: 780-200-5328**
**Jagdev Sohi: 780-940-9941 Jasvir Deol: 780-906-4497**

A-WIN Insurance

# ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ







## A-WIN: MAKING LIFE EASY

**Who We Are**

**Western Canada's**

Biggest Brokers Team, designed to serve Canadians' with solutions for your personal and professional insurance needs.

**When Time and Money Matters**

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

**Quick Quotes When You Need Them**

**What we Offer**

- Home/Auto Insurance
- RV Insurance
- Registry Services
- Life and Financial Services
- Mortgage Services
- Accounting Services
- Legal Services
- Travel Insurance
- Emergency Road Services
- Automobile Warranty Services
- Commercial Insurance
- D&O Coverage/ E&O Insurance
- A-WIN Rewards Program

- ਕਾਰ, ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਇੰਸ਼ੋਰੈਂਸ
- ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ



**Discounts up to 60%**

**Payment Options available**

ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ ਅਤੇ ਗੁਜਰਾਤੀ ਵਿਚ ਗੱਲਬਾਤ ਕਰ ਸਕਦੇ ਹਾਂ

We Provide Service In English, Punjabi, Gujrati, Hindi & Urdu

**Edmonton: 780-465-6900**

ਜਸਵੀਰ ਦਿਉਲ, ਨਵਤੇਜ ਬੈਂਸ, ਲੌਰੀ ਮੋਰੈਨੋ, ਸ਼ਾਲੂ ਬਦੇਸ਼ਾ, ਕਿਰਤਮੀਤ ਸਿੰਘ, ਦੀਪਕ ਸ਼ਾਹ

**Calgary: 403-775-2100**

ਜੈਸੀ ਸਿੰਘ, ਰੂਪੀ ਚੇਰਾ, ਹਰਦੀਪ ਗਿੱਲ, ਤਰਨਪ੍ਰੀਤ ਮੈਹਦਵਾਨ

**ADVANCED Roofing Systems Ltd.**

- Residential/Commercial Insurance Claims
- Asphalt & Specialty Shingles
- Siding, Soffits, Fascia
- 2 Ply Membranes (SBS)
- Cedar Shakes
- New & Re-Roof Specialists
- Condominums Welcome
- Steep Roofs Welcome
- Licaenced & Insured
- Pine Shake Replacement
- Roof Top Snow removel
- FREE Estimates




RESIDENTIAL COMMERCIAL

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365

**HARRY'S EXCAVATING**
Ph 780-918-2252

Specialist in : Digging Basements & All Kind of Services



ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ, ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ,
ਜਾਂ ਫਿਰ ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਕੰਮ ਹੋਵੇ ਸਾਡੇ ਨਾਲ ਸੰਪਰਕ ਕਰੋ

**C.J. Auto**
& Transmission Repair Ltd.
& Body Shop

Specialize in Propane Repair & Body Shop



Nindy Rao (Manager)
Tel.: 780-434-9912 Fax: 780-434-6706
9504-62 Avenue Edmonton, AB. T6E 0C9
* Import & Domestic Repairs * Insurance Claims

**KOPY CENTRE & PRINTING**
"On Time ~ Every Time"
Digital Printing & Photo Copy
• Business Cards • Letter Heads • Invoices (NCR) • Flyers
• Brochures • Invitation Cards • Tickets
• Binders • PDF Files • Scanning • Lamination
• Internet Service • Fax Service • Computer Service etc...
*We do Art Work as well...*
Tel: (780) 437-0200
Fax: (780) 437-0227 • kopycent@telus.net
9126B - 51 Ave. Edmonton, AB T6E 5L8

**Gurkeerat Holding Ltd.**



- We Build New Houses
- We Build Basements
- We do Renovations
- Kitchen Cabinets

ਨਵੇਂ ਘਰ, ਨਵੀਆਂ ਬੇਸਮੈਂਟਾਂ ਬਣਵਾਉਣ, ਹਰੇਕ ਤਰ੍ਹਾਂ ਦੀ ਰੈਨੋਵੇਸ਼ਨ ਕਰਵਾਉਣ, ਵਧੀਆ ਕਿਚਨ ਕੈਬਨਿਟਾਂ ਘੱਟ ਕੀਮਤ ਅਤੇ ਤਸੱਲੀਬਖਸ਼ ਢੰਗ ਨਾਲ ਕਰਵਾਉਣ ਵਾਸਤੇ ਸਾਨੂੰ ਕਾਲ ਕਰੋ

Ph. 780-996-2873

**ADVANCE DRIVING SCHOOL & LIMOS**

> Lady Instuctor Available
> Defensive Training Classes to Restore Demerits
> Free Pick up & Drop



> Airport Service Flat Rate
> Wedding Ceremony
> Any Other Function

780-660-4090
# 202-3456 91 St. Edmonton, AB

ਕੀ ਤੁਸੀਂ ਕਨੇਡਾ ਵਿੱਚ ਨਵੇਂ ਆਏ ਹੋ?
ਕੀ ਤੁਸੀਂ ਘਰ ਖਰੀਦਣ ਬਾਰੇ ਸੋਚ ਰਹੇ ਹੋ?
ਕੀ ਤੁਹਾਡੇ ਘਰ ਦੀ Mortgage Renew ਹੋਣ ਵਾਲੀ ਹੈ?
ਕੀ ਤੁਹਾਡੇ Credit Cards ਭਰੇ ਹੋਏ ਹਨ?
ਕੀ ਤੁਸੀਂ ਬੈਂਕਾਂ ਨਾਲੋਂ ਸਸਤੀ Mortgage ਲੈਣੀ ਚਾਹੁੰਦੇ ਹੋ?
ਕੀ ਤੁਸੀਂ ਘਰ ਉਪਰ Line of Credit ਲੈਣੀ ਚਾਹੁੰਦੇ ਹੋ?

MORTGAGE ALLIANCE
Walk In Centre

ਅਸੀਂ ਤੁਹਾਨੂੰ ਤੁਹਾਡੀ ਜ਼ਰੂਰਤ ਮੁਤਾਬਿਕ Mortgage ਲੈ ਕੇ ਦੇਣ ਦਾ ਵਾਅਦਾ ਕਰਦੇ ਹਾਂ।



Jessie Singh CAIB

ਜੇਕਰ ਉਪਰ ਦਿੱਤੇ ਸਵਾਲਾਂ ਵਿੱਚੋਂ ਕਿਸੇ ਇੱਕ ਦਾ ਜਵਾਬ ਵੀ ਹਾਂ ਵਿੱਚ ਹੈ ਤਾਂ ਫਿਰ ਦੇਰ ਨਾ ਕਰੋ
ਹੁਣੇ ਹੀ ਆਪਣੀ ਕਮਿਊਨਿਟੀ ਦੇ ਜਾਣੇ-ਪਛਾਣੇ, ਤਜਰਬੇਕਾਰ ਅਤੇ ਭਰੋਸੇਯੋਗ ਜੈਸੀ ਸਿੰਘ ਨੂੰ ਫੋਨ ਕਰੋ

403-830-7007

# ਪੰਜਾਬ

## ਟੁੱਟੀ ਤੋਂ ਚੁਗਾਠ ਪੱਟ 'ਲੀ

ਪੰਜਾਬ ਵਿਜੀਲੈਂਸ ਬਿਉਰੋ ਨੇ ਰੋੜਾਂਵਾਲੀ ਪਿੰਡ ਦੇ ਸਰਪੰਚ ਸਤਿੰਦਰਜੀਤ ਸਿੰਘ ਮੰਟਾ ਨੂੰ ਗ੍ਰਿਫ਼ਤਾਰ ਕੀਤਾ ਹੈ। ਮੰਟਾ ਸਾਬਕਾ ਵਿੱਤ ਮੰਤਰੀ ਪੰਜਾਬ ਮਨਪ੍ਰੀਤ ਸਿੰਘ ਬਾਦਲ ਦਾ ਤਕੜਾ ਹਮਾਇਤੀ ਹੈ। ਉਸ ਦਾ ਪਿੰਡ ਮੁੱਖ ਮੰਤਰੀ ਦੇ ਹਲਕੇ ਲੰਬੀ ਵਿੱਚ ਪੈਂਦਾ ਹੈ ਤੇ ਉਹ ਮੁੱਖ ਮੰਤਰੀ ਨੂੰ ਜਿਤਾਉਣ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦਾ ਆ ਰਿਹਾ ਹੈ। ਵਿਜੀਲੈਂਸ ਦੁਆਰਾ ਸਤਿੰਦਰਜੀਤ ਸਿੰਘ ਮੰਟਾ ਉਪਰ ਨਾ ਕੇਵਲ ਕਾਫ਼ੀ ਜ਼ਿਆਦਾ ਦੋਸ਼ ਲਗਾਏ ਗਏ ਹਨ, ਸਗੋਂ ਇਹ ਦੋਸ਼ ਕਾਫੀ ਗੰਭੀਰ ਵੀ ਹਨ। ਇਨ੍ਹਾਂ ਦੋਸ਼ਾਂ ਵਿੱਚ ਪਿੰਡ ਦੇ ਵਿਕਾਸ ਲਈ ਮਿਲੀਆਂ ਸਰਕਾਰੀ ਗ੍ਰਾਂਟਾਂ ਵਿੱਚ ਘਪਲੇਬਾਜ਼ੀ ਦਾ ਦੋਸ਼, ਆਮਦਨ ਦੇ ਸਾਧਨਾਂ ਤੋਂ ਵੱਧ ਜਾਇਦਾਦ ਬਣਾਉਣ ਦਾ ਦੋਸ਼, ਹਰੀਜਨ ਕੋਟੇ ਵਿੱਚੋਂ ਪੈਟਰੋਲ ਪੰਪ ਅਲਾਟ ਕਰਵਾਉਣ ਦਾ ਦੋਸ਼ (ਮੰਟਾ ਜੱਟ ਹੈ) ਆਦਿ ਕਈ ਸਾਰੇ ਦੋਸ਼ ਸ਼ਾਮਲ ਹਨ। ਸੁਰਖੀਆਂ ਵਿੱਚ ਆਇਆ ਮੰਟਾ ਜੋ ਹੁਣ ਪੀ.ਪੀ.ਪੀ. ਦਾ ਸਰਗਰਮ ਮੈਂਬਰ ਹੈ, ਪਹਿਲਾਂ ਸ਼੍ਰੋਮਣੀ ਅਕਾਲੀ ਦਲ (ਬ) ਵਿਚ ਰੋਅਬਦਾਰ ਹੈਸੀਅਤ ਰਖਦਾ ਸੀ। ਉਸਦੀ ਸਰਕਾਰੇ ਦਰਬਾਰੇ ਚੰਗੀ ਪੈਂਠ ਸੀ ਤੇ ਉਸ ਦੀ ਗੱਲ ਅਧਿਕਾਰੀਆਂ ਦੁਆਰਾ ਮੋੜੀ ਨਹੀਂ ਸੀ ਜਾਂਦੀ। ਇਸ ਦਾ ਭਾਵ ਇਹ ਹੈ ਕਿ ਜਦੋਂ ਤਕ ਉਹ ਸ਼੍ਰੋਮਣੀ ਅਕਾਲੀ ਦਲ (ਬ) ਦੀਆਂ ਸਫ਼ਾਂ ਵਿੱਚ ਸੀ ਉਸ ਨੂੰ ਵਾਹਵਾ ਖੁਲ੍ਹ ਮਿਲੀ ਹੋਈ ਸੀ। ਇਸ ਖੁਲ੍ਹ ਸਦਕਾ ਹੀ ਉਹ ਵੱਡੀ ਸੰਪਤੀ ਬਣਾਉਣ ਵਿੱਚ ਸਫ਼ਲ ਹੋ ਗਿਆ (ਜੇਕਰ ਉਸ ਉਪਰ ਲਗਾਏ ਗਏ ਦੋਸ਼ ਸਹੀ ਹਨ ਤਾਂ) ਹੁਣ ਜਦੋਂ ਉਸ ਨੇ ਸ਼੍ਰੋਮਣੀ ਅਕਾਲੀ ਦਲ (ਬ) ਤੋਂ ਤੋੜ ਵਿਛੋੜਾ ਕਰ ਲਿਆ ਹੈ ਤਾਂ ਉਸ ਦੀ ਹਾਲਤ ਇਸ ਲੋਕ ਗੀਤ ਵਰਗੀ ਦਰਸਾਈ ਗਈ ਹਕੀਕਤ ਨਾਲ ਸੁਭਾਵਿਕ ਹੀ ਮੇਲ ਖਾ ਗਈ ਹੈ :

**ਯਾਰੀ ਲੱਗੀ ਤੋਂ ਲਵਾਤੇ ਤਖ਼ਤੇ**
**ਟੁੱਟੀ ਤੋਂ ਚੁਗਾਠ ਪੱਟ 'ਲੀ**

## ਪਿੰਡ ਵਿੱਚ ਭੰਗ ਭੁੱਜਦੀ




ਮਰਹੂਮ ਦੀਦਾਰ ਸੰਧੂ ਦੇ ਦੋ ਗੀਤ ਕਿਸੇ ਸਮੇਂ ਬੱਚੇ ਬੱਚੇ ਦੀ ਜ਼ੁਬਾਨ 'ਤੇ ਹੁੰਦੇ ਸਨ। ਇਕ ਸੀ 'ਅਹੁ ਸਾਹਮਣੇ ਮੋੜ 'ਤੇ ਕੀ ਲਿਖਿਆ, ਠੇਕਾ ਦੇਸੀ ਦਾਰੂ' ਤੇ ਦੂਜਾ ਸੀ 'ਪਿੰਡ ਵਿੱਚ ਭੰਗ ਭੁੱਜਦੀ, ਪਿੰਡੋਂ ਬਾਹਰਲੀ ਸੜਕ 'ਤੇ ਠੇਕਾ' ਦੋਵਾਂ ਗੀਤਾਂ ਵਿੱਚ ਪੰਜਾਬ ਅੰਦਰ ਥਾਂ ਥਾਂ ਖੁਲ੍ਹੇ ਠੇਕਿਆਂ ਦਾ ਜ਼ਿਕਰ ਤਾਂ ਹੈ ਹੀ, ਨਾਲ ਹੀ ਇਹ ਸੰਕੇਤ ਵੀ ਦਿੱਤਾ ਗਿਆ ਹੈ ਕਿ ਠੇਕਿਆਂ ਨਾਲ ਗੈਰ ਸੰਜੀਦਗੀ ਅਥਵਾ ਖਰਮਸਤੀ ਤੇ ਗੁਰਬਤ ਦਾ ਵੀ ਗੂੜਾ ਸਬੰਧ ਹੈ। ਇਸ ਸਭ ਕੁੱਝ ਦੇ ਬਾਵਜੂਦ ਲੋਕਾਂ ਨੂੰ ਸ਼ਰਾਬ ਦੀ ਲੱਤ ਲਾਉਣ ਦੇ ਯਤਨ ਬਦਸਤੂਰ ਜਾਰੀ ਹਨ। ਸ਼ਰਾਬ ਦੇ ਕਾਰੋਬਾਰੀ ਆਪਣੇ ਇਸ ਕਾਰੋਬਾਰ ਸਦਕਾ ਮਾਲੋਮਾਲ ਹੋ ਰਹੇ ਹਨ। ਦੂਜੇ ਪਾਸੇ ਲੋਕਾਂ ਵਿੱਚ ਠੇਕਿਆਂ ਵਿਰੁਧ ਰੋਹ ਭਰੀ ਚੇਤਨਾ ਵੀ ਪੈਦਾ ਹੋਣੀ ਸ਼ੁਰੂ ਹੋ ਗਈ ਹੈ। ਇਸ ਸਮੇਂ ਪੰਜਾਬ ਵਿਚ ਥਾਂ ਥਾਂ ਖੁਲ੍ਹੇ ਠੇਕਿਆਂ ਨੂੰ ਚੁਕਵਾਉਣ ਲਈ ਲੋਕ ਅੱਗੇ ਆ ਰਹੇ ਹਨ। ਕਈ ਪੰਚਾਇਤਾਂ ਨੇ ਰਿਹਾਇਸ਼ੀ ਇਲਾਕਿਆਂ ਦੇ ਆਸਪਾਸ ਠੇਕੇ ਖੋਲ੍ਹਣ ਵਿਰੁਧ ਮਤੇ ਪਾਸ ਕੀਤੇ ਹਨ। ਲੋਕ ਠੇਕਿਆਂ ਵਿਰੁਧ ਪ੍ਰਦਰਸ਼ਨ ਕਰਦੇ ਹਨ ਤਾਂ ਪ੍ਰਸ਼ਾਸਨ ਉਨ੍ਹਾਂ ਵਿਰੁਧ ਸਖ਼ਤੀ ਨਾਲ ਪੇਸ਼ ਆਉਂਦਾ ਹੈ। ਠੀਕ ਹੈ ਕਿ ਸਰਕਾਰ ਲਈ ਠੇਕੇ ਆਮਦਨ ਦਾ ਇੱਕ ਚੰਗਾ ਜ਼ਰੀਆ ਹਨ, ਪ੍ਰੰਤੂ ਇਸ ਨਾਲ ਸਮਾਜਿਕ ਜੀਵਨ ਦੀ ਜੋ ਤਬਾਹੀ ਹੋ ਰਹੀ ਹੈ ਉਸ ਵੱਲ ਵੀ ਤਾਂ ਸਰਕਾਰ ਦਾ ਧਿਆਨ ਹੋਣਾ ਚਾਹੀਦਾ ਹੈ। ਲੋਕ ਜੇਕਰ ਖੁਦ ਹੀ ਨਸ਼ਿਆਂ ਤੋਂ ਨਿਜਾਤ ਪਾਉਣਾ ਚਾਹੁੰਦੇ ਹਨ ਤਾਂ ਸਰਕਾਰ ਨੂੰ ਇਸ ਲੋਕ ਰੁਝਾਨ ਦਾ ਸਵਾਗਤ ਕਰਨਾ ਚਾਹੀਦਾ ਹੈ ਤੇ ਜਿਥੇ ਕਿਤੇ ਵੀ ਠੇਕਾ ਉਠਾਉਣ ਦੀ ਮੰਗ ਉਠਦੀ ਹੈ, ਤੁਰੰਤ ਮੰਨ ਲੈਣੀ ਚਾਹੀਦੀ ਹੈ। ਆਖਰ ਕਦ ਤਕ 'ਪਿੰਡ ਵਿੱਚ ਭੰਗ ਭੁੱਜਦੀ' ਨੂੰ ਮੂਕ ਦਰਸ਼ਕ ਬਣ ਕੇ ਤੱਕਦੇ ਰਹਾਂਗੇ?

## ਤੇਰੇ ਰੰਗਾਂ ਦਾ ਭੇਤ ਨਾ ਆਇਆ

ਜੀ ਹਾਂ, ਆਮ ਆਦਮੀ ਤਾਂ ਮੌਸਮ ਦੇ ਵਿਗੜੇ ਹੋਏ ਮਿਜਾਜ਼ ਦੀ ਵਿਆਖਿਆ ਇੰਝ ਹੀ ਕਰੇਗਾ ਕਿ 'ਦੁਨੀਆ ਬਨਾਉਣ ਵਾ- ਲਿਆ, ਤੇਰੇ ਰੰਗਾਂ ਦਾ ਭੇਤ ਨਾ ਆਇਆ' ਪਰ ਜਿਨ੍ਹਾਂ ਨੇ ਭੇਤ ਪਾ ਲਿਆ ਹੈ, ਉਹ ਜਾਣਦੇ ਹਨ ਕਿ ਇਹ ਸਭ ਕੁੱਝ ਆਲਮੀ ਤਪਸ਼ ਕਾਰਨ ਵਾਪਰ ਰਿਹਾ ਹੈ ਤੇ ਆਲਮੀ ਤਪਸ਼ ਬਹੁਤ ਵੱਡੇ ਪੱਧਰ 'ਤੇ ਮਨੁੱਖ ਦੁਆਰਾ ਕੁਦਰਤ ਦੇ ਪ੍ਰਬੰਧ ਨਾਲ ਕੀਤੀ ਜਾ ਰਹੀ ਛੇੜਛਾੜ ਹੈ। ਪੰਜਾਬ ਵਿੱਚ ਇਨ੍ਹੀ ਦਿਨੀਂ ਹੋਈ ਤੂਫ਼ਾਨੀ ਬਾਰਸ਼ ਅਤੇ ਗੜ੍ਹੇਮਾਰੀ ਨੇ ਲੋਕਾਂ ਦੇ ਸਾਹ ਸੂਤ ਲਏ।। ਮਾਲਵਾ ਖੇਤਰ ਵਿੱਚ ਇਸ ਅਣ-ਕਿਆਸੀ ਬਾਰਸ਼ ਨੇ ਬੇਹੱਦ ਕਹਿਰ ਵਰਤਾਇਆ।

# ਅੱਜ-ਕੱਲ੍ਹ

ਪੰਜਾਬ ਪਾਲ



ਅਸਮਾਨੀ ਬਿਜਲੀ ਡਿੱਗੀ, ਜਿਸ ਕਾਰਨ ਕਈ ਮਨੁੱਖੀ ਜਾਨਾਂ ਗਈਆਂ। ਦੋ ਹਜ਼ਾਰ ਏਕੜ ਦੇ ਕਰੀਬ ਨਰਮੇ ਦੀ ਫਸਲ ਬਰਬਾਦ ਹੋ ਗਈ। ਬਿਜਲੀ ਪ੍ਰਣਾਲੀ ਨੂੰ ਕਾਫ਼ੀ ਨੁਕਸਾਨ ਪਹੁੰਚਿਆ। ਮਾਲਵੇ ਨੂੰ ਇਹ ਬਾਰਿਸ਼ ਅਚਿੰਤੇ ਬਾਜ਼ ਵਾਂਗ ਆਣ ਪਈ। ਆਸ ਇਹ ਸੀ ਕਿ ਸੰਭਾਵੀ ਬਾਰਸ਼ ਨਾਲ ਗਰਮੀ ਤੋਂ ਰਾਹਤ ਮਿਲੇਗੀ, ਪਰ ਇਹ ਤਾਂ ਕੁੱਝ ਹੋਰ ਹੀ ਕਰ ਗਈ। ਦਰਅਸਲ, ਇਹ ਮਨੁੱਖ ਨੂੰ ਇਕ ਤਰ੍ਹਾਂ ਨਾਲ ਖਬਰਦਾਰ ਕਰ ਗਈ ਕਿ ਜੇਕਰ ਉਸ ਨੇ ਕੁਦਰਤ ਨਾਲ ਖਿਲਵਾੜ ਕਰਨਾ ਜਾਰੀ ਰੱਖਿਆ ਤਾਂ ਕੁਦਰਤ ਵੀ ਉਸ ਨੂੰ ਨਹੀਂ ਬਖਸ਼ੇਗੀ। ਪੰਜਾਬ ਵਿੱਚ ਅਸੀਂ ਕੁਦਰਤੀ ਚੌਗਿਰਦੇ ਨੂੰ ਬਿਲਕੁਲ ਖ਼ਤਮ ਕਰ ਦਿੱਤਾ ਹੈ ਭਾਵ ਚੌਗਿਰਦੇ ਵਿੱਚੋਂ ਕੁਦਰਤ ਨੂੰ ਜਲਾਵਤਨ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਪੰਜਾਬ ਵਿੱਚ ਜੰਗਲ ਹੇਠਲਾ ਰਕਬਾ ਰਾਜਸਥਾਨ ਤੋਂ ਵੀ ਘੱਟ ਹੈ ਤੇ ਇਹ ਜੰਗਲ ਹੀ ਹਨ ਜਿਹੜੇ ਧਰਤੀ ਉਪਰ ਵਾਤਾਵਰਣ ਦਾ ਸੰਤੁਲਨ ਬਣਾਈ ਰੱਖਣ ਵਿੱਚ ਬੁਨਿਆਦੀ ਭੂਮਿਕਾ ਨਿਭਾਉਂਦੇ ਹਨ।

## ਹੁਣ ਸੇਖਵਾਂ ਦੀ ਵਾਰੀ

ਪੰਜਾਬ ਵਿੱਚ ਬੇਰੁਜ਼ਗਾਰ ਅਧਿਆਪਕਾਂ ਦੀ ਨਫ਼ਰੀ ਵਿੱਚ ਬੇਹਿਸਾਬਾ ਵਾਧਾ ਹੋਇਆ ਹੈ। ਇਸ ਦਾ ਮੁੱਖ ਕਾਰਨ ਥੋਕ ਵਿੱਚ ਖੁਲ੍ਹਣ ਵਾਲੇ ਨਿੱਜੀ ਬੀ.ਐੱਡ ਕਾਲਜ ਹਨ। ਇਨ੍ਹਾਂ ਕਾਲਜਾਂ ਵਿੱਚ ਮੁੱਖ ਤੌਰ 'ਤੇ ਨਿਵੇਸ਼ ਸਿਆਸਤਦਾਨਾਂ ਨੇ ਕੀਤਾ ਹੋਇਆ ਹੈ। ਵਿਦਿਆਰਥੀਆਂ ਪਾਸੋਂ ਭਾਰੀ ਫੀਸਾਂ ਵਸੂਲ ਕੇ ਅਤੇ ਆਪਣੇ ਟੀਚਿੰਗ ਸਟਾਫ਼ ਨੂੰ ਨਾਮਾਤਰ ਤਨਖ਼ਾਹਾਂ ਦੇ ਕੇ ਇਨ੍ਹਾਂ ਕਾਲਜਾਂ ਦੇ ਮਾਲਕ ਤਕੜੀ ਕਮਾਈ ਕਰ ਰਹੇ ਹਨ ਤੇ ਇਉਂ ਆਏ ਸਾਲ ਬੀ.ਐੱਡ ਅਧਿਆਪਕਾਂ ਦੀ ਬੇਰੁਜ਼ਗਾਰੀ ਦਰ ਦੂਗਣੀ ਚੌਗੁਣੀ ਹੋ ਰਹੀ ਹੈ। ਇਨ੍ਹਾਂ ਵਿੱਚ ਅੱਗੋਂ



ਹੋਰ ਵੀ ਕਈ ਕੋਰਸਾਂ ਦੇ ਅਧਿਆਪਕ ਸ਼ਾਮਲ ਹੋ ਰਹੇ ਹਨ। ਬੇਰੁਜ਼ਗਾਰ ਅਧਿਆਪਕਾਂ ਨੇ ਆਪਣਾ ਮੋਰਚਾ ਕਾਇਮ ਕਰ ਕੇ ਸਿਖਿਆ ਮੰਤਰੀ ਸੇਵਾ ਸਿੰਘ ਸੇਖਵਾਂ ਦੀ ਰਿਹਾਇਸ਼ ਵੱਲ ਵਹੀਰਾਂ ਘੱਤ ਲਈਆਂ ਹਨ। ਬੀਤੇ ਦਿਨ ਸਿਖਿਆ ਮੰਤਰੀ ਦੇ ਵਿਧਾਨ ਸਭਾ ਹਲਕੇ ਵਿੱਚ ਬੇਰੁਜ਼ਗਾਰ ਅਧਿਆਪਕਾਂ ਨੇ ਜ਼ੋਰਦਾਰ ਮੁਜ਼ਾਹਰਾ ਕੀਤਾ, ਪੁਲਿਸ ਦੇ ਜਬਰ ਨੂੰ ਵੀ ਸਹਿਨ ਕੀਤਾ ਅਤੇ ਗ੍ਰਿਫ਼ਤਾਰੀਆਂ ਵੀ ਦਿੱਤੀਆਂ। ਬੇਰੁਜ਼ਗਾਰ ਅਧਿਆਪਕਾਂ ਨੇ ਹਲਕੇ ਦੇ ਪਿੰਡਾਂ ਵਿੱਚ ਜਾ ਕੇ ਵੀ ਸਰਕਾਰੀ ਨੀਤੀਆਂ ਵਿਰੁਧ ਆਪਣਾ ਰੋਸ ਜਤਾਇਆ। ਬੇਰੁਜ਼ਗਾਰ ਅਧਿਆਪਕ ਫ਼ਰੰਟ ਵਲੋਂ ਨੌਕਰੀਆਂ ਦੀ ਮੰਗ ਤਾਂ ਕੀਤੀ ਹੀ ਜਾ ਰਹੀ ਹੈ, ਨਾਲ ਹੀ ਟੀ.ਈ.ਟੀ. ਨੂੰ ਵੀ ਰੱਦ ਕਰਨ ਦੀ ਮੰਗ ਵੀ ਕੀਤੀ ਜਾ ਰਹੀ ਹੈ। ਉਂਝ ਹੈ ਤਾਂ ਇਹ ਧੱਕਾ ਹੀ ਕਿ ਅਧਿਆਪਕ ਬਣਨ ਦੀ ਪ੍ਰੋਫੈਸ਼ਨਲ ਡਿਗਰੀ ਹਾਸਲ ਕਰਨ ਉਪਰੰਤ ਵੀ ਡਿਗਰੀ ਧਾਰਕ ਨੂੰ ਅਧਿਆਪਕ ਬਣਨ ਦਾ ਯੋਗਤਾ ਟੈਸਟ ਪਾਸ ਕਰਨਾ ਪਵੇ। ਇਹ ਯੋਗਤਾ ਟੈਸਟ ਲੈਣ ਦਾ ਠੇਕਾ ਨਿੱਜੀ ਕੰਪਨੀ ਸੀ.ਡੈੱਕ ਨੂੰ ਦਿੱਤਾ ਗਿਆ ਹੈ। ਇਸ ਬੇਲੋੜੇ ਟੈਸਟ ਤੋਂ ਹੀ ਇਹ ਨਿੱਜੀ ਕੰਪਨੀ ਕਰੋੜਾਂ ਰੁਪਏ ਕਮਾ ਲਵੇਗੀ। ਬੇਰੁਜ਼ਗਾਰ ਅਧਿਆਪਕਾਂ ਵਿੱਚ ਇਸ ਟੈਸਟ ਨੂੰ ਲੈ ਕੇ ਨਿਰਾਸ਼ਾ ਵੀ ਪਾਈ ਜਾ ਰਹੀ ਹੈ ਤੇ ਰੋਹ ਵੀ। ਇਸ ਰੋਹ ਨੂੰ ਝੱਲਣ ਦੀ ਵਾਰੀ ਹੁਣ ਸੇਵਾ ਸਿੰਘ ਸੇਖਵਾਂ ਦੀ ਹੈ। ਪਹਿਲਾਂ ਉਪਿੰਦਰਜੀਤ ਕੌਰ ਨੂੰ ਰੋਸ ਮੁਜਾਹਰਿਆਂ ਦਾ ਸਾਹਮਣਾ ਕਰਨਾ ਪੈਂਦਾ ਸੀ।

## ਪੂਜਾ ਤੋਂ ਪਰ੍ਹਾਂ ਹਟਦੀ ਪੰਜਾਬੀ ਗਾਇਕੀ

ਦਹਾਕੇ ਭਰ ਤੋਂ ਕਮਰਸ਼ੀਅਲ ਗਾਇਕੀ ਨਾਲ ਜੁੜਿਆ ਆ ਰਿਹਾ ਸੁਰੀਲਾ ਗਾਇਕ, ਇਕ ਸਟੇਜ ਤੋਂ ਰੁੱਖਾਂ ਬਾਰੇ ਸਾਹਿਤਕ ਗੀਤ ਗਾ ਰਿਹਾ ਸੀ। 'ਕੁੱਝ ਰੁੱਖ ਮੈਨੂੰ ਮਾਂ ਲਗਦੇ ਨੇ, ਕੁੱਝ ਰੁੱਖ ਵਾਂਗ ਭਰਾਵਾਂ', 'ਕੋਈ ਡਾਲੀਆਂ 'ਚੋਂ ਲੰਘਿਆ ਹਵਾ ਬਣਕੇ', ਮੰਚ ਸੰਚਾਲਕ ਨੇ ਉਸ ਨੂੰ ਉਸ ਦੀ ਕਮਰਸ਼ੀਅਲ ਗਾਇਕੀ ਦੇ ਪਿੜ ਵਿਚਲੀ ਪਛਾਣ ਵੱਲ ਮੋੜਨ ਦਾ ਯਤਨ ਕੀਤਾ ਤਾਂ ਉਸ ਨੇ ਸਰੋਤਿਆਂ ਨੂੰ ਸੰਬੋਧਿਤ ਹੁੰਦਿਆਂ ਕਿਹਾ, 'ਕਮਰਸ਼ੀਅਲ ਸ਼ਬਦ ਤੋਂ ਮੈਨੂੰ ਨਫ਼ਰਤ ਹੋ ਗਈ ਹੈ, ਭਾਵੇਂ ਮੈਂ ਵੀ ਮਿਸ ਪੂਜਾ ਨਾਲ ਸੀ.ਡੀ. ਕੀਤੀ ਹੈ, ਪਰ....' ਪਰ ਆਖ ਕੇ ਪੀਟਰ ਨੇ ਜਿਵੇਂ ਮਿਸ ਪੂਜਾ ਨੂੰ ਆਪਣੀ ਪਛਾਣ ਤੋਂ ਪਰ੍ਹਾਂ ਹੀ ਕਰ ਦਿੱਤਾ। ਇਹ ਸੱਚ ਹੈ ਕਿ ਸਮਕਾਲੀ ਪੰਜਾਬੀ ਗਾਇਕੀ ਮਿਸ ਪੂਜਾ ਦੀ ਚਟਕ ਮਟਕ ਗਾਇਕੀ ਤੋਂ ਤਿੱਖਾ ਮੋੜ ਕੱਟ ਗਈ ਹੈ। ਕਿਸੇ ਸਮੇਂ ਮਿਸ ਪੂਜਾ ਦੀ ਇਉਂ ਚੜ੍ਹਾਈ ਹੋ ਗਈ ਸੀ ਕਿ ਇਕ ਲਤੀਫ਼ੇ ਮੁਤਾਬਕ ਭੁਲੇਖੇ ਨਾਲ ਧਾਰਮਿਕ ਪੂਜਾ ਨੂੰ ਵੀ ਮਿਸ ਪੂਜਾ ਹੀ ਸਮਝਿਆ ਜਾਣ ਲੱਗ ਪਿਆ ਸੀ। ਪਰ ਹੁਣ ਕੁੱਝ ਸਾਹਿਤਕ ਤੇ ਸੰਜੀਦਾ ਗਾਇਕੀ ਦੇ ਰੰਗ ਵੀ ਪੰਜਾਬੀ ਗਾਇਕੀ ਦੀ ਫੁਲਕਾਰੀ 'ਤੇ ਉਘੜ ਆਏ ਹਨ। ਹਰਦੇਵ ਮਾਹੀਨੰਗਲ ਨੇ 'ਹੋਕਾ' ਰਿਕਾਰਡ ਕਰਵਾਈ ਹੈ। ਇਸ ਵਿੱਚ ਮਰਹੂਮ ਸੰਤ ਰਾਮ ਉਦਾਸੀ, ਤ੍ਰੈਲੋਚਨ ਲੋਚੀ ਤੇ ਗੁਰਭਜਨ ਗਿੱਲ ਦੇ ਗੀਤ ਵੀ ਸ਼ਾਮਲ ਹਨ। ਬੂਟਾ ਸਿੰਘ ਚੌਹਾਨ ਅਤੇ ਤ੍ਰੈਲੋਚਨ ਲੋਚੀ ਨੇ ਵੀ ਆਪਣੀ ਆਵਾਜ਼ ਵਿੱਚ ਗ਼ਜ਼ਲਾਂ ਦੀਆਂ ਸੀਡੀਆਂ ਰਿਲੀਜ਼ ਕੀਤੀਆਂ ਹਨ। ਮਾਹਿਲਪੁਰ ਵਾਲੇ ਅਜੀਤ ਸਿੰਘ ਦੀ ਸਾਹਿਤਕ ਗਾਇਕੀ ਦੀ ਸੀਡੀ ਨੂੰ ਵੀ ਚੰਗਾ ਹੁੰਗਾਰਾ ਮਿਲ ਰਿਹਾ ਹੈ। ਜੱਸੀ ਦੀ ਆਵਾਜ਼ ਵਿਚ ਸੰਤ ਰਾਮ ਉਦਾਸੀ ਦਾ ਰਿਕਾਰਡ ਗੀਤ 'ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ' ਵੀ ਕਾਫ਼ੀ ਹਰਮਨ ਪਿਆਰਾ ਹੋਇਆ ਹੈ। ਹੁਣੇ ਜਿਹੇ ਅਸਲੋਂ ਨਵੇਂ ਗਾਇਕ ਜੋਤੀ ਢਿੱਲੋਂ ਨੇ ਆਪਣੀ ਸੱਜਰੀ ਸੁਰੀਲੀ ਆਵਾਜ਼ 'ਚ ਸੀ.ਡੀ. 'ਮਿੱਠੀ ਜੇਲ੍ਹ' ਰਿਕਾਰਡ ਕਰਵਾਈ ਹੈ। ਇਸ ਦੇ ਸਾਰੇ ਗੀਤ ਕੈਨੇਡਾ ਵਿੱਚ ਪੰਜਾਬੀ ਪਰਵਾਸੀਆਂ ਦੇ ਜੀਵਨ ਉਪਰ ਕੇਂਦਰਿਤ ਹਨ ਤੇ ਇਸ ਸੀਡੀ ਦੇ ਗੀਤਾਂ ਦਾ ਰਚੈਤਾ ਵੀ ਇਕ ਕੈਨੇਡੀਅਨ ਪ੍ਰਵਾਸੀ ਗੀਤਕਾਰ ਗੁਰਦੇਵ ਸਿੰਘ



ਬੁੱਟਰ ਹੀ ਹੈ। ਪੰਜਾਬੀ ਗਾਇਕੀ ਦਾ ਇਹ ਤਿੱਖਾ ਮੋੜ ਸ਼ਾਇਦ ਇਹੋ ਦਰਸਾਉਂਦਾ ਹੈ ਕਿ ਸਰੋਤੇ ਪੂਜਾ ਸ਼ੈਲੀ ਦੀ ਗਾਇਕੀ ਤੋਂ ਉਕਤਾ ਗਏ ਹਨ ਤੇ ਉਨ੍ਹਾਂ ਦੇ ਸੁਹਜ ਸੁਆਦ ਦਾ ਮਿਆਰ ਵੀ ਉੱਚਾ ਹੋਇਆ ਹੈ। ਇਸ ਪੱਖੋਂ ਪੰਜਾਬੀ ਗਾਇਕੀ ਦੇ ਇਸ ਮੋੜ ਦਾ ਸਵਾਗਤ ਕਰਨਾ ਬਣਦਾ ਹੈ।

## ਲੇਖਕ ਖ਼ਾਸ, ਪਰ ਪ੍ਰਕਾਸ਼ਕ ਤੋਂ ਨਿਰਾਸ਼

ਪੰਜਾਬੀ ਦਾ ਦਮਦਾਰ ਕਹਾਣੀਕਾਰ ਗੁਰਦਿਆਲ ਦਲਾਲ ਇਨ੍ਹੀਂ ਦਿਨੀਂ ਇਕ ਪ੍ਰਕਾਸ਼ਕ ਤੋਂ ਡਾਢਾ ਨਿਰਾਸ਼ ਹੈ। ਹੋਇਆ ਇਸ ਤਰ੍ਹਾਂ ਕਿ ਫਰਵਰੀ 2010 ਵਿਚ ਆਪਣੇ ਇਕ ਕਹਾਣੀ-ਸੰਗ੍ਰਹਿ 'ਫਿਰੌਤੀ' ਦੇ ਪ੍ਰਕਾਸ਼ਨ ਨੂੰ ਲੈ ਕੇ, ਲੁਧਿਆਣੇ ਭਾਸ਼ਾ ਭਵਨ ਵਿਚ ਅੱਡਾ ਜਮਾਈ ਬੈਠੇ ਇਕ ਪ੍ਰਕਾਸ਼ਕ ਸੁਭਾਸ਼ ਕਲੋਟੀ (ਕਲਪਿਤ ਨਾਂ) ਨਾਲ ਉਸ ਦੀ 19000 ਰੁਪਏ ਵਿਚ ਗੱਲ ਤੈਅ ਹੋਈ। ਇਹ ਵੀ ਤੈਅ ਹੋਇਆ ਕਿ ਪੁਸਤਕ ਜੂਨ 2010 ਤੱਕ ਛਪ ਕੇ ਆ ਜਾਵੇਗੀ, ਜਦਕਿ ਲੇਖਕ ਨੂੰ ਇਹ ਨਵੰਬਰ 10 ਤੱਕ ਵੀ ਨਹੀਂ ਮਿਲੀ। ਦਲਾਲ ਨੇ ਪ੍ਰਕਾਸ਼ਕ ਨੂੰ ਕਿਹਾ ਕਿ ਜੇਕਰ ਇਹ ਦਸੰਬਰ 10 ਤੱਕ ਵੀ ਨਾ ਛਪੀ ਤਾਂ ਪ੍ਰਕਾਸ਼ਨ ਵਰ੍ਹਾ ਹੀ ਬਦਲ ਜਾਵੇਗਾ, ਇਸ ਲਈ ਦਸੰਬਰ ਤੱਕ ਜ਼ਰੂਰ ਪੁਸਤਕ ਪ੍ਰਕਾਸ਼ਤ ਕਰ ਦਿੱਤੀ ਜਾਵੇ। ਪ੍ਰਕਾਸ਼ਕ ਨੇ ਅਜਿਹਾ ਕਰਨ ਦਾ ਵਾਅਦਾ ਤਾਂ ਕਰ ਲਿਆ ਪਰ ਵਾਅਦਾ ਤੋੜ ਨਹੀਂ ਚੜ੍ਹਾਇਆ। ਜਨਵਰੀ-ਫਰਵਰੀ 2011 ਵੀ ਲੰਘ ਗਿਆ। ਮਾਰਚ ਵਿਚ ਦਲਾਲ ਨੂੰ ਸਿਰਫ਼ 40 ਕਿਤਾਬਾਂ ਮਿਲੀਆਂ। ਮਾਰਚ-ਅਪਰੈਲ-ਮਈ ਫਿਰ ਉਹ ਫੋਨ ਤੇ ਫੋਨ ਖੜਕਾਉਂਦਾ ਰਹਾ ਪਰ ਪ੍ਰਕਾਸ਼ਕ ਕਿਸੇ ਨਾ ਕਿਸੇ ਬਹਾਨੇ ਪੁਸਤਕ ਦੇਣ ਤੋਂ ਕੰਨੀ ਕਤਰਾਉਂਦਾ ਰਿਹਾ। ਇਸ ਖੱਜਲ-ਖੁਆਰੀ ਵਿਚ ਹੀ ਦਲਾਲ ਦੀ ਪੁਸਤਕ ਰੁਲ਼ ਗਈ। ਪ੍ਰਕਾਸ਼ਕ ਲਾਰੇ ਤੇ ਲਾਰਾ ਲਾਈ ਜਾ ਰਿਹਾ ਹੈ। ਦਲਾਲ ਤਸੀਹੇ ਤੇ ਤਸੀਹਾ ਜਰੀ ਜਾ ਰਿਹਾ ਹੈ। ਪ੍ਰਕਾਸ਼ਕ ਦੀ ਲਾਪ੍ਰਵਾਹੀ ਦੇਖੋ ਕਿ ਉਸ ਨੇ ਕਹਾਣੀ ਦਾ ਇਕ ਪੂਰਾ ਪੰਨਾ ਹੀ ਪੁਸਤਕ ਵਿਚੋਂ ਗਾਇਬ ਕਰ ਦਿੱਤਾ ਹੈ। ਗੁਰਦਿਆਲ ਦਲਾਲ ਦਾ ਤਰਲਾ ਹੈ ਕਿ ਇਸ ਠੱਗ ਪ੍ਰਕਾਸ਼ਕ ਤੋਂ ਉਸ ਦੇ ਪੈਸੇ ਵਾਪਸ ਦਵਾਏ ਜਾਣ ਅਤੇ ਭਾਸ਼ਾ ਭਵਨ ਦੇ ਪ੍ਰਬੰਧਕ ਨੈਤਿਕਤਾ ਦੇ ਆਧਾਰ 'ਤੇ ਇਸ ਠੱਗ ਪ੍ਰਕਾਸ਼ਕ ਨੂੰ ਭਾਸ਼ਾ ਭਵਨ ਵਿਚੋਂ ਬਾਹਰ ਕੱਢਣ ਕਿਉਂਕਿ ਇਸ ਅਖਾਉਤੀ ਪ੍ਰਕਾਸ਼ਕ ਵਲੋਂ ਲੇਖਕਾਂ ਦੀ ਕੀਤੀ ਜਾ ਰਹੀ ਖੱਜਲ-ਖੁਆਰੀ ਕਾਰਨ ਭਾਸ਼ਾ ਭਵਨ ਦੀ ਸ਼ਾਖ਼ ਨੂੰ ਢਾਹ ਲੱਗ ਰਹੀ ਹੈ।

## ਛੇਕੜਲੀ ਗੱਲ

ਪਿਛਲੀ ਅਕਾਲੀ ਸਰਕਾਰ ਸਮੇਂ ਖੇਤੀਬਾੜੀ ਮੰਤਰੀ ਜਥੇਦਾਰ ਗੁਰਦੇਵ ਸਿੰਘ ਬਾਦਲ ਸਨ, ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਅਤਿ ਭਰੋਸੇਯੋਗ ਤੇ ਪੱਕੇ ਵਫ਼ਾਦਾਰ। ਕਿਸਾਨਾਂ ਦੇ ਇਕ ਵਿਸ਼ੇਸ਼ ਸਮਾਗਮ ਲਈ ਮੁੱਖ ਮੰਤਰੀ ਨੂੰ ਵਿਸ਼ੇਸ਼ ਮਹਿਮਾਨ ਵਜੋਂ ਬੁਲਾਇਆ ਗਿਆ ਤਾਂ ਆਪਣੇ ਰੁਝੇਵਿਆਂ ਕਾਰਨ ਮੁੱਖ ਮੰਤਰੀ ਸਾਹਿਬ ਨੇ ਇਹ ਡਿਊਟੀ ਜਥੇਦਾਰ ਗੁਰਦੇਵ ਸਿੰਘ ਬਾਦਲ ਦੀ ਲਾ ਦਿੱਤੀ। ਜਥੇਦਾਰ ਗੁਰਦੇਵ ਸਿੰਘ ਬਾਦਲ ਜਦ ਸਮਾਗਮ ਦੇ ਪੰਡਾਲ ਵਾਲੀ ਥਾਂ 'ਤੇ ਪਹੁੰਚੇ ਤਾਂ ਬੈਨਰ ਪੜ੍ਹ ਕੇ ਬਾਹਰ ਹੀ ਰੁਕ ਗਏ। ਬੈਨਰ 'ਤੇ ਲਿਖਿਆ ਹੋਇਆ ਸੀ 'ਵਿਸ਼ੇਸ਼ ਇਜਲਾਸ, ਆਲ ਇੰਡੀਆ ਕਿਸਾਨ ਕਾਂਗਰਸ' ਜਥੇਦਾਰ ਗੁਰਦੇਵ ਸਿੰਘ ਬਾਦਲ ਇਹ ਕਹਿ ਕੇ ਵਾਪਸ ਮੁੜ ਪਏ "ਭਰਾਵੋ ਆਪਾਂ ਨੀਂ ਕਾਂਗਰਸ ਦੇ ਇਜਲਾਸ 'ਚ ਜਾਣਾ, ਮੁੱਖ ਮੰਤਰੀ ਸਾਹਿਬ ਨੇ ਐਵੇਂ ਪਰਖਿਆ ਹੋਣੈ ਕਿ ਦੇਖੀਏ ਗੁਰਦੇਵ ਸਿਓਂ ਕਾਂਗਰਸ ਦੇ ਸਮਾਗਮ 'ਚ ਜਾਂਦੈ ਕਿ ਨਹੀਂ।"

# ਨਿੱਕੀਆਂ ਪਰ ਜ਼ਰੂਰੀ

## ਡਾ. ਸੁਖਦੇਵ ਸਿਰਸਾ ਕੈਨੇਡਾ ਫੇਰੀ 'ਤੇ



ਐਡਮਿੰਟਨ, (ਨਦਬ) : ਪੰਜਾਬੀ ਵਿਭਾਗ ਪੰਜਾਬ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਡਾ. ਸੁਖਦੇਵ ਸਿੰਘ ਸਿਰਸਾ ਸਾਹਿਤਕ, ਸਭਿਆਚਾਰਕ ਅਤੇ ਨਿੱਜੀ ਫੇਰੀ 'ਤੇ ਅੱਜਕਲ ਕੈਨੇਡਾ ਆਏ ਹੋਏ ਹਨ। ਉਹ 4 ਜੂਨ ਨੂੰ ਅਰਪਨ ਲਿਖਾਰੀ ਸਭਾ ਕੈਲਗਰੀ ਦੇ ਸਾਲਾਨਾ ਸਮਾਗਮ 'ਚ ਸ਼ਿਰਕਤ ਕਰਨਗੇ। ਉਪਰੰਤ ਡਾ. ਸਿਰਸਾ ਐਡਮਿੰਟਨ ਪਹੁੰਚਣਗੇ। ਬੀ.ਸੀ. ਵਿਚ ਉਨ੍ਹਾਂ ਨਾਲ 604-805-6073, ਕੈਲਗਰੀ 403-921-8736 ਅਤੇ ਐਡਮਿੰਟਨ ਵਿਖੇ 780-200-2872 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਪੰਜਾਬੀ ਫੋਕ ਕੈਂਪ 4 ਜੁਲਾਈ ਤੋਂ

ਐਡਮਿੰਟਨ, (ਨਦਬ) : ਐਡਮਿੰਟਨ ਸ਼ਹਿਰ ਵਿੱਚ ਪਹਿਲੀ ਵਾਰ ਪੰਜਾਬੀ ਹੈਰੀਟੇਜ ਫਾਊਂਡੇਸ਼ਨ ਵਲੋਂ ਪੰਜਾਬੀ ਸਭਿਆਚਾਰ ਨੂੰ ਸਮਰਪਿਤ 'ਪੰਜਾਬੀ ਫੋਕ ਕੈਂਪ' ਲਗਾਇਆ ਜਾ ਰਿਹਾ ਹੈ। 4 ਜੁਲਾਈ ਤੋਂ 15 ਅਗਸਤ ਤਕ ਚੱਲਣ ਵਾਲੇ ਇਸ ਕੈਂਪ ਬਾਰੇ ਜਾਣਕਾਰੀ ਦਿੰਦਿਆਂ ਫ਼ਾਊਂਡੇਸ਼ਨ ਦੇ ਕਲਚਰ ਡਾਇਰੈਕਟਰ ਮਨਜੀਤ ਸਿੰਘ ਨੇ ਦੱਸਿਆ ਕਿ ਇਸ ਕੈਂਪ ਵਿੱਚ ਬੱਚਿਆਂ ਨੂੰ ਸਰੰਗੀ, ਢੱਡ, ਚਿਮਟਾ, ਤੂੰਬੀ, ਭੰਗੜਾ, ਗਿੱਧਾ, ਝੂੰਮਰ, ਮਲਵਈ ਗਿੱਧਾ, ਸੱਮੀ, ਜਿੰਦੂਆ ਆਦਿ ਤੋਂ ਇਲਾਵਾ ਹੋਰ ਵੀ ਬਹੁਤ ਕੁੱਝ ਸਿੱਖਣ ਨੂੰ ਮਿਲੇਗਾ। ਉਨ੍ਹਾਂ ਦੱਸਿਆ ਕਿ ਕੈਂਪ ਦੇ ਦਾਖ਼ਲੇ ਲਈ ਰਜਿਸਟ੍ਰੇਸ਼ਨ ਸ਼ੁਰੂ ਹੋ ਚੁੱਕੀ ਹੈ। ਹੋਰ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਮਨਜੀਤ ਸਿੰਘ ਨਾਲ 780-952-5075 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਅਰਪਨ ਲਿਖਾਰੀ ਸਭਾ ਦਾ ਸਾਲਾਨਾ ਸਮਾਗਮ 4 ਜੂਨ ਨੂੰ

ਕੈਲਗਰੀ (ਨਦਬ) : ਅਰਪਨ ਲਿਖਾਰੀ ਸਭਾ ਕੈਲਗਰੀ ਦਾ ਸਾਲਾਨਾ ਸਮਾਗਮ ਪੰਜਾਬੀ ਦੇ ਇਨਕਲਾਬੀ ਕਵੀ ਡਾ. ਸੁਰਿੰਦਰ ਧੰਜਲ ਦਾ ਸਨਮਾਨ 4 ਜੂਨ ਨੂੰ ਬਾਅਦ ਦੁਪਹਿਰ 1:30 ਵਜੇ 167 ਟੈਂਪਲਗਰੀਨ ਰੋਡ ਨੌਰਥ ਈਸਟ ਕੈਲਗਰੀ (ਟੈਂਪਲ ਕਮਿਊਨਟੀ ਹਾਲ) ਸਾਰੇ ਪੰਜਾਬੀ ਭਾਈਚਾਰੇ ਨੂੰ ਹੁੰਮ ਹੁਮਾ ਕੇ ਪੁਹੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਚਾਹ ਪਾਣੀ ਦਾ ਪ੍ਰਬੰਧ ਹੋਵੇਗਾ। ਹੋਰ ਜਾਣਕਾਰੀ ਲਈ ਸੰਪਰਕ : ਸਤਨਾਮ ਸਿੰਘ ਢਾਅ: 403-285-6091, ਇਕਬਾਲ ਖ਼ਾਨ: 403-921-8736

## ਸ਼ੋਕ ਸਮਾਚਾਰ

ਐਡਮਿੰਟਨ, (ਨਦਬ) : ਪਿਛਲੇ ਦਿਨੀਂ ਐਡਮਿੰਟਨ ਵਾਸੀ ਬਲਜੀਤ ਕੈਲੇ ਦੇ ਪਿਤਾ ਸ੍ਰੀ ਪ੍ਰਗਟ ਸਿੰਘ ਕੈਲੇ ਦਾ 72 ਸਾਲ ਦੀ ਉਮਰ ਵਿੱਚ ਦਿਹਾਂਤ ਹੋ ਗਿਆ। ਜ਼ਿਲ੍ਹਾ ਜਲੰਧਰ ਦੇ ਪਿੰਡ ਆਦਮਪੁਰ ਦੇ ਰਹਿਣ ਵਾਲੇ ਪ੍ਰਗਟ ਸਿੰਘ ਅੱਜਕਲ ਆਪਣੇ ਪੁੱਤਰ ਬਲਜੀਤ ਕੋਲ ਐਡਮਿੰਟਨ ਵਿਖੇ ਰਹਿ ਰਹੇ ਸਨ। ਅਦਾਰਾ 'ਨਵੀਂ ਦੁਨੀਆ' ਕੈਲੇ ਪਰਿਵਾਰ ਦੇ ਦੁੱਖ ਵਿਚ ਸ਼ਾਮਿਲ ਹੋ ਕੇ ਦੁੱਖ ਵੰਡਾਉਣ ਦਾ ਯਤਨ ਕਰਦਾ ਹੈ। ਹੋਰ ਜਾਣਕਾਰੀ ਲਈ ਬਲਜੀਤ ਕੈਲੇ ਨਾਲ 780-708-1436 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸ਼ੱਕੀ ਕੇਂਦਰਾਂ ਵਿੱਚ ਦੇਸ਼ ਦੀ ਕਾਲੀ ਕਮਾਈ ਜਮ੍ਹਾ ਹੋਣ ਦਾ ਖਦਸ਼ਾ

## *ਸ਼ੱਕੀ ਵਿਦੇਸ਼ੀ ਟਿਕਾਣਿਆਂ ਨੂੰ ਹਰ ਸਾਲ ਜਾ ਰਹੇ ਹਨ 56 ਹਜ਼ਾਰ ਕਰੋੜ*

ਨਵੀਂ ਦਿੱਲੀ, (ਅੰਸ਼ੂਮਨ) : 56 ਹਜ਼ਾਰ ਕਰੋੜ ਰੁਪਏ!!! ਧਿਆਨ ਨਾਲ ਪੜ੍ਹੋ ਇਸ ਅੰਕੜੇ ਨੂੰ। ਇਹ ਟੈਕਸ ਹੈਵਨ ਦੇਸ਼ਾਂ ਵਿੱਚ ਭਾਰਤ ਤੋਂ ਹਰ ਸਾਲ ਜਾਣ ਵਾਲੀ ਰਾਸ਼ੀ ਦਾ ਤਾਜਾ ਅਤੇ ਪ੍ਰਮਾਣਕ ਅੰਕੜਾ ਹੈ। ਹੁਣ ਇਹ ਪ੍ਰਮਾਣਕ ਤੇ ਪੁਸ਼ਟ ਹੈ ਕਿ ਬਾਹਰ ਜਾਣ ਵਾਲੀ ਵਿਦੇਸ਼ੀ ਮੁਦਰਾ ਦਾ ਕਰੀਬ 20 ਫੀਸਦੀ ਹਿੱਸਾ ਕਾਲੀ ਕਮਾਈ ਨੂੰ ਲੁਕਾਉਣ ਵਾਲੇ ਦੇਸ਼ਾਂ ਭਾਵ ਟੈਕਸ ਹੈਵਨ ਵਿੱਚ ਹਰ ਸਾਲ ਜਾਂਦਾ ਹੈ। ਇਹ ਸਨਸਨੀਖੇਜ਼ ਤੱਥ ਰਿਜ਼ਰਵ ਬੈਂਕ ਦੇ ਅੰਕੜਿਆਂ ਤੋਂ ਨਿਕਲਿਆ ਹੈ, ਜੋ ਆਮਦਨ ਕਰ ਵਿਭਾਗ 'ਤੇ ਕੰਟਰੋਲ ਅਤੇ ਮਹਾਲੇਖਾ ਪਰੀਖਕ (ਕੈਗ) ਦੀ ਪੜਤਾਲ ਰਾਹੀਂ ਸਰਕਾਰ ਤੱਕ ਪਹੁੰਚਿਆ ਹੈ। ਇਸ ਰਹੱਸ ਦੇ ਉਜਾਗਰ ਹੋਣ ਨਾਲ ਟੈਕਸ ਹੈਵਨ ਦਾ ਇਹ ਕਾਲਾ ਸੱਚ ਅਧਿਕਾਰਤ ਤੌਰ 'ਤੇ ਸਾਹਮਣੇ ਆ ਗਿਆ ਹੈ, ਜਿਸ ਦਾ ਇੰਤਜ਼ਾਰ ਦੇਸ਼ ਸਾਲਾਂ ਤੋਂ ਕਰ ਰਿਹਾ ਸੀ। ਇਸ 'ਤੇ ਸੰਵਿਧਾਨਕ ਆਡੀਟਰ ਦੀ ਮੋਹਰ ਲਗਣ ਨਾਲ ਇਹ ਵੀ ਜ਼ਾਹਰ ਹੋ ਗਿਆ ਹੈ ਕਿ ਸਭ ਕੁਝ ਰਿਜ਼ਰਵ ਬੈਂਕ ਅਤੇ ਆਮਦਨ ਕਰ ਵਿਭਾਗ ਦੀ ਜਾਣਕਾਰੀ ਵਿੱਚ ਹੈ। ਕੈਗ ਦੀ ਇਹ ਜਾਂਚ ਦੇਸ਼ ਦੇ ਸਭ ਤੋਂ ਵੱਡੇ ਕਾਲਾ ਧਨ ਕਾਰੋਬਾਰੀ ਹਸਨ ਅਲੀ ਦਾ ਮਾਮਲਾ ਖੁੱਲ੍ਹਣ ਤੋਂ ਬਾਅਦ ਦੀ ਹੈ ਭਾਵ ਟੈਕਸ ਹੈਵਨ ਨੂੰ ਪੈਸਾ ਲਗਾਤਾਰ ਜਾ ਰਿਹਾ ਹੈ।

ਦਸਤਾਵੇਜ਼ ਦੱਸਦੇ ਹਨ ਕਿ ਰਿਜ਼ਰਵ ਬੈਂਕ ਕੋਲ ਇਸ ਗੱਲ ਦੀ ਪੂਰੀ ਜਾਣਕਾਰੀ ਹੈ ਕਿ ਟੈਕਸ ਹੈਵਨ ਨੂੰ ਕਦੋਂ-ਕਦੋਂ ਕਿੰਨਾ ਪੈਸਾ ਭੇਜਿਆ ਗਿਆ ਹੈ। ਹਸਨ ਅਲੀ ਮਾਮਲੇ 'ਤੇ ਸੁਪਰੀਮ ਕੋਰਟ ਨੂੰ ਸਰਕਾਰ ਨੇ ਪਤਾ ਨਹੀਂ ਕਿੰਨੀ ਸੱਚਾਈ ਦੱਸੀ ਹੈ, ਪਰ ਸਰਕਾਰੀ ਫਾਈਲਾਂ ਵਿੱਚ ਇਹ ਦਰਜ ਹੈ ਕਿ ਸਿਰਫ਼ 2007-08 ਵਿੱਚ 56 ਹਜ਼ਾਰ 676 ਕਰੋੜ ਰੁਪਏ ਦੁਨੀਆ ਦੇ ਉਨ੍ਹਾਂ ਦੇਸ਼ਾਂ ਵਿੱਚ ਗਏ, ਜਿਨ੍ਹਾਂ ਦੀ ਪਾਰ-ਦਰਸ਼ਤਾ ਸ਼ੱਕੀ ਹੈ। ਇਹ 2007-08 ਵਿੱਚ ਦੇਸ਼ ਤੋਂ ਬਾਹਰ ਗਈ ਕੁੱਲ ਵਿਦੇਸ਼ੀ ਮੁਦਰਾ ਦੇ ਕਰੀਬ 20 ਫੀਸਦੀ ਦੇ ਬਰਾਬਰ ਹੈ। ਅਜਿਹੇ ਦੇਸ਼ਾਂ ਦੀ ਸੰਖਿਆ 25 ਹੈ ਅਤੇ ਇਨ੍ਹਾਂ ਵਿੱਚ ਕਈ ਸਥਾਨਾਂ 'ਤੇ ਭਾਰਤ ਦੀ ਕਾਲੀ ਕਮਾਈ ਜਮ੍ਹਾ ਹੋਣ ਦਾ ਸ਼ੱਕ ਹੈ। ਇਸ ਅੰਕੜੇ ਦੇ ਆਧਾਰ 'ਤੇ ਇਹ ਅੰਦਾਜ਼ਾ ਲਾਉਣਾ ਮੁਸ਼ਕਲ ਨਹੀਂ ਹੈ ਕਿ ਹਾਲ ਦੇ ਪੰਜ ਸਾਲਾਂ ਵਿੱਚ ਹੀ ਕਰੀਬ ਤਿੰਨ ਲੱਖ ਕਰੋੜ ਰੁਪਏ ਤੋਂ ਵੱਧ ਦੀ ਰਕਮ ਇਨ੍ਹਾਂ ਸੱਕੀ ਵਿੱਤੀ ਕੇਂਦਰਾਂ ਵਿੱਚ ਗਈ ਹੈ।

ਇਹ ਵਿਸਫੋਟਕ ਤੱਥ ਕੈਗ ਦੀ ਜਿਸ ਪੜਤਾਲ ਤੋਂ ਬਾਅਦ ਸਾਹਮਣੇ ਆਇਆ ਹੈ, ਇਹ ਪਰਵਾਸੀ ਭਾਰਤੀਆਂ 'ਤੇ ਟੈਕਸ ਨਾਲ ਸਬੰਧਤ ਹੈ। ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਸ਼ੱਕੀ ਦੇਸ਼ਾਂ ਨੂੰ ਜਾਣ ਵਾਲੇ ਪੈਸੇ ਨੂੰ ਨਾ ਤਾਂ ਭੇਜਣ ਸਮੇਂ ਕੋਈ ਜਾਂਚ ਕੀਤੀ ਗਈ ਅਤੇ ਨਾ ਬਾਅਦ ਵਿੱਚ ਹੀ ਇਸ ਨੂੰ ਘੋਖਣ ਦੀ ਜ਼ਰੂਰਤ ਸਮਝੀ ਗਈ। ਇਸ ਆਡਿਟ ਵਿੱਚ ਕੈਗ ਨੇ ਰਿਜ਼ਰਵ ਬੈਂਕ ਦੇ 2007-09 ਤੱਕ ਦੇ ਉਹ ਅੰਕੜੇ ਘੋਖੇ, ਜੋ ਦੇਸ਼ ਤੋਂ ਬਾਹਰ ਵਿਦੇਸ਼ੀ ਮੁਦਰਾ ਭੇਜਣ ਨਾਲ ਸਬੰਧਤ ਸਨ। ਕੈਗ ਨੇ ਪਾਇਆ ਕਿ ਕਾਫੀ ਵੱਡੀ ਰਾਸ਼ੀ ਰਾਇਲਟੀ ਫੀਸ ਅਤੇ ਤਕਨੀਕੀ ਸੇਵਾਵਾਂ ਦੇ ਨਾਂ 'ਤੇ ਉਨ੍ਹਾਂ ਅਨਾਮ ਅਤੇ ਛੋਟੇ ਛੋਟੇ ਕੇਂਦਰਾਂ ਅਤੇ ਦੇਸ਼ਾਂ ਨੂੰ ਭੇਜੀ ਗਈ ਜਿਥੋਂ ਤਕਨੀਕ ਜਾਂ ਕਿਸੇ ਤਰ੍ਹਾਂ ਦੀਆਂ ਸੇਵਾਵਾਂ ਦਾ ਨਿਰਯਾਤ ਸੰਭਵ ਨਹੀਂ ਹੈ। ਵਿਕਾਸਸ਼ੀਲ ਦੇਸ਼ਾਂ ਤੋਂ ਗੈਰ ਕਾਨੂੰਨੀ ਢੰਗ ਨਾਲ ਪੈਸੇ ਦੀ ਆਵਾਜਾਈ 'ਤੇ ਸਵੈ-ਸੇਵੀ ਸੰਸਥਾ ਗਲੋਬਲ ਫਾਈਨਾਂਸ਼ਲ ਇੰਟੈਗਰਿਟੀ ਦੀ ਰਿਪੋਰਟ ਕਾਫੀ ਚਰਚਿਤ ਹੈ।

ਪਿਛਲੇ ਸਾਲ ਨਵੰਬਰ ਵਿੱਚ ਆਈ ਇਸ ਦੀ ਤਾਜ਼ਾ ਰਿਪੋਰਟ ਨੇ ਦੱਸਿਆ ਸੀ ਕਿ ਭਾਰਤ ਤੋਂ ਬਾਹਰ ਜਮ੍ਹਾ ਗੈਰ ਕਾਨੂੰਨੀ ਸੰਪਤੀਆਂ ਦਾ ਆਕਾਰ 462 ਅਰਬ ਡਾਲਰ (ਕਰੀਬ 13 ਲੱਖ ਕਰੋੜ ਰੁਪਏ) ਹੈ ਅਤੇ ਪੂੰਜੀ ਦੇ ਗੈਰ ਕਾਨੂੰਨੀ ਤੌਰ 'ਤੇ ਭੇਜੇ ਜਾਣ ਦੇ ਮਾਮਲੇ ਵਿੱਚ ਆਪਣਾ ਦੇਸ਼ ਦੁਨੀਆ ਵਿੱਚ ਪੰਜਵੇਂ ਸਥਾਨ 'ਤੇ ਹੈ। ਰਿਜ਼ਰਵ ਬੈਂਕ ਦੇ ਅੰਕੜਿਆਂ ਰਾਹੀਂ ਵਿੱਤ ਮੰਤਰਾਲੇ ਕੋਲ ਪੁੱਜੀ ਇਸ ਤਾਜ਼ਾ ਜਾਣਕਾਰੀ ਮਗਰੋਂ ਹੁਣ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਹੈ ਕਿ ਭਾਰਤ ਤੋਂ ਟੈਕਸ ਹੈਵਨ ਦੇਸ਼ਾਂ ਨੂੰ ਅੱਜ ਵੀ ਪੈਸਾ ਜਾਂਦਾ ਹੈ ਅਤੇ ਸਰਕਾਰ ਇਸ ਕਾਲੇ ਸੱਚ ਤੋਂ ਬੇਖ਼ਬਰ ਨਹੀਂ ਹੈ।

# ਬਾਬਾ ਬੋਹੜ ਸੰਤ ਸਿੰਘ ਸੇਖੋਂ ਦਾ ਜਨਮ ਦਿਨ ਮਨਾਇਆ



ਗੁਰਦਿਆਲ ਦਲਾਲ ਨੂੰ ਸਨਮਾਨਿਤ ਕਰਦੇ ਹੋਏ ਪ੍ਰੋ. ਰਮਨ, ਤ੍ਰੈਲੋਚਨ ਲੋਚੀ, ਭਗਵਾਨ ਢਿੱਲੋਂ, ਤਰਲੋਚਨ ਝਾਂਡੇ ਅਤੇ ਹੋਰ।

ਲੁਧਿਆਣਾ, (ਨਦਬ) : ਪੰਜਾਬੀ ਸਾਹਿਤ ਦੇ ਬਾਬਾ ਬੋਹੜ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਦਾ ਜਨਮ ਦਿਨ 30 ਮਈ ਨੂੰ ਅਦਬੀ ਦਾਇਰਾ ਵਲੋਂ ਸਥਾਨਕ ਪੰਜਾਬੀ ਭਵਨ ਵਿਖੇ ਮਨਾਇਆ ਗਿਆ। ਜਨਮ ਉਤਸਵ ਸਮਾਗਮ ਵਿਚ ਤ੍ਰੈਲੋਚਨ ਲੋਚੀ, ਤਰਲੋਚਨ ਝਾਂਡੇ ਤੇ ਸੁਭਾਸ਼ ਕਲਾਕਾਰ ਨੇ ਆਪਣੀਆਂ ਗ਼ਜ਼ਲਾਂ ਦੀ ਪੇਸ਼ਕਾਰੀ ਰਾਹੀਂ ਸਤਿਕਾਰਤ ਸਾਹਿਤਕਾਰ ਨੂੰ ਯਾਦ ਕੀਤਾ। ਸੰਤ ਸਿੰਘ ਸੇਖੋਂ ਦੀ ਚਿੰਤਨ ਤੇ ਸਾਹਿਤ ਨੂੰ ਦੇਣ ਦੀ ਵਿਸਥਾਰ ਵਿਚ ਚਰਚਾ ਪ੍ਰੋ. ਰਾਕੇਸ਼ ਰਮਨ ਨੇ ਕੀਤੀ। ਪ੍ਰੋ. ਰਮਨ ਅਨੁਸਾਰ ਪੰਜਾਬੀ ਸਾਹਿਤ, ਭਾਸ਼ਾ, ਇਤਿਹਾਸ ਤੇ ਸਭਿਆਚਾਰ ਲਈ ਪ੍ਰਿੰ. ਸੰਤ ਸਿੰਘ ਸੇਖੋਂ ਵਲੋਂ ਕੀਤਾ ਗਿਆ ਕਾਰਜ ਮੀਲ ਪੱਥਰ ਗੱਡਣ ਦੇ ਸਮਾਨ ਹੈ। ਇਸ ਸਮਾਗਮ ਵਿਚ ਕਹਾਣੀਕਾਰ ਗੁਰਦਿਆਲ ਦਲਾਲ ਨੂੰ 'ਸਾਹਿਤਆਰਥ ਪੁਰਸਕਾਰ' ਨਾਲ ਸਨਮਾਨਤ ਕੀਤਾ ਗਿਆ। ਸੰਤ ਸਿੰਘ ਸੇਖੋਂ ਦੀ ਸ਼ਖਸੀਅਤ ਬਾਰੇ ਗੱਲਾਂ ਕਰਦਿਆਂ ਦਲਾਲ ਨੇ ਕਿਹਾ ਕਿ ਇਸ ਮਹਾਨ ਸਾਹਿਤਕਾਰ ਦੀ ਜੀਵਨ ਸ਼ੈਲੀ ਅਤਿਅੰਤ ਸਾਦਾ, ਦਿਲਚਸਪ ਤੇ ਮਨ ਨੂੰ ਟੁੰਬਣ ਵਾਲੀ ਸੀ। ਦਲਾਲ ਨੇ ਪ੍ਰਿੰ. ਸੇਖੋਂ ਨਾਲ ਆਪਣੀਆਂ ਕਈ ਮਿਲਣੀਆਂ ਦੀ ਯਾਦ ਸਰੋਤਿਆਂ ਨਾਲ ਸਾਂਝੀ ਕੀਤੀ। ਇਸ ਮੌਕੇ ਹੈਪੀ ਸਿਓੜਾ, ਗੁਲਜ਼ਾਰ ਪੰਧੇਰ, ਬੁੱਧ ਸਿੰਘ ਨੀਲੋਂ ਆਦਿ ਲੇਖਕ ਵੀ ਹਾਜ਼ਰ ਸਨ। ਅੰਤ ਵਿਚ ਅਦਬੀ ਦਾਇਰੇ ਦੇ ਸੰਚਾਲਕ ਭਗਵਾਨ ਢਿਲੋਂ ਨੇ ਕਿਹਾ ਕਿ ਸਾਨੂੰ 'ਸੇਖੋਂ ਦੇ ਨਿਆਣੇ' ਹੋਣ 'ਤੇ ਫਖ਼ਰ ਹੈ।

# ਡਾ. ਜਸਵਿੰਦਰ ਸਿੰਘ ਦੇ ਨਾਵਲ 'ਮਾਤ ਲੋਕ' 'ਤੇ ਸੈਮੀਨਾਰ

ਮੁਕਤਸਰ, (ਨਦਬ) : ਸਥਾਪਤ ਆਲੋਚਕ, ਸਭਿਆਚਾਰ ਸ਼ਾਸਤਰੀ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਵਿਭਾਗ ਦੇ ਪ੍ਰੋਫ਼ੈਸਰ ਡਾ. ਜਸਵਿੰਦਰ ਸਿੰਘ ਦੁਆਰਾ ਰਚੇ ਨਵ-ਪ੍ਰਕਾਸ਼ਤ ਨਾਵਲ 'ਮਾਤ ਲੋਕ' 'ਤੇ ਪੰਜਾਬ ਯੂਨੀਵਰਸਿਟੀ ਰਿਜ਼ਨਲ ਸੈਂਟਰ ਸ੍ਰੀ ਮੁਕਤਸਰ ਸਾਹਿਬ ਵਿਖੇ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ। ਇਸ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ, ਕੁਰੂਕਸ਼ੇਤਰ ਯੂਨੀਵਰਸਿਟੀ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਵਿਦਵਾਨਾਂ ਨੇ ਗੰਭੀਰ ਵਿਚਾਰ ਚਰਚਾ ਕੀਤੀ। ਮੌਕੇ 'ਤੇ ਸਥਾਪਤ ਪ੍ਰਧਾਨਗੀ ਮੰਡਲ ਵਿਚ ਡਾ. ਹਰਸਿਮਰਨ ਸਿੰਘ ਰੰਧਾਵਾ ਪ੍ਰੋਫ਼ੈਸਰ ਕੁਰੂਕਸ਼ੇਤਰ ਯੂਨੀਵਰਸਿਟੀ, ਡਾ. ਪਰਮਜੀਤ ਸਿੰਘ ਰੋਮਾਣਾ ਪ੍ਰੋਫ਼ੈਸਰ ਰਿਜ਼ਨਲ ਸੈਂਟਰ ਬਠਿੰਡਾ, ਪ੍ਰਿੰਸੀਪਲ ਡਾ. ਮਹਿਲ ਸਿੰਘ, ਡਾ. ਰਾਜਿੰਦਰਪਾਲ ਸਿੰਘ ਬਰਾੜ ਮੁਖੀ ਪੰਜਾਬੀ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ, ਡਾ. ਜਸਵਿੰਦਰ ਸਿੰਘ (ਨਾਵਲਕਾਰ) ਪ੍ਰੋਫ਼ੈਸਰ ਪੰਜਾਬੀ ਯੂਨੀਵਰਸਿਟੀ, ਗੁਰਮੀਤ ਸਿੰਘ ਕੋਟਕਪੂਰਾ ਇੰਚਾਰਜ ਸਬ ਆਫ਼ਿਸ ਅਜੀਤ ਫ਼ਰੀਦਕੋਟ ਅਤੇ ਡਾ. ਪਰਮਜੀਤ ਸਿੰਘ ਢੀਂਗਰਾ ਡਾਇਰੈਕਟਰ ਰਿਜਨਲ ਸੈਂਟਰ ਮੁਕਤਸਰ ਸ਼ਾਮਲ ਸਨ। ਨਾਵਲ ਉਪਰ ਪਹਿਲਾ ਪਰਚਾ ਪੇਸ਼ ਕਰਦੇ ਹੋਏ ਡਾ. ਹਰਸਿਮਰਨ ਸਿੰਘ ਰੰਧਾਵਾ ਨੇ ਨਾਵਲ 'ਮਾਤ ਲੋਕ' ਨੂੰ ਬਿਰਤਾਂਤ ਸ਼ਾਸਤਰੀ ਨਜ਼ਰੀਏ ਤੋਂ ਪਰਖਦਿਆਂ ਨਾਵਲਕਾਰ ਦੀ ਸਿਰਜਣ ਪ੍ਰਕਿਰਿਆ ਦੀ ਪ੍ਰਸ਼ੰਸਾ ਕੀਤੀ। ਪਰਚਿਆਂ 'ਤੇ ਹੋਈ ਵਿਚਾਰ ਚਰਚਾ ਦਾ ਆਗ਼ਾਜ਼ ਕਰਦਿਆਂ ਪੰਜਾਬੀ ਯੂਨੀਵਰਸਿਟੀ ਦੇ ਡਾ. ਸੁਰਜੀਤ ਨੇ ਮਿਆਰੀ ਸਾਹਿਤ ਰਚਨਾਵਾਂ 'ਤੇ ਹੋਣ ਵਾਲੀਆਂ ਵਿਚਾਰ ਗੋਸ਼ਟੀਆਂ ਵਿਚ ਪੜ੍ਹੇ ਗਏ। ਪੰਜਾਬੀ ਯੂਨੀਵਰਸਿਟੀ ਦੇ ਡਾ. ਗੁਰਮੁਖ ਸਿੰਘ, ਡਾ. ਪਰਮਜੀਤ ਸਿੰਘ ਰੋਮਾਣਾ, ਪੰਜਾਬੀ ਭਾਸ਼ਾ ਵਿਕਾਸ ਵਿਭਾਗ ਪੰਜਾਬੀ ਯੂਨੀਵਰਸਿਟੀ ਦੇ ਮੁਖੀ ਡਾ. ਧਨਵੰਤ ਕੌਰ, ਡਾ. ਮਹਿਲ ਸਿੰਘ, ਪ੍ਰੋ. ਲੋਕ ਨਾਥ, ਡਾ. ਰਾਜਿੰਦਰਪਾਲ ਸਿੰਘ ਬਰਾੜ ਨੇ ਸੈਮੀਨਾਰ ਨੂੰ ਚਰਮ ਸੀਮਾ 'ਤੇ ਪਹੁੰਚਾਉਂਦਿਆਂ ਨਾਵਲ ਨੂੰ ਅਜੋਕੇ ਸਮੇਂ ਵਿਚ ਲਿਖੇ ਜਾ ਰਹੇ ਨਾਵਲਾਂ ਵਿਚੋਂ ਉੱਤਮ ਕ੍ਰਿਤ ਬਿਆਨ ਕੀਤਾ। ਧੰਨਵਾਦ ਦੀ ਰਸਮ ਰਿਜ਼ਨਲ ਸੈਂਟਰ ਦੇ ਪ੍ਰੋ ਡਾ. ਬਲਕਾਰ ਸਿੰਘ ਨੇ ਨਿਭਾਈ। ਸਮਾਗਮ ਵਿਚ ਰਿਜ਼ਨਲ ਸੈਂਟਰ ਦੇ ਸਮੂਹ ਵਿਦਿਆਰਥੀਆਂ ਤੋਂ ਇਲਾਵਾ ਪੰਜਾਬੀ ਯੂਨੀਵਰਸਿਟੀ ਕੈਂਪਸ ਤਲਵੰਡੀ ਸਾਬੋ ਦੇ ਡਾ. ਅਮਨਦੀਪ ਸਿੰਘ, ਡਾ. ਪਰਮਿੰਦਰ ਸਿੰਘ ਤੱਗੜ, ਪ੍ਰੋ. ਨਛੱਤਰ ਸਿੰਘ ਖੀਵਾ, ਪ੍ਰੋ. ਦਾਤਾਰ ਸਿੰਘ, ਡਾ. ਸੁਖਰਾਜ ਧਾਲੀਵਾਲ, ਪ੍ਰੋ. ਸੰਦੀਪ ਰਾਣਾ, ਡਾ. ਹਰਜਿੰਦਰ ਸੂਰੇਵਾਲੀਆ, ਕੁਲਵੰਤ ਗਿੱਲ, ਜ਼ੋਰਾ ਸਿੰਘ ਸੰਧੂ, ਅਮਰੀਕ ਸਿੰਘ ਸਿਬੀਆ, ਜਗਦੀਸ਼ ਕੁਮਾਰ, ਗੁਰਪ੍ਰੀਤ ਸਿੰਘ ਅਤੇ ਡਾ. ਰਾਜਬਿੰਦਰ ਸੂਰੇਵਾਲੀਆ ਸ਼ਾਮਲ ਸਨ।

Best Truck Wash
Your Mobile Wash Professionals Edmonton & Area
ਅਸੀਂ ਤੁਹਾਡੇ ਟਰੱਕ, ਟਰੇਲਰ ਐਡਮਿੰਟਨ ਦੇ ਕਿਸੇ ਵੀ ਹਿੱਸੇ ਵਿਚ ਪਹੁੰਚ ਕੇ ਵਾਸ਼ ਕਰਾਂਗੇ।
ਵਧੀਆ ਸਰਵਿਸ ਲਈ ਸੰਪਰਕ ਕਰੋ।
ਅਸੀਂ ਤੇਲ ਬਦਲੀ ਅਤੇ ਗਰੀਸ ਵੀ ਕਰਦੇ ਹਾਂ



We can Wash Your Truck anywhere in Edmonton & Area

- High Pressure Nozzles
- Trailer/Truck
- Fleet Washing With Under Mobile Brush Wash System
- Oil Change and Grease



For more info Call:
BIN: (780) 267-9102
CAM: (780) 238-8161

FREE!
Canadian Diabetes Association
KHANA WITH THE EXPERTS
A South Asian Nutritional Event



Cooking Demonstration & Dietary Talk!
Cooking demo by Toronto's Chezsiva Cooking School owner, Siva Swaminathan.
Nutritional information sessions 'Smart Bhojan' presented by South Asian Registered Dietitians.

Date: Sunday June 12, 2011
Time: 4:00pm - 7:00pm
Location: Bhartiya Cultural Center (9507 39 Ave)

Limited Seating, Come Early!

Sponsors:
Manoranjan Club of Alberta
Bhartiya Cultural Society of Alberta

Hosted by: the South Asian Diabetes Awareness Committee (SADAC)
Free Admission and Parking
For more information contact:
Jessie Atkins (780) 423-5722 ext. 242
Mona Agnihotri (780) 695-5456
diabetes.ca 1-800-BANTING (226-8464)

## ਅਲਬਰਟਾ ਸਰਕਾਰ ਵੱਲੋਂ ਅਗਜ਼ਨੀ ਦੇ ਪੀੜਤਾਂ ਲਈ 50 ਮਿਲੀਅਨ ਡਾਲਰ ਮੁਆਵਜ਼ੇ ਦਾ ਵਾਅਦਾ

ਐਡਮਿੰਟਨ (ਨਦਬ) : ਅਲਬਰਟਾ ਦੇ ਪ੍ਰੀਮੀਅਰ ਐਡ ਸਟੈਲਮੈਕ ਨੇ ਬੀਤੇ ਦਿਨੀਂ ਐਲਾਨ ਕੀਤਾ ਕਿ ਸੂਬਾ ਸਰਕਾਰ ਸਲੇਵ ਲੇਕ ਅਗਜ਼ਨੀ ਦੇ ਪੀੜਤਾਂ ਦੀ ਸਹਾਇਤਾ ਲਈ 50 ਮਿਲੀਅਨ ਡਾਲਰ ਖਰਚ ਕਰੇਗੀ। ਸਰਕਾਰ ਵੱਲੋਂ ਮੁਆਵਜ਼ੇ ਦਾ ਇਹ ਪਹਿਲਾ ਐਲਾਨ ਸੀ ਜਿਸ ਨਾਲ ਲੰਮੇ ਸਮੇਂ ਤੱਕ ਚੱਲਣ ਵਾਲੀ ਮੁੜ ਵਸੇਬਾ ਯੋਜਨਾ ਉਲੀਕੀ ਜਾਵੇਗੀ। ਇਹ ਪੈਸਾ ਅਗਲੇ ਹਫਤੇ ਦੇ ਅੰਤ ਤੋਂ ਪੀੜਤਾਂ ਕੋਲ ਪਹੁੰਚਣ ਦੀ ਆਸ ਹੈ ਅਤੇ ਉਜਾੜੇ ਦਾ ਸ਼ਿਕਾਰ ਹੋਏ ਲੋਕਾਂ ਦੇ ਘਰ ਉਸਾਰਨ ਅਤੇ ਆਮਦਨੀ ਵਿਚ ਸਹਾਇਤਾ ਕਰਨ ਲਈ ਅਗਲੇ ਹਫਤੇ ਤੋਂ ਜਾਰੀ ਹੋਣੇ ਸ਼ੁਰੂ ਹੋ ਜਾਣਗੇ। ਸਟੈਲਮੈਕ ਨੇ ਕਿਹਾ ਕਿ ਇਹ ਪਹਿਲੇ ਫੰਡ ਉਜਾੜੇ ਦੇ ਸ਼ਿਕਾਰ ਲੋਕਾਂ ਦੀ ਸਹਾਇਤਾ ਲਈ ਹਨ। ਹਰੇਕ ਪਰਿਵਾਰ ਦੀਆਂ ਵਿਅਕਤੀਗਤ ਲੋੜਾਂ ਅਤੇ ਵੱਖੋ ਵੱਖਰੇ ਹਾਲਾਤ ਹਨ। ਬਹੁਤ ਸਾਰੇ ਲੋਕ ਅਜਿਹੇ ਹਨ ਜੋ ਆਪਣੇ ਘਰ ਪਰਤਣ ਤੋਂ ਅਸਮਰਥ ਹਨ। ਉਨ੍ਹਾਂ ਦਾ ਕੰਮ ਕਾਰ ਤਬਾਹ ਹੋ ਚੁੱਕਿਆ ਹੈ। ਉਨ੍ਹਾਂ ਦੇ ਘਰ ਉਜੜ ਚੁੱਕੇ ਹਨ ਅਤੇ ਵਪਾਰ ਖ਼ਤਮ ਹੋ ਚੁੱਕੇ ਹਨ। ਇਸ ਮੌਕੇ ਬਲਦਿਆਂ ਜੌਨ ਐਰਿੰਗਟਨ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਸੁਣ ਕੇ ਖੁਸ਼ੀ ਹੋਈ ਹੈ ਕਿ ਸਰਕਾਰ ਨੇ 50 ਮਿਲੀਅਨ ਡਾਲਰ ਦੀ ਸਹਾਇਤਾ ਰਾਸ਼ੀ ਦਾ ਐਲਾਨ ਕਰਕੇ ਇਸ ਤਬਾਹੀ ਨਾਲ ਸਿੱਝਣ ਦਾ ਵਾਅਦਾ ਕੀਤਾ ਹੈ। ਇਹ ਸਰਕਾਰ ਦੀ ਭਾਈਚਾਰਕ ਮੁੜ ਵਸੇਬੇ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ ਅਤੇ ਲੋਕਾਂ ਲਈ ਸਰਕਾਰ ਦਾ ਇਹ ਐਲਾਨ ਮਹੱਤਵਪੂਰਨ ਹੈ। ਐਰਿੰਗਟਨ ਜੋ ਕਿ ਸਲੇਵ ਲੇਕ ਅਗਜ਼ਨੀ ਕਾਰਨ ਹੋਏ ਉਜਾੜੇ ਦਾ ਸ਼ਿਕਾਰ ਹੋਏ ਬਹੁਤ ਸਾਰੇ ਲੋਕਾਂ ਵਿਚੋਂ ਇਕ ਹਨ, ਉਨ੍ਹਾਂ ਕਿਹਾ ਕਿ ਸਰਕਾਰ ਦਾ ਸਹਾਇਤਾ ਰਾਸ਼ੀ ਬਾਰੇ ਪਹਿਲਾਂ ਐਲਾਨ ਲੋਕਾਂ ਲਈ ਬੜਾ ਮਹੱਤਵਪੂਰਨ ਹੈ। ਇਸ ਤੋਂ ਪਹਿਲਾਂ ਸਰਕਾਰ ਦੀਆਂ ਬੰਦ ਕਮਰੇ ਵਿਚ ਮੀਟਿੰਗਾਂ ਦੀ ਇਕ ਲੜੀ ਚੱਲੀ ਜਿਸ ਵਿਚ ਮੇਅਰ ਕੈਰੀਨਾ ਪਿਲੇ-ਕਿਨੀ ਅਤੇ ਅਲਬਰਟਾ ਦੇ ਨਾਗਰਿਕ ਮਾਮਲਿਆਂ ਬਾਰੇ ਮੰਤਰੀ ਹੈਕਟਰ ਗੋਰਰਿਊ ਨੇ ਭਾਗ ਲਿਆ। ਪਿਲੇ ਕਿਨੀ ਨੇ ਇਸ ਬਾਰੇ ਗੱਲ ਕਰਦਿਆਂ ਕਿਹਾ ਕਿ ਇਹ ਇਕ ਭਾਵੁਕ ਅਤੇ ਔਖਾ ਕੰਮ ਹੈ ਉਨ੍ਹਾਂ ਮੰਨਿਆ ਕਿ ਇਲਾਕਾ ਵਾਸੀ ਨਿਰਾਸ਼ ਹਨ ਅਤੇ ਬਹੁਤਿਆਂ ਨੂੰ ਆਪਣੇ ਘਰਾਂ ਬਾਰੇ ਜਾਣਕਾਰੀ ਨਹੀਂ ਹੈ। ਉਨ੍ਹਾਂ ਕਿਹਾ ਕਿ ਇਹ ਤੁਹਾਡੇ ਲਈ ਔਖਾ ਸਮਾਂ ਹੈ ਅਤੇ ਅਸੀਂ ਤੁਹਾਡੀਆਂ ਭਾਵਨਾਵਾਂ ਅਤੇ ਨੁਕਸਾਨ ਦੀ ਤੀਬਰਤਾ ਨੂੰ ਸਮਝਦੇ ਹਾਂ। ਇਸ ਲਈ ਅਸੀਂ ਤੁਹਾਨੂੰ ਸਹੀ ਸੂਚਨਾਵਾਂ ਮੁਹੱਈਆ ਕਰਵਾਉਣ ਲਈ ਹਰ ਸੰਭਵ ਉਪਰਾਲਾ ਕਰ ਰਹੇ ਹਾਂ।

## ਅਲਬਰਟਾ ਵਾਸੀਆਂ ਨੂੰ ਵਧੀਆ ਸਿਹਤ ਸਹੂਲਤਾਂ ਲਈ ਕਰੈਡਿਟ ਕਾਰਡ ਵਰਤਣ ਦੀ ਲੋੜ ਨਹੀਂ ਪਵੇਗੀ : ਸਮਿਥ



ਅਲਬਰਟਾ, (ਨਦਬ) : ਲੰਘੀ 21 ਮਈ ਨੂੰ ਐਡਮਿੰਟਨ ਦੇ ਵੈਜੀ ਗਾਰਡਨ ਰੈਸਟੋਰੈਂਟ 'ਚ ਪੰਜਾਬੀ ਮੀਡੀਆ ਐਸੋਸੀਏਸ਼ਨ ਆਫ਼ ਮਾਲਬਰਟਾ ਦੇ ਮੈਂਬਰਾਂ ਨਾਲ ਆਪਣੀ ਪਲੇਠੀ ਮਿਲਣੀ ਦੌਰਾਨ ਵਾਈਲਡ ਰੋਜ਼ ਅਲਾਇੰਸ ਪਾਰਟੀ ਦੀ ਲੀਡਰ ਡੈਨੀਅਲ ਸਮਿਥ ਨੇ ਕਿਹਾ ਕਿ ਵਾਈਲਡ ਰੋਜ਼ ਅਲਾਇੰਸ ਪਾਰਟੀ ਦੇ ਮੇਲ ਨਾਲ ਬਣੀ ਪਾਰਟੀ ਅਲਬਰਟਾ ਦੇ ਲੋਕਾਂ ਨੂੰ ਪੀ ਸੀ ਦੇ ਬਦਲ ਵਜੋਂ ਪੇਸ਼ ਹੋਵੇਗੀ। ਆਉਣ ਵਾਲੀਆਂ ਯੂ ਵਾਈ ਚੋਣਾਂ ਤੋਂ ਪਹਿਲਾਂ ਉਨ੍ਹਾਂ ਦੀ ਪਾਰਟੀ ਸਭ ਤੋਂ ਹੇਠਲੇ ਪੱਧਰ 'ਤੇ ਆਪਣੇ ਪ੍ਰੋਗਰਾਮ ਮੈਂਬਰਾਂ ਦੀ ਭਰਤੀ ਤੇ ਉਨ੍ਹਾਂ ਦੀ ਹਰੇਕ ਵਿਧਾਨ ਸਭਾ ਹਲਕੇ 'ਚ ਮੌਜੂਦਗੀ ਰਾਹੀਂ ਵਖਰੀ ਪਛਾਣ ਬਣਾਉਣ ਦੇ ਸਮਰਥ ਹੋਵੇਗੀ। ਸਿਹਤ ਸੰਭਾਲ ਬਾਰੇ ਆਪਣੀ ਪਾਰਟੀ ਦੀ ਪਹੁੰਚ ਦਸਦਿਆਂ ਉਨ੍ਹਾਂ ਕਿਹਾ ਕਿ ਅਲਬਰਟਾ ਵਾਸੀਆਂ ਨੂੰ ਵਧੀਆ ਸਿਹਤ ਸਹੂਲਤਾਂ ਪ੍ਰਾਪਤ ਕਰਨ ਲਈ ਆਪਣੇ ਕਰੈਡਿਟ ਕਾਰਡ ਨਹੀਂ ਵਰਤਣੇ ਪੈਣਗੇ। ਉਨ੍ਹਾਂ ਮੰਨਿਆ ਕਿ ਸੂਬੇ 'ਚ ਐਮਰਜੈਂਸੀ ਇਲਾਜਾਂ ਲਈ ਲੰਮੀ ਇੰਤਜ਼ਾਰ ਕਰਨੀ ਪੈਂਦੀ ਹੈ। ਮੈਡੀਕਲ ਸਟਾਫ਼ ਦੀ ਅਣਹੋਂਦ ਕਾਰਨ ਨਵੇਂ ਹਸਪਤਾਲ ਨਹੀਂ ਚਲਾਏ ਜਾ ਸਕਦੇ। ਉਨ੍ਹਾਂ ਆਪਣੇ ਪ੍ਰੋਗਰਾਮ ਦਾ ਖੁਲਾਸਾ ਕਰਦਿਆਂ ਦਸਿਆ ਕਿ ਫੈਮਿਲੀ ਡਾਕਟਰਾਂ ਨੂੰ ਸੂਬੇ 'ਚ ਰਹਿ ਕੇ ਪ੍ਰੈਕਟਿਸ ਕਰਨ ਲਈ ਉਤਸ਼ਾਹਿਤ ਕੀਤਾ ਜਾਵੇਗਾ।

## ਜੋਰਾ ਸਿੰਘ ਝੱਜ ਨੂੰ ਸਪੋਰਟ ਐਂਡ ਲੀਜ਼ਰ ਐਵਾਰਡ



ਸੀਨੀਅਰ ਐਸੋਸੀਏਸ਼ਨ ਆਫ ਗਰੇਟਰ ਐਡਮਿੰਟਨ (ਸੇਜ) ਵਲੋਂ ਜੋਰਾ ਸਿੰਘ ਝੱਜ ਨੂੰ ਸਪੋਰਟ ਐਂਡ ਲੀਜ਼ਰ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਐਡਮਿੰਟਨ ਦੇ ਡਾਊਨ ਟਾਊਨ ਸਥਿਤ ਸਟਨ ਪਲੇਸ ਹੋਟਲ ਵਿਚ ਝੱਜ ਨੂੰ ਇਹ ਅਵਾਰਡ ਭੇਟ ਕਰਨ ਦੀ ਰਸਮ ਰੇਡੀਓ 630 ਚੈਡ ਦੇ ਨਿਊਜ਼ ਡਾਇਰੈਕਟਰ ਬਾਬ ਲੇਟਨ ਨੇ ਨਿਭਾਈ। ਇਸ ਸਮਾਰੋਹ ਵਿਚ ਅਲਬਰਟਾ ਦੇ ਸੀਨੀਅਰ ਅਤੇ ਕਮਿਊਨਿਟੀ ਮੰਤਰੀ ਮੇਰੀ ਐਨੀ, ਸੇਜ ਦੇ ਪ੍ਰਧਾਨ ਡਿਆਨਾ ਮੈਕਇਨਟਾਈ, ਅਰਿਕ ਇਜਫਲਿਡ, ਰੋਹਿਤ ਗਰੁੱਪ ਦੇ ਮੁਖੀ ਰੇਧੇ ਗੁਪਤਾ, ਪੰਜਾਬੀ ਕਮਿਊਨਿਟੀ ਮੈਂਬਰਾਂ ਸਮੇਤ ਹੋਰ ਭਾਈਚਾਰੇ ਦੇ ਲੋਕ ਵੀ ਸੁਸ਼ੋਭਿਤ ਸਨ। ਸਾਲ 2006 ਵਿਚ ਸ਼ੁਰੂ ਕੀਤੇ ਗਏ ਇਸ ਅਵਾਰਡ ਵਿਚ ਅੱਠ ਖੇਤਰਾਂ ਵਿਚ ਵਾਲੰਟੀਅਰ ਸੇਵਾਵਾਂ ਨਿਭਾਉਣ ਵਾਲੇ ਸੀਨੀਅਰਜ਼ ਨੂੰ ਅਵਾਰਡ ਦਿੱਤੇ ਜਾਂਦੇ ਹਨ, ਜਿਸ ਵਿਚ ਸਪੋਰਟ ਐਂਡ ਲੀਜ਼ਰ, ਆਰਟ ਐਂਡ ਕਲਚਰ, ਪਬਲਿਕ ਐਂਡ ਨਾਨ ਪਰੌਫਿਟ, ਕਮਿਊਨਿਟੀ ਬਿਲਡਿੰਗ ਸਾਇੰਸ ਐਂਡ ਟੈਕਨੌਲੋਜੀ, ਐਜੂਕੇਸ਼ਨ, ਸੋਸ਼ਲ ਜਸਟਿਸ ਐਂਡ ਪੀਸ, ਹੈਲਥ ਐਂਡ ਵੈਲਨੈਸ ਖੇਤਰ ਸ਼ਾਮਲ ਹਨ। ਸੇਜ ਵਲੋਂ ਅਵਾਰਡ ਪ੍ਰਾਪਤ ਕਰਨ ਉਪਰੰਤ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਸ਼੍ਰੀ ਝੱਜ ਨੇ ਕਿਹਾ ਕਿ ਜਿਥੇ ਉਹ ਸੇਜ ਤੇ ਕਮਿਊਨਿਟੀ ਦੇ ਰਿਣੀ ਹਨ, ਉਥੇ ਇਸ ਅਵਾਰਡ ਨਾਲ ਪੰਜਾਬੀ ਕਮਿਊਨਿਟੀ ਵਿਚ ਬਾਕੀ ਸੀਨੀਅਰਜ਼ ਨੂੰ ਵੀ ਉਤਸ਼ਾਹ ਮਿਲੇਗਾ।

## ਓਂਟਾਰੀਓ ਦੇ ਮਜ਼ਦੂਰਾਂ ਨੂੰ ਬਣਦੀ ਉਜਰਤ ਨਹੀਂ ਮਿਲਦੀ

### ਸਰਵੇਖਣ 'ਚ 39 ਫ਼ੀਸਦੀ ਕਾਮਿਆਂ ਨੇ ਓਵਰ ਟਾਈਮ ਨਾ ਮਿਲਣ ਦੀ ਸ਼ਿਕਾਇਤ ਕੀਤੀ

ਵਿੰਡਸਰ (ਓਂਟਾਰੀਓ), (ਨਦਬ) : ਓਂਟਾਰੀਓ ਵਿਚ ਘੱਟ ਉਜਰਤ ਹਾਸਲ ਕਰਨ ਵਾਲੇ ਇਕ ਤਿਹਾਈ ਕਾਮਿਆਂ ਦੀ ਸ਼ਿਕਾਇਤ ਹੈ ਕਿ ਉਨ੍ਹਾਂ ਨੂੰ ਬਣਦੀ ਮਜ਼ਦੂਰੀ ਨਹੀਂ ਦਿੱਤੀ ਜਾਂਦੀ ਅਤੇ ਪੂਰਾ ਕੰਮ ਲੈ ਕੇ ਕਾਨੂੰਨ ਅਨੁਸਾਰ ਭੱਤੇ ਦੇਣ ਤੋਂ ਇਨਕਾਰ ਕਰ ਦਿੱਤਾ ਜਾਂਦਾ ਹੈ। ਇਹ ਪ੍ਰਗਟਾਵਾ ਇਕ ਤਾਜ਼ਾ ਸਰਵੇਖਣ ਵਿਚ ਕੀਤਾ ਗਿਆ। ਟੋਰਾਂਟੋ ਦੇ ਵਰਕਰਜ਼ ਐਕਸ਼ਨ ਸੈਂਟਰ ਵਲੋਂ ਜਾਰੀ ਸਰਵੇਖਣ ਮੁਤਾਬਿਕ, 'ਘੱਟੋ ਘੱਟ ਉਜਰਤ ਅਤੇ ਓਵਰ ਟਾਈਮ ਦਾ ਕਾਨੂੰਨੀ ਹੱਕ ਘੱਟ ਮਜ਼ਦੂਰੀ ਵਾਲੇ ਕਾਮਿਆਂ ਨੂੰ ਨਹੀਂ ਦਿੱਤਾ ਜਾ ਰਿਹਾ।' ਇਹ ਸਰਵੇਖਣ 520 ਕਾਮਿਆਂ 'ਤੇ ਅਧਾਰਤ ਹੈ, ਜਿਸ ਵਿਚ ਕੰਮ ਦੀ ਕਿਸਮ ਦਾ ਵੀ ਜ਼ਿਕਰ ਕੀਤਾ ਗਿਆ ਹੈ। ਵਰਕਰਜ਼ ਐਕਸ਼ਨ ਸੈਂਟਰ ਦੀ ਕੁਆਰਡੀਨੇਟਰ ਡੀਨਾ ਲੈਡ ਨੇ ਕਿਹਾ ਕਿ ਇਸਤੋਂ ਸਪਸ਼ਟ ਹੁੰਦਾ ਹੈ ਕਿ ਘੱਟ ਉਜਰਤਾਂ ਵਾਲੇ ਕਾਮੇ ਕਿੰਨੇ ਮਾੜੇ ਹਾਲਾਤ ਵਿਚ ਕੰਮ ਕਰ ਰਹੇ ਹਨ। ਰਿਪੋਰਟ ਮੁਤਾਬਿਕ 22 ਫ਼ੀਸਦੀ ਕਾਮਿਆਂ ਨੂੰ ਘੱਟੋ ਘੱਟ ਉਜਰਤ ਤੋਂ ਘੱਟ ਅਦਾਇਗੀ ਕੀਤੀ ਗਈ। ਜਦੋਂ ਕਿ 39 ਫ਼ੀਸਦੀ ਨੂੰ ਓਵਰ ਟਾਈਮ ਨਹੀਂ ਦਿੱਤਾ ਗਿਆ। 34 ਫ਼ੀਸਦੀ ਮਜ਼ਦੂਰਾਂ ਨੇ ਛੁੱਟੀਆਂ ਲੈਣ ਸਮੇਂ ਸਮੱਸਿਆ ਆਉਣ ਦੀ ਗੱਲ ਆਖੀ ਅਤੇ 36 ਫੀਸਦੀ ਨੇ ਕਿਹਾ ਕਿ ਉਨ੍ਹਾਂ ਨੂੰ ਬਗੈਰ ਕਾਰਨ ਦੱਸੇ ਨੌਕਰੀ ਤੋਂ ਕੱਢ ਦਿੱਤਾ ਗਿਆ। ਲੈਡ ਨੇ ਕਿਹਾ ਕਿ, 'ਤੁਸੀਂ ਇਹ ਸਭ ਵਿੰਡਸਰ ਵਿਚ ਆਮ ਦੇਖ ਸਕਦੇ ਹੋ।ਜਦੋਂ ਤੁਹਾਡੇ ਕੋਲ ਕੰਮ ਦਾ ਕੋਈ ਬਦਲ ਨਾ ਹੋਵੇ ਇਥੇ ਵੱਡੇ ਪੱਧਰ 'ਤੇ ਬੇਰੁਜ਼ਗਾਰੀ ਫੈਲੀ ਹੋਈ ਹੈ, ਤੁਸੀਂ ਇਸਦੀ ਸ਼ਿਕਾਇਤ ਵੀ ਨਹੀਂ ਕਰ ਸਕਦੇ।' ਸਰਵੇਖਣ ਵਿਚ ਸ਼ਾਮਲ ਲਗਭਗ ਇਕ ਤਿਹਾਈ ਮਜ਼ਦੂਰਾਂ ਨੂੰ 12.50 ਡਾਲਰ ਪ੍ਰਤੀ ਘੰਟਾ ਤੋਂ ਘੱਟ ਅਦਾਇਗੀ ਕੀਤੀ ਗਈ, ਜਿਸਤੋਂ ਪਤਾ ਚਲਦਾ ਹੈ ਕਿ ਉਹ ਕਿਸ ਤਰ੍ਹਾਂ ਆਪਣੀਆਂ ਰੋਜ਼ਾਨਾ ਲੋੜਾਂ ਪੂਰੀਆਂ ਕਰਨ ਲਈ ਸੰਘਰਸ਼ ਕਰ ਰਹੇ ਹਨ।


**Asian Western Grocery Store**

**8324 - 160 Ave. Edmonton, AB. T5Z 3P1**

**NOW OPEN**

*All indian, Fijian, South African Grocery*

**ਏਸ਼ੀਅਨ ਵੈਸਟ੍ਰਨ ਗਰੋਸਰੀ ਐਂਡ ਮੂਵੀ ਸਟੋਰ**

ਸਾਫ ਸੁਥਰੀ ਅਤੇ ਵਧੀਆ ਗਰੋਸਰੀ,ਵਧੀਆ ਸਬਜ਼ੀਆਂ, ਮੀਟ, ਹਰ ਤਰਾਂ ਦੇ ਭਾਂਡੇ, ਇੰਡੀਆ ਕਾਲ ਕਰਨ ਲਈ ਕਾਰਡ, ਨਵੀਆਂ ਮੂਵੀਆਂ - ਡਰਾਮੇ ਅਤੇ ਸੀਡੀਆਂ ਆਦਿ ਵਾਜਬ ਕੀਮਤ ਤੇ ਲੈਣ ਲਈ ਸਾਡੇ ਸਟੋਰ ਤੇ ਇੱਕ ਗੇੜਾ ਜ਼ਰੂਰ ਮਾਰੋ।











For more information call

Balraj @

780-756-2225

780-660-2061

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

## ਸੰਪਾਦਕੀ

# ਪ੍ਰੋ ਭੁੱਲਰ ਨੂੰ ਫਾਂਸੀ ਦੀ ਸਜ਼ਾ ’ਤੇ ਚੁਣਾਵੀ ਸਿਆਸਤ

ਪੰਜਾਬ ਵਿਚ ਕੁਝ ਭਾਵੁਕ ਮੁੱਦੇ ਇਕਦਮ ਉਠ ਖਲੋਏ ਹਨ। ਇਹ ਅਚਨਚੇਤੀ ਨਹੀਂ ਹਨ, ਇਹਦੇ ਪਿਛੇ ਬਾਕਾਇਦਾ ਉਹ ਸਿਆਸਤ ਕੰਮ ਕਰ ਰਹੀ ਹੈ, ਜਿਹਨੂੰ ਚੋਣ ਸਿਆਸਤ ਕਿਹਾ ਜਾਂਦਾ ਹੈ। ਇਨ੍ਹਾਂ ਭਾਵੁਕ ਮੁੱਦਿਆਂ ਵਿਚ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦਾ ਮੁੱਦਾ ਸਭ ਤੋਂ ਅਹਿਮ ਹੈ। ਇਹ ਮੁੱਦਾ ਪੰਜਾਬ ਖਾਸਕਰ ਸਿੱਖ ਮਾਨਸਿਕਤਾ ਦੇ ਬੇਹੱਦ ਨੇੜੇ ਜੁੜਿਆ ਹੋਣ ਕਾਰਨ ਪੰਜਾਬ ਦੀਆਂ ਪ੍ਰਮੁਖ ਸਿਆਸੀ ਧਿਰਾਂ ਨੂੰ ਚੋਣ ਹਥਿਆਰ ਵਜੋਂ ਵਰਤਣ ਵਿਚ ਕੋਈ ਗੁਰੇਜ਼ ਨਹੀਂ ਹੈ। ਇਹੀ ਕਾਰਨ ਹੈ ਕਿ ਜਦੋਂ ਪਿਛਲੇ 9 ਸਾਲ ਤੋਂ ਭਾਰਤ ਦੇ ਰਾਸ਼ਟਰਪਤੀ ਕੋਲ ਆਈ ਪ੍ਰੋ. ਭੁੱਲਰ ਦੀ ਮੁਆਫ਼ੀ ਦੀ ਅਰਜ਼ੀ ਰੱਦ ਹੁੰਦੀ ਹੈ ਤਾਂ ਤੁਰੰਤ ਇਸ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਅਤੇ ਕਾਂਗਰਸ ਪਾਰਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਆਪਣਾ ਪ੍ਰਮੁਖ ਏਜੰਡਾ ਬਣਾ ਲੈਂਦੇ ਹਨ। ਯਾਦ ਰੱਖਣ ਵਾਲੀ ਗੱਲ ਹੈ ਕਿ ਜਿਹੜੇ ਸ੍ਰੀ ਬਾਦਲ ਅੱਜ ਪ੍ਰੋ. ਭੁੱਲਰ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਦੀ ਮੰਗ ਕਰ ਰਹੇ ਹਨ, ਇਨ੍ਹਾਂ ਨੇ ਹੀ ਕੁਝ ਮਹੀਨੇ ਪਹਿਲਾਂ ਪ੍ਰੋ. ਭੁੱਲਰ ਨੂੰ ਤਿਹਾੜ ਜੇਲ੍ਹ ’ਚੋਂ ਪੰਜਾਬ ਦੀ ਕਿਸੇ ਜੇਲ੍ਹ ਵਿਚ ਤਬਦੀਲ ਕਰਨ ਦੀ ਪਟੀਸ਼ਨ ਦਾ ਇਹ ਕਹਿੰਦਿਆਂ ਸਖ਼ਤ ਵਿਰੋਧ ਕੀਤਾ ਸੀ ਕਿ ਇਸ ਨਾਲ ਪੰਜਾਬ ਦੇ ਅਮਨ ਨੂੰ ਖ਼ਤਰਾ ਹੋ ਸਕਦਾ ਹੈ। ਸਿਆਸੀ ਮਾਹਰ ਸ੍ਰੀ. ਬਾਦਲ ਦੀ ਇਸ ਚੁਣਾਵੀ ਉਲਟਬਾਜ਼ੀ ਤੋਂ ਬਿਲਕੁਲ ਹੈਰਾਨ ਨਹੀਂ ਹਨ ਤੇ ਆਮ ਲੋਕ ਤਾਂ ਹੁੰਦੇ ਹੀ ਭੁਲਣਹਾਰ ਹਨ। ਪੰਜਾਬੀਆਂ ਦੇ ਇਸੇ ਭੁਲਕੜ ਸੁਭਾਅ ਦਾ ਸਿਆਸੀ ਲੋਕ ਨਾਜਾਇਜ਼ ਲਾਭ ਉਠਾਉਂਦੇ ਾਇ ਹਨ ਤੇ ਇਸੇ ਰਵਾਇਤ ਨੂੰ ਸ੍ਰੀ ਬਾਦਲ ਨੇ ਅੱਗੇ ਤੋਰਿਆ ਹੈ। ਉਧਰ ਕੈਪਟਨ ਅਮਰਿੰਦਰ ਸਿੰਘ ਦੀ ਕਾਰਜਸ਼ੈਲੀ ਹੀ ਅਜਿਹੀ ਹੈ ਕਿ ਉਹ ਅਕਸਰ ਆਪਣੀ ਪਾਰਟੀ ਕਾਂਗਰਸ ਦੀ ਨੀਤੀ ਤੋਂ ਉਲਟ ਫੈਸਲੇ ਲੈਂਦੇ ਆਏ ਹਨ। ਪੰਜਾਬ ਦੇ ਪਾਣੀਆਂ ਦੇ ਮੁੱਦੇ ਤੋਂ ਲੈ ਕੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਵਾਉਣ ਦੀ ਮੰਗ ਤੱਕ ਉਨ੍ਹਾਂ ਨੇ ਪੰਜਾਬੀਆਂ ਨੂੰ ਇਹ ਅਹਿਸਾਸ ਕਰਵਾਉਣ ਦੀ ਸਦਾ ਹੀ ਕੋਸ਼ਿਸ਼ ਕੀਤੀ ਹੈ ਕਿ ਉਹ ਪੰਜਾਬ ਅਤੇ ਪੰਜਾਬੀਆਂ ਲਈ ਆਪਣਾ ਸਾਰਾ ਸਿਆਸੀ ਕੈਰੀਅਰ ਦਾਅ ’ਤੇ ਲਾ ਸਕਦੇ ਹਨ। ਕਾਂਗਰਸ ਪਾਰਟੀ ਦੀ ਨੀਤੀ ਤੋਂ ਐਨ ਉਲਟ ਲਏ ਫੈਸਲਿਆਂ ਕਰਕੇ ਹੀ ਸਾਰੀਆਂ ਖਾਮੀਆਂ ਦੇ ਬਾਵਜੂਦ ਕੈਪਟਨ ਅਮਰਿੰਦਰ ਸਿੰਘ ਪੰਜਾਬ ਦੇ ਸਭ ਤੋਂ ਲੋਕਪ੍ਰਿਯ ਸਿਆਸੀ ਲੀਡਰ ਦੇ ਤੌਰ ’ਤੇ ਆਪਣੇ ਆਪ ਨੂੰ ਸਥਾਪਤ ਕਰਨ ਵਿਚ ਸਫ਼ਲ ਰਹੇ ਹਨ ਪਰ ਇਥੇ ਵੀ ਇਕ ਸਵਾਲ ਪੈਦਾ ਹੁੰਦਾ ਹੈ ਕਿ ਸਾਧਾਰਨ ਜਿਹੀ ਕੋਤਾਹੀ ਕਰਨ ’ਤੇ ਹੀ ਕਿਸੇ ਵੀ ਲੀਡਰ ਨੂੰ 'ਕਾਰਨ ਦੱਸੋ’ ਨੋਟਿਸ ਜਾਰੀ ਕਰਨ ਦੀ ਰਵਾਇਤ ਵਾਲੀ ਕਾਂਗਰਸ ਪਾਰਟੀ ਨੇ ਪਾਰਟੀ ਦੇ ਵਿਰੁੱਧ ਜਾ ਕੇ ਵੱਡੇ ਵੱਡੇ ਫੈਸਲੇ ਲੈਣ ਵਾਲੇ ਕੈਪਟਨ ਅਮਰਿੰਦਰ ਸਿੰਘ ਨੂੰ ਕਦੇ ਕੁਝ ਕਿਉਂ ਨਹੀਂ ਪੁੱਛਿਆ ਦੱਸਿਆ?

ਦਰਅਸਲ, ਇਥੇ ਸਮਝਣ ਵਾਲਾ ਤੱਥ ਇਹ ਹੈ ਕਿ ਕੈਪਟਨ ਅਮਰਿੰਦਰ ਜੋ ਵੀ ਕਰਦੇ ਹਨ, ਪੂਰੀ ਤੈਅਸ਼ੁਦਾ ਯੋਜਨਾ ਤਹਿਤ ਹੀ ਕਰਦੇ ਹਨ ਤੇ ਬਿਨਾਂ ਹਾਈ ਕਮਾਂਡ ਦੀ ਮਨਜ਼ੂਰੀ ਦੇ ਕੁਝ ਨਹੀਂ ਕਰਦੇ। ਕੈਪਟਨ ਅਮਰਿੰਦਰ ਨੇ ਦਿੱਲੀ ਬੈਠੀ ਆਪਣੀ ਲੀਡਰਸ਼ਿਪ ਨੂੰ ਇਹ ਸਮਝਾਇਆ ਹੋਇਆ ਲਗਦਾ ਹੈ ਕਿ ਜੇਕਰ ਪੰਜਾਬ ਵਿਚ ਅਕਾਲੀਆਂ ਨਾਲ ਮੁਕਾਬਲਾ ਕਰਨਾ ਹੈ ਤਾਂ ਉਨ੍ਹਾਂ ਦੇ ਏਜੰਡਿਆਂ ਨੂੰ ਹੀ ਅਗਵਾ ਕਰਕੇ ਉਨ੍ਹਾਂ ਦਾ ਮੁਕਾਬਲਾ ਹੋ ਸਕਦਾ ਹੈ। ਇਸੇ ਲਈ ਪਿਛਲੀ ਸਰਕਾਰ ਦੇ ਮੁੱਖ ਮੰਤਰੀ ਹੁੰਦਿਆਂ ਉਨ੍ਹਾਂ ਬਹੁਤ ਸਾਰੇ ਅਜਿਹੇ ਕੰਮ ਕੀਤੇ ਸਨ, ਜਿਨ੍ਹਾਂ ਕਰਕੇ ਉਨ੍ਹਾਂ ਨੂੰ ਸ੍ਰੀ ਬਾਦਲ ਤੋਂ ਵੀ ਜ਼ਿਆਦਾ ਪੰਥਕ ਮੰਨਿਆ ਜਾਣ ਲੱਗਾ ਸੀ। ਹੁਣ ਪ੍ਰੋ. ਭੁੱਲਰ ਦੇ ਮਾਮਲੇ ’ਤੇ ਵੀ ਕਾਂਗਰਸ ਪਾਰਟੀ ਤੋਂ ਬਿਲਕੁਲ ਵੱਖਰਾ ਸਟੈਂਡ ਲੈ ਕੇ ਕੈਪਟਨ ਨੇ ਸ੍ਰੀ ਬਾਦਲ ਤੋਂ ਵੀ ਅੱਗੇ ਜਾਣ ਦੀ ਕੋਸ਼ਿਸ਼ ਕੀਤੀ ਹੈ ਤੇ ਇਹ ਸਾਰੀ ਕਸਰਤ ਆਉਂਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਕਰਕੇ ਹੀ ਹੈ।

ਉਂਝ ਪ੍ਰੋ. ਭੁੱਲਰ ਦੇ ਮਾਮਲੇ ਨੇ ਫਾਂਸੀ ਦੀ ਸਜ਼ਾ ਦਾ ਮੁੱਦਾ ਜ਼ਰੂਰ ਇਕ ਵਾਰ ਫੇਰ ਮਹੱਤਵਪੂਰਨ ਬਣਾ ਦਿੱਤਾ ਹੈ। ਇਹ ਵਾਜਬ ਬਹਿਸ ਦਾ ਮੁੱਦਾ ਹੈ ਕਿ ਫਾਂਸੀ ਦੀ ਸਜ਼ਾ ਹੋਣੀ ਚਾਹੀਦੀ ਹੈ ਕਿ ਨਹੀਂ। ਦੁਨੀਆ ਦੇ ਬਹੁਤ ਸਾਰੇ ਮੁਲਕਾਂ ਵਿਚ ਫਾਂਸੀ ਦੀ ਸਜ਼ਾ ਨਹੀਂ ਦਿੱਤੀ ਪਰ ਕੁਝ ਇਕ ਮੁਲਕਾਂ ਵਿਚ ਤਾਂ ਫਾਂਸੀ ਤੋਂ ਵੀ ਅੱਗੇ ਬੇਹੱਦ ਜ਼ਾਲਮਾਨਾ ਤਰੀਕੇ ਨਾਲ ਦੋਸ਼ੀ ਨੂੰ ਖ਼ਤਮ ਕਰਨ ਦੀ ਰਵਾਇਤ ਰਹੀ ਹੈ। ਸੋ, ਇਸ ਮਸਲੇ ’ਤੇ ਭਾਰਤ ਵਿਚ ਵੀ ਸ਼ਾਰਥਕ ਵਿਚਾਰ-ਵਟਾਂਦਰੇ ਤੋਂ ਬਾਅਦ ਮਾਨਵੀ ਆਧਾਰ ’ਤੇ ਕਿਸੇ ਸਿੱਟੇ ’ਤੇ ਪਹੁੰਚਣ ਦੀ ਆਸ ਕਰਨੀ ਚਾਹੀਦੀ ਹੈ ਪਰ ਕਿਸੇ ਨੂੰ ਫਾਂਸੀ ਦੀ ਸਜ਼ਾ ਮਨੁੱਖੀ ਅਧਿਕਾਰਾਂ ਲਈ ਕੰਮ ਕਰਦੀਆਂ ਜਥੇਬੰਦੀਆਂ/ਅਦਾਰਿਆਂ ਲਈ ਤਾਂ ਉਨ੍ਹਾਂ ਦਾ ਏਜੰਡਾ ਹੋਣਾ ਚਾਹੀਦਾ ਹੈ ਪਰ ਇਸਨੂੰ ਚੁਣਾਵੀ ਹਥਿਆਰ ਵਜੋਂ ਵਰਤਣ ਦੀ ਆਗਿਆ ਨਹੀਂ ਦਿੱਤੀ ਜਾਣੀ ਚਾਹੀਦੀ।

# ਸਰਦਾਰਨੀ ਸੁਰਿੰਦਰ ਕੌਰ ਬਾਦਲ ਦੇ ਵਿਛੋੜੇ ਤੋਂ ਬਾਅਦ

ਸਰਦਾਰਨੀ ਸੁਰਿੰਦਰ ਕੌਰ ਬਾਦਲ ਲੰਮੀ ਬਿਮਾਰੀ ਤੋਂ ਬਾਅਦ ਸਦਾ ਲਈ ਤੁਰ ਗਏ ਹਨ। ਅਦਾਰਾ 'ਨਵੀਂ ਦੁਨੀਆ’ ਉਨ੍ਹਾਂ ਦੇ ਇਸ ਵਿਛੋੜੇ ’ਤੇ ਬਾਦਲ ਪਰਿਵਾਰ ਨਾਲ ਡੂੰਘੀ ਸੰਵੇਦਨਾ ਪ੍ਰਗਟ ਕਰਦਾ ਹੈ।



ਪਾਠਕ ਜਾਣਦੇ ਹਨ ਕਿ ਸੁਰਿੰਦਰ ਕੌਰ ਬਾਦਲ ਨੂੰ ਦੁਨੀਆ ਦੀ ਹਰ ਸਹੂਲਤ ਹੋਣ ਦੇ ਬਾਵਜੂਦ ਕੈਂਸਰ ਤੋਂ ਬਚਾਇਆ ਨਹੀਂ ਜਾ ਸਕਿਆ। ਪਾਠਕਾਂ ਨੂੰ ਸ਼ਾਇਦ ਇਹ ਇਲਮ ਵੀ ਹੋਵੇ ਕਿ ਪੰਜਾਬ ਦੇ ਇਕ ਹੋਰ ਵੱਡੇ ਸਿਆਸੀ ਘਰਾਣੇ ਅਤੇ ਸਾਬਕਾ ਮੁੱਖ ਮੰਤਰੀ ਹਰਚਰਨ ਸਿੰਘ ਬਰਾੜ ਦਾ ਬੇਟਾ ਸੰਨੀ ਬਰਾੜ ਵੀ ਕੈਂਸਰ ਨਾਲ ਹੀ ਜੂਝ ਰਿਹਾ ਹੈ। ਬਾਦਲ ਅਤੇ ਬਰਾੜ ਘਰਾਣੇ ਉਸੇ ਮਾਲਵੇ ਦੇ ਹਨ, ਜਿਥੇ ਹਰ ਘਰ ਦੇ ਵਿਹੜੇ ਨੂੰ ਕੈਂਸਰ ਦੇ ਹੱਲੇ ਨੇ ਬੇਰੌਣਕ ਕਰ ਛੱਡਿਆ ਹੈ। ਬਠਿੰਡਾ ਤੋਂ ਹਰ ਰੋਜ਼ ਬੀਕਾਨੇਰ ਨੂੰ ਜਾਂਦੀ ਰੇਲ ਗੱਡੀ ਦਾ ਨਾਂਅ ਹੀ 'ਕੈਂਸਰ ਟਰੇਨ’ ਪੈ ਚੁੱਕਾ ਹੈ। ਅਜਿਹੀ ਬਦਤਰ ਹਾਲਤ ਵਿਚ ਕੈਂਸਰ ਦਾ ਮੁਕਾਬਲਾ ਕਰਨ ਲਈ ਹੁਣ ਤਾਂ ਬਾਦਲ ਪਰਿਵਾਰ ਜ਼ਰੂਰ ਹੀ ਹਰਕਤ ਵਿਚ ਆਏਗਾ, ਇਹਦੀ ਉਮੀਦ ਕੀਤੀ ਜਾਣੀ ਚਾਹੀਦੀ ਹੈ। ਕੈਂਸਰ ਦਾ ਮੁਕਾਬਲਾ ਕੇਵਲ ਕੈਂਸਰ ਹਸਪਤਾਲ ਖੋਲ੍ਹ ਕੇ ਹੀ ਨਹੀਂ ਕੀਤਾ ਜਾ ਸਕਦਾ, ਸਗੋਂ ਇਹਦੇ ਕਾਰਨਾਂ ਨੂੰ ਜੜ੍ਹੋਂ ਖ਼ਤਮ ਕਰਨਾ ਹੀ ਇਹਦਾ ਸਹੀ ਇਲਾਜ ਹੈ ਤੇ ਬਾਦਲ ਪਰਿਵਾਰ ਮੁੜ ਸੱਤਾ ਵਿਚ ਆਵੇ ਜਾਂ ਨਾ, ਉਹਨੂੰ ਕੈਂਸਰ ਵਿਰੁੱਧ ਜਹਾਦ ਆਪਣਾ ਪ੍ਰਮੁਖ ਏਜੰਡਾ ਬਣਾ ਲੈਣਾ ਚਾਹੀਦਾ ਹੈ। ਇਸ ਤੋਂ ਵੱਡੀ ਅਤੇ ਸੱਚੀ ਸ਼ਰਧਾਜਲੀ ਬੀਬੀ ਸੁਰਿੰਦਰ ਕੌਰ ਬਾਦਲ ਨੂੰ ਸ਼ਾਇਦ ਹੀ ਕੋਈ ਹੋਰ ਹੋਵੇ।

ਸੰਪਾਦਕੀ ਬੋਰਡ — ਨਵਤੇਜ, ਦਲਬੀਰ ਸਾਂਗਿਆਣ
ਸੁਸ਼ੀਲ ਦੁਸਾਂਝ
ਸਲਾਹਕਾਰ ਬੋਰਡ — ਡਾ ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)

2nd Floor 3448 – 93 Street NW,
Edmonton T6E 6A4, Alberta (Canada)
Phone: 780 465 9118 Fax: 780 465 0661
e-mail: info@nawidunia.com

# ਪੰਜਾਬ ਦੀ ਅਕਾਲੀ-ਭਾਜਪਾ ਗਠਜੋੜ ਸਰਕਾਰ ਦੀਆਂ ਅਦਿੱਖ ਦਰਾੜਾਂ

ਪ੍ਰੋ. ਰਾਕੇਸ਼ ਰਮਨ
raman.mlp@gmail.com



ਪੰਜਾਬ ਦੀ ਅਕਾਲੀ-ਭਾਜਪਾ ਗਠਜੋੜ ਸਰਕਾਰ ਨੂੰ ਹੁਣੇ ਜਿਹੇ ਇਕ ਜ਼ੋਰਦਾਰ ਝਟਕਾ ਉਦੋਂ ਲੱਗਾ ਜਦੋਂ ਇਸ ਦੇ ਇੱਕ ਸੰਸਦੀ ਸਕੱਤਰ ਨੂੰ ਸੀ.ਬੀ.ਆਈ. ਨੇ ਡੇਢ ਕਰੋੜ ਰੁਪਏ ਦੇ ਰਿਸ਼ਵਤ ਕਾਂਡ ਵਿਚ ਗ੍ਰਿਫ਼ਤਾਰ ਕਰ ਲਿਆ। ਤਫ਼ਤੀਸ਼ ਦੌਰਾਨ ਜੋ ਤੱਥ ਸਾਹ-ਮਦੇ ਆਏ, ਉਨ੍ਹਾਂ ਅਨੁਸਾਰ ਭਾਜਪਾ ਸੰਸਦੀ ਸਕੱਤਰ ਰਾਜ ਖੁਰਾਣਾ ਨੂੰ ਦਿੱਤੀ ਜਾਣ ਵਾਲੀ ਰਿਸ਼ਵਤ ਦਾ ਹਿੱਸਾ ਤਤਕਾਲੀ ਮੰਤਰੀ ਮਨੋਰੰਜਨ ਕਾਲੀਆ ਅਤੇ ਭਾਜਪਾ ਦੇ ਹੀ ਇਕ ਹੋਰ ਮੰਤਰੀ ਸਵਰਨਾ ਰਾਮ ਨੂੰ ਵੀ ਜਾਣਾ ਸੀ। ਜ਼ਿਕਰਯੋਗ ਹੈ ਕਿ ਉਸ ਸਮੇਂ ਮਨੋਰੰਜਨ ਕਾਲੀਆ ਕੋਲ ਕੈਬਨਿਟ ਰੈਂਕ ਦਾ ਇਕ ਅਹਿਮ ਵਿਭਾਗ ਹੀ ਨਹੀਂ ਸੀ ਸਗੋਂ ਉਹ ਪੰਜਾਬ ਵਿਧਾਨ ਸਭਾ ਵਿਚ ਵਿਧਾਇਕ ਦਲ ਦਾ ਨੇਤਾ ਵੀ ਸੀ। ਇਸ ਰਿਸ਼ਵਤ ਕਾਂਡ ਦੇ ਨਸ਼ਰ ਹੋਣ ਨਾਲ ਗਠਜੋੜ ਦੀਆਂ ਵੀ ਜੜ੍ਹਾਂ ਹਿੱਲ ਗਈਆਂ। ਵਰਤਮਾਨ ਸਰਕਾਰ ਦਾ ਮੁਖੀ ਵੀ, ਜੋ ਕੁੱਝ ਦਿਨ ਪਹਿਲਾਂ ਹੀ ਭ੍ਰਿਸ਼ਟਾਚਾਰੀਆਂ ਨੂੰ ਫਾਹੇ ਟੰਗਣ ਦਾ ਬਿਆਨ ਦੇ ਕੇ ਹਟਿਆ ਸੀ, ਇੱਕ ਵਾਰ ਤਾਂ ਭੋਚਲਾ ਹੀ ਗਿਆ ਤੇ 'ਕਰੇਗਾ ਸੋ ਭਰੇਗਾ’ ਵਰਗਾ ਬੇਸਿਰ ਪੈਰ ਬਿਆਨ ਹੀ ਦੇ ਸਕਿਆ। ਇਹ ਬਿਆਨ ਫਿਰ ਸਰਕਾਰ ਦੇ ਰਾਜਸੀ ਸਮੀਕਰਣ ਨੂੰ ਮੁੱਖ ਰੱਖਦਿਆਂ ਬਾਅਦ ਵਿਚ ਉਨ੍ਹਾਂ ਨੂੰ ਬਦਲਣਾ ਵੀ ਪਿਆ।




ਬਾਅਦ ਦੇ ਬਿਆਨਾਂ ਵਿੱਚ ਜਾਂ ਸਰਕਾਰ ਦੀਆਂ ਸਫ਼ਾਈਆਂ ਵਿੱਚ ਰਿਸ਼ਵਤ ਕਾਂਡ ਨੂੰ ਭਾਵੇਂ ਕੇਂਦਰ ਦੀ ਸਾਜ਼ਿਸ਼ ਕਰਾਰ ਦਿੱਤਾ ਗਿਆ, ਪਰ ਹੁਣ ਤਕ ਗਠਜੋੜ ਸਰਕਾਰ ਦਾ ਕਾਫ਼ੀ ਨੁਕਸਾਨ ਹੋ ਚੁੱਕਾ ਸੀ। ਨੁਕਸਾਨ ਪੂਰਤੀ ਹਿੱਤ ਇੱਕ ਵਾਰ ਤਾਂ ਭਾਜਪਾ ਨੂੰ ਆਪਣੇ ਸਾਰੇ ਮੰਤਰੀ ਪੰਜਾਬ ਮੰਤਰੀ ਮੰਡਲ ਵਿੱਚੋਂ ਹਟਾਉਣੇ ਪਏ। ਦੋ ਕੁ ਨੂੰ ਛੱਡ ਕੇ ਭਾਜਪਾ ਵਿਧਾਇਕ ਦਲ ਵਿੱਚੋਂ ਨਵੇਂ ਚਿਹਰੇ ਲਏ ਗਏ। ਨੁਕਸਾਨ ਪੂਰਤੀ ਹੋਈ ਕਿ ਨਹੀਂ ਇਸ ਬਾਰੇ ਤਾਂ ਸਮਾਂ ਹੀ ਦੱਸੇਗਾ, ਪਰ ਅਜਿਹਾ ਹੋਣ ਨਾਲ ਭਾਜਪਾ ਤੇ ਅਕਾਲੀ ਦਲ (ਬ) ਵਿਚਕਾਰ ਦੂਰੀ ਹੋਰ ਵੀ ਵੱਧ ਗਈ, ਜੋ ਸੂਬਾਈ ਪੱਧਰ ’ਤੇ ਕਈ ਕਾਰਨਾਂ ਕਰ ਕੇ ਪਹਿਲਾਂ ਹੀ ਬਣੀ ਹੋਈ ਸੀ।

ਅਕਾਲੀ ਦਲ (ਬ) ਅਤੇ ਭਾਜਪਾ ਦੋਵਾਂ ਵਿਚਕਾਰਲੀ ਏਕਤਾ ਦਾ ਆਧਾਰ ਸੰਪ੍ਰਦਾਇਕ ਹੈ ਅਤੇ ਅੱਗੋਂ ਇਸ ਸੰਪਦਾਇਕ ਏਕਤਾ ਦੀ ਵਿਧੀ ਮਕਾਨਕੀ ਹੈ। ਦੋਵਾਂ ਪਾਰਟੀਆਂ ਨੇ ਆਪਣੇ ਚੁਣਾਵੀ ਗਣਿਤ ਨੂੰ ਮੁੱਖ ਰੱਖਕੇ ਦੋ ਫਿਰਕਿਆਂ ਦੀਆਂ ਵੋਟਾਂ ਦੇ ਬੈਂਕ ਆਪਣੀ ਅਖੌਤੀ ਏਕਤਾ ਰਾਹੀਂ ਲਿੰਕ ਕਰਨ ਦਾ ਜੁਗਾੜ ਕੀਤਾ ਹੋਇਆ ਹੈ। ਦੋਵੇਂ ਪਾਰਟੀਆਂ, ਜਿਸ ਤਰ੍ਹਾਂ ਦਾ ਸਿਆਸੀ ਸਭਿਆਚਾਰ ਰੱਖਦੀਆਂ ਹਨ, ਕੇਵਲ ਆਪਣੇ ਬਲਬੂਤੇ ਸੱਤਾ ਵਿਚ ਨਹੀਂ ਆ ਸਕਦੀਆਂ। ਦੂਜੇ ਪਾਸੇ ਇਹ ਪਾਰਟੀਆਂ ਆਪਣੇ ਆਪਣੇ ਫਿਰਕੇ ਨੂੰ ਇਕ ਚੰਗੇ ਵੋਟ ਬੈਂਕ ਵਜੋਂ ਸੁਰੱਖਿਅਤ ਰੱਖਣ ਲਈ ਦੋਵਾਂ ਫਿਰਕਿਆਂ ਦੀ ਅਲਹਿਦਗੀ ਨੂੰ ਬਰਕਰਾਰ ਰੱਖਣ ਦੇ ਯਤਨ ’ਚ ਰਹਿੰਦੀਆਂ ਹਨ। ਸੱਤਾ ਨੂੰ ਆਪਣੀ ਪਹੁੰਚ ਵਿੱਚ ਕਰਨ ਲਈ ਹੀ ਦੋਵੇਂ ਪਾਰਟੀਆਂ ਚੋਣ ਸਮਝੌਤਾ ਤੇ ਭਾਈਵਾਲੀ ਕਰਦੀਆਂ ਹਨ। ਸੱਤਾ ਨੂੰ ਆਪਣੀ ਪਹੁੰਚ ਵਿਚ ਕਰਨ ਤੋਂ ਇਲਾਵਾ ਜੇਕਰ ਦੋਵਾਂ ਵਿਚਕਾਰ ਕੋਈ ਸਾਂਝ ਹੈ ਤਾਂ ਕੇਵਲ ਇਹੋ ਹੈ ਕਿ ਦੋਵੇਂ ਹੀ ਫਿਰਕੂ ਪਾਰਟੀਆ ਹਨ।

ਪੰਜਾਬ ਵਿੱਚ ਅਕਾਲੀ-ਭਾਜਪਾ ਦੀਆਂ ਤਰਜੀਹਾਂ ਇਨ੍ਹਾਂ ਦੀ ਮੌਕਾਪ੍ਰਸਤ ਭਾਈਵਾਲੀ ਤੋਂ ਹੀ ਸਪੱਸ਼ਟ ਹੋ ਜਾਂਦੀਆਂ ਹਨ ਪਰ ਵਿਵਹਾਰਿਕ ਪੱਧਰ ’ਤੇ ਪਿਛਲੇ ਸਵਾ ਕੁ ਚਾਰ ਸਾਲਾਂ ਦੌਰਾਨ ਅਜਿਹਾ ਵੀ ਵਾਪਰਿਆ ਹੈ ਜਿਸ ਨੇ ਭਾਜਪਾ ਨੂੰ ਨਿਰਾਸ਼ ਵੀ ਕੀਤਾ ਹੈ ਅਤੇ ਨਰਾਜ਼ ਵੀ। ਗਠਜੋੜ ਵਿੱਚ ਅਕਾਲੀ ਦਲ (ਬ) ਦੀ ਆਪਣੇ ਜੂਨੀਅਰ ਭਾਈਵਾਲ ਪ੍ਰਤੀ ਵਤੀਰਾ ਹਮੇਸ਼ਾ ਦਬਦਬੇ ਵਾਲਾ ਰਿਹਾ ਹੈ। ਜਦੋਂ ਸਿੱਖਾਂ ਦੇ ਸਿਰਮੌਰ ਧਾਰਮਿਕ ਅਸਥਾਨ ਦੇ ਅਜਾਇਬ ਘਰ ਵਿੱਚ ਇਕ ਕੱਟੜ ਧਾਰਮਿਕ ਆਗੂ ਦੀ ਤਸਵੀਰ ਲਗਾਉਣ ਨੂੰ ਗਠਜੋੜ ਦੇ ਸੀਨੀਅਰ ਭਾਈਵਾਲ ਨੇ ਹਰੀ ਝੰਡੀ ਦਿੱਤੀ ਤਾਂ ਭਾਜਪਾ ਦੀ ਪਿੱਠ ’ਤੇ ਖੜੇ ਧਾਰਮਿਕ ਫਿਰਕੇ ਦੀਆਂ ਭਾਵਨਾਵਾਂ ਦਾ ਕੋਈ ਖ਼ਿਆਲ ਨਹੀਂ ਰੱਖਿਆ ਗਿਆ। ਭਾਜਪਾ ਇਸ ਸਮੇਂ ਕੇਵਲ ਓਪਰਾ ਜਿਹਾ ਵਿਰੋਧ ਹੀ ਜਤਾ ਸਕੀ ਤੇ ਸੱਤਾ ਮਾਨਣ ਦੇ ਲੋਭ ਅਧੀਨ ਆਪਣੇ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਵੀ ਨਜ਼ਰਅੰਦਾਜ਼ ਕਰ ਗਈ। ਵਰਤਮਾਨ ਗਠਜੋੜ ਲਈ ਭਾਜਪਾ ਨੇ ਕਾਫ਼ੀ ਸੀਟਾਂ ਜਿੱਤੀਆਂ ਹਨ। ਭਾਜਪਾ ਦੀ ਚੁਣਾਵੀ ਸਥਿਤੀ ਜੇਕਰ ਥੋੜ੍ਹੀ ਜਿਹੀ ਵੀ ਲੜਖੜਾ ਗਈ ਹੁੰਦੀ ਤਾਂ ਸ਼ਾਇਦ ਮੌਜੂਦ ਸਰਕਾਰ ਨੂੰ ਸੱਤਾ ਵਿੱਚ ਆਉਣ ਦਾ ਅਵਸਰ ਹੀ ਪ੍ਰਾਪਤ ਨਾ ਹੋਇਆ ਹੁੰਦਾ। ਇਸੇ ਦਲੀਲ ਨਾਲ ਭਾਜਪਾ ਵਲੋਂ ਵਾਰ ਵਾਰ ਆਪਣੀ ਪਾਰਟੀ ਲਈ ਉਪ ਮੁੱਖ ਮੰਤਰੀ ਦੇ ਅਹੁਦੇ ਦੀ ਮੰਗ ਕੀਤੀ ਜਾਂਦੀ ਰਹੀ, ਪਰ ਸ਼੍ਰੋਮਣੀ ਅਕਾਲੀ ਦਲ (ਬ) ਦੀ ਲੀਡਰਸ਼ਿਪ ਨੇ ਇਸ ਮੰਗ ਪ੍ਰਤੀ ਚੁੱਪ ਹੀ ਵੱਟੀ ਰੱਖੀ। ਉਦੋਂ ਪ੍ਰਤੀਤ ਹੁੰਦਾ ਸੀ ਕਿ ਸ਼ਾਇਦ ਇਸ ਸਰਕਾਰ ਨੂੰ ਉਪ ਮੁੱਖ ਮੰਤਰੀ ਦੇ ਅਹੁਦੇ ਦੀ ਕੋਈ ਲੋੜ ਹੀ ਨਹੀਂ ਹੈ ਪਰ ਜਦੋਂ ਵਰਤਮਾਨ ਮੁੱਖ ਮੰਤਰੀ ਦੇ ਪੁੱਤਰ ਨੂੰ ਉਪ ਮੁੱਖ ਮੰਤਰੀ ਬਣਾ ਗਿਆ ਤਾਂ ਬਿੱਲੀ ਥੈਲੇ ਵਿੱਚੋਂ ਬਾਹਰ ਆ ਗਈ। ਇਸ ਸਮੇਂ ਫਿਰ ਆਪਣਾ ਹੱਕ ਖੋਹੇ ਜਾਣ ਦੇ ਰੋਸ ਵਜੋਂ ਭਾਜਪਾ ਦੀਆਂ ਸਫਾਂ ’ਚ ਹਿਲਜੁਲ ਹੋਈ ਅਤੇ ਇਸ ਵਾਰ ਫਿਰ ਸੱਤਾ ’ਚ ਬਣੇ ਰਹਣਿ ਦੀ ਤਰਜੀਹ ਦੇ ਸਨਮੁੱਖ ਇਹ ਰੋਸ ਭਰੀ ਹਿਲਜੁਲ ਥੋੜ੍ਹ ਚਿਰੀ ਹੀ ਸਾਬਤ ਹੋਈ।

ਵਰਤਮਾਨ ਗਠਜੋੜ ਸਰਕਾਰ ਦੀ ਜੂਨੀਅਨ ਭਾਈਵਾਲ ਨੂੰ ਇਹ ਵੀ ਗਿਲਾ ਰਿਹਾ ਹੈ ਕਿ ਸੂਬਾ ਸਰਕਾਰ ਦੀਆਂ ਰਿਆਇਤਾਂ ਤੇ ਨੀਤੀਆਂ ਕੇਵਲ ਸ਼੍ਰੋਮਣੀ ਅਕਾਲੀ ਦਲ (ਬ) ਦੇ ਵੋਟ ਬੈਂਕ ਨੂੰ ਲੁਭਾਉਣ ਵਾਲੀਆਂ ਹਨ। ਇਹ ਖੇਤੀ ਸੈਕਟਰ ਉਪਰ ਕੇਂਦਰਿਤ ਹਨ ਅਤੇ ਸਨਅਤੀ ਤੇ ਵਪਾਰਕ ਖੇਤਰ ਨੂੰ ਅਣਡਿੱਠ ਕਰਦੀਆਂ ਹਨ, ਉਦਾਹਰਣ ਵਜੋਂ ਮੁਫ਼ਤ ਬਿਜਲੀ ਪਾਣੀ ਦੀ ਕਿਸਾਨਾਂ ਨੂੰ ਮਿਲ ਰਹੀ ਸਹੂਲਤ। ਸ਼ਹਿਰੀ ਇਲਾਕੇ, ਜਿੱਥੇ ਭਾਜਪਾ ਦਾ ਆਧਾਰ ਹੈ, ਲੋਕ ਲੁਭਾਊ ਸਹੂਲਤਾਂ ਤੋਂ ਵੰਚਿਤ ਹੋਣ ਕਾਰਨ, ਭਾਜਪਾ ਲਈ ਆਪਣਾ ਰਵਾਇਤੀ ਆਧਾਰ ਗੁਆ ਲੈਣ ਦਾ ਖ਼ਤਰਾ ਪੈਦਾ ਕਰ ਰਹੇ ਹਨ। ਭਾਜਪਾ ਨੇ ਕਈ ਵਾਰ ਸ਼ਹਿਰੀ ਖੇਤਰਾਂ ਲਈ ਸਹੂਲਤਾਂ ਦੀ ਮੰਗ ਕੀਤੀ ਹੈ ਪ੍ਰੰਤੂ ਕੋਈ ਹੁੰਗਾਰਾ ਨਹੀਂ ਮਿਲਿਆ, ਦੂਜੇ ਪਾਸੇ ਗ੍ਰਾਂਟਾਂ ਦੇ ਗੱਫੇ ਪੇਂਡੂ ਖੇਤਰਾਂ ਵਿੱਚ ਜਾਣ ਦਾ ਸਿਲਸਿਲਾ ਨਿਰੰਤਰ ਜਾਰੀ ਹੈ।

ਰਾਜ ਖੁਰਾਣਾ ਰਿਸ਼ਵਤ-ਕਾਂਡ ਉਪਰੰਤ ਵਾਪਰੇ ਸਿਆਸੀ ਘਟਨਾਕ੍ਰਮ ਨੂੰ ਵੀ ਭਾਜਪਾ ਕਿਸੇ ਜ਼ਿਆਦਤੀ ਵਾਂਗ ਹੀ ਲੈ ਰਹੀ ਹੈ। ਹਟਾਏ ਗਏ ਮੰਤਰੀਆਂ ਵਿੱਚੋਂ ਕੁੱਝ ਇਕ ਨੇ ਤਾਂ ਇਸ ਪ੍ਰਤੀ ਕਾਫ਼ੀ ਤਿੱਖਾ ਪ੍ਰਤੀਕਰਮ ਵੀ ਪ੍ਰਗਟਾਇਆ ਹੈ। ਭਾਵੇਂ ਇਹ ਪ੍ਰਤੀਕਰਮ ਗਠਜੋੜ ਦੀ ਸੀਨੀਅਰ ਭਾਈਵਾਲ ਦੇ (ਸਿੱਧੇ ਤੌਰ ’ਤੇ) ਖਿਲਾਫ਼ ਨਹੀਂ ਹੈ ਫਿਰ ਵੀ ਭਾਜਪਾ ਦੀ ਪੰਜਾਬ ਇਕਾਈ ਅੰਦਰ ਇਹ ਅਹਿਸਾਸ ਜ਼ਰੂਰ ਹੈ। ਉਨ੍ਹਾਂ ਦੇ ਮੰਤਰੀਆਂ ਦੇ ਸਮੂਹਿਕ ਅਸਤੀਫ਼ੇ ਵਿਤਕਰੇ ਦਾ ਸੰਕੇਤ ਹਨ, ਨਹੀਂ ਤਾਂ ਅਜੇ ਕੁੱਝ ਦਿਨ ਪਹਿਲਾਂ ਠੰਡਲ ਨੂੰ ਅਦਾਲਤ ਦੁਆਰਾ ਆਮਦਨ ਸ੍ਰੋਤਾਂ ਤੋਂ ਵੱਧ ਜਾਇਦਾਦ ਬਨਾਉਣ ਦੇ ਮਾਮਲੇ ਵਿੱਚ ਸਜ਼ਾ ਸੁਣਾਈ ਸੀ ਤੇ ਇਹ ਘਟਨਾ ਰਾਜ ਖੁਰਾਣਾ ਰਿਸ਼ਵਤ ਕਾਂਡ ਨਾਲੋਂ ਕੋਈ ਘੱਟ ਵੀ ਨਹੀਂ ਸੀ ਪਰ ਸੀਨੀਅਰ ਭਾਈਵਾਲ ਪਾਰਟੀ ਅੰਦਰ ਉਹੋ ਜਿਹੀ ਸਥਿਤੀ ਬਿਲਕੁਲ ਪੈਦਾ ਨਹੀਂ ਸੀ ਹੋਈ, ਜਿਹੋ ਜਿਹੀ ਜੂਨੀਅਰ ਭਾਈਵਾਲ ਪਾਰਟੀ ਦੇ ਅੰਦਰ ਰਾਜ ਖੁਰਾਣਾ ਦੇ ਗ੍ਰਿਫ਼ਤਾਰ ਹੋਣ ਉਪਰੰਤ ਪੈਦਾ ਹੋਈ। ਜ਼ਾਹਿਰ ਹੈ ਕਿ ਭਾਜਪਾ ਨੂੰ ਅਕਾਲੀ ਦਲ (ਬ) ਦੇ ਮੁਕਾਬਲੇ ਜ਼ਰਾ ਜ਼ਿਆਦਾ ਠਿੱਠ ਹੋਣਾ ਪਿਆ ਹੈ ਤੇ ਇਸ ਨਾਲ ਪਾਰਟੀ ਸਫ਼ਾਂ ’ਚ ਵਿਆਪਕ ਨਿਰਾਸ਼ਾ ਪੈਦਾ ਹੋਈ ਹੈ।

ਆਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਹੋਣ ਵਿੱਚ ਇੱਕ ਸਾਲ ਤੋਂ ਵੀ ਘੱਟ ਸਮਾਂ ਬਾਕੀ ਰਹਿ ਗਿਆ ਹੈ। ਗਠਜੋੜ ਵਿੱਚ ਸ਼ਾਮਲ ਦੋਵੇਂ ਪਾਰਟੀਆਂ ਭਾਵੇਂ ਇਸ ਕੋਸ਼ਿਸ਼ ਵਿੱਚ ਹਨ ਕਿ ਦੋਵਾਂ ਵਿਚਕਾਰਲੀ ਏਕਤਾ ਨੂੰ ਅਟੱਲ ਅਤੇ ਅਟੁੱਟ ਦਿਖਾਇਆ ਜਾਵੇ, ਪਰ ਦੋਵਾਂ ਵਿਚਕਾਰ ਅੰਦਰਖਾਤੇ ਦੀਆਂ ਦੂਰੀਆਂ ਕਾਫ਼ੀ ਵੱਧ ਗਈਆਂ ਹਨ, ਇਹ ਰਾਜ ਖੁਰਾਣਾ ਰਿਸ਼ਵਤ ਕਾਂਡ ਮਗਰੋਂ ਤਾਂ ਦਰਾੜਾਂ ਹੀ ਬਣ ਗਈਆਂ ਹਨ ਭਾਵੇਂ ਕਿ ਇਹ ਦਰਾੜਾਂ ਹਾਲ ਦੀ ਘੜੀ ਅਦਿੱਖ ਹਨ। ਇਨ੍ਹਾਂ ਦੇ ਸਬੰਧਾਂ ਦੀ ਮੌਜੂਦਾ ਸਥਿਤੀ ਤੋਂ ਅਨੁਮਾਨ ਇਹੋ ਹੀ ਬਣਦਾ ਹੈ ਕਿ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਦੋਵੇਂ ਇਕਸੁਰ ਹੋ ਕੇ ਮੁਹਿੰਮ ਨਹੀਂ ਚਲਾ ਸਕਣਗੀਆਂ, ਜਿਸ ਕਾਰਨ ਵਰਤਮਾਨ ਗਠਜੋੜ ਸਰਕਾਰ ਨੂੰ ਵੱਡਾ ਰਾਜਸੀ ਨੁਕਸਾਨ ਉਠਾਉਣਾ ਪੈ ਸਕਦਾ ਹੈ।

## ਸੰਪਾਦਕ ਦੇ ਨਾਮ ਚਿੱਠੀ

ਮੈਨੂੰ ਤੁਹਾਡੇ ਪਰਚੇ ਪੜ੍ਹਨ ਲਈ ਮਿਲੇ ਹਨ। 'ਨਵੀਂ ਦੁਨੀਆ’ ਦੀ ਟੀਮ ਮਿਹਨਤ ਤੇ ਲਗਨ ਨਾਲ ਕੰਮ ਕਰ ਰਹੀ ਹੈ। ਪਰਚੇ ਪੜ੍ਹਨ ’ਤੇ ਅਹਿਸਾਸ ਹੋਇਆ ਕਿ ਤੁਸੀਂ ਵਾਕਿਆ ਹੀ ਬਹੁਤ ਮਿਹਨਤ ਨਾਲ ਕੰਮ ਕਰ ਰਹੇ ਹੋ। ਬਹੁਤ ਵਧੀਆ। ਆਪ ਯਤਨ ਜਾਰੀ ਰੱਖੋ। ਮੇਰੇ ਵਲੋਂ ਕਿਸੇ ਵੀ ਸਹਿਯੋਗ ਦੀ ਲੋੜ ਹੋਵੇ ਤਾਂ ਜ਼ਰੂਰ ਯਾਦ ਕਰਿਉ। ਸ਼ੁਭ ਇੱਛਾਵਾਂ।

ਜਰਨੈਲ ਸਿੰਘ ਕਹਾਣੀਕਾਰ
22 Lacewood Crescent,
Brampton, ONT L6S 3K4
905 453 2495 jarnailkahanikar@yahoo.ca

# ਗਣਤੰਤਰ ਵਿੱਚ ਔਰਤ

ਗਾਇਤਰੀ ਆਰੀਆ

ਗਣਤੰਤਰ ਵਿੱਚ ਔਰਤ/ਭਾਰਤ ਦੇ ਇਤਿਹਾਸ ਦੀਆਂ ਸਭ ਤੋਂ ਮਹੱਤਵਪੂਰਨ ਘਟਨਾਵਾਂ ਵਿੱਚੋਂ ਇਕ ਭਾਰਤੀ ਸੰਵਿਧਾਨ ਦਾ ਬਣਨਾ 'ਤੇ ਲਾਗੂ ਹੋਣਾ ਹੈ। 63 ਸਾਲ ਕਿਸੇ ਵਿਅਕਤੀ, ਸਮਾਜ, ਦੇਸ਼ ਅਤੇ ਸਭਿਅਤਾ ਦੇ ਜੀਵਨ ਵਿੱਚ ਮਹੱਤਪੂਰਨ ਸਮਾਂ ਹੈ। ਸੰਵਿਧਾਨ ਲਾਗੂ ਹੋਣ ਦੀ ਖ਼ੁਸ਼ੀ ਦੇ ਜਸ਼ਨ ਤੇ ਸਾਲ ਦਰ ਸਾਲ ਕਰੋੜਾਂ ਰੁਪਏ ਖ਼ਰਚ ਕਰਨੇ ਚਾਹੀਦੇ ਹਨ ਜਾਂ ਨਹੀਂ, ਇਹ ਸਵਾਲ ਬਹੁਤ ਸਾਰੇ ਦਿਲਾਂ ਵਿਚ ਹੈ। ਲੇਕਿਨ ਉਸ ਤੋਂ ਅਹਿਮ ਸਵਾਲ ਹੈ ਕਿ ਸਾਡਾ ਸੰਵਿਧਾਨ ਪੂਰੀ ਤਰ੍ਹਾਂ ਨਾਲ ਲਾਗੂ ਕਦੋਂ ਹੋਵੇਗਾ? ਔਰਤਾਂ, ਬੱਚੇ, ਦਲਿਤ, ਆਦਿਵਾਸੀ, ਜਾਤੀ ਜਨਜਾਤੀ ਸਮੂਹ ਅੱਜ ਵੀ ਸੰਵਿਧਾਨ ਦੇ ਪੂਰੀ ਤਰ੍ਹਾਂ ਲਾਗੂ ਹੋਣ ਦੀ ਉਡੀਕ ਵਿਚ ਹਨ। ਸਥਿਤੀ ਇਹ ਹੈ ਕਿ ਇਨ੍ਹਾਂ ਸਾਰੇ ਵੰਚਿਤ ਅਤੇ ਆਰਥਿਕ ਰੂਪ ਵਿੱਚ ਕਮਜ਼ੋਰ ਵਰਗਾਂ ਲਈ ਸੰਵਿਧਾਨ ਨਾਂ ਦੀ ਕੋਈ ਚੀਜ਼ ਹੀ ਨਹੀਂ। ਮੈਂ ਇਸ ਦੇਸ਼ ਦੀ ਅੱਧੀ ਆਬਾਦੀ (ਜਿਸ ਨੂੰ ਹੁਣ ਅਧੀ ਵੀ ਨਹੀਂ ਰਹਿਣ ਦਿਤਾ ਜਾ ਰਿਹਾ) ਦੇ ਨਜ਼ਰੀਏ ਤੋਂ ਗਣਤੰਤਰ ਨੂੰ ਦੇਖਣ ਦੀ ਕੋਸ਼ਿਸ਼ ਕਰ ਰਹੀ ਹਾਂ। ਗਣਤੰਤਰ ਦੀ 62ਵੀਂ ਵਰ੍ਹੇਗੰਢ ਲੰਘ ਜਾਣ ਮਗਰੋਂ ਵੀ ਜਿਨ੍ਹਾਂ ਪਰਿਵਾਰਾਂ ਵਿੱਚ ਸਿਰਫ਼ ਔਰਤਾਂ ਘਰ ਦਾ ਕੰਮ ਸੰਭਾਲਦੀਆਂ ਹਨ ਉਨ੍ਹਾਂ ਘਰਾਂ ਦੇ ਬੱਚੇ ਪਰਿਵਾਰਕ ਜਾਣ ਪਛਾਣ ਸਮੇਂ ਇਹੀ ਕਹਿੰਦੇ ਹਨ, ''ਪਾਪਾ ਫਲਾਂ ਫਲਾਂ ਹਨ ਤੇ ਮਾਂ ਕੁੱਝ ਨਹੀਂ ਕਰਦੀ'' ਸਾਹਮਣੇ ਤੋਂ ਸਵਾਲ ਆਏ ਤਾਂ ਹੀ ਅਗਲਾ ਹੱਸ ਕੇ ਜਵਾਬ ਦਿੰਦਾ ਹੈ ''ਮਤਲਬ ਘਰ ਦਾ ਕੰਮ ਕਰਦੀ ਹੈ।'' ਮਸਲਨ ਉਮਰ ਦੇ ਅੰਤਿਮ ਪੜਾਅ ਵਿੱਚ ਮੇਰੀ ਮਾਂ ਬਿਨਾਂ ਕਿਸੇ ਅਫ਼ਸੋਸ ਤੋਂ ਮੰਨਦੀ ਹੈ ਕਿ ਉਨ੍ਹਾਂ ਨੇ ਜ਼ਿੰਦਗੀ ਭਰ ਰੋਟੀਆਂ ਥੱਪਣ ਦੇ ਸਿਵਾ ਹੋਰ ਕੁੱਝ ਨਹੀਂ ਕੀਤਾ। ਬਾਵਜੂਦ ਇਸ ਦੇ ਕਿ ਇਕ ਪਤੀ ਕੇਵਲ ਉਸ ਦੇ ਕਾਰਨ ਪ੍ਰੋਫੈਸਰੀ ਬਿਨਾਂ ਕਿਸੇ ਰੁਕਾਵਟ ਤੋਂ ਨਿਭਾਉਂਦਾ ਰਿਹਾ। ਬਾਵਜੂਦ ਇਸ ਦੇ ਕਿ ਤਿੰਨਾਂ ਵਿਚੋਂ ਦੋ ਬੱਚੇ ਬਿਨਾਂ ਉਹਦੀ, ਸਭ ਕੁੱਝ ਸਹਿਨ ਕਰ ਜਾਣ ਦੀ ਪ੍ਰਵਿਰਤੀ, ਸੇਵਾ, ਸਨੇਹ ਅਤੇ ਆਰਥਿਕ ਮਿਹਨਤ ਦੇ ਬਹੁਤ ਉੱਚੇ ਅਹੁਦਿਆਂ 'ਤੇ ਨਾ ਪਹੁੰਚ ਸਕਦੇ। ਉਹ ਆਪਣੇ ਜੀਵਨ ਦੀ ਪ੍ਰਾਪਤੀ ਸਿਫਰ ਸਮਝਦੀ ਹੈ। ਆਖ਼ਰ ਇਹ ਜਵਾਨ ਹੁੰਦਾ ਗਣਤੰਤਰ ਉਨ੍ਹਾਂ ਅਸੰਖ ਔਰਤਾਂ ਨੂੰ ਇਹ ਭਰੋਸਾ ਕਿਉਂ ਨਹੀਂ ਦੇ ਸਕਿਆ ਕਿ ਇਸ ਸਭ ਤੋਂ ਵੱਡੇ ਲੋਕਤੰਤਰ ਦੀ ਸਥਿਰਤਾ ਦੀ ਨੀਂਹ ਵਿੱਚ ਉਨ੍ਹਾਂ ਦੀ ਹੀ ਸਹਿਨਸ਼ਕਤੀ ਹੈ।



ਝੁੱਗੀਆਂ ਝੌਂਪੜੀਆਂ, ਕੱਚੀਆਂ ਬਸਤੀਆਂ, ਮੈਲੀਆਂ ਬਸਤੀਆਂ ਵਿੱਚ ਪਾਪੜਾਂ ਤੋਂ ਲੈ ਕੇ ਖਿਡਾਉਣਿਆਂ, ਛੋਟੇ ਮੋਟੇ ਪੁਰਜਿਆਂ, ਕਾਲੀਨ, ਕੱਚ ਦਾ ਸਮਾਨ, ਬੀੜੀ, ਮਾਚਸ ਆਦਿ ਬਣਾਉਣ ਵਾਲੀਆਂ ਕਰੋੜਾਂ ਔਰਤਾਂ ਲਈ ਸੰਵਿਧਾਨ ਅਤੇ ਗਣਤੰਤਰ ਦੂਸਰੇ ਗ੍ਰਹਿ ਦੇ ਸ਼ਬਦ ਹਨ। 24 ਵਿਚੋਂ 10-12 ਘੰਟੇ ਅੱਖਾਂ ਗਾਲਣ ਵਾਲਾ ਕੰਮ ਕਰ ਕੇ ਵੀ ਉਹ ਸਿਰਫ਼ ਹਜ਼ਾਰ ਦੋ ਹਜ਼ਾਰ ਪ੍ਰਤੀ ਮਹੀਨਾ ਕਮਾਈ ਕਰਨ ਵਾਲੀਆਂ ਔਰਤਾਂ ਨਹੀਂ ਜਾਣਦੀਆਂ ਕਿ ਬਰਾਬਰ ਕੰਮ ਲਈ ਬਰਾਬਰ ਮਜ਼ਦੂਰੀ ਵਰਗਾ ਵੀ ਕੋਈ ਕਾਨੂੰਨ ਹੈ। ਉਹ ਨਹੀਂ ਜਾਣਦੀਆਂ ਕਿ 6,7,8 ਪ੍ਰਤੀਸ਼ਤ ਵਿਕਾਸ ਦਰ ਦਾ ਕੀ ਮਤਲਬ ਹੈ? ਅਤੇ ਅਰਥਵਿਵਸਥਾ ਦੀ ਇਸ ਵਾਧਾ ਦਰ ਦਾ ਉਨ੍ਹਾਂ ਦੇ ਕੰਮ ਨਾਲ ਵੀ ਕੋਈ ਸਬੰਧ ਹੈ ਜਾਂ ਨਹੀਂ? ਉਹ ਨਹੀਂ ਜਾਣਦੀਆਂ ਕਿ ਹਰ ਰੋਜ਼ ਹੋਣ ਵਾਲੇ ਅਰਬਾਂ ਖਰਬਾਂ ਰੁਪਏ ਦੇ ਵਪਾਰ ਦੀ ਰੀੜ ਦੀ ਹੱਡੀ ਉਹ ਹੀ ਹਨ। ਇਸ ਦੇਸ਼ ਦੀ ਖੁਸ਼ਹਾਲੀ, ਲੋਕਤੰਤਰ ਦੀ ਸਥਿਰਤਾ ਅਤੇ ਗਣਤੰਤਰ ਦੇ ਵਿਕਾਸ ਵਿੱਚ ਉਨ੍ਹਾਂ ਦੀ ਭੂਮਿਕਾ ਨੂੰ, ਉਨ੍ਹਾਂ ਔਰਤਾਂ ਨੂੰ ਕਦੇ ਨਹੀਂ ਦੱਸਿਆ ਗਿਆ। ਕਿਉਂ? ਕਿਤੇ ਲਿੰਗ ਭੇਦ ਅਤੇ ਗੈਰ ਬਰਾਬਰੀ ਉਪਰ ਸਵਾਲ ਨਾ ਉਠਾ ਦੇਣ ਜਾਂ ਕਿਸੇ ਆਪਣੇ ਬਰਾਬਰੀ ਦੇ ਹੱਕ ਲਈ ਹੜਤਾਲ ਨਾ ਕਰ ਦੇਣ?

ਕੁੱਲ ਖੇਤੀਬਾੜੀ ਕੰਮ ਦਾ ਲਗਭਗ 45.57 ਫੀਸਦੀ ਕੰਮ ਕਰਨ ਵਾਲੀਆਂ ਇਸ ਦੇਸ਼ ਦੀਆਂ ਕਰੋੜਾਂ ਕਿਸਾਨ ਔਰਤਾਂ ਦੇ ਘਰਾਂ ਵਿੱਚ ਅੱਜ ਵੀ ਨਾ ਤਾਂ ਢਿੱਡ ਭਰ ਕੇ ਖਾਣ ਜੋਗਾ ਖਾਣਾ ਹੈ, ਨਾ ਹੀ ਬੇਟੀ ਦੇ ਦਹੇਜ ਲਈ ਪੈਸੇ ਅਤੇ ਨਾ ਹੀ ਚਿਹਰੇ ਉਪਰ ਪੂਰੇ ਦੇਸ਼ ਦਾ ਪੇਟ ਭਰਨ ਦਾ ਫਖ਼ਰ। ਹਰ ਸਾਲ ਡਾਕਟਰ ਬਣ ਕੇ ਨਿਕਲਣ ਵਾਲੇ ਲਗਭਗ ਪੰਜ ਲੱਖ ਨੌਜਵਾਨਾਂ, ਇੰਜੀਨੀਅਰ ਬਣਨ ਵਾਲੇ ਲਗਭਗ ਅੱਠ ਲੱਖ ਨੌਜਵਾਨਾਂ ਦੇ ਚਿਹਰਿਆਂ ਉਪਰ ਜੋ ਫ਼ਖ਼ਰ ਤੇ ਗੌਰਵ ਹੁੰਦਾ ਹੈ, ਉਸ ਦਾ ਸੌਵਾਂ ਹਿੱਸਾ ਵੀ ਇਨ੍ਹਾਂ ਮਜ਼ਦੂਰ ਔਰਤਾਂ, ਕਿਸਾਨ ਔਰਤਾਂ ਅਤੇ ਸੁਆਣੀਆਂ ਦੇ ਚਿਹਰਿਆਂ ਉਪਰ ਨਹੀਂ ਹੁੰਦਾ। ਕਿਉਂ? ਬਾਵਜੂਦ ਇਸ ਦੇ ਕਿ ਇਹ ਨੌਜਵਾਨ ਆਪਣੇ ਦੇਸ਼ ਦੀ ਬਜਾਏ ਪਰਾਏ ਦੇਸ਼ ਦੀ ਤਰੱਕੀ ਦੇ ਕੰਮ ਆਉਂਦੇ ਹਨ ਅਤੇ ਇਹ ਸਾਰੀਆਂ ਔਰਤਾਂ ਇਸ ਮੁਲਕ ਦੀ ਰੋਜ਼ੀ ਰੋਟੀ ਅਤੇ ਤਰੱਕੀ ਵਿੱਚ ਦਿਨ ਰਾਤ ਖਪਦੀਆਂ ਹਨ।

ਨਿਰਸੰਦੇਹ, ਬਹੁਤ ਸਾਰੇ ਕਾਰਨ ਹਨ ਜਿਨ੍ਹਾਂ ਦੇ ਚਲਦਿਆਂ ਇਸਤਰੀਆਂ ਨੂੰ ਵੀ ਗਣਤੰਤਰ ਦੇ ਸਮਾਰੋਹ ਵਿੱਚ ਦਿਲੋਂ ਸ਼ਾਮਲ ਹੋਣਾ ਚਾਹੀਦਾ ਹੈ। ਮਸਲਨ ਲੜਕੀਆਂ ਨੂੰ ਪੜ੍ਹਨ ਅਤੇ ਅੱਗੇ ਵਧਣ ਦੇ ਜਿੰਨੇ ਮੌਕੇ ਅੱਜ ਮਿਲੇ ਹਨ, ਪਹਿਲਾਂ ਕਦੇ ਨਹੀਂ ਸਨ। ਪੰਜਵੇਂ ਦਹਾਕੇ ਵਿੱਚ ਜਿਥੇ ਔਰਤਾਂ ਦੀ ਸਾਖਰਤਾ ਦਰ 8.86 ਪ੍ਰਤੀਸ਼ਤ ਤੱਕ ਸਿਮਟੀ ਹੋਈ ਸੀ ਉਸ ਦਾ ਗ੍ਰਾਫ਼ 52.67 ਪ੍ਰਤੀਸ਼ਤ ਤਕ ਪਹੁੰਚ ਗਿਆ ਹੈ। ਵਿਅਕਤੀਗਤ ਆਜ਼ਾਦੀ ਦਾ ਸਵਾਦ ਜਿਨ੍ਹਾਂ ਔਰਤਾਂ ਨੇ ਅੱਜ ਚੱਖਿਆ ਹੈ ਪਹਿਲਾਂ ਇਸ ਦੀ ਕਲਪਨਾ ਵੀ ਨਹੀਂ ਕਰ ਸਕਦੀਆਂ ਸਨ। ਸੰਪਤੀ ਵਿਚ ਬਰਾਬਰੀ ਦਾ ਹੱਕ, ਦਹੇਜ ਵਿਰੋਧੀ ਕਾਨੂੰਨ, ਘਰੇਲੂ ਹਿੰਸਾ ਰੋਕੂ ਕਾਨੂੰਨ, ਬਾਲ ਵਿਆਹ 'ਤੇ ਰੋਕ, ਸਤੀ ਪ੍ਰਥਾ ਦੀ ਸਮਾਪਤੀ, ਲਗਭਗ ਹਰ ਖੇਤਰ ਵਿੱਚ ਰੁਜ਼ਗਾਰ ਦਾ ਹੱਕ, ਬਰਾਬਰ ਕੰਮ ਲਈ ਬਰਾਬਰ ਤਨਖ਼ਾਹ, ਹਰ ਤਰ੍ਹਾਂ ਦੇ ਸ਼ੋਸ਼ਣ ਨਾਲ ਨਿਬੜਨ ਲਈ ਸਾਡੇ ਹੱਕ 'ਚ ਬਣੇ ਹਰ ਤਰ੍ਹਾਂ ਦੇ ਸਖ਼ਤ ਤੇ ਨਰਮ ਕਾਨੂੰਨ। ਹਰ ਤਰ੍ਹਾਂ ਦੇ ਧਾਰਮਿਕ ਫਤਵਿਆਂ ਦੇ ਬਾਵਜੂਦ ਕੁੱਝ ਵੀ ਕਹਿਣ, ਲਿਖਣ, ਘੁੰਮਣ ਫਿਰਨ, ਕਿਤੇ ਵੀ ਆਉਣ ਜਾਣ, ਕੁੱਝ ਵੀ ਪਹਿਨਣ ਦੀ ਆਜ਼ਾਦੀ ਅਤੇ ਹੋਰ ਵੀ ਬਹੁਤ ਕੁੱਝ......।

ਲਗਭਗ ਹਰ ਵਰਗ ਦੀਆਂ ਔਰਤਾਂ ਨੌਕਰੀ ਕਰਨ ਅਤੇ ਕਮਾਉਣ ਲੱਗੀਆਂ ਹਨ। ਉਨ੍ਹਾਂ ਦੀ ਕਮਾਈ ਉਪਰ ਉਨ੍ਹਾਂ ਦਾ ਆਪਣਾ ਕਿੰਨਾ ਕੁ ਹੱਕ ਹੈ, ਇਹ ਅਲੱਗ ਬਹਿਸ ਦਾ ਮੁੱਦਾ ਹੈ। ਪ੍ਰੰਤੂ ਮੋਟੇ ਤੌਰ 'ਤੇ ਆਪਣੇ ਪੈਸੇ ਉਪਰ ਹੱਕ ਨਾ ਹੋਣ ਦੇ ਬਾਵਜੂਦ ਘਰ 'ਚੋਂ ਨਿਕਲਣ ਅਤੇ ਤਰ੍ਹਾਂ ਤਰ੍ਹਾਂ ਦੇ ਕੰਮ ਕਰਨ ਨਾਲ ਜੋ ਆਤਮ ਵਿਸ਼ਵਾਸ ਉਨ੍ਹਾਂ ਨੂੰ ਮਿਲਿਆ ਹੈ ਉਹ ਕਿਸੇ ਵੀ ਬਾਪ, ਭਾਈ ਜਾਂ ਪਤੀ ਤੋਂ ਮਾਂਗਵਾਂ ਨਹੀ ਹੈ। ਪਿਤਾ ਪੁਰਖੀ ਜਾਂ ਕੋਈ ਵੀ ਸੱਤਾ ਔਰਤਾਂ/ਲੜਕੀਆਂ ਤੋਂ ਉਨ੍ਹਾਂ ਦੇ ਹੁਨਰ ਤੇ ਮਿਹਨਤ ਨਾਲ ਕਮਾਇਆ ਹੌਸਲਾ ਨਹੀਂ ਖੋਹ ਸਕਦੀ।

ਲੇਕਿਨ ਏਨੇ ਸਾਰੇ, ਸੋਨੇ ਦੇ ਸਿੱਕੇ ਵਰਗੇ ਕਾਨੂੰਨ, ਹੱਕ 'ਚ ਹੋਣ ਦੇ ਬਾਵਜੂਦ ਅਸੀਂ ਔਰਤਾਂ ਜੀਵਨ ਦੇ ਬਹੁਤ ਸਾਰੇ ਖੇਤਰਾਂ ਵਿੱਚ ਖੁਦ ਨੂੰ ਬਹੁਤ ਕੰਗਾਲ ਪਾਉਂਦੀਆਂ ਹਾਂ। ਸਾਡੇ ਗਣਤੰਤਰ ਨੇ ਨਾ ਸਿਰਫ਼ ਲਿੰਗਗਤ, ਭਾਸ਼ਗਤ, ਮਜ਼ਹਬੀ, ਜਾਤੀਗਤ, ਖੇਤਰੀ ਆਧਾਰ 'ਤੇ ਭੇਦਭਾਵ ਕੀਤਾ ਹੈ, ਬਲਕਿ ਇਸਤਰੀ-ਇਸਤਰੀ ਦੇ ਵਿਚਕਾਰ ਵੀ ਭੇਦ ਕੀਤਾ ਹੈ। ਮੋਬਾਈਲ 'ਤੇ ਗੱਲ ਕਰਦੀ, ਲੱਖਾਂ ਦਾ ਵਾਰਸ਼ਿਕ ਪੈਕੇਜ ਪਾਉਂਦੀ ਮਹਿੰਗੇ ਲਿਬਾਸ ਵਿਚ ਆਉਂਦੀ ਜਾਂਦੀ, ਕਾਲਜ ਤੋਂ ਮਨਚਾਹੀ ਡਿਗਰੀ ਲੈਂਦੀ, ਮਨਚਾਹਾ ਜੀਵਨ ਸਾਥੀ ਅਤੇ ਜੀਵਨ ਚੁਣਦੀ, ਲੜਕੀਆਂ ਦਾ ਪ੍ਰਤੀਸ਼ਤ ਨਿਰਸੰਦੇਹ ਕਾਫ਼ੀ ਵਧਿਆ ਹੈ। ਸਾਡੇ ਚਾਰੇ ਪਾਸੇ ਅਜਿਹੀਆਂ ਲੜਕੀਆਂ ਦੀ ਰੌਣਕ ਹੈ ਜੋ ਪੀਰੀਅਡਜ਼ ਅਤੇ ਪ੍ਰੈਗਨੈਂਸੀ ਦੇ ਮੁਸ਼ਕਲ ਦਿਨਾਂ ਵਿੱਚ ਵੀ ਪੈਡ ਅਤੇ ਹੋਰ ਡਾਕਟਰੀ ਸੁਵਿਧਾਵਾਂ ਦੇ ਚਲਦਿਆਂ ਹਰ ਮੌਸਮ ਵਿਚ ਸਾਲ ਦੇ 365 ਦਿਨ ਦੇਸ਼ ਦੁਨੀਆ ਗਾਹੁੰਦੀਆਂ ਫਿਰ ਸਕਦੀਆਂ ਹਨ। ਲੇਕਿਨ ਇਨ੍ਹਾਂ ਵਿੱਚੋਂ ਕਿੰਨੀਆਂ ਜਾਣਦੀਆਂ ਹਨ ਕਿ ਗਣਤੰਤਰ ਦੇ ਕੇਂਦਰ ਦਿੱਲੀ ਤੋਂ ਕੁਝ ਸੌ ਕਿਲੋਮੀਟਰ ਉਪਰ ਇਕ ਦੂਜੀ ਹੀ ਦੁਨੀਆ ਹੈ, ਲੜਕੀਆਂ ਦੀ। ਜਿਨ੍ਹਾਂ ਦੇ ਕੋਲ ਪੀਰੀਅਡਜ਼ ਵਿੱਚ ਵਰਤਣ ਲਈ ਸਿਰਫ਼ ਇਕ ਦੋ ਕਪੜੇ ਹਨ। ਜਿਨ੍ਹਾਂ ਨੂੰ ਉਹ ਲੜਕੀਆਂ ਉਦੋਂ ਤੱਕ ਵਰਤਦੀਆਂ ਹਨ ਜਦ ਤਕ ਉਹ ਧੋ ਧੋ ਕੇ ਫਟ ਨਹੀਂ ਜਾਂਦੇ ਜਾਂ ਫਿਰ ਕੋਈ ਦੂਸਰਾ ਉਨ੍ਹਾਂ ਨੂੰ ਉਠਾ ਨਹੀਂ ਲੈਂਦਾ। ਜਿਨ੍ਹਾਂ ਕੋਲ ਸੈਨਟਰੀ ਨੈਪਕਿਨ ਪਹੁੰਚਣਾ ਤਾਂ ਦੂਰ, ਜਿਨ੍ਹਾਂ ਦੇ ਸਕੂਲ ਵਿੱਚ ਲੜਕੀਆਂ ਲਈ ਟਾਇਲਟ ਤਕ ਨਹੀਂ। ਪੂਰੇ ਦਿਨ ਸਕੂਲ ਵਿਚ ਪਿਸ਼ਾਬ ਰੋਕਣ ਨਾਲ ਹੋਈਆਂ ਬਿਮਾਰੀਆਂ ਲਈ ਕੀ ਇਹ ਗਣਤੰਤਰ ਖ਼ੁਦ ਨੂੰ ਜ਼ਿੰਮੇਵਾਰ (ਦੋਸ਼ੀ ਤਾਂ ਦੂਰ ਦੀ ਗੱਲ ਹੈ) ਸਮਝਦਾ ਹੈ? ਬਾਲ ਵਿਆਹ ਉਪਰ ਰੋਕ ਦੇ ਸਾਰੇ ਕਰੜੇ ਕਾਨੂੰਨ ਬਣੇ ਹਨ ਬਾਵਜੂਦ ਇਸ ਦੇ ਅਕਸ਼ੈ ਤੀਜੇ ਉਪਰ ਲੱਖਾਂ ਬਾਲ ਵਿਆਹ ਹਰ ਸਾਲ ਹੁੰਦੇ ਹਨ। ਇਸ ਦੀ ਬਦੌਲਤ ਬਚਪਨ ਵਿਚ ਹੀ ਮਾਂ ਬਣਨ ਦੀ ਅਣਕਿਆਸੀ ਪੀੜਾ ਝੱਲਣ ਵਾਲੀਆਂ ਬੱਚੀਆਂ ਲਈ ਕੀ ਇਸ ਸਮਾਜ ਅਤੇ ਦੇਸ਼ ਵਿੱਚੋਂ ਕੋਈ ਖ਼ੁਦ ਨੂੰ ਦੋਸ਼ੀ ਠਹਿਰਾਉਂਦਾ ਹੈ?

ਅਤੇ ਬੱਚੀਆਂ..... ਜੋ ਇਸ ਗਣਤੰਤਰ ਦੀ ਆਰਥਿਕ ਰੀੜ ਨੂੰ ਮਜ਼ਬੂਤ ਕਰਨ ਵਿਚ ਆਪਣੀ ਭੂਮਿਕਾ ਨਿਭਾਉਂਦੀਆਂ ਆਈਆਂ ਹਨ, ਨਿਭਾਈ ਜਾ ਰਹੀਆਂ ਹਨ। ਉਨ੍ਹਾਂ ਦੇ ਯੋਗਦਾਨ ਨੂੰ ਖੁਲ੍ਹ ਕੇ ਸਵੀਕਾਰ ਕਰਨ ਦੀ ਸਾਡੀ ਔਕਾਤ ਨਹੀਂ ਹੈ। ਵਿਦੇਸ਼ੀ ਸੈਰ ਸਪਾਟੇ ਨੂੰ ਵਧਾਉਣ ਹਿਤ ਨਿਹਾਇਤ ਜ਼ਰੂਰੀ ਮੁਫ਼ਤ ਤੇ ਸਸਤੀਆਂ ਸੈਕਸ ਸੇਵਾਵਾਂ ਲਈ ਇਸ ਮੁਲਕ ਦੀਆਂ 14 ਸਾਲ ਤੋਂ ਛੋਟੀ ਉਮਰ ਦੀਆਂ ਲਗਭਗ 20-25 ਪ੍ਰਤੀਸ਼ਤ ਬੱਚੀਆਂ ਹਲਾਲ ਹੁੰਦੀਆਂ ਹਨ। ਖੇਤਾਂ ਵਿਚ ਕਿਸਾਨ ਔਰਤਾਂ ਦੁਆਰਾ ਕੀਤੇ ਜਾਣ ਵਾਲੇ 45.57 ਫੀਸਦੀ ਕੰਮ ਦਾ ਲਗਭਗ 20 ਪ੍ਰਤੀਸ਼ਤ ਕੰਮ 14 ਸਾਲ ਤੋਂ ਘੱਟ ਉਮਰ ਦੀਆਂ ਬੱਚੀਆਂ ਹੀ ਕਰਦੀਆਂ ਹਨ। ਕਾਲੀਨ, ਫੁੱਟਬਾਲ, ਮਾਚਿਸ, ਬੀੜੀ, ਅਗਰਬੱਤੀ, ਜਰੀ, ਚੂੜੀਆਂ, ਗਹਿਣੇ ਬਣਾਉਣ ਵਾਲੇ ਕਾਰਖ਼ਾਨਿਆਂ ਵਿਚ ਕੰਮ ਕਰਨ ਵਾਲੀਆਂ ਬੱਚੀਆਂ ਦੀ ਗਿਣਤੀ ਇਸ ਬਾਹਠ ਸਾਲਾ ਗਣਤੰਤਰ ਵਿਚ ਕਿੱਥੇ ਹੈ? ਜੀਵਨ ਦੇ ਦੂਜੇ ਖੇਤਰਾਂ ਦੀ ਤਰ੍ਹਾਂ ਬਾਲ ਕਿਰਤ ਵਿਚ ਵੀ ਬਾਲਕਾਂ ਦੀ ਤੁਲਨਾਂ ਵਿਚ ਬੱਚੀਆਂ ਨੇ ਜਿਆਦਾ ਬੋਝ ਉਠਾਇਆ ਹੋਇਆ ਹੈ। ਪੁਰਸ਼ਾਂ ਦੁਆਰਾ ਕੀਤੀ ਗਈ ਕਿਰਤ ਦਾ 24.47 ਪ੍ਰਤੀਸ਼ਤ ਹਿੱਸਾ ਜਿਥੇ ਬਾਲਕਾਂ ਦੇ ਮੋਢੇ ਢੋਂਦੇ ਹਨ, ਉਥੇ ਬੱਚੀਆਂ ਨੇ 46.83 ਪ੍ਰਤੀਸ਼ਤ ਕੰਮ ਨੂੰ ਆਪਣੇ ਕੱਚੇ (ਲੇਕਿਨ ਸਮੇਂ ਤੋਂ ਪਹਿਲਾਂ ਪੱਕ ਗਏ) ਮੋਢਿਆਂ 'ਤੇ ਚੁੱਕਿਆ ਹੋਇਆ ਹੈ। ਜਿਸ ਦੇਸ਼ ਵਿਚ ਕਰੋੜਾਂ ਮਾਵਾਂ ਦੀ ਦਿੱਸਦੀ ਅਤੇ ਅਣਦਿੱਸਦੀ ਕਿਰਤ ਦੀ ਗਿਣਤੀ ਨਹੀਂ, ਉਥੇ ਇਨ੍ਹਾਂ ਬੱਚੀਆਂ ਦੇ ਕੰਮ ਦੀ ਗਿਣਤੀ ਕਿਵੇਂ ਹੋਵੇਗੀ?

ਆਖਰ ਅਜਿਹਾ ਕਿਉਂ ਹੈ ਕਿ ਸਾਡਾ ਸੰਵਿਧਾਨ, ਸਮੇਂ ਦੇ ਨਾਲ ਉਤਨਾ ਸਨਮਾਨ ਨਹੀਂ ਹਾਸਲ ਕਰ ਸਕਿਆ ਜਿੰਨੇ ਦਾ ਇਹ ਹੱਕਦਾਰ ਹੈ। ਸੰਵਿਧਾਨ ਵਿਚ ਦਰਜ ਕਾਨੂੰਨਾਂ ਦੀ ਹੈਂਕੜ ਤੋਂ ਕੋਈ ਨਹੀਂ ਡਰਦਾ। ਦੇਸ਼ ਦਾ ਲਗਭਗ ਹਰੇਕ ਆਦਮੀ ਸੰਵਿਧਾਨ ਤੇ ਉਸ ਦੀਆਂ ਸਾਰੀਆਂ ਧਾਰਾਵਾਂ ਦਾ ਉਵੇਂ ਹੀ ਮਾਖੌਲ ਉਡਾਉਂਦਾ ਹੈ, ਜਿਵੇਂ ਸਵਰਨ ਤਬਕਾ ਦਲਿਤਾਂ ਦਾ, ਰੱਜਿਆ ਪੁੱਜਿਆ ਵਰਗ ਗ਼ਰੀਬਾਂ ਦਾ ਅਤੇ ਪੁਰਸ਼ ਸੱਤਾ ਇਸਤਰੀਆਂ ਦਾ। ਜਿਵੇਂ ਬਾਹਠ ਸਾਲ ਬਾਅਦ ਵੀ ਜੰਗਲ ਵਿਚ ਰਹਿਣ ਦੇ ਬਾਵਜੂਦ ਜੰਗਲ ਅਤੇ ਉਥੋਂ ਦੀ ਜ਼ਮੀਨ ਆਦਿਵਾਸੀਆਂ ਦੀ ਨਹੀਂ ਹੋਈ, ਉਸੇ ਤਰ੍ਹਾਂ ਹੀ ਇਸਤਰੀਆਂ ਵੀ ਆਪਣੇ ਘਰਾਂ ਵਿਚ ਜ਼ਮੀਨ ਉਪਰ ਲਿੰਗਭੇਦ ਕਾਰਨ ਬਹੁਤ ਸਾਰੇ ਅਧਿਕਾਰਾਂ ਅਤੇ ਸਨਮਾਨ ਤੋਂ ਅੱਜ ਵੀ ਵੰਚਿਤ ਹਨ। ਸਭ ਤੋਂ ਤਾਕਤਵਰ ਭਾਰਤੀ ਔਰਤਾਂ, ਸਭ ਤੋਂ ਅਮੀਰ ਔਰਤਾਂ, ਸਭ ਤੋਂ ਉੱਚੇ ਅਹੁਦਿਆਂ 'ਤੇ ਪਹੁੰਚਣ ਵਾਲੀਆਂ ਔਰਤਾਂ ਉਪਰ ਹਰ ਰੋਜ਼ ਕਿਸੇ ਨਾ ਕਿਸੇ ਅਖ਼ਬਾਰ/ਰਸਾਲੇ ਵਿਚ ਅੰਕੜੇ ਛਪਦੇ ਹਨ। ਛਪਣੇ ਚਾਹੀਦੇ ਵੀ ਹਨ। ਲੇਕਿਨ ਸਭ ਤੋਂ ਘੱਟ ਮਜ਼ਦੂਰੀ, ਸਭ ਤੋਂ ਜ਼ਿਆਦਾ ਹਾਸ਼ੀਆਗ੍ਰਸਤ ਹੋਣ ਦੇ ਬਾਵਜੂਦ ਸਭ ਤੋਂ ਜ਼ਿਆਦਾ ਮਿਹਨਤ ਕਰਨ ਵਾਲੀ, ਸਭ ਤੋਂ ਵੱਡੇ ਵਰਗ ਲਈ ਕਦੇ ਖ਼ਬਰ ਨਹੀਂ ਆਉਂਦੀ, ਕੋਈ ਸਰਵੇ ਨਹੀਂ ਹੁੰਦਾ..... ਕਿਉਂ?

ਸਥਿਤੀ ਇਸਤਰੀਆਂ, ਲੜਕੀਆਂ, ਬੱਚੀਆਂ ਲਈ ਬੜੀ ਪੇਚੀਦਾ ਜਿਹੀ ਬਣੀ ਹੋਈ ਹੈ। ਇਕ ਪਾਸੇ ਸਾਡੇ (ਔਰਤਾਂ ਦੇ) ਹੱਕ ਵਿਚ ਢੇਰ ਸਾਰੇ ਕਾਨੂੰਨਾਂ ਦਾ ਅੰਬਾਰ ਲਗਾਇਆ ਗਿਆ ਹੈ। ਪੜ੍ਹਨ, ਨੌਕਰੀ ਕਰਨ ਦੇ ਬਹੁਤ ਸਾਰੇ ਵਿਕਲਪ ਸਾਡੇ ਸਾਹਮਣੇ ਖੁਲ੍ਹੇ ਹਨ। ਇਸਤਰੀਆਂ ਅਤੇ ਲੜਕੀਆਂ ਦੇ ਹਿੱਤ ਵਿੱਚ ਢੇਰ ਸਾਰੀਆਂ ਲਾਭਕਾਰੀ ਯੋਜਨਾਵਾਂ ਬਣ ਰਹੀਆਂ ਹਨ। ਆਪਣੇ ਜੀਵਨ ਦੇ ਬਾਰੇ ਵਿਚ ਨਿਰਣੇ ਕਰਨ ਦੀ ਥੋੜ੍ਹੀ ਥੋੜ੍ਹੀ ਆਜ਼ਾਦੀ ਸਾਨੂੰ ਮਿਲਣ ਲੱਗੀ ਹੈ। ਲੇਕਿਨ ਦੂਜੇ ਪਾਸੇ ਸਾਡੇ ਵਿਅਕਤੀਗਤ ਲਈ ਢੇਰ ਸਾਰੀਆਂ ਨਾਕਾਰਤਮਕ ਚੀਜ਼ਾਂ ਨੂੰ ਖ਼ਤਰਨਾਕ ਤਰੀਕੇ ਨਾਲ ਹੱਲਾਸ਼ੇਰੀ ਨਹੀਂ ਤਾਂ ਸਹਿਯੋਗ ਤਾਂ ਦਿੱਤਾ ਹੀ ਜਾ ਰਿਹਾ ਹੈ। ਭਰੂਣ ਹੱਤਿਆ, ਦਾਜ ਹੱਤਿਆ, ਬਲਾਤਕਾਰ, ਜ਼ਬਰੀ ਵੇਸ਼ਵਾਬਿਰਤੀ, ਛੇੜੀਖ਼ਾਨੀ, ਯੌਨ ਸ਼ੋਸ਼ਣ ਦਾ ਤੇਜ਼ੀ ਨਾਲ ਵਧਦਾ ਗ੍ਰਾਫ਼ ਸਾਡਾ ਜਿਉਣਾ ਨਰਕ ਬਣਾ ਰਿਹਾ ਹੈ। ਕਦ, ਕੌਣ, ਕਿਥੇ, ਕਿਵੇਂ ਕੋਈ ਸਾਨੂੰ ਆਪਣਾ ਨਿਸ਼ਾਨਾ ਬਣਾ ਲਵੇਗਾ, ਅਸੀਂ ਲੜਕੀਆਂ ਇਸੇ ਡਰ ਵਿਚ ਰਹਿੰਦੀਆਂ ਹਾਂ। ਸਾਡੀ ਦਿਮਾਗੀ ਤਾਕਤ ਦਾ ਵੱਡਾ ਹਿੱਸਾ ਇਸ ਤੋਂ 'ਬਚਣ' ਦੀ ਜੁਗਤ ਸੋਚੀ ਜਾਣ ਵਿਚ ਹੀ ਖ਼ਰਚ ਹੋ ਜਾਂਦਾ ਹੈ। ਜੋ ਦਿਮਾਗ ਇਸ ਤਕਨੀਕ, ਵਿਗਿਆਨ ਅਤੇ ਰਚਨਾਤਮਕਤਾ ਵਿਚ ਲਾ ਕੇ, ਇਸ ਦੇਸ਼ ਨੂੰ ਹੋਰ ਅੱਗੇ ਪੁਚਾ ਸਕਦਾ ਹੈ, ਉਹ ਦਿਮਾਗ ਸਿਰਫ਼ 'ਸ਼ਿਕਾਰ ਹੋਣ ਤੋਂ ਬਚਣ' ਵਿਚ ਹੀ ਖ਼ਰਚ ਹੋ ਜਾਂਦਾ ਹੈ। ਇਹ ਇਸ ਦੇਸ਼ ਅਤੇ ਗਣਤੰਤਰ ਦੀ ਬਹੁਤ ਵੱਡੀ 'ਹਾਨੀ' ਹੈ, ਜਿਸ ਦੀ ਪੂਰਤੀ ਸੰਭਵ ਨਹੀਂ। ਭਵਿੱਖ ਵਿਚ ਇਸ 'ਹਾਨੀ' ਤੋਂ ਖ਼ੁਦ ਨੂੰ ਬਚਾਉਣਾ ਅਤੇ ਇਸਤਰੀਆਂ ਨੂੰ ਉਨ੍ਹਾਂ ਦੇ ਗੌਰਵ ਅਤੇ ਵਜੂਦ ਦਾ ਅਹਿਸਾਸ ਕਰਾਉਣਾ ਸਾਡੇ ਗਣਤੰਤਰ ਦੀ ਅੱਜ ਸਭ ਤੋਂ ਵੱਡੀ ਵੰਗਾਰ ਹੈ।

**ਅਨੁਵਾਦ : ਪ੍ਰੋ. ਰਾਕੇਸ਼ ਰਮਨ**

ਧੁਖ਼ਦਾ ਕਾਲਮ

# 'ਸ਼ਿਅਰ ਸੁਲੱਖਣੇ ਓਹੀ ਹਨ ਜੋ ਦਰਦਾਂ ਦੇ ਸਿਰਨਾਵੇਂ'

ਸੁਸ਼ੀਲ ਦੁਸਾਂਝ

ਵਿਸ਼ਵੀਕਰਨ 'ਚ ਨੇੜੇ ਹੋਏ ਦੇਸ਼ਾਂ ਦੇ ਸਿਰਨਾਵੇਂ।
ਦੂਰ ਨੇ ਹੋਏ ਪਰ ਲੋਕਾਂ ਤੋਂ ਲੋਕਾਂ ਦੇ ਸਿਰਨਾਵੇਂ।

ਇਹ ਪ੍ਰਸਿੱਧ ਸ਼ਾਇਰ ਸੁਲੱਖਣ ਸਰਹੱਦੀ ਦੀ ਗ਼ਜ਼ਲ ਦਾ ਮਤਲਾ ਹੈ। ਦੋ ਸਤਰਾਂ ਵਿਚ ਜਿਸ ਤਰ੍ਹਾਂ ਵਿਸ਼ਵੀਕਰਨ ਦੇ ਸੱਚ ਨੂੰ ਸ਼ਾਇਰ ਨੇ ਬਿਆਨਿਆ ਹੈ, ਉਸ ਤੋਂ ਪਤਾ ਲਗੱਦਾ ਹੈ ਕਿ ਪੰਜਾਬੀ ਸ਼ਾਇਰੀ ਖਾਸਤੌਰ 'ਤੇ ਗ਼ਜ਼ਲ ਹੁਣ ਬਹੁਤ ਅੱਗੇ ਲੰਘ ਆਈ ਹੈ। ਇਹ ਹੁਣ ਰਿੰਦਾਂ, ਮੈਅਖਾਨਿਆਂ ਦੀ ਗੋਲ਼ੀ ਨਹੀਂ ਸਗੋਂ ਸਮੂਹ ਲੋਕਾਂ ਦੇ ਦੁੱਖਾਂ-ਸੁੱਖਾਂ ਦੀ ਭਾਈਵਾਲ ਹੈ। ਸੁਲੱਖਣ ਸਰਹੱਦੀ ਦੇ ਗ਼ਜ਼ਲ ਸੰਗ੍ਰਹਿ 'ਬੇੜੀਆਂ ਦਾ ਪੁਲ' ਨੇ ਹੀ ਅੱਜ ਸਾਨੂੰ ਇਹ ਗੱਲਾਂ ਕਰਨ ਲਈ ਪੁਲ ਮੁਹੱਈਆ ਕਰਵਾਇਆ ਹੈ। ਆਓ ਇਸੇ ਬਹਾਨੇ ਲੇਖਕ ਦੇ ਫ਼ਰਜ਼-ਧਰਮ ਬਾਰੇ ਥੋੜ੍ਹੀ ਚਰਚਾ ਕਰਦੇ ਹਾਂ।

ਲੇਖਕ ਦਾ ਪਹਿਲਾ ਅਤੇ ਅੰਤਮ ਹਥਿਆਰ ਸੱਚ ਹੈ। ਸੱਚ ਦੀ ਤਰਫ਼ਦਾਰੀ ਕਰਦਿਆਂ ਹੁਣ ਤੱਕ ਅਨੇਕਾਂ ਲੇਖਕਾਂ ਨੇ ਮੁਸੀਬਤਾਂ ਹੀ ਨਹੀਂ ਝੱਲੀਆਂ ਸਗੋਂ ਆਪਣੀਆਂ ਜਾਨਾਂ ਵੀ ਕੁਰਬਾਨ ਕੀਤੀਆਂ ਹਨ। ਸੰਸਾਰ ਸਾਹਿਤ ਦਾ ਇਤਿਹਾਸ ਗਵਾਹ ਹੈ ਕਿ ਸੱਚ ਦੀ ਤਰਫ਼ਦਾਰੀ ਕਰਨ ਵਾਲੇ ਲੇਖਕ ਹੀ ਸਦਾ ਜਿਉਂਦੇ ਰਹਿੰਦੇ ਹਨ। ਜਿਨ੍ਹਾਂ ਲੇਖਕਾਂ ਨੇ ਆਪੋ-ਆਪਣੇ ਸਮਿਆਂ ਵਿਚ ਜ਼ੁਲਮ-ਜਬਰ ਦੇ ਖ਼ਿਲਾਫ਼ ਅਤੇ ਆਪਣੇ ਅਵਾਮ ਦੇ ਨਾਲ ਖੜ੍ਹਣ ਵਾਲਾ ਸਾਹਿਤ ਰਚਿਆ, ਉਹ ਅਤੇ ਉਨ੍ਹਾਂ ਦਾ ਸਾਹਿਤ ਹੀ ਅਮਰ ਹੋਇਆ ਹੈ। ਕੋਈ ਵੀ ਲੇਖਕ ਯਥਾਰਥ ਦੇ ਧੁਰ ਅੰਦਰ ਤੀਕ ਲੱਥੇ ਬਿਨਾਂ ਅਤੇ ਉਸਨੂੰ ਸਮਝੇ ਬਿਨਾਂ ਸਸ਼ਕਤ ਸਾਹਿਤ ਨਹੀਂ ਰਚ ਸਕਦਾ। ਲੇਖਕ ਕੋਈ ਉਪਰੋਂ ਡਿੱਗੀ ਸ਼ੈਅ ਨਹੀਂ ਹੁੰਦੇ। ਉਹ ਵੀ ਆਮ ਮਨੁੱਖ ਹੀ ਹੁੰਦੇ ਹਨ। ਉਨ੍ਹਾਂ ਦੇ ਵੀ ਆਪਣੇ ਹਾਸੇ-ਠੱਠੇ ਅਤੇ ਦੁੱਖ-ਦਰਦ ਹੁੰਦੇ ਹਨ। ਫ਼ਰਕ ਸਿਰਫ਼ ਏਨਾ ਹੈ ਕਿ ਲੇਖਕ ਨੇ ਆਪਣੇ ਅਨੁਭਵ ਨੂੰ ਲੋਕਾਂ ਦੀਆਂ ਖੁਸ਼ੀਆਂ, ਗਮੀਆਂ, ਝੋਰਿਆਂ ਅਤੇ ਦੁੱਖ ਤਕਲੀਫ਼ਾਂ ਨਾਲ ਇਕ-ਮਿਕ ਕਰਕੇ ਅਜਿਹੀ ਰਚਨਾ ਕਰਨੀ ਹੁੰਦੀ ਹੈ ਜਿਸ ਨੇ ਲੋਕ-ਜ਼ੁਬਾਨ ਬਣ ਜਾਣਾ ਹੁੰਦਾ ਹੈ।

ਅੱਜ ਜਿਸ ਤਰ੍ਹਾਂ ਦੇ ਗੁੰਝਲਦਾਰ ਸਮਿਆਂ ਵਿਚ ਅਸੀਂ-ਤੁਸੀਂ ਜੀਅ ਰਹੇ ਹਾਂ, ਇਸ ਨੇ ਜੀਵਨ ਦੇ ਹਰ ਖੇਤਰ ਵਿਚ ਹੀ ਨਵੀਂਆਂ ਚੁਣੌਤੀਆਂ ਲਿਆ ਖੜ੍ਹਾਈਆਂ ਹਨ। ਉਪਰਲੇ ਸ਼ਿਅਰ ਵਾਂਗ ਇਹ ਗੱਲ ਸੋਲਾਂ ਆਨੇ ਨਹੀਂ ਸਗੋਂ ਬੱਤੀ ਆਨੇ ਸਹੀ ਜਾਪਦੀ ਹੈ ਕਿ ਸੰਸਾਰ ਇਕ ਪਿੰਡ ਬਣ ਰਿਹਾ ਹੈ ਪਰ ਕਰੂਰ ਯਥਾਰਥ ਇਹ ਹੀ ਹੈ ਕਿ ਪਿੰਡ ਉਜੜ ਰਿਹਾ ਹੈ। ਲੋਕ ਟੁੱਟ ਰਹੇ ਹਨ। ਮਨੁੱਖ ਲਗਾਤਾਰ ਬਿਖ਼ਰ ਰਿਹਾ ਹੈ, ਸਭ ਕੁਝ ਹੱਥਾਂ 'ਚੋਂ ਕਿਰਦਾ ਜਾ ਰਿਹਾ ਹੈ। ਵਿਸ਼ਵੀਕਰਨ ਦੀਆਂ ਅਲਾਮਤਾਂ ਨੇ ਆਮ ਬੰਦੇ ਦੀ ਬੁੱਧੀ ਨੂੰ ਅਜਿਹੇ ਜੰਦਰੇ ਮਾਰੇ ਹਨ ਕਿ ਲੋਕ ਅੱਖੀਂ ਦੇਖਣ ਦੇ ਬਾਵਜੂਦ ਮੱਖੀ ਨਿਗਲੀ ਜਾ ਰਹੇ ਹਨ। ਅਜਿਹੀ ਸਥਿਤੀ ਵਿਚ ਜਦੋਂ ਸੰਸਾਰੀਕਰਨ ਦੇ ਇਨ੍ਹਾਂ ਦੁਰਪ੍ਰਭਾਵਾਂ ਨੇ ਧਰਮ, ਸਿਆਸਤ, ਆਰਥਿਕ ਤਾਣੇ-ਬਾਣੇ ਅਤੇ ਸਮਾਜਿਕ ਕਦਰਾਂ-ਕੀਮਤਾਂ ਦੇ ਪਰਖਚੇ ਉਡਾਣੇ ਸ਼ੁਰੂ ਕਰ ਦਿੱਤੇ ਹਨ ਤਾਂ ਕਿਸੇ ਵੀ ਸਮਾਜ ਦੇ ਲੇਖਕ ਫ਼ਰਜ਼ਾਂ ਦੇ ਵਿਚ ਚੋਖਾ ਵਾਧਾ ਹੋ ਗਿਆ ਹੈ। ਭਾਰਤ ਸੰਸਾਰੀਕਰਨ ਦੀ ਸਿੱਧੀ ਮਾਰ ਹੇਠ ਆ ਕੇ ਖਪਤਕਾਰੀ ਸਭਿਆਚਾਰ ਦੀ ਵੱਡੀ ਮੰਡੀ ਵਜੋਂ ਵਿਕਸਤ ਹੋ ਗਿਆ ਹੈ, ਇਸ ਲਈ ਭਾਰਤੀ ਅਵਾਮ ਨੂੰ ਕੁਝ ਵਧੇਰੇ ਹੀ ਮੁਸ਼ਕਿਲਾਂ ਦਰਪੇਸ਼ ਹਨ। ਹੋਰਨਾਂ ਖੇਤਰੀ ਭਾਸ਼ਾਵਾਂ ਦੇ ਨਾਲ-ਨਾਲ ਪੰਜਾਬੀ ਭਾਸ਼ਾ, ਬੋਲੀ ਅਤੇ ਸਭਿਆਚਾਰ ਨੂੰ ਇਨ੍ਹਾਂ ਚੌਤਰਫ਼ੇ ਹਮਲਿਆਂ ਨਾਲ ਦੋ-ਚਾਰ ਹੋਣਾ ਪੈ ਰਿਹਾ ਹੈ। ਅਜਿਹੇ ਦੌਰ ਵਿਚ ਪੰਜਾਬੀ ਲੇਖਕਾਂ ਨੇ ਬਿਨਾਂ ਸ਼ੱਕ ਆਪਣੇ ਫ਼ਰਜ਼ਾਂ ਨੂੰ ਪਛਾਣਿਆ ਹੈ ਅਤੇ ਵਿੱਤ ਮੂਜਬ ਆਪਣੀ ਜ਼ਿੰਮੇਵਾਰੀ ਨਿਭਾਈ ਹੈ। ਪੰਜਾਬੀ ਨਾਵਲ, ਕਹਾਣੀ ਅਤੇ ਨਾਟਕ ਦੀ ਇਸ ਵਰਤਾਰੇ ਵਿਚ ਇਕ ਬੱਝਵੀਂ ਭੂਮਿਕਾ ਹੈ। ਪਰ ਇੱਥੇ ਅਸੀਂ ਕਵਿਤਾ ਖਾਸ ਤੌਰ 'ਤੇ ਗ਼ਜ਼ਲ ਦੀ ਗੱਲ ਕਰ ਰਹੇ ਹਾਂ।

ਗ਼ਜ਼ਲ ਫੌਰੀ ਅਸਰ ਕਰਨ ਵਾਲੀ ਵਿਧਾ ਹੈ। ਪਿਛਲੇ ਕੁਝ ਕੁ ਵਰ੍ਹਿਆਂ ਵਿਚ ਪੰਜਾਬੀ ਗ਼ਜ਼ਲ ਨੇ ਐਨੀ ਮਕਬੂਲੀਅਤ ਹਾਸਲ ਕਰ ਲਈ ਹੈ ਕਿ ਪੰਜਾਬੀ ਦਾ ਕੋਈ ਵਿਰਲਾ-ਟਾਵਾਂ ਸ਼ਾਇਰ ਹੀ ਹੋਵੇਗਾ ਜਿਸ ਨੇ ਗ਼ਜ਼ਲ 'ਤੇ ਕਲਮ ਨਾ ਚਲਾਈ ਹੋਵੇ। ਗ਼ਜ਼ਲ ਪੰਜਾਬੀਆਂ ਦੇ ਦੁੱਖਾਂ-ਸੁੱਖਾਂ ਅਤੇ ਸਰੋਕਾਰਾਂ ਨੂੰ ਪੰਜਾਬੀ ਮਿੱਟੀ ਦੀ ਖੁਸ਼ਬੋ ਸੰਗ ਬੜੇ ਸਲੀਕੇ ਨਾਲ ਪੇਸ਼ ਕਰ ਰਹੀ ਹੈ। ਅੱਜ ਗ਼ਜ਼ਲ ਨਾ ਹੀ ਹਰਮਾਂ ਅਤੇ ਨਾ ਹੀ ਹਵੇਲੀਆਂ ਦੇ ਘੁੰਗਰੂਆਂ ਦੀ ਮੁਹਤਾਜ ਹੈ। ਪੰਜਾਬੀ ਗ਼ਜ਼ਲ ਕਿਵੇਂ ਲੋਕ ਮਸਲਿਆਂ ਨੂੰ ਮੁਖਾਤਬ ਹੁੰਦੀ ਆ ਰਹੀ ਹੈ ਇਸ ਦੀ ਮਿਸਾਲ ਅਜਿਹੇ ਹਜ਼ਾਰਾਂ ਸ਼ਿਅਰ ਹਨ ਜਿਨ੍ਹਾਂ ਦਾ ਸਰੋਕਾਰ ਸਿਰਫ਼ ਤੇ ਸਿਰਫ਼ ਅਵਾਮ ਤੇ ਅਵਾਮ ਨਾਲ ਜੁੜੇ ਮਸਲਿਆਂ ਨਾਲ ਹੈ। ਸੁਲੱਖਣ ਸਰਹੱਦੀ ਦਾ ਹੀ ਇਕ ਸ਼ਿਅਰ ਮੁਲਾਹਜਾ ਫਰਮਾਓ-

'ਕੁਝ ਗ਼ਜ਼ਲਾਂ ਵਿਚ ਹੁੰਦੇ ਕੇਵਲ ਬਹਿਰਾਂ ਦੇ ਸਿਰਨਾਵੇਂ।
ਸ਼ਿਅਰ ਸੁਲੱਖਣੇ ਓਹੀ ਹਨ ਜੋ ਦਰਦਾਂ ਦੇ ਸਿਰਨਾਵੇਂ।

ਜਿਸ ਸ਼ਾਇਰੀ ਵਿਚ ਲੋਕ ਮਸਲਿਆਂ, ਸਮਾਜਿਕ ਸਰੋਕਾਰਾਂ, ਸਿਆਸੀ ਅਤੇ ਧਾਰਮਿਕ ਅਡੰਬਰਾਂ ਨੂੰ ਬੇਹੱਦ ਸੂਖ਼ਮਤਾ ਨਾਲ ਪਰੋਇਆ ਗਿਆ ਹੋਵੇ, ਲੋਕਾਈ ਦੀ ਮੁਕਤੀ ਲਈ ਹੂਕ ਅਤੇ ਜੂਝਣ ਦੀ ਭਾਵਨਾ ਜਿਸ ਸ਼ਾਇਰੀ ਦੇ ਕੇਂਦਰ ਵਿਚ ਹਰ ਵਕਤ ਮੌਜੂਦ ਰਹਿੰਦੀ ਹੋਵੇ, ਉਹੀ ਸ਼ਾਇਰੀ ਅਸਲ ਲੋਕ ਸ਼ਾਇਰੀ ਅਖਵਾਉਂਦੀ ਹੈ। ਲੇਖਕ ਦੇ ਜਿਸ ਧਰਮ ਦੀ ਚਰਚਾ ਅਸੀਂ ਉਪਰ ਕੀਤੀ ਹੈ, ਇਹੀ ਉਹ ਧਰਮ ਹੈ। ਸੁਲੱਖਣ ਸਰਹੱਦੀ ਦੇ ਹੀ ਇਸ ਸ਼ਿਅਰ ਨਾਲ ਦਿਓ ਆਗਿਆ-

'ਕੋਲ ਹੀ ਰੱਖੋ ਆਪਣੇ ਗੂੜ ਗਿਆਨਾਂ ਦੇ ਸਿਰਨਾਵੇਂ
ਸਾਨੂੰ ਰਾਹੀਆਂ ਨੂੰ ਲੋੜੀਂਦੇ ਰਾਹਾਂ ਦੇ ਸਿਰਨਾਵੇਂ'

# ਯੂਟੋਪੀਆ ਦਾ ਰੰਗ



ਆਮਿਸ਼ ਦਾ ਇਤਿਹਾਸ ਦੱਸਦਾ ਹੈ ਕਿ ਇਹ ਲੋਕ 17ਵੀਂ ਅਤੇ 18ਵੀਂ ਸਦੀ ਵਿੱਚ ਸਵਿਟਜ਼ਰਲੈਂਡ, ਜਰਮਨੀ ਅਤੇ ਫਰਾਂਸ ਤੋਂ ਅਮਰੀਕਾ ਆਏ ਸਨ (ਇਨ੍ਹਾਂ 'ਚੋਂ ਇਕ ਗਰੁੱਪ ਓਨਟੈਰੀਓ, ਕੈਨੇਡਾ ਜਾ ਵਸਿਆ)। ਉਨ੍ਹਾਂ ਦੇਸ਼ਾਂ ਵਿਚ ਇਹ ਲੋਕ ਹੁਨਰਮੰਦ ਕਿਸਾਨ ਸਨ। ਪਰ, ਉੱਥੇ ਕੈਥੋਲਿਕ ਤੇ ਪ੍ਰੋਟੈਸਟੈਂਟ ਦੀ ਚੌਧਰ ਹੋਣ ਕਰ ਕੇ ਇਨ੍ਹਾਂ ਨੂੰ ਜ਼ਮੀਨਾਂ ਖਰੀਦਣ ਦਾ ਹੱਕ ਨਹੀਂ ਸੀ।



ਸ਼ਸ਼ੀ ਸਮੁੰਦਰਾ

ਥੋੜ੍ਹੇ ਦਿਨ ਹੋਏ, ਮੈਂ ਆਪਣੀ ਫ਼ਾਈਲ ਕੈਬੇਨਿਟ 'ਚੋਂ 'ਪਰਸਨਲ ਫ਼ਾਈਲ' ਕੱਢ ਇਹਦੇ 'ਚੋਂ ਕੁੱਝ ਨਿੱਜੀ ਜਾਣਕਾਰੀ ਦੇ ਕਾਗਜ਼ ਲੈ ਜਦ ਇਹ ਮੁੜ ਪਹਿਲੀ ਥਾਂ ਰੱਖੀ ਤਾਂ ਇਹਦੇ ਨਾਲ ਲਗਦੀ 'ਨਿਊਜ਼ ਕਟਿੰਗਜ਼' ਵਾਲੀ ਫ਼ਾਈਲ 'ਤੇ ਮੇਰੀ ਨਜ਼ਰ ਪੈ ਗਈ। ਮੈਂ ਇਹ ਕੱਢ ਕੇ ਬੱਸ ਐਵੇਂ ਹੀ ਫ਼ਰੋਲਣ ਲੱਗ ਪਈ। ਦੋ ਚਾਰ ਕੁ ਖ਼ਬਰਾਂ ਧਿਆਨ ਨਾਲ ਪੜ੍ਹ ਤਸਵੀਰਾਂ ਨੂੰ ਰਤਾ ਗਹੁ ਨਾਲ ਦੇਖ ਇਹ ਮੁੜ ਫ਼ਾਈਲ 'ਚ ਰੱਖ ਦਿੱਤੀ ਪਰ ਮੇਰੇ ਮਨ 'ਚ ਅਚਾਨਕ ਇਕ ਹਲਚਲ ਜਿਹੀ ਪੈਦਾ ਹੋ ਗਈ। ਤੇ ਕਈ ਵਰ੍ਹੇ ਪਹਿਲਾਂ ਬੀਤੀ ਸਾਰੀ ਘਟਨਾ ਮੁੜ ਤੋਂ ਮੇਰੀਆਂ ਅੱਖਾਂ ਅੱਗੇ ਘੁੰਮ ਗਈ। ਇਹ ਇਕ ਬੜੀ ਹੀ ਹਿੰਸਕ ਵਾਰਦਾਤ ਦੀ ਖ਼ਬਰ ਸੀ ਜੋ ਕਿ 2006 ਵਿਚ ਅਮਰੀਕਾ ਦੀ ਪੂਰਬੀ ਸਟੇਟ ਪੈਨਸਲਵੇਨੀਆ ਵਿਚ ਵਾਪਰੀ ਸੀ। ਆਮਿਸ਼ ਕਮਿਊਨ ਦੀਆਂ ਪੰਜ ਕੁੜੀਆਂ ਨੂੰ ਉਨ੍ਹਾਂ ਦੇ ਕਿਸੇ ਗੁਆਂਢੀ ਗੋਰੇ ਨੇ ਗੋਲੀ ਮਾਰ ਦਿੱਤੀ ਸੀ।

ਅਮਰੀਕਾ ਭਰ ਵਿਚ ਇਹ ਖ਼ਬਰ ਅੱਗ ਵਾਂਗ ਫੈਲੀ ਸੀ। ਦੁੱਖ ਅਤੇ ਹੈਰਾਨੀ ਵਿਚ ਲੋਕ ਇਹ ਖਬਰ ਟੀ.ਵੀ. 'ਤੇ ਦੇਖ ਰਹੇ ਸਨ ਤੇ ਅਖਬਾਰਾਂ 'ਚ ਪੜ੍ਹ ਰਹੇ ਸਨ। ਹਿੰਸਕ ਵਾਰਦਾਤਾਂ ਤਾਂ ਏਥੇ ਨਿੱਤ ਹੁੰਦੀਆਂ ਹਨ। ਲੋਕ ਇਹਦੇ ਆਦੀ ਹੋ ਚੁੱਕੇ ਸਨ। ਇਥੇ ਹੀ ਕਿਉਂ , ਲੱਗਦੈ ਹੁਣ ਤਾਂ ਹਰ ਦੇਸ਼ ਵਿਚ ਹੀ ਲੋਕ ਹਿੰਸਾ ਦੇ ਆਦੀ ਹੋ ਚੁੱਕੇ ਹਨ। ਹਰ ਥਾਂ ਹਿੰਸਾ ਸਾਡਾ ਪਿੱਛਾ ਕਰ ਰਹੀ ਹੈ। ਕਿਸੇ ਨੂੰ ਕਿਸੇ ਦੇ ਵਿਚਾਰ ਪਸੰਦ ਨਹੀਂ-ਗੋਲੀ। ਕਿਸੇ ਨੂੰ ਕਿਸੇ ਦੀ ਬੋਲੀ ਨਹੀਂ ਪਸੰਦ-ਗੋਲੀ। ਕਿਸੇ ਨੂੰ ਕਿਸੇ ਦਾ ਲਿਬਾਸ ਨਹੀਂ ਪਸੰਦ-ਗੋਲੀ। ਕਿਸੇ ਨੂੰ ਕਿਸੇ ਦੇ ਵਾਲ, ਸ਼ਕਲ ਜਾਂ ਰਹਿਣ ਸਹਿਣ ਹੀ ਨਹੀਂ ਪਸੰਦ ਤਾਂ ਗੋਲੀ। ਇਹ ਸਭ ਹਿੰਸਾ ਹੁਣ ਸਾਨੂੰ ਕਿੰਨੀ ਸੁਭਾਵਕ ਲੱਗਣ ਲੱਗ ਪਈ ਹੈ। ਲਗਦੈ, ਜਿਵੇਂ ਅਸੀਂ 'ਜੀਓ ਤੇ ਜੀਣ ਦਿਓ' ਦੇ ਅਸੂਲ ਹੀ ਭੁੱਲ ਗਏ ਹਾਂ। ਸੋ, ਸੈਂਕੜੇ ਅਜਿਹੀਆਂ ਖ਼ਬਰਾਂ 'ਚੋਂ ਇਹ ਵੀ ਇਕ ਖ਼ਬਰ ਸੀ। ਹੈਰਾਨ ਹੋਣ ਵਾਲੀ ਇਹਦੇ 'ਚ ਭਲਾ ਕਿਹੜੀ ਗੱਲ ਸੀ? ਪਰ ਨਹੀਂ। ਇਹ ਘਟਨਾ ਆਮ ਹਿੰਸਕ ਘਟਨਾਵਾਂ ਵਰਗੀ ਨਹੀਂ ਸੀ। ਇਹ ਵਾਰਦਾਤ ਇਕ ਆਮਿਸ ਕਮਿਊਨ ਵਿਚ ਵਾਪਰੀ ਸੀ ਜੋ ਇਕ ਮੂਲੋਂ ਹੀ ਅਣਹੋਣੀ ਗੱਲ ਸੀ।

ਇਕ ਆਮਿਸ ਕਮਿਊਨ ਵਿਚ ਅਜਿਹੀ ਹਿੰਸਾ? ਲੋਕਾਂ ਨੂੰ ਸੁਣ ਕੇ ਜਿਵੇਂ ਯਕੀਨ ਨਹੀਂ ਸੀ ਆ ਰਿਹਾ। ਪਰ, ਕਿਉਂ ਕਿਸੇ ਨੂੰ ਆਮਿਸ਼ ਲੋਕਾਂ ਨਾਲ ਭਲਾ ਕੀ ਦੁਸ਼ਮਣੀ ਹੋ ਸਕਦੀ ਹੈ, ਕੀ ਕਿਸੇ ਨੂੰ ਉਨ੍ਹਾਂ ਨਾਲ ਵੀ ਦੁਸ਼ਮਣੀ ਹੋ ਸਕਦੀ ਹੈ? ਹੈਰਾਨ, ਲੋਕ ਇਹ ਸੋਚ ਰਹੇ ਸਨ ਤੇ ਇਕ ਦੂਜੇ ਨੂੰ ਕਹਿ ਰਹੇ ਸਨ। ਫੇਰ, ਖ਼ਬਰਾਂ ਆਉਣ ਲੱਗੀਆਂ ਤੇ ਕਾਰਨ ਦੱਸੇ ਜਾਣ ਲੱਗੇ। ਚਾਰਲਜ਼ ਰੌਬ੍ਰਟ ਨਾਂ ਦਾ ਕੋਈ ਗੋਰਾ ਅਮਰੀਕਨ ਆਮਿਸ਼ ਕਮਿਊਨ ਦੇ ਨੇੜੇ ਰਹਿੰਦਾ ਸੀ। ਕੁੱਝ ਸਾਲ ਪਹਿਲਾਂ ਉਸ ਦੀ ਨਵ-ਜੰਮੀ ਧੀ ਦੀ ਮੌਤ ਹੋ ਗਈ ਸੀ। ਉਹਨੂੰ ਇਹਦਾ ਰੱਬ 'ਤੇ ਬੇਹੱਦ ਗੁੱਸਾ ਸੀ। ਜੇ ਉਹਦੇ ਵੱਸ ਵਿੱਚ ਹੁੰਦਾ ਤਾਂ ਉਹ ਸਿੱਧਾ ਜਾ ਕੇ ਰੱਬ ਨੂੰ ਗੋਲੀ ਮਾਰ ਦਿੰਦਾ ਪਰ ਇਹ ਨਾ ਕਰ ਸਕਣ ਦੀ ਬੇਬਸੀ ਵਿਚ ਉਹਨਾ ਆਪਣਾ ਬਦਲਾ ਰੱਬ ਨੂੰ ਮੰਨਣ ਵਾਲਿਆਂ ਨੂੰ ਮਾਰ ਕੇ ਲੈਣ ਦਾ ਧਾਰ ਲਿਆ ਸੀ।

ਖ਼ਬਰਾਂ ਮੁਤਾਬਕ ਉਸ ਨੇ ਆਮਿਸ਼ ਕਮਿਊਨ ਦੇ ਖੇਤਾਂ ਵਿੱਚ ਬਣੇ ਇਕ ਕਮਰੇ ਵਾਲੇ ਸਕੂਲ ਵਿੱਚ ਜਾ ਕੇ ਪਹਿਲਾਂ ਤਾਂ ਤਿੰਨ ਵਿਜ਼ਿਟ ਕਰ ਰਹੀਆਂ ਔਰਤਾਂ ਨੂੰ ਬਾਹਰ ਕੱਢਿਆ ਤੇ ਫੇਰ ਮੁੰਡਿਆਂ ਨੂੰ। ਤੇ ਫੇਰ ਅੰਦਰੋਂ ਦਰਵਾਜ਼ੇ ਬੰਦ ਕਰ ਕੁੜੀਆਂ ਨੂੰ ਜ਼ਮੀਨ 'ਤੇ ਲਿਟਾ ਕੇ ਉਨ੍ਹਾਂ ਦੇ ਹੱਥ ਪੈਰ ਰੱਸੀਆਂ ਨਾਲ ਬੰਨ੍ਹ ਦਿਤੇ।

'ਮੈਨੂੰ ਰੱਬ 'ਤੇ ਮੇਰੀ ਧੀ ਮੇਰੇ ਕੋਲੋਂ ਖੋਹ ਲੈਣ ਦਾ ਗੁੱਸੈ', ਉਹਨੇ ਕੁੜੀਆਂ ਨੂੰ ਗੰਨ ਦਿਖਾਉਂਦਿਆਂ ਕਿਹਾ। 'ਅੱਜ ਮੈਂ ਉਹਦੇ ਤੋਂ ਇਹ ਬਦਲਾ ਉਹਨੂੰ ਪੂਜਣ ਵਾਲਿਆਂ ਨੂੰ ਮਾਰ ਕੇ ਲੈਣਾ ਹੈ।'

'ਤੂੰ ਮੈਨੂੰ ਮਾਰ ਦੇ', ਤੇਰਾਂ ਸਾਲਾਂ ਦੀ ਮੇਰੀਅਨ ਨੇ ਆਪਣੀਆਂ ਸਾਥਣਾਂ ਨੂੰ ਬਚਾਉਣ ਦੇ ਇਰਾਦੇ ਨਾਲ ਅਪੀਲ ਕੀਤੀ।

'ਨਹੀਂ, ਮੈਨੂੰ ਮਾਰ', ਇਕ ਹੋਰ ਨੇ ਤਰਲਾ ਕੀਤਾ।

ਏਨੇ ਨੂੰ ਤਾੜ! ਤਾੜ! ਤਾੜ ਗੋਲੀਆਂ ਚੱਲੀਆਂ, ਤੇ ਪੰਜ ਸੋਹਲ ਜਿਹੇ ਜਿਸਮ ਵਿੰਨ੍ਹ ਗਈਆਂ। ਕੁੱਝ ਹੋਰ ਕੁੜੀਆਂ ਜ਼ਖ਼ਮੀ ਹੋ ਗਈਆਂ। ਏਨੇ ਨੂੰ ਟੀਚਰ, ਜੋ ਕਿਸੇ ਤਰੀਕੇ ਸਾਈਡ ਦੇ ਦਰਵਾਜ਼ੇ ਰਾਹੀਂ ਬਚ ਕੇ ਬਾਹਰ ਨਿਕਲਣ 'ਚ ਕਾਮਯਾਬ ਹੋ ਗਈ ਸੀ, ਨੇ ਕਿਤੋਂ ਪੁਲਿਸ ਨੂੰ ਫ਼ੋਨ ਕਰ ਦਿੱਤਾ ਸੀ। ਛੇਤੀ ਹੀ ਉਥੇ ਪੁਲਿਸ ਨੇ ਆ ਘੇਰਾ ਪਾ ਲਿਆ ਸੀ। ਜਦ ਉਸ ਦਰਿੰਦੇ ਨੂੰ ਇਹਦਾ ਪਤਾ ਲੱਗਾ ਤਾਂ ਉਹਨੇ ਆਪਣੇ ਆਪ ਨੂੰ ਵੀ ਗੋਲੀ ਮਾਰ ਲਈ ਸੀ।

ਮੈਨੂੰ ਯਾਦ ਹੈ ਕਿ ਇਸ ਘਟਨਾ ਤੋਂ ਦੂਜੇ ਜਾਂ ਤੀਜੇ ਕੁ ਦਿਨ ਮੈਂ ਆਪਣੀ ਸਹੇਲੀ ਤੇ ਗੁਆਂਢਣ ਕੈਥਰਿਨ ਨਾਲ ਇਹਦੇ ਬਾਰੇ ਗੱਲ ਕੀਤੀ ਸੀ।

'ਕੈਥੀ', ਮੈਂ ਕਿਹਾ ਸੀ, ''ਮੀਡੀਆ ਕਹਿ ਰਿਹੈ ਕਿ ਕੋਈ ਵੀ ਸਕੂਲ ਦਾ ਬੱਚਾ ਉਸ ਵੇਲੇ ਚੀਕਿਆ-ਚਿੱਲਾਇਆ ਨਹੀਂ। ਭਲਾ ਇਹ ਕਿਵੇਂ ਹੋ ਸਕਦੈ? ਮੈਂ ਨਹੀਂ ਮੰਨਦੀ ਏਸ ਗੱਲ ਨੂੰ।'

'ਉਨ੍ਹਾਂ ਬੱਚਿਆਂ ਨੂੰ ਸ਼ੁਰੂ ਤੋਂ ਹੀ ਹਰ ਹਾਲਤ ਵਿਚ ਸ਼ਾਂਤ ਰਹਿਣਾ ਸਿਖਾਇਆ ਜਾਂਦੈ।'' ਉਸ ਦਾ ਜਵਾਬ ਸੀ।

'ਪਰ ਜਦੋਂ ਉਨ੍ਹਾਂ ਨੇ ਦੂਜੇ ਬੱਚਿਆਂ ਨੂੰ ਗੋਲੀਆਂ ਵੱਜਦੀਆਂ ਅੱਖੀਂ ਦੇਖੀਆਂ ਹੋਣਗੀਆਂ। ਉਨ੍ਹਾਂ ਨੂੰ ਜ਼ਮੀਨ 'ਤੇ ਲਹੂ 'ਚ ਲਥ-ਪਥ ਡਿੱਗਦੇ ਦੇਖਿਆ ਹੋਊ, ਉਦੋਂ ਉਹ ਭੈ-ਭੀਤ ਹੋ ਕੇ ਜ਼ਰੂਰ ਚੀਕੇ ਹੋਣਗੇ।'

'ਹਾਂ, ਡਰੇ ਤਾਂ ਉਹ ਵੀ ਹੋਣਗੇ', ਉਨ੍ਹਾਂ ਕਿਹਾ ਸੀ, 'ਪਰ ਇਹਦੇ 'ਤੇ ਤੁਹਾਡਾ ਪ੍ਰਤੀਕਰਮ ਕੀ ਹੁੰਦਾ, ਇਹ ਤੁਹਾਡੀ ਟ੍ਰੇਨਿੰਗ ਜਾਂ ਕੰਡੀਸ਼ਨਿੰਗ 'ਤੇ ਡਿਪੈਂਡ ਕਰਦੈ।'

'ਮੰਨਿਆ, ਪਰ ਬੱਚਾ ਤਾਂ ਬੱਚਾ ਹੈ।' ਮੈ ਕਿਹਾ ਸੀ। ਮੈਂ ਹੁਣ ਤਕ ਜੋ ਮੀਡੀਆ ਤੋਂ ਸੁਣਿਆ ਸੀ ਤੇ ਹੁਣ ਜੋ ਕੈਥਰਿਨ ਕਹਿ ਰਹੀ ਸੀ, ਮੈਨੂੰ ਇਹਦੇ 'ਤੇ ਯਕੀਨ ਨਹੀਂ ਸੀ ਆ ਰਿਹਾ।

'ਬਹੁਤ ਸਾਰਾ ਸਾਡਾ ਵਰਤਾਓ ਦੂਜਿਆਂ ਤੋਂ ਸਿਖਿਆ ਹੋਇਆ ਹੈ। ਘਰ 'ਚ ਤੇ ਘਰੋਂ ਬਾਹਰ ਜੋ ਬੱਚਾ ਦੇਖਦਾ ਹੈ, ਉਹ ਸਿੱਖਦਾ ਹੈ' ਉਹਦੀ ਦਲੀਲ ਸੀ।

ਪਰ ਫਿਰ ਵੀ, ਏਨੀ ਭਿਆਨਕ ਘਟਨਾ ਵਾਪਰੇ ਤੇ ਇਹ ਸਭ ਦੇਖ ਕੇ ਬੱਚੇ ਏਨੇ ਸਹਿਜ ਤੇ ਸ਼ਾਂਤ ਰਹਿਣ, ਇਹ ਮੰਨਣਾ ਮੈਨੂੰ ਔਖਾ ਲੱਗਦਾ ਸੀ।

ਉਦੋਂ ਹੀ ਅਚਾਨਕ ਮੈਨੂੰ ਇਕ ਖਿਆਲ ਆਇਆ ਸੀ ਜੋ ਕਦੇ ਕਦੇ ਪਹਿਲਾਂ ਵੀ ਆਉਂਦਾ ਹੁੰਦਾ ਸੀ। ਇਹ ਪੜ੍ਹਨ ਅਤੇ ਸੁਣਨ ਵਿੱਚ ਆਉਂਦਾ ਹੈ ਕਿ ਜਦੋਂ ਦਸਮੇਸ਼ ਪਿਤਾ ਦੇ ਦੋਵੇਂ ਬੱਚੇ, ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਨੂੰ ਜੱਲਾਦ ਕੰਧਾਂ ਵਿਚ ਚਿਣ ਰਹੇ ਸਨ ਤਾਂ ਉਹ ਚੀਕੇ ਚਿੱਲਾਏ ਨਹੀਂ ਸੀ। ਡਰੇ ਨਹੀਂ ਸੀ। ਉਦੋਂ ਜ਼ੋਰਾਵਰ ਸਿਰਫ਼ ਅੱਠ ਸਾਲ ਦਾ ਸੀ ਤੇ ਫ਼ਤਹਿ ਸਿੰਘ ਸਿਰਫ਼ 6 ਸਾਲ ਦਾ। ਏਨੇ ਘੋਰ ਅਤਿਆਚਾਰ ਸਮੇਂ ਵੀ, ਏਨੀ ਛੋਟੀ ਉਮਰ 'ਚ ਇੰਝ ਸਹਿਜ ਰਹਿਣ ਨੂੰ ਮੈਂ ਇਕ ਮਿੱਥ ਮੰਨਦੀ ਸਾਂ। ਪਰ, ਅੱਜ ਪਹਿਲੀ ਵਾਰ, ਮੈਂ ਏਸ ਸੰਭਾਵਨਾ ਬਾਰੇ ਸੋਚਿਆ ਸੀ। ਅਖ਼ੀਰ, ਇਹ ਗੱਲ ਮੈਂ ਮੰਨ ਲਈ ਸੀ ਪਰ, ਫਿਰ ਵੀ, ਮੇਰੀ ਸੋਚ ਵਿਚ ਜਦੋਂ ਜੱਲਾਦ ਕੰਧ ਦੀ ਇਕ ਇਕ ਇੱਟ ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਦੁਆਲੇ ਚਿਣਦੇ ਹਨ ਤਾਂ ਧੁਰ ਅੰਦਰੋਂ ਕਿਧਰੋਂ ਮੈਨੂੰ ਉਨ੍ਹਾਂ ਦੇ ਆਪਣੀ ਮਾਂ ਨੂੰ 'ਵਾਜ਼ਾਂ ਮਾਰਨ ਦੀਆਂ ਆਵਾਜ਼ਾਂ ਸੁਣਨ ਲੱਗ ਪੈਂਦੀਆਂ ਹਨ....। ਇੰਝ ਹੀ ਮੈਨੂੰ ਆਮਿਸ਼ ਬੱਚਿਆਂ ਦੀਆਂ ਅੱਖਾਂ 'ਚ ਹੰਝੂ ਦਿਖੀ ਜਾਂਦੇ ਸਨ...।

ਮੀਡੀਆ ਵਿਚ ਆਮਿਸ਼ ਨਾਲ ਹੋਏ ਅਤਿਆਚਾਰ ਦੀ ਖ਼ਬਰ ਹਾਲੇ ਠੰਢੀ ਵੀ ਨਹੀਂ ਸੀ ਹੋਈ ਕਿ ਇਕ ਹੋਰ ਖ਼ਬਰ ਆ ਗਈ ਜਿਹਨੇ ਲੋਕਾਂ ਨੂੰ ਹੋਰ ਵੀ ਹੈਰਾਨ ਕਰ ਦਿੱਤਾ। ਪਤਾ ਲੱਗਾ ਆਮਿਸ਼ ਲੋਕਾਂ ਨੇ ਚਾਰਲਸ ਤੇ ਉਹਦੇ ਪਰਿਵਾਰ ਨੂੰ ਮਾਫ਼ ਕਰ ਦਿੱਤਾ ਸੀ। ਦਸਿਆ ਗਿਆ ਸੀ ਕਿ ਜਦੋਂ ਕੋਈ ਡੇਢ ਹਜ਼ਾਰ ਤੋਂ ਉਪਰ ਲੋਕ ਕਮਿਊਨ 'ਚ ਮੋਈਆਂ ਬੱਚੀਆਂ ਦੀਆਂ ਰੂਹਾਂ ਲਈ ਪ੍ਰਾਰਥਨਾ ਕਰਨ ਲਈ 'ਕੱਠੇ ਹੋਏ ਤਾਂ ਉਨ੍ਹਾਂ ਕਿਹਾ ਕਿ ਨਾਲ ਹੀ ਚਾਰਲਸ ਦੀ ਰੂਹ ਦੀ ਸ਼ਾਂਤੀ ਲਈ ਪ੍ਰਾਰਥਨਾ ਕੀਤੀ ਜਾਵੇ। ਉਨ੍ਹਾਂ ਚਾਰਲਸ ਦੇ ਪਰਿਵਾਰ ਨੂੰ ਸੁਨੇਹਾ ਭੇਜਿਆ, ''ਅਸੀਂ ਤੁਹਾਨੂੰ ਮਾਫ਼ ਕਰ ਦਿੱਤਾ। ਆਉ, ਹੁਣ ਮਿਲ ਕੇ ਇਨ੍ਹਾਂ ਸਾਰੀਆਂ ਰੂਹਾਂ ਦੀ ਸ਼ਾਂਤੀ ਲਈ ਪ੍ਰਾਰਥਨਾ ਕਰੀਏ।'' ਸੁਣ ਲੋਕ ਪਸੀਜ ਗਏ ਸਨ।

ਦੂਜੇ ਕੁ ਦਿਨ ਟੀ.ਵੀ. 'ਤੇ ਖ਼ਬਰਾਂ ਦੇਖਦੀ ਕੈਥਰਿਨ ਦਾ ਚਿਹਰਾ ਮੋਸਸਿਆ ਹੋਇਆ ਸੀ। ਮੈਂ ਵੀ ਉਹਦੇ ਲਿਵਿੰਗ ਰੂਮ 'ਚ ਉਹ ਕੋਲ ਬੈਠ ਖ਼ਬਰ ਦੇਖੀ ਸੀ।

'ਇਨ੍ਹਾਂ ਲੋਕਾਂ ਦਾ ਦਿਲ ਦੇਖ' ਮੈਂ ਉਹਨੂੰ ਕਹਿੰਦੀ ਨੂੰ ਸੁਣਿਆ ਸੀ। 'ਕੋਈ ਏਨੇ ਸੱਚੇ ਸੁੱਚੇ ਤੇ ਸ਼ਾਂਤ ਦਿਲ ਦੇ ਵੀ ਹੋ ਸਕਦੇ ਨੇ? ਉਨ੍ਹਾਂ ਦੀਆਂ ਪੰਜ ਬੱਚੀਆਂ ਦੀਆਂ ਲਾਸ਼ਾਂ ਉਨ੍ਹਾਂ ਦੀਆਂ ਅੱਖਾਂ ਅੱਗੇ ਕਫ਼ਨਾਂ 'ਚ ਲਪੇਟੀਆਂ ਪਈਆਂ ਤੇ ਕਈ ਹੋਰ ਹਸਪਤਾਲਾਂ 'ਚ ਜ਼ਿੰਦਗੀ ਤੇ ਮੌਤ ਵਿਚਕਾਰ ਜੂਝ ਰਹੀਆਂ ਤੇ ਉਹ ਕਾਤਿਲ ਦੇ ਪਰਿਵਾਰ ਨੂੰ ਕਹਿ ਰਹੇ ਹਨ, ''ਅਸੀਂ ਤੁਹਾਨੂੰ ਮਾਫ਼ ਕੀਤਾ।'' ਤੇ ਉਸ ਦਰਿੰਦੇ ਦੀ ਰੂਹ ਦੀ ਸ਼ਾਂਤੀ ਲਈ ਵੀ ਪ੍ਰਾਰਥਨਾ ਕਰ ਰਹੇ ਸਨ।

'ਹਾਂ ਆਮ ਬੰਦੇ ਲਈ ਤਾਂ ਇਹ ਕਰਨਾ ਔਖਾ', ਮੈਂ ਕਿਹਾ ਸੀ।

'ਪੈਸਿਫ਼ਿਜ਼ਮ ਦੀ ਅਜਿਹੀ ਉਦਾਹਰਣ ਮੈਂ ਤਾਂ ਕਦੇ ਦੇਖੀ ਨਹੀਂ", ਉਹਨੇ ਇਹ ਜਿਵੇਂ ਬਹੁਤਾ ਆਪਣੇ ਆਪ ਨੂੰ ਹੀ ਕਿਹਾ ਸੀ।

'ਹਾਂ, ਪਰ ਤੈਨੂੰ ਪਤਾ ਈ ਹੋਣਾ ਕਿ ਕ੍ਰਾਈਸਟ ਨੇ ਵੀ ਤਾਂ ਆਪਣੇ ਕਾਤਲਾਂ ਨੂੰ ਮਾਫ਼ ਕਰ ਦਿਤਾ ਸੀ।' ਮੈਂ ਬਾਈਬਲ ਜਾਂ ਕ੍ਰਿਸਚੀਐਨਿਟੀ ਬਾਰੇ ਆਪਣੀ ਸੀਮਤ ਜਾਣਕਾਰੀ 'ਚੋਂ ਉਹਨੂੰ ਯਾਦ ਕਰਾਇਆ ਸੀ।

'ਕਿਤਾਬਾਂ 'ਚ ਤਾਂ ਬਹੁਤ ਕੁਝ ਲਿਖਿਆ ਪੜ੍ਹਨ ਨੂੰ ਮਿਲਦੈ। ਪਰ, ਤੂੰ ਦੱਸ ਕਿੰਨੇ ਕੁ ਲੋਕ ਏਸ ਹੱਦ ਤਕ ਕਿਤਾਬੀ ਅਸੂਲਾਂ ਨੂੰ ਅਪਨਾਉਂਦੇ ਤੇ ਇਨ੍ਹਾਂ 'ਤੇ ਚਲਦੇ ਹਨ?'

'ਬਹੁਤ ਥੋੜ੍ਹੇ'

'ਤੇ, ਉਹ ਬਹੁਤ ਥੋੜ੍ਹੇ ਇਹ ਆਮਿਸ਼ ਹਨ।'

ਹੁਣ ਮੈਂ ਅੱਗੇ ਕੁਝ ਨਹੀਂ ਸੀ ਆਖਿਆ।

ਟੀ.ਵੀ. 'ਤੇ ਖ਼ਬਰਾਂ ਦੇ ਨਾਲ ਉਸ ਕਮਿਊਨ ਦੀਆਂ ਕੁੱਝ ਤਸਵੀਰਾਂ ਵੀ ਦਿਖਾਈਆਂ ਜਾ ਰਹੀਆਂ ਸਨ: ਆਦਮੀ ਤੇ ਔਰਤਾਂ ਰੋਜ਼ਾਨਾਂ ਦੀ ਤਰ੍ਹਾਂ ਖੇਤਾਂ ਵਿਚ ਕੰਮ ਕਰ ਰਹੀਆਂ ਹਨ। ਬੱਚੇ ਨਾਲ ਕੰਮ ਕਰਵਾ ਰਹੇ ਹਨ ਜਾਂ ਖੇਡ ਰਹੇ ਹਨ। ਕੋਈ ਘੋੜਾ-ਬੱਘੀ 'ਚ ਕਿਧਰੇ ਜਾ ਰਿਹੈ। ਇਕ ਥਾਂ ਮਾਤਮ ਦੀ ਤਿਆਰੀ ਹੋ ਰਹੀ ਹੈ। ਤਸਵੀਰਾਂ ਬਹੁਤ ਥੋੜ੍ਹੀਆਂ ਦਿਖਾਈਆਂ ਸਨ ਕਿਉਂਕਿ ਆਮਿਸ਼ ਆਪਣੀ ਫ਼ੋਟੋਗ੍ਰਾਫੀ ਤੇ ਪਬਲਿਸਿਟੀ, ਦੋਹਾਂ ਦੇ ਖਿਲਾਫ਼ ਹਨ। ਮੀਡੀਆ ਨੇ ਉਨ੍ਹਾਂ ਨਾਲ ਬਾ-ਇੱਜ਼ਤ ਪੇਸ਼ ਆਉਂਦਿਆਂ ਉਨ੍ਹਾਂ ਦੀ ਜ਼ਿੰਦਗੀ ਵਿਚ ਬਹੁਤੀ ਦਖਲਅੰਦਾਜ਼ੀ ਨਹੀਂ ਸੀ ਕੀਤੀ।

'ਦੇਖ, ਹੈ ਕੋਈ ਰੋਂਦਾ? ਹੈ ਕਿਸੇ ਦੀਆਂ ਅੱਖਾਂ 'ਚ ਪਾਣੀ? ਬੜੇ ਤਕੜੇ ਦਿਲ ਦੇ ਲੋਕ ਹਨ। ਚਿਹਰਿਆਂ 'ਤੇ ਕੁੱਝ ਉਦਾਸੀ ਦੀ ਝਲਕ ਜ਼ਰੂਰ ਸੀ ਪਰ ਆਪਣੇ ਦੁੱਖ ਦੇ ਪ੍ਰਗਟਾਵੇ ਨਹੀਂ, ਨਾ ਕੋਈ ਹੰਝੂ ਨਾ ਕੋਈ ਸ਼ਬਦ। ਕੋਈ ਔਰਤ ਦੁਹੱਥੜੀਆਂ ਮਾਰਦੀ ਨਹੀਂ ਪਿੱਟ ਰਹੀ ਸੀ। ਕੋਈ ਬਾਹਾਂ ਕੱਢਦਾ ਕਾਤਲ ਦੇ ਪਰਿਵਾਰ ਨੂੰ ਗਾਲ੍ਹਾਂ ਨਹੀਂ ਸੀ ਕੱਢ ਰਿਹਾ, ਜਾਂ ਉਨ੍ਹਾਂ ਨੂੰ ਬਦਅਸੀਸਾਂ ਦਿੰਦਾ ਨਰਕਾਂ ਨੂੰ ਨਹੀਂ ਸੀ ਭੇਜ ਰਿਹਾ।

ਇਸ ਘਟਨਾ ਪਿੱਛੋਂ ਆਮਿਸ਼ ਬਾਰੇ ਮੀਡੀਆ, ਕੈਥਰਿਨ ਤੇ ਆਮ ਲੋਕਾਂ ਤੋਂ ਸੁਣੀਆਂ ਉਨ੍ਹਾਂ ਦੀਆਂ ਸਿਫ਼ਤਾਂ ਤੋਂ ਮੇਰੇ ਮਨ ਵਿਚ ਇਨ੍ਹਾਂ ਲੋਕਾਂ ਬਾਰੇ ਹੋਰ ਜਾਨਣ ਦੀ ਉਤਸੁਕਤਾ ਜਾਗ ਪਈ ਸੀ। ਮੈਂ ਲੋਕਲ ਲਾਇਬਰੇਰੀ ਤੋਂ ਆਮਿਸ਼ ਬਾਰੇ ਕੁੱਝ ਕਿਤਾਬਾਂ ਲਿਆ ਕੇ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ ਸਨ।

ਆਮਿਸ਼ ਦਾ ਇਤਿਹਾਸ ਦੱਸਦਾ ਹੈ ਕਿ ਇਹ ਲੋਕ 17ਵੀਂ ਅਤੇ 18ਵੀਂ ਸਦੀ ਵਿੱਚ ਸਵਿਟਜ਼ਰਲੈਂਡ, ਜਰਮਨੀ ਅਤੇ ਫਰਾਂਸ ਤੋਂ ਅਮਰੀਕਾ ਆਏ ਸਨ (ਇਨ੍ਹਾਂ 'ਚੋਂ ਇਕ ਗਰੁੱਪ ਓਨਟੈਰੀਓ, ਕੈਨੇਡਾ ਜਾ ਵਸਿਆ)। ਉਨ੍ਹਾਂ ਦੇਸ਼ਾਂ ਵਿਚ ਇਹ ਲੋਕ ਹੁਨਰਮੰਦ ਕਿਸਾਨ ਸਨ। ਪਰ, ਉਥੇ ਕੈਥੋਲਿਕ ਤੇ ਪ੍ਰੋਟੈਸਟੈਂਟ ਦੀ ਚੌਧਰ ਹੋਣ ਕਰ ਕੇ ਇਨ੍ਹਾਂ ਨੂੰ ਜ਼ਮੀਨਾਂ ਖਰੀਦਣ ਦਾ ਹੱਕ ਨਹੀਂ ਸੀ। ਧਾਰਮਿਕ ਵਖਰੇਵੇਂ ਕਾਰਨ ਇਨ੍ਹਾਂ ਨੂੰ ਸਰੀਰਕ ਤਸੀਹੇ ਵੀ ਦਿੱਤੇ ਜਾਂਦੇ ਸਨ। ਅਮਰੀਕਾ ਵਿੱਚ ਇਹ ਜ਼ਮੀਨਾਂ ਖ਼ਰੀਦ ਸਕਦੇ ਸਨ ਤੇ ਸੁੱਖ ਚੈਨ ਨਾਲ ਰਹਿ ਸਕਦੇ ਸਨ।

ਇਨ੍ਹਾਂ ਦੇ ਧਰਮ ਬਾਰੇ ਜਾਣਕਾਰੀ ਇਹ ਮਿਲਦੀ ਹੈ ਕਿ ਇਹ ਯੂਰਪ ਦੀ ਐਨਾਬੈਪਟਿਸਟ ਲਹਿਰ ਦਾ ਹੀ ਇਕ ਹਿੱਸਾ ਸੀ। ਏਸੇ ਲਹਿਰ ਦੀਆਂ ਕਈ ਹੋਰ ਬ੍ਰਾਂਚਾਂ ਜਿਵੇਂ ਨੀਦਰਲੈਂਡ ਵਿਚ ਮੈਨਾਨਈਟਸ, ਆਸਟਰੇਲੀਆ ਵਿਚ ਹੈਟਰਾਈਟਸ ਅਤੇ ਸਵਿੱਸ ਬ੍ਰਦਰਨ ਹਨ। ਆਮਿਸ਼ ਏਸ ਸਵਿੱਸ ਗਰੁੱਪ ਦੀ ਔਰਥੋਡੌਕਸ ਯਾਨੀ ਪੁਰਾਣੀ ਬਰਾਂਚ ਹੈ। ਆਮਿਸ਼ ਨਾਂ ਇਨ੍ਹਾਂ ਦੇ ਬਜ਼ੁਰਗ ਜੇਕਬ ਅਮਾਨ ਤੋਂ ਪਿਆ ਸੀ।

ਆਮਿਸ਼ ਆਪਣੇ ਧਾਰਮਿਕ ਮਾਰਗ ਦਰਸ਼ਨ ਜਾਂ 'ਐਨਸਬੰਡ' ਦੇ ਅਸੂਲਾਂ 'ਤੇ ਅੱਜ ਵੀ ਉਵੇਂ ਹੀ ਚਲਦੇ ਹਨ ਜਿਵੇਂ ਕਈ ਸਦੀਆਂ ਪਹਿਲਾਂ ਸਨ। ਦਸਾਂ ਨਹੁੰਆਂ ਦੀ ਕਿਰਤ ਕਰਨੀ, ਸਾਦਾ ਰਹਿਣ-ਸਹਿਣ, ਹਰ ਕੰਮ ਵਿਚ ਅਤੇ ਸੋਚ ਵਿਚ ਨਿਮਰਤਾ ਤੇ ਅਹਿੰਸਾ ਦੀ ਪ੍ਰੈਕਟਿਸ ਇਨ੍ਹਾਂ ਦੀ ਜ਼ਿੰਦਗੀ ਦੇ ਮੁੱਖ ਅਸੂਲ ਹਨ। ਤੇ ਇਹ ਅਸੂਲ ਉਨ੍ਹਾਂ ਦੇ ਰੋਜ਼ਾਨਾ ਕਾਰ ਵਿਹਾਰ 'ਚ ਹੀ ਨਹੀਂ, ਬਾਹਰਲੀ ਦਿੱਖ 'ਚ ਵੀ ਨਜ਼ਰ ਆਉਂਦੇ ਹਨ। ਏਸ ਗੱਲੋਂ ਕਿ ਕਿਤੇ ਉਨ੍ਹਾਂ 'ਚ ਦੂਜਿਆਂ ਦੇ ਮੁਕਾਬਲੇ ਅਮੀਰ ਜਾਂ ਬਿਹਤਰ ਲੱਗਣ ਦਾ ਘੁਮੰਡ ਨਾ ਆ ਜਾਵੇ, ਸਭ ਆਮਿਸ਼ ਆਦਮੀ ਇਕੋ ਜਿਹੇ ਕੱਪੜੇ ਪਾਉਂਦੇ ਹਨ। ਇਹੋ ਗੱਲ ਔਰਤਾਂ ਦੀ ਹੈ। ਆਦਮੀਆਂ 'ਚ ਮੁੱਛਾਂ ਰਹਿਤ ਦਾੜ੍ਹੀ ਰੱਖਣ ਦਾ ਕਾਰਨ ਵੀ ਉਨ੍ਹਾਂ ਦੀ ਹਲੀਮੀ ਨਾਲ ਸਬੰਧਤ ਹੈ। ਮੁੱਛਾਂ ਰੱਖਣ ਦਾ ਰਿਵਾਜ਼ ਮਿਲਟਰੀ ਜਰਨੈਲਾਂ ਤੋਂ ਪਿਆ ਸੀ। ਤੇ ਇਹ ਦਿੱਖ ਬੰਦੇ ਦੀ ਬਹਾਦਰੀ, ਆਕੜ ਤੇ ਮਰਦਾਉਪੁਣੇ ਦੀ ਨਿਸ਼ਾਨੀ ਬਣ ਗਈ ਸੀ। ਆਮਿਸ਼ ਮਰਦ ਅਨੋਖੀ ਹੀ ਕਿਸਮ ਦੇ ਬਹਾਦਰ ਲੋਕ ਹਨ ਪਰ ਉਹ ਇਹਦਾ ਦਿਖਾਵਾ ਕਰਦੇ ਵੀ ਨਹੀਂ ਕਰਨਗੇ। ਯਾਨੀ, ਕੋਈ ਵੀ ਅਜਿਹੀ ਬਾਹਰੀ ਦਿੱਖ ਜਾਂ ਕੰਮ ਜਾਂ ਸੋਚ ਜੀਹਦਾ ਸਬੰਧ ਕਿਸੇ ਕਿਸਮ ਦੀ ਹੈਂਕੜਬਾਜ਼ੀ ਜਾਂ ਇਕ ਦੂਜੇ ਤੋਂ ਅਮੀਰ ਲੱਗਣ ਨਾਲ ਹੋਵੇ, ਉਹ ਨਹੀਂ ਕਰਨਗੇ।

ਏਸ ਸੱਭ ਕੁਝ ਦੀ ਤਾਂ ਮੈਨੂੰ ਸਮਝ ਨਹੀਂ ਪੈਂਦੀ ਸੀ ਤੇ ਮੈਨੂੰ ਇਹ ਚੰਗਾ ਵੀ ਲਗਣਾ ਸੀ ਪਰ ਜਿਹੜੀ ਗੱਲ ਮੈਨੂੰ

ਹਜ਼ਮ ਨਹੀਂ ਸੀ ਹੋ ਰਹੀ ਉਹ ਸੀ ਆਮਿਸ਼ ਦਾ ਆਪਣੇ ਬੱਚਿਆਂ ਨੂੰ ਅੱਠਵੀਂ ਤੋਂ ਬਾਅਦ ਸਕੂਲ ਨਾ ਭੇਜਣਾ। ਮਨ ਦੇ ਏਸ ਤੌਖਲੇ ਬਾਰੇ ਇਕ ਦਿਨ ਫਿਰ ਮੈਂ ਕੈਥਰਿਨ ਨਾਲ ਹੀ ਇਹ ਗੱਲ ਕੀਤੀ ਸੀ। 'ਹੋਰ ਤਾਂ ਸਭ ਮੰਨਿਆ ਕੈਥੀ, ਪਰ ਅੱਜ ਦੇ ਯੁੱਗ ਵਿੱਚ ਬੱਚਿਆਂ ਨੂੰ ਅਨਪੜ੍ਹ ਰੱਖਣਾ ਜਿਵੇਂ ਇਹ ਆਮਿਸ਼ ਬੱਚੇ....।' 'ਆਮਿਸ਼ ਬੱਚੇ ਅਨਪੜ੍ਹ ਨਹੀਂ ਸ਼ਸ਼ੀ', ਉਹਨੇ ਮੈਨੂੰ ਵਿਚੋਂ ਹੀ ਟੋਕ ਕੇ ਕਿਹਾ ਸੀ। ''ਉਨ੍ਹਾਂ ਨੂੰ ਅੱਠਵੀਂ ਤੋਂ ਬਾਅਦ ਫ਼ੌਰਮਲ ਐਜੂਕੇਸ਼ਨ ਨਹੀਂ ਦਿਤੀ ਜਾਂਦੀ ਤਾਂ ਇਹਦਾ ਮਤਲਬ ਇਹ ਨਹੀਂ ਕਿ ਉਹ ਅਨਪੜ੍ਹ ਹਨ। ਤੈਨੂੰ ਪਤੈ ਉਨੀਂ ਸੌ ਤਿਹੱਤਰ ਵਿੱਚ ਸੁਪਰੀਮ ਕੋਰਟ ਨੇ ਇਹਦੇ ਬਾਰੇ ਜਿਹੜਾ ਫੈਸਲਾ ਦਿੱਤਾ ਸੀ?'

'ਹਾਂ, ਮੈਂ ਪੜ੍ਹਿਆ ਇਹਦੇ ਬਾਰੇ।'

'ਫੇਰ ਤੈਨੂੰ ਪਤਾ ਹੋਣੈ ਕਿ ਸੁਪਰੀਮ ਕੋਰਟ ਨੇ ਇਹ ਫ਼ੈਸਲਾ ਕਿਉਂ ਕੀਤਾ ਸੀ ਕਿ ਆਮਿਸ਼ ਬੱਚਿਆਂ ਲਈ ਅੱਠਵੀਂ ਤੋਂ ਬਾਅਦ ਸਕੂਲ ਜਾਣਾ ਜ਼ਰੂਰੀ ਨਹੀਂ ਜਿਵੇਂ ਇਥੇ ਦੂਜੇ ਬੱਚਿਆਂ ਲਈ ਹੈ।'

'ਮੈਨੂੰ ਇਹ ਫੇਰ ਵੀ ਕੁਝ ਠੀਕ ਨਹੀਂ ਲੱਗਦਾ।' ਮੈਂ ਕਿਹਾ ਸੀ।

'ਇਹਦੇ ਵਿੱਚ ਗ਼ਲਤ ਕੀ ਆ? ਉਸ ਤਪਾਕ ਨਾਲ ਜਵਾਬ ਦਿੱਤਾ ਸੀ।' ਜਿਹੋ ਜਿਹੀ ਜ਼ਿੰਦਗੀ ਇਹ ਲੋਕ ਜੀਉਂਦੇ ਹਨ, ਉਹਦੇ ਲਈ ਫ਼ਜ਼ੂਲ ਦੀਆਂ ਡਿਗਰੀਆਂ ਲੈਂਦਿਆਂ ਵਕਤ ਖਰਾਬ ਕਰਨ ਨਾਲੋਂ ਪ੍ਰੈਕਟੀਕਲ ਐਜੂਕੇਸ਼ਨ ਕਿਤੇ ਜ਼ਿਆਦਾ ਜ਼ਰੂਰੀ ਹੈ। ਉਦਾਹਰਣ ਵਜੋਂ, ਮੁੰਡੇ ਆਪਣੇ ਬਾਪ, ਵੱਡੇ ਭਰਾ, ਚਾਚੇ-ਤਾਏ ਤੇ ਹੋਰਾਂ ਤੋਂ ਖੇਤੀ, ਡੇਅਰੀ, ਤਰਖਾਣ ਦਾ ਕੰਮ ਤੇ ਪਸ਼ੂਆਂ ਲਈ ਤਬੇਲੇ ਪਾਉਣ ਜਿਹੇ ਕੰਮ ਸਿਖਦੇ ਹਨ। ਇੰਝ ਹੀ ਕੁੜੀਆਂ ਆਪਣੇ ਘਰ ਦੀਆਂ ਤੇ ਬਾਰਹਲੀਆਂ ਔਰਤਾਂ ਤੋਂ ਬੱਚਿਆਂ ਦੀ ਪ੍ਰਵਰਿਸ਼ ਕਰਨੀ, ਖਾਣਾ ਬਣਾਉਣਾ, ਘਰ ਸੰਭਾਲਣਾ, ਕੱਪੜੇ ਸੀਊਣੇ ਤੇ ਹੋਰ ਦਸਤਕਾਰੀ ਦਾ ਕੰਮ ਸਿਖਦੀਆਂ ਹਨ।'

'ਹੂੰ! ਅੱਛਾ।'

'ਤੈਨੂੰ ਪਤੈ ਆਮਿਸ਼ ਔਰਤਾਂ ਦੇ ਹੱਥੀਂ ਬਣਾਏ ਇਕ ਇਕ ਕੁਇਲਟ ਦੀ ਕੀਮਤ ਹਜ਼ਾਰਾਂ ਡਾਲਰ ਹੈ, ਇੰਝ ਹੀ ਆਮਿਸ਼ ਆਦਮੀ ਲੱਕੜ ਦੇ ਕੰਮ 'ਚ ਏਨੇ ਮਾਹਿਰ ਹਨ ਕਿ ਉਨ੍ਹਾਂ ਦਾ ਬਣਾਇਆ ਫਰਨੀਚਰ ਅਮਰੀਕਾ ਭਰ 'ਚ ਵਿਕਦਾ ਹੈ।'

'ਪਰ ਫੌਰਮਲ ਐਜੂਕੇਸ਼ਨ ਦੇਣ 'ਚ ਕੀ ਨੁਕਸਾਨ ਹੈ?' ਮੇਰੇ ਮਨ ਦਾ ਤੌਖਲਾ ਹਾਲੇ ਵੀ ਦੂਰ ਨਹੀਂ ਸੀ ਹੋਇਆ।

'ਮੈਂ ਤੈਨੂੰ ਦੱਸ ਤਾਂ ਰਹੀ ਹਾਂ ਕਿ ਉਨ੍ਹਾਂ ਨੂੰ ਇਹਦੀ ਲੋੜ ਨਹੀਂ। ਦੂਜਿਆਂ ਨਾਲ ਲੈਣ ਦੇਣ ਕਰਨ ਲਈ ਹਿਸਾਬ ਤੇ ਗੁਜ਼ਾਰੇ ਜੋਗੀ ਅੰਗਰੇਜ਼ੀ ਉਹ ਸਿੱਖ ਲੈਂਦੇ ਹਨ। ਨਾਲੇ ਉਨ੍ਹਾਂ ਲੋਕਾਂ ਦਾ ਵਿਚਾਰ ਹੈ ਕਿ ਉਚੀਆਂ ਡਿਗਰੀਆਂ, ਪੁਜੀਸ਼ਨਾਂ ਸਾਡੇ ਵਿਚ ਆਪਸੀ ਮੁਕਾਬਲੇ, ਨਫ਼ਰਤ, ਈਰਖਾ ਤੇ ਊਚ ਨੀਚ ਦੀ ਭਾਵਨਾ ਤੇ ਤਣਾਉ ਪੈਦਾ ਕਰਦੀਆਂ ਹਨ ਜੋ ਕਿ ਆਮਿਸ਼ ਅਸੂਲਾਂ ਦੇ ਉਲਟ ਹੈ।', ਆਖ ਉਹ ਇਕ ਪਲ ਰੁਕ ਫਿਰ ਆਪ ਹੀ ਅੱਗੇ ਬੋਲੀ ਸੀ, ''ਇਹ ਤਾਂ ਤੂੰ ਮੰਨੇਗੀ ਨਾ ਕਿ ਜਿੰਨੀ ਸਾਡੇ ਲੋਕਾਂ ਵਿਚ ਈਰਖਾ, ਤਣਾਉ, ਇਕ ਦੂਜੇ ਤੋਂ



ਅੱਗੇ ਲੰਘ ਜਾਣ ਦੀ ਭੱਜ ਦੌੜ ਏਸ ਵੇਲੇ ਲੱਗੀ ਹੋਈ ਹੈ, ਇਹ ਕੋਈ ਚੰਗੀ ਗੱਲ ਨਹੀਂ।''

'ਹਾਂ! ਇਹ ਤਾਂ ਹੈ।'', ਮੈਂ ਕਿਹਾ ਸੀ। 'ਪਰ ਹੁਣ ਅਸੀਂ ਤਾਂ ਆਪਣੇ ਬੱਚਿਆਂ ਨੂੰ ਅੱਠਵੀਂ ਕਰਵਾ ਕੇ ਘਰ ਨਹੀਂ ਬਿਠਾ ਸਕਦੇ ਨਾ।'

'ਮੈਂ ਮੰਨਦੀ ਹਾਂ ਅਸੀਂ ਇਹ ਨਹੀਂ ਕਰ ਸਕਦੇ, ਤੇ ਨਾ ਹੀ ਸਾਨੂੰ ਇਹ ਕਰਨਾ ਚਾਹੀਦੈ ਪਰ ਹੋਰ ਬਹੁਤ ਕੁੱਝ ਹੈ ਜੋ ਅਸੀਂ ਆਮਿਸ਼ ਲੋਕਾਂ ਤੋਂ ਸਿੱਖ ਸਕਦੇ ਹਾਂ', ਉਹਦਾ ਜਵਾਬ ਸੀ।

'ਯਾਨੀ ਇਕ ਦੂਜੇ ਨਾਲ ਸਦਭਾਵਨਾ ਨਾਲ ਰਹੀਏ। ਐਵੇਂ ਬੇਲੋੜੀਆਂ ਚੀਜ਼ਾਂ ਨਾ ਖਰੀਦੀਏ। ਹੁਣ ਤੁਸੀਂ ਇਕ ਆਮ ਅਮਰੀਕਨ ਦੇ ਘਰ 'ਚ ਜਾ ਕੇ ਦੇਖ ਲਉ ਹਰ ਕਮਰੇ ਵਿਚ ਟੀ.ਵੀ. ਵਾਧੂ ਫਰਨੀਚਰ ਤੇ ਹੋਰ ਛੱਤੀ ਸੌ ਨਿੱਕ ਸੁਕ ਪਿਆ ਹੋਊ, ਕਾਹਦੇ ਲਈ? ਕੀਹਨੂੰ ਲੋੜ ਹੈ ਏਨੇ ਨਿੱਕ ਸੁੱਕ ਦੀ, ਤੇ ਫਿਰ ਇਹ ਸਭ 'ਕੱਠਾ ਕਰਨ ਲਈ ਭੱਜ ਭੱਜ ਕੇ ਪੈਸੇ ਕਮਾਵੋ।'

'ਬਈ ਕੈਥੀ, ਹਾਂ, ਇਹ ਤਾਂ ਹੈ। ਹੁਣ ਤਾਂ ਲਗਦਾ ਹੈ ਕਿ ਅਸੀਂ ਏਸ ਰੈਟ ਰੇਸ, ਆਪਸੀ ਟੈਨਸ਼ਨ, ਸਵਾਰਥ-ਸਿੱਧੀ ਤੇ ਖਪਤਕਾਰੀ ਵਿੱਚ ਏਨੀ ਬੁਰੀ ਤਰ੍ਹਾਂ ਨਾਲ ਘਿਰ ਚੁੱਕੇ ਹਾਂ ਕਿ ਸਾਨੂੰ ਹੋਰ ਕੁਝ ਸੁੱਝ ਹੀ ਨਹੀਂ ਰਿਹਾ। ਕਦੇ ਲੋਕਾਂ ਵਿਚ ਆਪਸੀ ਸਦਭਾਵਨਾ ਤੇ ਮਿਲਵਰਤਣ ਹੁੰਦਾ ਸੀ। ਬਾਜ਼ਾਰ ਦਾ ਕੂੜਾ ਕਰਕਟ 'ਕੱਠਾ ਕਰਨ ਦਾ ਏਨਾ ਲਾਲਚ ਨਹੀਂ ਸੀ। ਹੁਣ ਤਾਂ ਲੱਗਦੇ ਬਈ ਆਮ ਇਨਸਾਨ ਨੇ ਸੋਚਣਾ ਹੀ ਛੱਡ ਦਿੱਤੈ। ਬੱਸ ਨਫ਼ਰਤ, ਲਾਲਚ, ਆਪਸੀ ਮੁਕਾਬਲੇ ਤੇ ਦਿਖਾਵੇ। ਹੋਰ ਕੁੱਝ ਨਹੀਂ।'

'ਦੇਖ, ਆਮਿਸ਼ ਕਿੰਨੇ ਸਿਆਣੇ ਹਨ', ਕੈਥਰਿਨ ਨੇ ਮੇਰੇ ਵੱਲ ਵੇਖ ਕੇ ਕਿਹਾ ਸੀ। 'ਨਾ ਉਨ੍ਹਾਂ ਦੇ ਘਰਾਂ 'ਚ ਟੀ.ਵੀ., ਨਾ ਬਿਜਲੀ, ਨਾ ਹੀਟਰ, ਨਾ ਏਅਰ ਕੰਡੀਸ਼ਨਰ ਤੇ ਨਾ ਹੀ ਦਿਖਾਵੇ ਵਾਲੀ ਕੋਈ ਹੋਰ ਚੀਜ਼।'

'ਮੇਰਾ ਖਿਆਲ ਹੈ ਬਈ ਕੁਝ ਸਹੂਲਤਾਂ ਮਿਲਣ ਦੇ ਨਾਲ ਸਾਡੀ ਜ਼ਿੰਦਗੀ ਪਹਿਲਾਂ ਤੋਂ ਸੌਖੀ ਹੈ' ਮੈਂ ਆਪਣਾ ਵਿਚਾਰ ਦੱਸਿਆ ਸੀ, 'ਪਰ ਆਹ ਸਾਡੀ ਜਿਹੜੀ ਅਨ੍ਹੇਵਾਹ ਖਪਤ ਹੋ ਰਹੀ ਹੈ, ਇਹ ਮਾੜੀ ਹੈ।'

'ਮਾੜੀ ਹੀ ਨਹੀਂ, ਚਿੰਤਾ ਵਾਲੀ ਵੀ ਹੈ', ਹੁਣ ਪਰ੍ਹਾਂ ਕੰਧ ਵੱਲ ਵੇਖਦੀ ਉਹ ਆਪਣਾ ਹੋਰ ਫਿਕਰ ਦੱਸ ਰਹੀ ਸੀ, ਜੇ ਅਸੀਂ ਇਹੋ ਕੁੱਝ ਕਰਦੇ ਰਹੇ ਤਾਂ ਬਹੁਤ ਛੇਤੀ ਸਭ ਤਹਿਸ ਨਹਿਸ ਹੋ ਜਾਣਾ। ਅਸੀਂ ਸਾਰੇ ਦੇਖ ਹੀ ਰਹੇ ਹਾਂ ਕਿ ਇਨਵਾਇਰਮੈਂਟ ਦਾ ਕੀ ਹਾਲ ਹੋ ਰਿਹੈ।' ਤੇ ਫਿਰ ਮੈਨੂੰ ਦੇਖਦੀ ਬੋਲੀ ਸੀ, ''ਦੇਖ ਫਜ਼ੂਲ ਦਾ ਕੂੜਾ ਕਬਾੜ ਖਰੀਦਦੇ ਲੋਕ ਇਹ ਵੀ ਨਹੀਂ ਸੋਚਦੇ ਕਿ ਇਹ ਚੀਜ਼ਾਂ ਫੈਕਟਰੀਆਂ 'ਚ ਬਣੀਆਂ ਹੋਣਗੀਆਂ, ਤੇ ਇਨ੍ਹਾਂ ਨੂੰ ਬਣਾਉਣ ਨਾਲ ਕਿੰਨਾ ਪੋਲੂਸ਼ਨ ਫੈਲਿਆ ਹੋਊ।'

'ਹਾਂ, ਇਹ ਤਾਂ ਸੋਚਣ ਦੀ ਲੋੜ ਹੈ।', ਮੈਂ ਵੀ ਉਹਦੇ ਵੱਲ ਵੇਖਦੀ ਨੇ ਸਹਿਮਤੀ 'ਚ ਹੁੰਗਾਰਾ ਭਰਿਆ ਸੀ।

'ਅਸੀਂ ਆਪਣੀ ਆਉਣ ਵਾਲੀ ਪੀੜ੍ਹੀ ਲਈ ਕੀ ਕੀ ਕੰਡੇ ਬੀਜ ਰਹੇ ਹਾਂ', ਆਖਦੀ ਕੈਥਰਿਨ ਦੇ ਚਿਹਰੇ 'ਤੇ ਚਿੰਤਾ ਸੀ।

'ਕਿਹੋ ਜਿਹਾ ਵਿਰਸਾ ਅਸੀਂ ਉਨ੍ਹਾਂ ਲਈ ਛੱਡ ਕੇ ਜਾ ਰਹੇ ਹਾਂ, ਕਹਿੰਦੇ ਹਨ ਕਿ ਹੋਰ ਧਰਤੀਆਂ ਲੱਭੀਆਂ ਜਾ ਰਹੀਆਂ ਤੇ ਇਹ ਵੀ ਸ਼ਾਇਦ ਭਵਿੱਖ ਵਿਚ ਅਸੀਂ ਉਨ੍ਹਾਂ ਧਰਤੀਆਂ 'ਤੇ ਜਾ ਕੇ ਰਹਿ ਸਕੀਏ। ਕੋਈ ਪੁੱਛੇ ਇਨ੍ਹਾਂ ਨੂੰ ਕਿ ਆਹ ਧਰਤੀ ਤਾਂ ਤੁਸੀਂ ਸਾਂਭ ਨਾ ਸਕੇ। ਇਹਦੇ ਰੋਮ ਰੋਮ ਵਿੱਚ ਤਾਂ ਜ਼ਹਿਰ ਭਰ ਦਿਤਾ। ਨਿੱਤ ਨਵੀਆਂ ਬਿਲਡਿੰਗਾਂ ਉਸਰ ਰਹੀਆਂ। ਨਿੱਤ ਨਵੀਆਂ ਫੈਕਟਰੀਆਂ ਖੁਲ੍ਹ ਰਹੀਆਂ। ਧੜਾਧੜ ਨਵੀਆਂ ਚੀਜ਼ਾਂ ਬਣ ਰਹੀਆਂ ਤੇ ਖਪਤ ਹੋ ਰਹੀਆਂ', ਕੈਥਰਿਨ ਦੇ ਮਨ ਦੇ ਡਰ, ਲੋਕਾਂ ਦੇ ਗ਼ੈਰ ਜ਼ਿੰਮੇਦਾਰ ਰਵੱਈਏ ਤੋਂ ਨਿਰਾਸ਼ਾ, ਬਹੁਤ ਵਾਰ ਪਹਿਲਾਂ ਵਾਂਗ ਅੱਜ ਫਿਰ ਬਾਹਰ ਆ ਰਹੇ ਸਨ। ਇਹ ਸਭ ਕਹਿ ਕੇ ਮਨ ਹੌਲਾ ਕਰ ਉਹ ਕੁੱਝ ਚਿਰ ਲਈ ਚੁੱਪ ਬੈਠੀ ਸੀ। ਤੇ ਫਿਰ ' ਮੇਰਾ ਜੀਅ ਕਰਦੈ ਮੈਂ ਕਿਸੇ ਆਮਿਸ਼ ਕਮਿਊਨ ਵਿਚ ਜਾ ਕੇ ਰਹਿਣ ਲੱਗ ਜਾਵਾਂ', ਆਖ ਉਹ ਖਿੜਖਿੜਾ ਕੇ ਹੱਸੀ ਸੀ। ਜਿਵੇਂ ਇਹ ਕਰ ਕੇ ਆਪਣੇ ਮਨ ਦੀ ਟੈਨਸ਼ਨ ਦੂਰ ਕਰ ਰਹੀ ਹੋਵੇ।

'ਮੈਨੂੰ ਵੀ ਨਾ ਲੈ ਜਾਈਂ', ਆਖ ਅੱਗੋਂ ਮੈਂ ਵੀ ਮੂਡ ਲਾਈਟ ਕਰਨ ਵਿਚ ਉਹਦਾ ਸਾਥ ਦਿੱਤਾ ਸੀ।

ਆਮਿਸ਼ ਨਾਂ ਮੈਂ ਪਹਿਲੀ ਵਾਰ 71-72 ਵਿਚ ਸੁਣਿਆ ਸੀ। ਮੈਂ ਨਵੀਂ ਨਵੀਂ ਅਮਰੀਕਾ ਆਈ ਸਾਂ ਤੇ ਮੱਧ ਪੱਛਮੀ ਸਟੇਟ ਮਿਜ਼ੂਰੀ ਵਿਚ ਰਹਿ ਰਹੀ ਸਾਂ। ਇਕ ਦਿਨ ਇਕ ਬਜ਼ੁਰਗ ਔਰਤ ਨਾਲ ਕਿਸੇ ਗਰੋਸਰੀ ਸਟੋਰ ਨੂੰ



ਜਾਂਦਿਆਂ ਮੈਂ ਦੇਖਿਆ ਕਿ ਸਟੋਰ ਦੇ ਕੋਲ ਇਕ ਘੋੜਾ ਬੱਘੀ ਰੁਕੀ ਹੈ। ਇਕ 30-35 ਕੁ ਦੀ ਉਮਰ ਦਾ ਇਬਰਾਹੀਮ ਦਿਖ ਵਾਲਾ ਲੰਮਾ ਝੰਮਾ ਬੰਦਾ ਬੱਘੀ ਦੀ ਮੁਹਰਲੀ ਸੀਟ ਤੋਂ ਹੇਠਾ ਉਤਰਿਆ ਹੈ। ਉਹਦੇ ਗਲ ਕਾਲਰ ਰਹਿਤ ਚਿੱਟੀ ਕਮੀਜ਼ ਨਲ ਸਸਪੈਂਡਰਾਂ ਵਾਲੀ ਕਾਲੀ ਪੈਂਟ ਤੇ ਸਿਰ 'ਤੇ ਕਾਲਾ ਟੋਪ ਹੈ। ਬੱਘੀ ਦੇ ਪਿਛਲੇ ਪਾਸਿਉਂ ਉਨੀ ਕੁ ਸਾਲ ਦੀ ਤੇ ਦਰਮਿਆਨੇ ਕੱਦ ਤੇ ਜੁੱਸੇ ਵਾਲੀ ਇਕ ਔਰਤ ਇਕ ਨਿੱਕੀ ਜਿਹੀ ਬੱਚੀ ਨੂੰ ਗੋਦੀ ਚੁੱਕੀ ਹੇਠਾਂ ਉਤਰੀ ਹੈ। ਔਰਤ ਨੇ ਗੋਡਿਆਂ ਤੋਂ ਹੇਠਾਂ ਲੰਮੀ ਕੋਈ ਸਾਦੀ ਜਿਹੀ ਡਰੈਸ ਪਾਈ ਹੋਈ ਹੈ ਤੇ ਸਿਰ 'ਤੇ ਬੰਨ੍ਹੇ ਰੁਮਾਲ ਵਰਗੀ ਪੁਰਾਣੇ ਫੈਸ਼ਨ ਦੀ ਘੁਟਵੀਂ ਕੈਪ ਹੈ। ਬੱਚੀ ਦੇ ਗਲ ਵੀ ਕੋਈ ਸਾਧਾਰਨ ਫਰਾਕ ਹੈ ਤੇ ਸਿਰ 'ਤੇ ਮਾਂ ਦੀ ਕੈਪ ਵਰਗੀ ਹੀ ਕੈਪ ਹੈ। ਉਨ੍ਹਾਂ ਦੇ ਨਾਲ ਹੀ ਇਕ 7-8 ਸਾਲ ਦੀ ਉਮਰ ਦਾ ਲਗਦਾ ਮੁੰਡਾ ਵੀ ਉਤਰਿਆ ਹੈ। ਉਹਨੇ ਆਸਮਾਨੀ ਰੰਗ ਦਾ ਓਵਰ ਆਲ ਪਾਇਆ ਹੋਇਆ ਹੈ ਤੇ ਸਿਰ 'ਤੇ ਨਿੱਕੇ ਨਿੱਕੇ ਸੁਨਹਿਰੀ ਵਾਲ ਹਨ। ਉਨ੍ਹਾਂ ਨੂੰ ਦੇਖ ਕੇ ਇੰਝ ਲਗਦਾ ਹੈ ਜਿਵੇਂ ਯੂਰੋਪ ਜਾਂ ਅਮਰੀਕਾ ਦੀ ਕਿਸੇ ਪੇਂਟਿੰਗ ਦੇ ਕਰੈਕਟਰ ਤੁਹਾਡੀਆਂ ਅੱਖਾਂ ਸਾਹਮਣੇ ਤੁਰਨ ਫਿਰਨ ਲੱਗ ਪਏ ਹੋਣ।

'ਕੌਣ ਹਨ ਇਹ?' ਮੈਂ ਰਤਾ ਹੈਰਾਨ ਹੋ ਕੇ ਉਸ ਬਜ਼ੁਰਗ ਔਰਤ ਨੂੰ ਪੁਛਿਆ ਸੀ।

'ਆਮਿਸ਼', ਉਹਨੇ ਦੱਸਿਆ ਸੀ। 'ਆਮਿਸ਼ ਹਨ ਇਹ।'

ਉਦੋਂ, ਏਸ ਤੋਂ ਅੱਗੇ ਨਾ ਉਸ ਨੇ ਆਮਿਸ਼ ਬਾਰੇ ਮੈਨੂੰ ਕੁਝ ਦਸਿਆ ਸੀ ਤੇ ਨਾਂ ਮੈਂ ਕੁਝ ਹੋਰ ਪੁੱਛਿਆ ਸੀ। ਉਨ੍ਹਾਂ ਲੋਕਾਂ ਨੂੰ ਜਾਨਣ ਤੇ ਸਮਝਣ ਵਿਚ ਮੈਨੂੰ ਉਦੋਂ ਕੋਈ ਦਿਲਚਸਪੀ ਨਹੀਂ ਸੀ। ਮੈਂ ਅਮਰੀਕਾ ਦੀ ਮਾਡਰਿਨਤਾ ਤੋਂ ਚਕਾਚੌਂਧ ਸਾਂ, ਤੇ ਇਹਨੂੰ ਜਾਨਣ-ਸਮਝਣ ਦੀ ਕੋਸ਼ਿਸ਼ ਕਰ ਰਹੀ ਸਾਂ। ਹਾਂ, ਕਦੇ ਕਦੇ, ਕੋਈ ਘੋੜਾ ਬੱਘੀ ਸੜਕ ਦੀ ਸਾਈਡ 'ਤੇ ਜਾਂਦੀ ਦੇਖ ਲੈਣੀ ਤੇ ਕਾਰ 'ਚ ਸ਼ਾਂ-ਅੰ ਕਰ ਕੇ ਕੋਲੋਂ ਲੰਘਦਿਆਂ ਕੁਝ ਸਕਿੰਟਾਂ ਲਈ ਸੋਚ ਲੈਣਾ : ਲੈ, ਆਹ ਜਾਂਦੇ ਆ ਚਿੱਚਕ ਚਿੱਚਕ ਕਰਦੇ ਆਮਿਸ਼। ਤੇ ਬੱਸ। ਉਨ੍ਹਾਂ ਦੀ ਹੋਂਦ ਉਦੋਂ ਇੰਝ ਲਗਦੀ ਸੀ ਜਿਵੇਂ ਆਧੁਨਿਕਤਾ ਦੀ ਸਤਰੰਗੀ ਝੁਟਦਿਆਂ ਨੂੰ ਤੁਹਾਨੂੰ ਜ਼ਮੀਨ 'ਤੇ ਹੌਲੀ ਹੌਲੀ ਤੁਰੀ ਜਾਂਦੀ ਕੋਈ ਸੁੰਡੀ ਦਿਸ ਜਾਵੇ। ਵਿਚਾਰੀ ਸੁੰਡੀ ਦੀ ਅਹਿਮੀਅਤ ਤੁਹਾਡੀ ਨਜ਼ਰ ਵਿਚ ਉਦੋਂ ਕੀ ਹੋਏਗੀ ਭਲਾ?

ਪੰਜਾਬ ਦੇ ਸਾਹ ਘੁੱਟਵੇਂ ਮਾਹੌਲ 'ਚੋਂ ਨਵੀਂ ਨਵੀਂ ਅਮਰੀਕਾ ਆਈ ਮੈਂ ਆਪਣੀ ਆਜ਼ਾਦੀ ਨੂੰ ਵੱਧ ਤੋਂ ਵੱਧ ਮਾਨਣ ਵਿਚ ਵਿਅਸਤ ਹਾਂ। ਭੱਜ ਭੱਜ ਕੇ ਕਦੇ ਡਰੈਸਾਂ ਪਾਉਂਦੀ ਸਾਂ, ਕਦੇ ਪੈਂਟ-ਬਲਾਊਜ਼, ਕਦੇ ਸਕਰਟਾਂ ਤੇ ਕਦੇ ਨਿੱਕਰਾਂ। ਮਨ ਮਰਜ਼ੀ ਨਾਲ ਬਣ ਠਣ ਕੇ ਬਾਹਰ ਤੁਰ ਪੈਣਾ ਤੇ ਇਹ ਜਾਣ ਕੇ ਹੱਦੋਂ ਵੱਧ ਖ਼ੁਸ਼ ਹੋਣਾ ਕਿ ਕੋਲੋਂ ਲੰਘਦੇ ਅਮਰੀਕਨ ਬੰਦੇ ਨਾ ਟਿੱਚਰਾਂ ਕਰਦੇ ਸਨ, ਨਾ ਸੀਟੀਆਂ ਮਾਰਦੇ ਸਨ ਤੇ ਨਾ ਅਪਮਾਨ ਕਰਨ ਵਾਲੀ ਕੋਈ ਹੋਰ ਹਰਕਤ ਹੀ ਕਰਦੇ ਸਨ। ਬਹੁਤੇ ਤਾਂ ਅੱਖਾਂ ਪਾੜ ਪਾੜ ਦੇਖਦੇ ਤਕ ਨਹੀਂ ਸਨ। ਕੀ ਦੁਨੀਆ 'ਚ ਅਜਿਹੇ ਦੇਸ਼ ਵੀ ਨੇ ਜਿਥੇ ਕੋਈ ਕੁੜੀ ਜਾਂ ਔਰਤ ਆਪਣੀ ਮਨ ਮਰਜ਼ੀ ਦੇ ਕੱਪੜੇ ਪਾਈ ਫਿਰੇ ਤੇ ਆਦਮੀ ਉਹਦੀ ਏਸ ਮਰਜ਼ੀ ਦੀ ਇੰਝ ਇੱਜ਼ਤ ਕਰਨ। ਮੇਰੇ ਲਈ ਇਹ ਇੱਕ ਅਨੋਖਾ ਹੀ ਤਜਰਬਾ ਸੀ। ਏਸ ਵੇਲੇ ਆਪਣੀ ਨਿੱਜੀ ਆਜ਼ਾਦੀ ਦੇ ਸਵਰਗ 'ਚ ਘੁੰਮਦਿਆਂ ਮੈਨੂੰ ਆਮਿਸ਼ਾਂ-ਉਮਿਸ਼ਾਂ ਦੀ ਕੀ ਪਰਵਾਹ ਹੋਣੀ ਸੀ।

ਇਕ ਗੱਲ ਇਹ ਵੀ ਹੈ ਕਿ ਉਨ੍ਹਾਂ ਦਿਨਾਂ 'ਚ ਆਮਿਸ਼ ਲੋਕਾਂ ਦਾ ਕੋਈ ਨੋਟਿਸ ਵੀ ਨਹੀਂ ਲਿਆ ਗਿਆ। ਇਨ੍ਹਾਂ ਨੂੰ ਕੋਈ ਵੀ ਬਹੁਤ ਗੰਭੀਰਤਾ ਨਾਲ ਨਹੀਂ ਸੀ ਲੈਂਦਾ। ਲਗਦਾ ਸੀ ਕਿ ਇਹ ਆਊਟਡੇਟਿਡ ਜਿਹੇ ਜੀਵ ਕਿਹੜੇ ਮੱਧ ਯੁੱਗ 'ਚ ਤੁਰੇ ਫਿਰਦੇ ਹਨ? ਨਵੀਂ ਉਦਯੋਗਿਕ ਤਰੱਕੀ ਤੋਂ ਪ੍ਰਭਾਵਿਤ ਲੋਕ ਨਵੀਆਂ ਮਸ਼ੀਨਾਂ, ਨਵੀਆਂ ਤਕਨੀਕਾਂ ਤੇ ਹਰ ਨਵੀਂ ਚੀਜ਼ ਵੱਲ ਉਤਸੁਕਤਾ ਤੇ ਉਤਸ਼ਾਹ ਨਾਲ ਵਧ ਰਹੇ ਹਨ। ਖੇਤੀ ਕਰਨ ਦੇ ਨਵੇਂ ਸੰਦ, ਸਾਇੰਟਿਫਿਕ ਤਰੀਕੇ, ਰਸਾਇਣਕ ਖਾਦਾਂ, ਆਦਿ ਦਾ ਨਤੀਜਾ ਇਹ ਨਿਕਲਿਆ ਕਿ ਫ਼ਸਲਾਂ ਦੇ ਝਾੜ ਦੁੱਗਣੇ, ਤਿਗੁਣੇ ਤੇ ਚੌਗੁਣੇ ਹੋ ਗਏ। ਭੁੱਖਾ ਮਰਦਾ ਛੋਟਾ ਕਿਸਾਨ ਪੇਟ ਭਰ ਕੇ ਖਾਣ ਲੱਗ। ਵੱਡਾ ਕਿਸਾਨ ਅਮੀਰ ਹੋਣ ਲੱਗਾ। ਇਕ ਪਾਸੇ ਖੇਤੀ ਦੀ ਖ਼ੁਸ਼ਹਾਲੀ ਤੇ ਦੂਜੇ ਪਾਸੇ ਦੇਸ਼ ਤੇ ਵਿਦੇਸ਼ ਤੋਂ ਧੜਾਧੜ ਤਿਆਰ ਹੋ ਕੇ ਆਉਂਦਾ ਨਵਾਂ ਖਪਤਕਾਰੀ ਦਾ ਮਾਲ। ਦੇਖਦਿਆਂ ਹੀ ਦੇਖਦਿਆਂ, ਦਫ਼ਤਰਾਂ ਤੋਂ ਲੈ ਕੇ ਘਰਾਂ ਤਕ ਸਭ ਕੁੱਝ ਹੀ ਬਦਲ ਗਿਆ। ਦਫਤਰਾਂ ਵਿਚ ਕੰਪਿਊਟਰ ਤੇ ਹੋਰ ਨਵੀਂ ਟੈਕਨੋਲੋਜੀ ਆ ਗਈ। ਬੈਂਕਾਂ, ਬਿਜ਼ਨਸ ਫਰਮਾਂ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ-ਹਰ ਥਾਂ ਕੰਪਿਊਟਰਾਂ ਨਾਲ ਕੰਮ ਹੋਣ ਲੱਗਾ। ਘਰਾਂ ਵਿਚ ਨਵੇਂ ਪਲਾਸੈਂਟਾ ਟੀ.ਵੀ., ਨਵੀਆਂ ਲਾਂਡਰੀ ਮਸ਼ੀਨਾਂ, ਨਵੇਂ ਕੁਕਿੰਗ ਸਟੋਵ, ਨਵੀਆਂ ਫਰਿਜਾਂ, ਮਾਈਕ੍ਰੋਵੇਵ, ਸੈੱਲ ਫੋਨ ਤੇ ਹੋਰ ਕਿੰਨਾ ਹੀ ਕੁਝ ਨਵਾਂ ਆ ਗਿਆ। ਹੁਣ ਤਾਂ ਹਾਲ ਇਹ ਹੈ ਕਿ ਦਿਨੋਂ ਦਿਨ ਨਵੀਂ ਆ ਰਹੀ ਟੈਕਨੋਲੋਜੀ ਏਨੀ ਤੇਜ਼ੀ ਨਾਲ ਅੱਗੇ ਵਧ ਰਹੀ ਹੈ ਕਿ ਆਮ ਬੰਦੇ ਲਈ ਇਹਦੇ ਨਾਲ ਕਦਮ ਮਿਲਾ ਕੇ ਚੱਲਣਾ ਔਖਾ ਹੋ ਰਿਹਾ ਹੈ। ਸਾਲ ਦੇ ਅੰਦਰ ਅੰਦਰ ਹੀ ਪਹਿਲੀ ਟੈਕਨੋਲੋਜੀ ਆਊਟਡੇਟਿਡ ਹੋ ਜਾਂਦੀ ਹੈ ਤੇ ਉਹਦੀ ਥਾਂ ਨਵੀਂ ਲੈ ਲੈਂਦੀ ਹੈ। ਇਹ ਸਭ 'ਗੈਜਿਟ' ਬਣਾਉਣ ਵਾਲੇ ਵੀ ਖ਼ੁਸ਼ ਤੇ ਇਨ੍ਹਾਂ ਨੂੰ ਵਰਤਣ ਵਾਲੇ ਵੀ ਖ਼ੁਸ਼।

ਏਨੀ ਰਫਤਾਰ ਨਾਲ ਵਧਦੀ ਟੈਕਨੋਲੋਜੀ ਤੇ ਏਸ ਖਪਤਕਾਰੀ ਦਾ ਨਤੀਜਾ: ਵਧ ਰਿਹਾ ਪੋਲੂਸ਼ਨ, ਪਾਣੀਆਂ 'ਚ ਮਿਲ ਰਹੇ ਜ਼ਹਿਰੀਲੇ ਕੈਮੀਕਲ, ਬੰਜਰ ਹੋ ਰਹੀਆਂ ਜ਼ਮੀਨਾਂ, ਮਰ ਰਹੇ ਜੀਵ-ਜੰਤੂ, ਹਵਾ 'ਚ ਵਧ ਰਹੀ ਕਾਰਬਨ ਡਾਇਆਕਸਾਈਡ ਤੇ ਹੋਰ ਖ਼ਤਰਨਾਕ ਗੈਸਾਂ। ਤੇ ਇਨਸਾਨਾਂ 'ਚ ਵਧ ਰਹੀਆਂ ਕੈਂਸਰ, ਡਾਇਆਬਟੀਸ, ਹਾਰਟ ਅਟੈਕ ਤੇ ਹੋਰ ਘਾਤਕ ਬਿਮਾਰੀਆਂ ਆਦਿ।

ਆਧੁਨਿਕਤਾ ਦੇ ਇਸ ਪਾਗਲਪਣ ਤੋਂ ਨਿਰਲੇਪ, ਆਮਿਸ਼ ਆਪਣੇ ਉਪਜਾਊ ਲਹਿਰਾਉਂਦੇ ਖੇਤਾਂ ਵਿਚ ਘੋੜਿਆਂ, ਪੁਰਾਣੇ ਤੇ ਕੁਝ ਸੀਮਤ ਨਵੇਂ ਸੰਦਾਂ ਨਾਲ ਕੰਮ ਕਰ ਰਹੇ ਹਨ, ਡੇਅਰੀਆਂ ਚਲਾ ਰਹੇ ਹਨ, ਤਰਖਾਣਾ ਕੰਮ ਕਰ ਰਹੇ ਹਨ, ਹੱਥੀਂ ਸਿਊਂਤੇ ਕੱਪੜੇ ਪਾ ਰਹੇ ਹਨ ਤੇ ਘੋੜਾ ਬੱਘੀਆਂ 'ਚ ਬੈਠ ਇਕ ਦੂਜੇ ਨੂੰ ਮਿਲਣ ਜਾ ਰਹੇ ਹਨ....।

ਬੰਜਰ ਹੋ ਰਹੀ ਧਰਤੀ, ਮੁਕ ਰਹੇ ਕੁਦਰਤੀ ਸੋਮੇ, ਵਧ ਰਹੇ ਪੋਲੂਸ਼ਨ ਤੇ ਹਰ ਪਾਸਿਉਂ ਅਤਿਵਾਦ 'ਚ ਘਿਰੇ ਲੋਕ ਫਿਕਰਮੰਦ ਤੇ ਘਬਰਾਏ ਹੁਣ ਇਹ ਜਾਨਣ ਤੇ ਸਮਝਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਉਨ੍ਹਾਂ ਕੋਲੋਂ ਕੀ ਕੀ ਗਲਤੀ ਹੋਈ ਹੈ ਤੇ ਜੋ ਗਲਤੀਆਂ ਹੋਈਆਂ ਉਨ੍ਹਾਂ ਨੂੰ ਮੁੜ ਕਿਵੇਂ ਸੋਧਿਆ ਜਾਵੇ? ਤੇ ਪਿਛਲੇ ਸਮੇਂ 'ਚ ਜੋ ਸਾਡੇ ਕੋਲ ਚੰਗਾ ਸੀ, ਉਸ ਨੂੰ ਮੁੜ ਬਹਾਲ ਕਿਵੇਂ ਕੀਤਾ ਜਾਵੇ? ਇਹ ਤੇ ਕਈ ਹੋਰ ਅਜਿਹੇ ਨਿਰੀਖਣ ਹਨ ਜਿਨ੍ਹਾਂ ਕਰ ਕੇ ਲੋਕਾਂ ਦਾ ਧਿਆਨ ਆਮਿਸ਼ ਜਹੇ ਕਮਿਊਨਾਂ ਵੱਲ ਗਿਆ ਹੈ। ਸਕੂਲਾਂ, ਕਾਲਜਾਂ,



ਯੂਨੀਵਰਸਿਟੀਆਂ ਵਿਚ ਅਤੇ ਇਨਵਾਇਰਮੈਂਟ ਲਿਸਟਾਂ ਵਿਚ ਆਮਿਸ਼ ਜੀਵਨ-ਜਾਚ ਦਾ ਚਰਚਾ ਹੈ। ਇਨ੍ਹਾਂ ਨੂੰ ਪਹਿਲੀ ਵਾਰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ ਤੇ ਪੜ੍ਹਿਆ ਜਾ ਰਿਹਾ ਹੈ।

ਅੱਜ ਤੋਂ ਕੋਈ ਸੌ, ਪੰਜਾਹ ਸਾਲ ਪਹਿਲਾਂ, ਆਮਿਸ਼ ਜਿਹੇ ਕਮਿਊਨਾਂ ਤੋਂ ਪ੍ਰੇਰਣਾ ਲੈ ਕੇ ਅਮਰੀਕਾ ਭਰ 'ਚ ਕਈ ਥਾਈਂ ਕੁੱਝ ਆਦਰਸ਼ਵਾਦੀ ਵਿਚਾਰਾਂ ਦੇ ਧਾਰਨੀ ਅਮਰੀਕਨਾਂ ਨੇ ਕਮਿਊਨ ਬਣਾਏ ਵੀ ਸਨ। ਇਨ੍ਹਾਂ ਤੋਂ ਕਈ ਕਾਮਯਾਬੀ ਨਾਲ ਕਈ ਸਾਲ ਚੱਲਦੇ ਵੀ ਰਹੇ। ਕਈ ਛੇਤੀ ਖਤਮ ਹੋ ਗਏ। ਅਖ਼ੀਰ, ਇਕ ਇਕ ਕਰ ਕੇ ਤਕਰੀਬਨ ਸਾਰੇ ਕਮਿਊਨ ਟੁੱਟ ਗਏ। ਵਿਰਲੇ-ਟਾਂਵੇਂ ਕਮਿਊਨ ਹਾਲੇ ਵੀ ਕਿਤੇ ਕਿਤੇ ਹਨ ਪਰ ਬਹੁਤੇ ਬੀਤੇ ਦੀ ਕਹਾਣੀ ਹੋ ਚੁੱਕੇ ਹਨ। ਕਿਸੇ ਆਦਰਸ਼ ਜਾਂ ਆਡੀਔਲੋਜੀ ਨੂੰ ਮੰਨਣਾ ਜਿੰਨਾ ਆਸਾਨ ਹੋ ਸਕਦਾ ਹੈ, ਉਸ ਨੂੰ ਪ੍ਰੈਕਟੀਕਲੀ ਅਪਨਾਉਣਾ, ਉਹ ਵੀ ਇਕ ਸਮੂਹ ਲਈ, ਸਾਇਦ ਉਨਾ ਹੀ ਔਖਾ। ਨਾਲੇ ਅਮਰੀਕਾ ਵਰਗੇ ਸਮਾਜ ਵਿਚ ਜਿਥੇ ਵਿਅਕਤੀਗਤ ਆਜ਼ਾਦੀ ਦੀ ਅਹਿਮੀਅਤ ਹੋਰ ਹਰ ਵਿਚਾਰ ਤੋਂ ਉਪਰ ਹੈ, ਏਥੇ ਕਮਿਊਨ ਦੇ ਅਸੂਲਾਂ ਮੁਤਾਬਕ ਚੱਲਣਾ ਹੋਰ ਵੀ ਔਖਾ ਹੋਵੇਗਾ। ਆਮਿਸ਼ ਲੋਕਾਂ ਦੀ ਸਫ਼ਲਤਾ ਦਾ ਵੱਡਾ ਭੇਤ ਇਹ ਹੈ ਕਿ ਉਹ ਬਚਪਨ ਤੋਂ ਹੀ ਆਪਣੇ ਧਾਰਮਿਕ, ਆਰਥਿਕ ਤੇ ਕਲਚਰਲ ਢਾਂਚੇ ਵਿਚ ਢਾਲ ਦਿੱਤੇ ਜਾਂਦੇ ਹਨ। ਇਹੋ ਕਾਰਨ ਹੈ ਕਿ 90 ਫੀਸਦੀ ਜੁਆਨ ਆਮਿਸ਼ ਮੁੰਡੇ ਤੇ ਕੁੜੀਆਂ ਆਪਣੀ ਮਰਜ਼ੀ ਨਾਲ ਬਾਹਰ ਨਾਲੋਂ ਕਮਿਊਨ 'ਚ ਰਹਿਣਾ ਬਿਹਤਰ ਸਮਝਦੇ ਹਨ ਤੇ ਜਿਹੜੇ ਛੱਡ ਕੇ ਚਲੇ ਵੀ ਜਾਂਦੇ ਹਨ ਉਨ੍ਹਾਂ 'ਚੋਂ ਵੀ ਕਈ ਮਿਨਾਨਾਈਟਸ ਨਾਲ ਜਾ ਰਲਦੇ ਹਨ ਜੋ ਬਹੁਤ ਹੱਦ ਤਕ ਆਮਿਸ਼ ਵਰਗੇ ਹਨ ਪਰ ਕੁੱਝ ਕੁ ਟੈਕਨੋਲੋਜੀ ਵਰਤਣ ਲੱਗ ਪਏ ਹਨ।

ਇਹ ਮੰਨਿਆ ਕਿ ਆਮ ਇਨਸਾਨ ਇਕ ਕਮਿਊਨ ਵਿਚ ਨਹੀਂ ਰਹਿ ਸਕਦਾ। ਕਦੇ ਸਾਡੇ ਪਿੰਡ ਵੀ ਇਨ੍ਹਾਂ ਕਮਿਊਨਾਂ ਵਰਗੇ ਹੁੰਦੇ ਸਨ ਜਿਥੇ ਜੱਦੀ ਪੁਸ਼ਤੀ ਧੰਦੇ ਇਕ ਦੂਜੇ ਦੀ ਮਦਦ ਨਾਲ ਕੀਤੇ ਜਾਂਦੇ ਸਨ। ਦਿਨ-ਦਿਹਾੜੇ ਮਿਲ ਕੇ ਮਨਾਏ ਜਾਂਦੇ ਸਨ। ਔਰਤਾਂ ਘਰ ਤੇ ਬੱਚੇ ਸੰਭਾਲਦੀਆਂ ਸਨ ਤਾਂ ਆਦਮੀ ਬਾਹਰਲੇ ਕੰਮ ਕਰਦੇ ਸਨ। ਪਰ ਨਵੇਂ ਉਦਯੋਗ, ਟੈਕਨਾਲੋਜੀ, ਆਰਥਿਕਤਾ, ਬਰਾਬਰ ਦੀ ਸਕੂਲੀ ਵਿਦਿਆ ਅਤੇ ਨੌਕਰੀਆਂ ਨੇ ਸਾਡਾ ਰਹਿਣ-ਸਹਿਣ ਬਦਲ ਦਿਤਾ ਹੈ। ਇਹ ਖ਼ੁਸ਼ੀ ਦੀ ਗੱਲ ਹੈ ਕਿ ਸਾਡੀਆਂ ਕੁੜੀਆਂ ਮੁੰਡਿਆਂ ਦੇ ਬਰਾਬਰ ਪੜ੍ਹ ਲਿਖ ਰਹੀਆਂ ਹਨ। ਸਾਡੀਆਂ ਔਰਤਾਂ ਹਰ ਖੇਤਰ ਵਿਚ ਆਦਮੀਆਂ ਦੇ ਨਾਲ ਕੰਮ ਕਰ ਰਹੀਆਂ ਹਨ। ਇਹ ਬਰਾਬਰੀ ਦਾ ਯੁਗ ਹੈ। ਵਿਅਕਤੀਗਤ ਆਜ਼ਾਦੀ ਦਾ ਯੁਗ ਹੈ। ਸਾਡੇ ਲਈ ਕਮਿਊਨ ਜਹੇ ਰਹਿਣ-ਸਹਿਣ ਨੂੰ ਮੁੜਨਾ ਹੁਣ ਔਖਾ ਹੋਏਗਾ। ਪਰ, ਕੀ ਸਾਨੂੰ ਬਾਜ਼ਾਰ ਦੇ ਬੇਲੋੜੇ ਕੂੜੇ ਕਰਕਟ ਦੀ ਏਨੀ ਲੋੜ ਹੈ? ਕੀ ਸਾਨੂੰ ਹਰ ਤੀਜੇ, ਚੌਥੇ ਸਾਲ ਨਵੀਆਂ ਕਾਰਾਂ, ਫਰਿੱਜਾਂ ਤੇ ਹੋਰ ਮਹਿੰਗੀਆਂ ਮਸ਼ੀਨਾਂ ਖ਼ਰੀਦੇ ਜਾਣ ਦੀ ਲੋੜ ਹੈ? ਕੀ ਅਸੀਂ ਵੱਡੀਆਂ ਤੇ ਮਹਿੰਗੀਆਂ ਕੋਠੀਆਂ ਦੀ ਥਾਂ ਕੁਝ ਸਸਤੇ ਅਤੇ ਸਾਦਾ ਮਕਾਨਾਂ ਵਿਚ ਨਹੀਂ ਰਹਿ ਸਕਦੇ? ਤੇ ਅਸੀਂ ਇਹ ਇਕ ਗ਼ੈਰ ਜ਼ਿੰਮੇਵਾਰ ਰਵੱਈਆ ਕਿਸ ਕੀਮਤ 'ਤੇ ਅਪਣਾਇਆ ਹੋਇਆ ਹੈ? ਕੀ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਹ ਧਰਤੀ ਛੱਡ ਕਿਤੇ ਹੋਰ ਭੇਜ ਦੇਣਾ ਹੈ? ਤੇ ਇਹ ਵੀ ਕਿ ਆਪਣੀ ਔਲਾਦ ਨੂੰ ਅਸੀਂ ਹਿੰਦੂ, ਸਿੱਖ ਤੇ ਮੁਸਲਮਾਨ ਬਣਾਉਂਦੇ ਬਣਾਉਂਦੇ ਇਹ ਕਿਉਂ ਭੁੱਲ ਗਏ ਹਾਂ ਕਿ ਇਸ ਸਭ ਕੁਝ ਤੋਂ ਪਹਿਲਾਂ ਅਸੀਂ ਇਨਸਾਨ ਹਾਂ। ਤੇ ਕੀ ਸਾਡੀ ਸਭ ਦੀ ਹੋਂਦ ਤੇ ਖ਼ੁਸ਼ਹਾਲੀ ਲਈ ਆਪਸੀ ਸਦਭਾਵਨਾ ਜ਼ਰੂਰੀ ਨਹੀਂ ਹੈ? ਇਹ ਅਤੇ ਹੋਰ ਬਹੁਤ ਸਾਰੇ ਅਜਿਹੇ ਸਵਾਲ ਹਨ ਜੋ ਵਕਤ ਦੀ ਲੋੜ ਮੁਤਾਬਕ ਸਾਡੇ ਕੋਲੋਂ ਸੋਚਣ ਸਮਝਣ ਦੀ ਮੰਗ ਕਰਦੇ ਹਨ ਕਿਉਂਕਿ ਜਿੰਨਾ ਚਿਰ ਅਸੀਂ ਇਹ ਨਹੀਂ ਕਰਦੇ, ਓਨਾ ਚਿਰ ਅੱਜ ਦੀਆਂ ਜਟਿਲ ਸਮੱਸਿਆਵਾਂ ਦੇ ਹੱਲ ਵੀ ਨਹੀਂ ਲੱਭੇ ਜਾ ਸਕਦੇ।

ਇਹ ਸਹੀ ਹੈ ਕਿ ਸੀਮਤ ਸਕੂਲੀ ਪੜ੍ਹਾਈ ਕਾਰਨ ਆਮਿਸ਼ ਨੂੰ ਦੁਨੀਆ ਦੀ ਉਹ ਜਾਣਕਾਰੀ ਨਹੀਂ ਹੋਵੇਗੀ ਜੋ ਪੜ੍ਹੇ ਲਿਖੇ ਹੋਰ ਲੋਕਾਂ ਨੂੰ ਹੈ। ਇਹ ਜਾਣਕਾਰੀ ਦਾ ਯੁਗ ਵੀ ਹੈ। ਏਸ ਵੇਲੇ, ਸਕੂਲ ਕਾਲਜ ਅਤੇ ਵਿਸ਼ਵ-ਵਿਦਿਆਲੇ ਵਿਦਿਆਰਥੀਆਂ ਅਤੇ ਅਧਿਆਪਕਾਂ ਨਾਲ ਭਰੇ ਪਏ ਹਨ। ਡਿਗਰੀਆਂ ਲੈਣ ਦੀ ਹੋੜ ਲੱਗ ਗਈ ਹੈ। ਹਰ ਸਾਲ, ਪੂਰਾਂ ਦੇ ਪੂਰ ਵਿਦਿਆਰਥੀ ਇਨ੍ਹਾਂ ਵਿਦਿਆਲਿਆਂ ਤੋਂ ਡਿਗਰੀ ਸਰਟੀਫਿਕੇਟ ਫੜੀ ਬਾਹਰ ਆਉਂਦੇ ਹਨ। ਹੁਣ ਸਵਾਲ ਇਹ ਵੀ ਉਠਦਾ ਹੈ ਕਿ ਜੇ ਵਿਦਿਆ ਸੱਚਮੁਚ ਇਕ ਚਾਨਣ ਮੁਨਾਰਾ ਹੈ ਤਾਂ ਏਸ ਤੋਂ ਤਾਂ ਦੁਨੀਆ 'ਚ ਹੋਰ ਜਾਗ੍ਰਿਤੀ ਤੇ ਸਦਭਾਵਨਾ ਵਧਣੀ ਚਾਹੀਦੀ ਸੀ ਪਰ, ਜੋ ਹੋਣਾ ਚਾਹੀਦਾ ਸੀ ਉਹ ਹੋ ਨਹੀਂ ਰਿਹਾ। ਕਿਉਂ? ਕਿਤੇ ਇਹ ਤਾਂ ਨਹੀਂ ਕਿ ਡਿਗਰੀਆਂ ਨੇ ਸਾਨੂੰ ਬੱਸ ਦਲੀਲ ਨਾਲ ਗੱਲ ਕਰਨਾ ਸਿਖਾ ਦਿੱਤਾ ਹੈ? ਸਾਨੂੰ ਇਹ ਸੋਚਣ ਦੀ ਲੋੜ ਹੈ ਕਿ ਉਚੀ ਵਿਦਿਆ ਨੇ ਸਾਨੂੰ ਬਿਹਤਰ ਇਨਸਾਨ ਕਿਉਂ ਨਹੀਂ ਬਣਾਇਆ? ਸਾਨੂੰ ਸਮਾਜ ਦੀ ਸਮੁੱਚੀ ਭਲਾਈ ਲਈ ਉਸਾਰੂ ਕੰਮਾਂ 'ਚ ਕਿਉਂ ਨਹੀਂ ਲਾਇਆ?

ਕਿਤੇ ਇਹ ਤਾਂ ਨਹੀਂ ਕਿ ਸਾਡੇ ਲਈ ਵਿੱਦਿਆ ਦੇ ਅਰਥ ਸਿਰਫ ਡਿਗਰੀਆਂ ਲੈਣ ਤਕ ਸੀਮਤ ਹੋ ਗਏ ਹਨ? ਜਾਂ ਪੈਸਾ ਕਮਾਉਣ ਦਾ ਸਾਧਨ ਤੇ ਜਾਂ ਬੱਸ ਵਕੋਾਰ ਜਿਵੇਂ ਕੋਈ ਦਿਖਾਵੇ ਲਈ ਮਹਿੰਗੀ ਕੋਠੀ ਪਾ ਲਵੇ, ਮਹਿੰਗੀ ਕਾਰ ਜਾਂ ਹੋਰ ਪ੍ਰਾਪਰਟੀ ਖ਼ਰੀਦ ਲਵੇ? ਜੇਕਰ ਵਿਦਿਆ ਪ੍ਰਾਪਤੀ ਦੇ ਅਰਥ ਸਿਰਫ਼ ਇਹ ਹੋ ਗਏ ਹਨ ਤਾਂ ਆਮਿਸ਼ ਠੀਕ ਹਨ ਜਿਹੜੇ ਆਪਣੇ ਬੱਚਿਆਂ ਨੂੰ ਏਸ ਚੂਹਾ ਦੌੜ ਤੋਂ ਦੂਰ ਰੱਖ ਇਕ ਸੱਚੀ ਤੇ ਸੁੱਚੀ ਜ਼ਿੰਦਗੀ ਜਿਊਣੀ ਸਿਖਾ ਰਹੇ ਹਨ। ਇਕ ਗੱਲ ਇਨ੍ਹਾਂ ਲੋਕਾਂ ਬਾਰੇ ਇਹ ਵੀ ਸਮਝਣ ਵਾਲੀ ਹੈ ਕਿ ਬੇਸ਼ੱਕ ਉਹ ਆਪਣੇ ਧਰਮ ਬਾਰੇ ਕੱਟੜ ਹਨ ਪਰ ਉਹ ਆਪਣੇ ਬੱਚਿਆਂ ਨੂੰ ਦੂਜੇ ਧਰਮ ਜਾਂ ਦੂਜੇ ਲੋਕਾਂ ਦੇ ਖ਼ਿਲਾਫ਼ ਕਦੇ ਵੀ ਨਹੀਂ ਸਿਖਾਉਂਦੇ। ਦੂਜਿਆਂ ਪ੍ਰਤੀ ਨਫ਼ਰਤ ਜਾਂ ਹਿੰਸਾ ਉਨ੍ਹਾਂ ਦੀ ਮਾਨਸਿਕਤਾ ਦਾ ਹਿੱਸਾ ਨਹੀਂ ਹੈ। ਇਹ ਵੀ ਇੱਕ ਵੱਡਾ ਕਾਰਨ ਹੈ ਕਿ ਚਾਹੇ ਕੋਈ ਅਮਰੀਕਨ ਗੋਰਾ ਹੈ ਜਾਂ ਕਾਲਾ, ਖੱਬਾ ਪੱਖੀ ਹੈ ਜਾਂ ਸੱਜਾ, ਅਮੀਰ ਹੈ ਜਾਂ ਗ਼ਰੀਬ, ਪੜ੍ਹਿਆ ਲਿਖਿਆ ਹੈ ਜਾਂ ਅਨਪੜ੍ਹ, ਕੋਈ ਵੀ ਆਮਿਸ਼ ਦੇ ਖ਼ਿਲਾਫ਼ ਕੁਝ ਨਹੀਂ ਬੋਲੇਗਾ

ਹੁਣ ਇਥੇ ਮੇਰੇ ਮਨ 'ਚ ਹੋਰ ਕਈ ਖ਼ਿਆਲ ਅਤੇ ਸਵਾਲ ਉਠ ਆਏ ਹਨ : ਸਾਡੇ ਮੰਦਰ, ਗੁਰਦਵਾਰੇ, ਮਸੀਤਾਂ ਸਾਨੂੰ ਸਹੀ ਰਸਤੇ 'ਤੇ ਤੋਰਨ ਵਾਲੇ ਸਕੂਲ ਹਨ। ਪਰ ਅੱਜ ਇਨ੍ਹਾਂ ਥਾਵਾਂ 'ਤੇ ਸਾਨੂੰ ਤੇ ਸਾਡੇ ਬੱਚਿਆਂ ਨੂੰ ਅੰਦਰ ਵਾੜ ਕੇ ਨਫ਼ਰਤ ਅਤੇ ਹਿੰਸਾ ਸਿਖਾਈ ਜਾ ਰਹੀ ਹੈ। ਸਟੇਨ ਗੰਨਾ, ਤਲਵਾਰਾਂ ਤੇ ਤ੍ਰਿਸ਼ੂਲ ਚੁੱਕੀ 'ਆਦਮ ਬੋ, ਆਦਮ ਬੋ' ਕਰਦੇ ਫਿਰਦੇ ਅਸੀਂ ਦੂਜਿਆਂ ਤੋਂ ਨਫ਼ਰਤ ਦੀ ਥਾਂ ਇੱਜ਼ਤ ਦੀ ਉਮੀਦ ਕਰਦੇ ਹਾਂ। ਤੇ ਜਦੋਂ ਇਹ ਨਹੀਂ ਮਿਲਦੀ ਤਾਂ ਅਸੀਂ ਧੱਕੇ ਨਾਲ ਮੰਗ ਕਰਦੇ ਹਾਂ ਕਿ ਦੂਜੇ ਸਾਡੀ ਇੱਜ਼ਤ ਕਰਨ, ਸਾਡੀ ਗੱਲ ਸੁਣਨ ਤੇ ਮੰਨਣ। ਕੀ ਧੱਕੇ-ਜੋਰੀ ਨਾਲ ਕਿਸੇ ਤੋਂ ਆਪਣੀ ਇੱਜ਼ਤ ਕਰਵਾਈ ਜਾ ਸਕਦੀ ਹੈ। ਕੀ ਸਟੇਨਗੰਨਾਂ ਨਾਲ ਆਪਣੀ ਗੱਲ ਮੰਨਵਾਈ ਜਾ ਸਕਦੀ ਹੈ? ਇਹ ਕਰਕੇ ਜੇਕਰ ਤੁਸੀਂ ਚਾਰ ਬੰਦਿਆਂ ਨੂੰ ਡਰਾ ਕੇ ਆਪਣੀ ਈਨ ਮੰਨਵਾ ਵੀ ਲਈ, ਤਾਂ ਵੀ ਕੀ ਹੈ। ਚਾਰ ਲੱਖ ਬੰਦੇ ਤੁਹਾਡੇ ਖ਼ਿਲਾਫ਼ ਖੜੇ ਹੋ ਜਾਣਗੇ। ਸੋ, ਉਹ ਚਾਰ ਬੰਦਿਆਂ ਤੋਂ ਈਨ ਮੰਨਵਾ ਕੇ ਤੁਸੀਂ ਕੀ ਖੱਟਿਆ? ਚਾਰ ਲੱਖ ਲੋਕਾਂ ਦੀ ਦੁਸ਼ਮਣੀ। ਏਸ ਲਈ, ਜੇਕਰ ਦੂਰ ਦੀ ਸੋਚੀਏ ਤਾਂ ਇਕ ਗੱਲ ਸਪੱਸ਼ਟ ਹੋ ਜਾਵੇਗੀ: ਕੋਈ ਵੀ ਜਿੱਤ ਅਸੀਂ ਪਿਆਰ ਅਤੇ ਸਦਭਾਵਨਾ ਨਾਲ ਹੀ ਜਿੱਤ ਸਕਦੇ ਹਾਂ, ਨਫ਼ਰਤ ਅਤੇ ਹਿੰਸਾ ਨਾਲ ਕਦੇ ਵੀ ਨਹੀਂ। ਅੱਜ ਦੇ ਡੈਮੋਕਰੇਟਿਕ ਤੇ ਸੈਕੂਲਰ ਸਿਸਟਮ ਵਿਚ ਲੋਕ ਆਪਣੇ ਮੰਦਰ, ਗੁਰਦਵਾਰੇ, ਮਸੀਤ ਤੇ ਗਿਰਜਿਆਂ ਵਿਚ ਜੀਅ ਸਦਕੇ ਜਾਣ। ਕਿਸੇ ਦਾ ਢਿੱਡ ਕਿਉਂ ਦੁਖੇ? ਪਰ ਜੇ ਅਸੀਂ ਇਸ ਭੁਲੇਖੇ ਵਿਚ ਹਾਂ ਕਿ ਦੂਜਿਆਂ ਨੂੰ ਇੱਟਾਂ ਮਾਰ ਕੇ ਆਪ ਮਜ਼ੇ ਨਾਲ ਆਪਣੇ ਪੂਜਾ ਸਥਾਨ 'ਚ ਜਾ ਬੈਠਾਂਗੇ ਤਾਂ ਬਹੁਤ ਸੰਭਵ ਹੈ ਕਿ ਅੱਵਲ ਤਾਂ ਅੰਦਰ ਹੀ, ਨਹੀਂ ਤਾਂ ਤੁਹਾਡੇ ਬਾਹਰ ਆਉਂਦਿਆਂ ਹੀ ਚਾਰੇ ਪਾਸਿਉਂ ਇੱਟਾਂ ਪੈਣੀਆਂ ਹੀ ਪੈਣੀਆਂ ਹਨ। ਇਹਨੂੰ ਸਾਡੇ ਧਾਰਮਿਕ ਗ੍ਰੰਥਾਂ ਵਿਚ ਕਰਮ ਦਾ ਫਲ ਜਾਂ, ਜੈਸਾ ਕਰਨਾ ਤੈਸਾ ਭਰਨਾ ਕਿਹਾ ਜਾਂਦਾ ਹੈ। ਅੰਗਰੇਜ਼ੀ ਵਿਚ 'ਯੂਅਰ ਐਕਸ਼ਨਜ਼ ਬਰਿੰਗ ਦਾ ਰਿਜ਼ਲਟ' ਕਹਿ ਦਿੱਤਾ ਜਾਂਦਾ ਹੈ।

ਮੇਰਾ ਦਿਲ ਕਰਦਾ ਹੈ ਕਿ ਕਾਸ਼! ਅੱਜ ਕੈਥਰਿਨ ਏਥੇ ਹੁੰਦੀ ਤਾਂ ਮੈਂ ਇਹ ਤੇ ਹੋਰ ਬਹੁਤ ਸਾਰੇ ਨੁਕਤਿਆਂ 'ਤੇ ਉਹਦੇ ਨਾਲ ਗੱਲਾਂ ਕਰਦੀ। ਪਰ, ਪਿਛਲੇ ਸਾਲ ਆਪਣੀ ਬੀਮਾ ਕੰਪਨੀ ਦੀ ਨੌਕਰੀ ਤੋਂ ਰਿਟਾਇਰ ਹੋ ਕੇ ਉਹ ਪੀਰੂ ਨੂੰ ਚਲੀ ਗਈ ਸੀ ਜਿਥੇ ਕਿਸੇ ਐਨ.ਜੀ.ਓ. (ਗੈਰ ਸਰਕਾਰੀ ਸੰਸਥਾ) ਰਾਹੀਂ ਹੁਣ ਉਹ ਗ਼ਰੀਬ ਔਰਤਾਂ ਅਤੇ ਬੱਚਿਆਂ ਨਾਲ ਕੰਮ ਕਰ ਰਹੀ ਹੈ। ਇਉਂ ਸਵਾਲਾਂ ਦੇ ਜਵਾਬ ਆਪਣੇ ਹੀ ਅੰਦਰ ਲਭਦੀ, ਅੱਜ ਫਿਰ ਮੈਂ ਕਟਿੰਗਜ਼ ਵਾਲੀ ਫ਼ਾਈਲ 'ਚੋਂ ਆਮਿਸ਼ ਲੋਕਾਂ ਦੀਆਂ ਤਸਵੀਰਾਂ ਕੱਢ ਕੇ ਦੇਖਣ ਲੱਗ ਪਈ ਹਾਂ।

ਇਕ ਬੈਂਚ 'ਤੇ ਚਾਰ ਬੰਦੇ ਬੈਠੇ ਹਨ। ਦੋ ਜਣੇ ਖੜੇ ਹਨ। ਗਲ ਕਾਲਰ-ਰਹਿਤ ਚਿੱਟੀਆਂ ਕਮੀਜ਼ਾਂ, ਉਪਰ ਕਾਲੀਆਂ ਫਤੂਹੀਆਂ, ਤੇੜ ਸਸਪੈਂਡਰਾਂ ਵਾਲੀਆਂ ਕਾਲੀਆਂ ਪੈਂਟਾਂ ਤੇ ਸਿਰਾਂ 'ਤੇ ਕਾਲੇ ਟੋਪ। ਇਕ ਜੁਆਨ ਮੁੰਡਾ ਅਸਮਾਨੀ ਓਵਰਹਾਲ ਅਤੇ ਸਟ੍ਰਾ ਹੈਟ ਵਿਚ ਹੈ। ਬੈਂਚ 'ਤੇ ਵਿਚਕਾਰ ਬੈਠਾ ਇਕ ਬਜ਼ੁਰਗ ਦੂਰ ਖੇਤਾਂ ਵੱਲ ਦੇਖ ਰਿਹਾ ਹੈ। ਉਹਦੀਆਂ ਨੀਲੀਆਂ ਅੱਖਾਂ ਵਿਚ ਖ਼ਾਲੀਪਣ ਤਾਂ ਹੈ ਪਰ ਉਦਾਸੀ ਨਹੀਂ। ਕੋਲ ਬੈਠੇ ਜੁਆਨ ਮੁੰਡੇ ਦਾ ਮੋਢੇ 'ਤੇ ਇਕ ਪਾਸੇ ਨੂੰ ਰਤਾ ਝੁਕਿਆ ਸਿਰ ਉਹਦੇ ਮਨ ਦੀ ਉਦਾਸੀ ਦਾ ਸੰਕੇਤ ਦਿੰਦਾ ਹੈ। ਪਰ ਸਭ ਦੇ ਚਿਹਰੇ ਸ਼ਾਂਤ ਹਨ। ਨੇੜੇ ਇਕ ਘੋੜਾ ਬੱਘੀ ਖੜੀ ਹੈ ਜੀਹਦੇ ਦੁਆਲੇ ਇਕ ਜੋੜਾ ਤੇ ਉਨ੍ਹਾਂ ਦੇ ਪੰਜ-ਛੇ ਬੱਚੇ ਕਿਧਰੇ ਜਾਣ ਲਈ ਖੜੇ ਹਨ।

ਇਕ ਹੋਰ ਤਸਵੀਰ ਵਿਚ ਕੁੱਝ ਆਦਮੀ, ਔਰਤਾਂ ਤੇ ਬੱਚੇ ਖੇਤਾਂ ਵੱਲ ਨੂੰ ਤੁਰੇ ਜਾਂਦੇ ਹਨ। ਪਤਾ ਨਹੀਂ ਕਦੋਂ, ਮੈਂ ਉਠਦੀ ਹਾਂ ਤੇ ਉਨ੍ਹਾਂ ਦੇ ਪਿੱਛੇ ਪਿੱਛੇ ਤੁਰ ਪੈਂਦੀ ਹਾਂ.....।

# ਭਾਰਤੀ ਅਮਰੀਕੀ ਪਰਿਵਾਰਾਂ ਨੂੰ ਸਿਰਫ ਪੁੱਤਰ ਜੰਮਣ ਵਾਲੀਆਂ ਔਰਤਾਂ ਦੀ ਲੋੜ

ਬੋਸਟਨ, (ਨਦਬ): ਪੁੱਤਰ ਜੰਮਣ ਲਈ ਪਰਿਵਾਰਾਂ ਦੇ ਦਬਾਅ ਅਧੀਨ ਅਮਰੀਕਾ ਦੀਆਂ ਭਾਰਤੀ ਇਮੀਗਰੈਂਟ ਔਰਤਾਂ ਨੂੰ ਮਾਦਾ ਭਰੂਣ ਹੱਤਿਆ ਲਈ ਮਜਬੂਰ ਹੋਣਾ ਪੈ ਰਿਹਾ ਹੈ, ਕਿਉਂਕਿ ਭਾਰਤ ਦੇ ਉਲਟ ਉੱਥੇ ਗਰਭਪਾਤ ਕਾਨੂੰਨੀ ਹੈ। ਇਹ ਖੁਲਾਸਾ ਇਕ ਹਾਲੀਆ ਅਧਿਐਨ ਤੋਂ ਹੋਇਆ ਹੈ।

ਕੈਲੀਫੋਰਨੀਆ ਯੂਨੀਵਰਸਿਟੀ ਦੇ ਖੋਜਕਾਰਾਂ ਦੀ ਟੀਮ ਨੇ ਕੈਲੀਫੋਰਨੀਆ, ਨਿਊਜਰਸੀ ਤੇ ਨਿਊਯਾਰਕ ਦੀਆਂ ਆਵਾਸੀ ਭਾਰਤੀ ਔਰਤਾਂ ਦੀ ਇੰਟਰਵਿਊ ਕੀਤੀ ਜਿਨ੍ਹਾਂ ਨੇ ਸਤੰਬਰ 2004 ਤੋਂ ਦਸੰਬਰ 2009 ਦੌਰਾਨ ਭਰੂਣ ਲਿੰਗ ਚੋਣ ਦੀ ਸੁਵਿਧਾ ਲਈ ਸੀ। ਗੁਣਾਤਮਕ ਅਧਿਐਨ ਤੋਂ ਖੁਲਾਸਾ ਹੋਇਆ ਕਿ ਉਨ੍ਹਾਂ 40 ਫੀਸਦੀ ਔਰਤਾਂ ਨੇ ਗਰਭਪਾਤ ਕਰਵਾ ਦਿੱਤਾ ਜਿਨ੍ਹਾਂ ਦੀ ਕੁੱਖ 'ਚ ਮਾਦਾ ਭਰੂਣ ਪਲ ਰਿਹਾ ਸੀ। ਇੰਟਰਵਿਊ ਦੌਰਾਨ ਵੀ ਜਿਹੜੀਆਂ ਔਰਤਾਂ ਨੂੰ ਪਤਾ ਲੱਗਿਆ ਕਿ ਉਨ੍ਹਾਂ ਦੀ ਕੁੱਖ 'ਚ ਮਾਦਾ ਭਰੂਣ ਪਲ ਰਿਹਾ ਹੈ, ਉਨ੍ਹਾਂ ਵਿੱਚੋਂ 89 ਫੀਸਦੀ ਨੇ ਗਰਭਪਾਤ ਕਰਵਾ ਦਿੱਤੇ। ਇੰਟਰਵਿਊ 'ਚ ਸ਼ਾਮਲ ਔਰਤਾਂ ਵੱਖ-ਵੱਖ ਧਾਰਮਿਕ ਅਕੀਦਿਆਂ, ਵਿਦਿਅਕ ਪਿਛੋਕੜ ਵਾਲੀਆਂ ਸਨ ਤੇ ਕਈ ਤਾਂ ਉਚ ਯੋਗਤਾ ਪ੍ਰਾਪਤ ਸਨ ਤੇ ਇਨ੍ਹਾਂ 'ਚੋਂ ਅੱਧੀਆਂ ਨੌਕਰੀਆਂ ਕਰ ਰਹੀਆਂ ਸਨ। ਅਧਿਐਨ ਅਨੁਸਾਰ ਇਨ੍ਹਾਂ 'ਚੋਂ ਜਿਹੜੀਆਂ ਔਰਤਾਂ ਨੇ ਧੀਆਂ ਨੂੰ ਜਨਮ ਦਿੱਤਾ ਉਨ੍ਹਾਂ ਨੂੰ ਵੱਖ-ਵੱਖ ਤਰ੍ਹਾਂ ਦੀ ਮਿਹਣੇਬਾਜ਼ੀ ਤੇ ਸਰੀਰਕ ਜ਼ਲਾਲਤ ਦਾ ਸ਼ਿਕਾਰ ਹੋਣਾ ਪਿਆ।

ਸੀਨੀਅਰ ਲੇਖਕ ਤੇ ਜਣਨ ਸਬੰਧੀ ਸਾਇੰਸਿਜ਼ ਦੇ ਯੂ.ਸੀ.ਐਸ. ਐਫ. ਵਿਭਾਗ ਦੇ ਕਲੀਨਿਕਲ ਪ੍ਰੋਫੈਸਰ ਰਾਬਰਟ ਨਾਸ਼ਟੀਗਾਲ ਨੇ ਕਿਹਾ ਕਿ



ਸਮਝਿਆ ਤਾਂ ਇਹ ਜਾਂਦਾ ਹੈ ਕਿ ਉੱਚ ਸਿੱਖਿਆ ਔਰਤਾਂ ਨੂੰ ਮਜ਼ਬੂਤ ਬਣਾਉਂਦੀ ਹੈ। ਅਧਿਐਨ ਅਧੀਨ ਲਈਆਂ ਗਈਆਂ ਔਰਤਾਂ 18 ਸਾਲ ਦੀ ਉਮਰ ਮਗਰੋਂ ਭਾਰਤ ਦੇ ਪੰਜਾਬ, ਹਰਿਆਣਾ, ਨਵੀਂ ਦਿੱਲੀ, ਗੁਜਰਾਤ, ਆਂਧਰਾ ਪ੍ਰਦੇਸ਼ ਤੇ ਤਾਮਿਲਨਾਡੂ ਤੋਂ ਅਮਰੀਕਾ ਪੁੱਜੀਆਂ ਸਨ। ਦੱਖਣ ਏਸ਼ੀਆਈ ਮੁਲਕਾਂ ਦੇ ਅਮਰੀਕਾ ਆ ਕੇ ਵੱਸ ਰਹੇ ਪਰਿਵਾਰਾਂ ਨੂੰ ਬੱਚਿਆਂ ਦੇ ਲਿੰਗ ਦੀ ਚੋਣ ਬੜੇ ਸੌਖੇ ਢੰਗ ਨਾਲ ਕਰਨ ਦਾ ਮੌਕਾ ਮਿਲ ਰਿਹਾ ਹੈ। ਇਸ ਅਧਿਐਨ ਦੀ ਮੋਹਰੀ ਲੇਖਕ ਤੇ ਯੂ.ਸੀ.ਐਸ.ਐਫ. ਦੇ ਇੰਟਰਨਲ ਮੈਡੀਕਲ ਵਿਭਾਗ 'ਚ ਮੈਡੀਕਲ ਰੈਜ਼ੀਡੈਂਟ ਸੁਨੀਤਾ ਪੁਰੀ ਇਸ ਖੋਜ ਦਾ ਟੀਚਾ ਗਹਿਰਾਈ ਤਕ ਔਰਤਾਂ ਦੀ ਸਥਿਤੀ ਬਾਰੇ ਜਾਨਣਾ ਹੈ। ਉਨ੍ਹਾਂ ਕਿਹਾ ਕਿ ਇੱਥੇ ਆ ਵਸੀਆਂ ਭਾਰਤੀ ਔਰਤਾਂ 'ਤੇ ਪੁੱਤਰ ਜੰਮਣ ਦੇ ਦਬਾਅ ਬਾਰੇ ਬਹੁਤਾ ਕੁਝ ਪ੍ਰਤੱਖ ਨਹੀਂ ਹੈ। ਇਹੀ ਨਹੀਂ, ਬੱਚੇ ਦਾ ਲਿੰਗ ਚੁਣ ਸਕਣ ਤੇ ਇਸ ਸਬੰਧੀ ਪ੍ਰਚਲਤ ਟੈਕਨਾਲੋਜੀ ਤੇ ਪੁੱਤਰ ਦੀ ਚੋਣ ਤੇ ਪੁੱਤਰ ਨੂੰ ਤਰਜੀਹ ਦੇਣ ਨਾਲ ਸਰੀਰਕ ਤੇ ਮਾਨਸਿਕ ਸਿਹਤ 'ਤੇ ਪੈਣ ਵਾਲੇ ਪ੍ਰਭਾਵਾਂ ਦੇ ਭਾਰਤੀ ਔਰਤਾਂ ਉੱਤੇ ਦਬਾਅ ਦੀ ਤਾਂ ਕਦੇ ਗੱਲ ਹੀ ਨਹੀਂ ਤੁਰੀ। ਅਧਿਐਨ ਅਧੀਨ ਲਈਆਂ ਔਰਤਾਂ 'ਚੋਂ 10 ਨੇ ਸ਼ੁਕਰਾਣੂ ਚੋਣ ਤਕਨੋਲੋਜੀ ਵਿਧੀ ਤੇ ਚਾਰ ਨੇ ਇਨਵਿਟਰੋ ਫਰਟੀਲਾਈਜ਼ੇਸ਼ਨ (ਆਈ.ਵੀ.ਐਫ.) ਤੇ ਜੈਨੇਟਿਸ ਢੰਗ ਤਰੀਕਿਆਂ ਨਾਲ ਆਪਣੇ ਬੱਚੇ ਦਾ ਲਿੰਗ ਨਿਰਧਾਰਨ ਕੀਤਾ। ਇਨ੍ਹਾਂ ਔਰਤਾਂ ਅਨੁਸਾਰ ਸੱਸਾਂ ਤੇ ਪਤੀ ਸਭ ਤੋਂ ਵੱਧ ਦਬਾਅ ਪੁੱਤਰ ਜੰਮਣ ਲਈ ਪਾਉਂਦੇ ਹਨ। ਅਧਿਐਨ 'ਚ ਇਕ ਔਰਤ ਨੇ ਦੱਸਿਆ ਕਿ ਜਦੋਂ ਉਹਦੇ ਦੂਜੀ ਧੀ ਜੰਮੀ ਤਾਂ ਉਹਦੀ ਸੱਸ ਇਸ ਬੱਚੀ ਨੂੰ ਗੋਦੀ ਨਹੀਂ ਚੁੱਕਣਾ ਚਾਹੁੰਦੀ ਸੀ। ਇਕ ਹੋਰ ਔਰਤ ਨੂੰ ਆਪਣੀ ਕੁੱਖ 'ਚ ਨਰ ਬੱਚਾ ਪਲਦਾ ਹੋਣਾ ਯਕੀਨੀ ਬਣਾਉਣ ਲਈ ਟੈਸਟਾਂ ਦੀ ਲੜੀ 'ਚੋਂ ਲੰਘਣਾ ਪਿਆ। ਜੇਕਰ ਇਹ ਬੱਚਾ ਮਾਦਾ ਹੁੰਦਾ ਤਾਂ ਉਹਦਾ ਪਤੀ ਇਸ ਨੂੰ ਜਨਮ ਦੇਣ ਦੇ ਹੱਕ 'ਚ ਨਹੀਂ ਸੀ।

ਪੁੱਤਰਾਂ ਨੂੰ ਤਰਜੀਹ ਦੇਣ ਦੇ ਸਭਿਆਚਾਰ ਤੇ ਪੁੱਤਰਾਂ ਦੀ ਸਮਾਜਕ -ਆਰਥਿਕ 'ਕੀਮਤ' ਤੇ ਅਮਰੀਕਾ ਜਿਹੇ ਖੁੱਲ੍ਹ ਦੇਸ਼ 'ਚ ਧੀਆਂ ਨੂੰ ਪਾਲਣ ਦਾ ਖੌਫ ਲੋਕਾਂ ਨੂੰ ਇਸ ਰਾਹੇ ਤੋਰ ਰਿਹਾ ਹੈ। ਅਧਿਐਨ 'ਚ ਕਿਹਾ ਗਿਆ ਹੈ ਕਿ ਜਣਨ ਸਬੰਧੀ ਟੈਕਨੋਲੋਜੀ ਨੇ ਸਭਿਆਚਾਰਕ ਤੇ ਲਿੰਗ ਆਧਾਰਤ ਨਸਲੀ ਅਸਰ ਪਾਉਣੇ ਸ਼ੁਰੂ ਕਰ ਦਿੱਤੇ ਹਨ।

## 'ਮਾਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏ'

ਐਡਮਿੰਟਲ (ਨਦਬ) : ਅੱਜ ਦੀ ਤੇਜ਼ ਰਫ਼ਤਾਰ ਜ਼ਿੰਦਗੀ 'ਚ ਵੱਧ ਰਹੇ ਪੀੜ੍ਹੀ ਪਾੜੇ ਨੂੰ ਮੇਲਣ ਦੀ ਕੋਸ਼ਿਸ਼ ਲਈ ਯਤਨਸ਼ੀਲ ਪੰਜਾਬੀ ਕਲਚਰ ਐਸੋਸੀਏਸ਼ਨ ਆਫ਼ ਐਲਬਰਟਾ ਵਲੋਂ ਪਿਛਲੇ ਦਿਨੀਂ ਸੁਲਤਾਨ ਬੈਂਕੁਇਟ ਹਾਲ ਵਿਖੇ ਇਸ ਵਾਰ ਮੇਲਾ ਮਾਵਾਂ ਧੀਆਂ ਦਾ ਕਰਵਾਇਆ ਗਿਆ। ਇਸ ਤੋਂ ਪਹਿਲਾਂ ਇਹ ਸੰਸਥਾ ਮੇਲਾ ਮੁਟਿਆਰਾਂ ਦੇ ਨਾਂ ਹੇਠ ਔਰਤਾਂ ਦਾ ਤੀਆਂ ਰੂਪੀ ਮੇਲਾ ਕਰਵਾਉਂਦੀ ਆ ਰਹੀ ਸੀ। ਕਰੀਬ 4 ਘੰਟੇ ਚੱਲੇ ਇਸ ਮੇਲੇ ਦੀ ਖਾਸੀਅਤ ਇਹ ਰਹੀ ਕਿ ਇਸ ਵਾਰ ਮੇਲੇ ਵਿੱਚ ਛੋਟੀ ਉਮਰ ਦੀ ਧੀ ਤੋਂ ਲੈ ਕੇ ਵੱਡੀ ਉਮਰ ਦੀ ਮਾਂ ਤਕ ਨੇ ਵੀ ਭਾਗ ਲਿਆ। ਇਸ ਮੇਲੇ ਵਿੱਚ ਜਿਥੇ ਲੋਕ ਬੋਲੀਆਂ, ਘੋੜੀਆਂ, ਸੁਹਾਗ



ਖਾਸ ਰਹੇ ਉਥੇ ਇਸ ਨੂੰ ਚੰਦ ਲਾਉਣ ਵਿੱਚ ਸੰਸਥਾ ਦੀ ਖੇਡ ਨਿਰਦੇਸ਼ਕਾ ਸ੍ਰੀਮਤੀ ਬਖਸ਼ ਸੰਘਾ ਵਲੋਂ ਭਰੂਣ ਹੱਤਿਆ 'ਤੇ ਵਿਅੰਗ ਕਸੱਦੀ ਸਕਿੱਟ ਪੇਸ਼ ਕੀਤੀ ਗਈ। ਇਸੇ ਤਰ੍ਹਾਂ ਸ੍ਰੀਮਤੀ ਬਖਸ਼ ਸੰਘਾ, ਅਰਵਿੰਦ ਸੇਖੋਂ, ਜੈਸ ਗਿੱਲ, ਮੀਨਾ ਸ਼ਰਮਾ, ਕੁਲਦੀਪ ਧਾਲੀਵਾਲ, ਮੈਡਮ ਸ਼ਾਲੂ ਵਲੋਂ ਗਾਏ ਗਏ 'ਮਾਂਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏ' ਨੂੰ ਬਿਹਤਰੀਨ ਗੀਤ ਐਲਾਨਿਆ ਗਿਆ। ਇਸ ਇਕੱਤਰਤਾ ਦੀ ਭੂਮਿਕਾ ਨਿਭਾਉਂਦੇ ਹੋਏ ਮੈਡਮ ਸ਼ਾਲੂ ਨੇ ਪੰਜਾਬੀ ਭਾਈਚਾਰੇ ਦੇ ਨਾਮ ਜੇ ਪਰਸੀ ਪੇਜ ਸਕੂਲ ਐਡਮਿੰਟਨ ਦੀ ਅੰਗਰੇਜ਼ੀ ਭਾਸ਼ਾ ਵਿਭਾਗ ਦੀ ਮੁਖੀ ਮੈਡਮ ਕਲਿੰਕ ਵਲੋਂ ਭੇਜਿਆ ਸੁਨੇਹਾ ਸਾਂਝਾ ਕੀਤਾ।


ਕੀ ਤੁਹਾਡੀ ਕਾਰ ਦੀ ਚਾਬੀ ਅੰਦਰ ਹੀ ਰਹਿ ਗਈ ਹੈ ?



ਕਾਰ ਲਾਕ ਹੋ ਗਈ ਹੈ ?

ਕੰਮ 'ਤੇ ਜਾਣ ਦੀ ਜਲਦੀ ਹੈ ?




ਤਾਂ ਘਬਰਾਉ ਨਾ ...

ਕਾਰ ਲਾਕ ਹੁੰਦਿਆਂ ਹੀ

ਗੁਰਪ੍ਰੀਤ ਸੋਹਲ ਨੂੰ

780-935-2990 'ਤੇ .ਫੋਨ ਘੁਮਾਉ


## ਪੇਟਿੰਗਜ਼ ਰਾਹੀਂ ਪ੍ਰਿਥਵੀ ਨੂੰ ਬਚਾਉਣ ਦਾ ਸੰਦੇਸ਼ ਦੇਣ ਲਈ ਲਗਾਈ ਗਈ ਕਾਰਜਸ਼ਾਲਾ

ਉੱਘੀ ਚਿੱਤਰਕਾਰ ਅਤੇ ਚੰਡੀਗੜ੍ਹ 'ਚ ਕਲਾ ਅਧਿਆਪਕ ਜਸਕੰਵਲ ਕੌਰ ਨੇ ਸਰਕਾਰੀ ਸਾਇੰਸ ਕਾਲਜ ਜਗਰਾਉਂ ਦੇ ਕਰੀਬ 50 ਵਿਦਿਆਰਥੀਆਂ ਨੂੰ ਲੈ ਕੇ ਕਲਾ ਕਾਰਜਸ਼ਾਲਾ ਲਗਾਈ। ਗਿਆਰਵੀਂ ਤੇ ਬਾਰ੍ਹਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਨਾਲ ਲਗਾਈ ਇਸ ਕਾਰਜ਼ਸਾਲਾ ਦਾ ਨਤੀਜਾ ਬਹੁਤ ਸਾਰਥਿਕ ਤੇ ਦਿਲਚਸਪ ਰਿਹਾ। ਮੈਡੀਕਲ ਤੇ ਨਾਨ ਮੈਡੀਕਲ ਦੇ ਵਿਦਿਆਰਥੀਆਂ ਨੂੰ ਟੋਲੀਆਂ ਵਿਚ ਵੰਡ ਕੇ ਕਲਾ ਸਮੱਗਰੀ ਦਿੱਤੀ ਗਈ ਤੇ ਚਾਰਟਾਂ ਉਪਰ ਵਾਤਾਵਰਣ ਸਬੰਧੀ ਕੋਈ ਵੀ ਚਿੱਤਰ ਬਣਾਉਣ ਲਈ ਕਿਹਾ ਗਿਆ। ਜਸਕੰਵਲ ਨੇ ਕੁੱਝ ਕੁ ਲਕੀਰਾਂ ਸ਼ੀਟਾਂ ਉਪਰ ਵਾਹੀਆਂ ਹੀ ਸਨ ਕਿ ਵਿਦਿਆਰਥੀਆਂ ਨੇ ਬੜੇ ਲਗਾਉ ਨਾਲ ਰੁੱਖਾਂ, ਝੀਲਾਂ, ਝਰਨਿਆਂ ਤੇ ਕਈ ਹੋਰ ਤਸਵੀਰਾਂ ਕੁਝ ਕੁ ਸਮੇਂ ਵਿਚ ਹੀ ਮੁਕੰਮਲ ਕਰ ਦਿੱਤੀਆਂ। ਵਿਦਿਆਰਥੀਆਂ ਨੇ ਤਸਵੀਰਾਂ ਲਈ ਦੋ ਤਰ੍ਹਾਂ ਦੇ ਵਿਸ਼ੇ ਚੁਣੇ, ਪਹਿਲੇ ਵਿਸ਼ੇ ਪ੍ਰਕਿਰਤੀ ਦੀ ਸੁੰਦਰਤਾ ਨਾਲ ਸਬੰਧਤ ਸਨ ਅਤੇ ਦੂਜੇ ਪ੍ਰਕਿਰਤੀ ਦੀ ਤਬਾਹੀ ਨਾਲ। ਪ੍ਰਕਿਰਤਕ ਸਰੋਤਾਂ ਨੂੰ ਨਸ਼ਟ ਕਰਨ ਤੇ ਵਾਵਾਤਰਣ ਨੂੰ ਪ੍ਰਦੂਸ਼ਿਤ ਕਰਨ ਵਲ ਵੀ ਵਿਦਿਆਰਥੀਆਂ ਦੇ ਚਿੱਤਰ ਇਸ਼ਾਰਾ ਕਰਦੇ ਸਨ। ਜਸਕੰਵਲ ਨੇ ਵਿਦਿਆਰਥੀਆਂ ਨੂੰ ਇਕੱਤਰ ਕੀਤਾ ਤੇ ਪੁੱਛਿਆ ਕਿ ਜੇਕਰ ਪ੍ਰਕਿਰਤੀ ਅਦਭੁਤ ਸੁੰਦਰਤਾ ਰਖਦੀ ਹੈ, ਸਾਨੂੰ ਜੀਵਿਤ ਰੱਖ ਰਹੀ ਹੈ ਤਾਂ ਇਸ ਨੂੰ ਤਬਾਹ ਕਿਉਂ ਕੀਤਾ ਜਾ ਰਿਹਾ ਹੈ। ਨਿਰਸੰਦੇਹ, ਮਨੁੱਖ ਆਪਣੀ ਸਵਾਰਥੀ ਸੋਚ ਦੇ ਆਧੁਨਿਕ ਜੀਵਨ ਸ਼ੈਲੀ ਨੂੰ ਅਨ੍ਹੇਵਾਹ ਅਪਣਾਅ ਕੇ ਆਪਣੀ ਤਬਾਹੀ ਦਾ ਸਮਾਨ ਇਕੱਠਾ ਕਰ ਰਿਹਾ ਹੈ। ਰੁੱਖਾਂ ਦਾ ਸਫ਼ਾਇਆ ਕੀਤਾ ਜਾ ਰਿਹਾ ਹੈ, ਉਨ੍ਹਾਂ ਰੁੱਖਾਂ ਦਾ ਜੋ ਧਰਤੀ ਉਪਰ ਵਾਤਾਵਰਣ ਦੇ ਸੰਤੁਲਨ ਨੂੰ ਬਣਾਈ ਰੱਖਦੇ ਹਨ, ਜੋ ਧਰਤੀ ਦੇ ਜੇਵਰ ਹਨ ਤੇ ਜਿਨ੍ਹਾਂ ਨੂੰ ਪਰਿਵਾਰਕ ਰਿਸ਼ਤਿਆਂ ਨਾਲ ਵੀ ਤਸਬੀਹ ਦਿੱਤੀ ਜਾਂਦੀ ਹੈ ਤੇ ਇਨ੍ਹਾਂ ਦੇ ਗੁਣਾਂ ਨੂੰ ਧਾਰਨ ਕਰਨ ਦੀ ਪ੍ਰੇਰਨਾ ਵੀ। ਇਸੇ ਇਕੱਤਰਤਾ ਵਿਚ ਜਦੋਂ ਜੀ.ਐਸ. ਪੀਟਰ ਨੇ ਸ਼ਿਵ ਕੁਮਾਰ ਦਾ ਰੁੱਖਾਂ ਬਾਰੇ ਲਿਖਿਆ ਗੀਤ ਪੇਸ਼ ਕੀਤਾ ਤਾਂ ਜਸਕੰਵਲ ਕੌਰ ਦਾ ਪ੍ਰਤੀਕਰਮ ਸੀ, "ਇਹ ਤਾਂ ਇਉਂ ਲੱਗ ਰਿਹਾ ਸੀ ਜਿਵੇਂ ਤੁਸੀਂ ਮੇਰੀਆਂ ਪੇਟਿੰਗਜ਼ ਨੂੰ ਸਾਹਮਣੇ ਰੱਖ ਕੇ ਗੀਤ ਗਾ ਰਹੇ ਹੋਵੋ।' ਜਸਕੰਵਲ ਕੌਰ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਜੇਕਰ ਅਸੀ ਆਪਣੀਆਂ ਗਲਤੀਆਂ ਸੁਧਾਰਾਂਗੇ, ਸੋਚ ਬਦਲਾਂਗੇ, ਚੌਗਿਰਦੇ ਦੇ ਮਹੱਤਵ ਪ੍ਰਤੀ ਸੁਚੇਤ ਹੋਵਾਂਗੇ, ਕੁਦਰਤ ਪ੍ਰਤੀ ਆਪਣਾ ਵਤੀਰਾ ਬਦਲਾਂਗੇ ਤਾਂ ਬਹੁਤ ਕੁੱਝ ਠੀਕ ਹੋ ਜਾਵੇਗਾ। ਕਾਲਜ ਦੇ ਡਾਇਰੈਕਟਰ ਜਸਵਿੰਦਰ ਸਿੰਘ ਬਰਾੜ ਨੇ ਜਸਕੰਵਲ ਕੌਰ ਦੀ ਕਾਰ-ਜਸ਼ਾਲਾ ਬਾਰੇ ਗੱਲ ਕਰਦਿਆਂ ਕਿਹਾ ਕਿ ਕਲਾਕਾਰ ਨੇ ਵਿਦਿਆਰਥੀਆਂ ਨੂੰ ਸਹੀ ਉਮਰ ਵਿਚ ਸਹੀ ਸੰਦੇਸ਼ ਦਿੱਤਾ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਹਰ ਵਿਦਿਆਰਥੀ ਕਾਲਜ ਵਿਚ ਇਕ ਰੁੱਖ ਅਪਣਾਏਗਾ ਤੇ ਕੁਦਰਤ ਪ੍ਰਤੀ ਆਪਣੇ ਫ਼ਰਜ਼ਾਂ ਨੂੰ ਨਿਭਾਏਗਾ। ਉਨ੍ਹਾਂ ਇਹ ਵੀ ਕਿਹਾ ਕਿ ਰੁੱਖ ਤੇ ਮਨੁੱਖ ਇਕ ਦੂਜੇ ਦੇ ਪੂਰਕ ਹਨ। ਇਸ ਲਈ ਦੋਵਾਂ ਦੀ ਸਹਿਹੋਂਦ ਦੇ ਸੱਚ ਨੂੰ ਪਛਾਨਣ ਦੀ ਲੋੜ ਹੈ। ਇਸ ਵੱਡਮੁਲੀ ਕਾਰਜਸ਼ਾਲਾ ਲਈ ਪ੍ਰੋ. ਨਿਧੀ ਮਹਾਜਨ ਤੇ ਪ੍ਰੋ. ਰਾਕੇਸ਼ ਰਮਨ ਨੇ ਜਸਕੰਵਲ ਕੌਰ ਨੂੰ ਸਹਿਯੋਗ ਦਿਤਾ ਤੇ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੂੰ ਕਾਰਜਸ਼ਾਲਾ ਵਿਚ ਭਾਗ ਲੈਣ ਲਈ ਉਤਸ਼ਾਹਿਤ ਵੀ ਕੀਤਾ।






– ਰਮਨ


K.P. ACCOUNTING & TAX SERVICES

135 Millbourne Road East Lee Ridge Plaza, Edmonton, AB T6K1P6

SAVE YOUR TAX

- INDIVIDUAL TAX RETURNS
- INCORPORATION OF COMPANIES
- PAYROLL, T4 SLIPS
- CORPORATE TAX RETURNS
- TAX RETURNS FOR SELF EMPLOYED
- SMALL BUSINESS SETUP & BOOKKEEPING
- ACCOUNTING & G.S.T. RETURNS
- FINANCIAL STATEMENTS



KAPIL SHARMA

FOR FAST REFUND USE E-FILES

ਇਨਕਮ ਟੈਕਸ ਦੇ ਪੇਪਰ ਭਰਾਉਣ ਲਈ
ਆਪਣੇ ਭਾਈਚਾਰੇ ਦੇ ਜਾਣੇ-ਪਛਾਣੇ ਅਕਾਊਂਟੈਂਟ
ਕਪਿਲ ਸ਼ਰਮਾ ਨਾਲ ਸੰਪਰਕ ਕਰੋ

780-469-2677

FAX : 780-469-2026

# ਸਤਾ ਮਿਲੀ ਪਰ ਅੱਗੇ ਦਾ ਰਸਤਾ ਸੌਖਾ ਨਹੀਂ

ਸਿਆਸਤ | ਨਵੇਂ ਮੁੱਖ ਮੰਤਰੀਆਂ ਨੂੰ ਹੈ ਮੁਸ਼ਕਲਾਂ ਦਾ ਅਹਿਸਾਸ

**ਪੱਛਮੀ ਬੰਗਾਲ ਵਿੱਚ ਤਿੰਨ ਚੌਥਾਈ ਬਹੁਮਤ ਪ੍ਰਾਪਤ ਕਰਨ ਵਾਲੀ ਮਮਤਾ ਬੈਨਰਜੀ ਦੇ ਸਾਹਮਣੇ ਹੁਣ ਚੁਣੌਤੀਆਂ ਦਾ ਪਹਾੜ ਹੈ। ਖ਼ਜ਼ਾਨੇ ਖ਼ਾਲੀ ਹਨ ਪਰ ਉਮੀਦਾਂ ਅਸਮਾਨ ਛੂਹ ਰਹੀਆਂ ਹਨ। ਤਾਮਿਲਨਾਡੂ, ਕੇਰਲ ਅਤੇ ਅਸਾਮ ਵਿਚ ਵੀ ਰਸਤੇ ਅਸਾਨ ਨਹੀਂ ਹਨ। ਇਥੇ ਨਵੇਂ ਮੁੱਖ ਮੰਤਰੀਆਂ ਦੀਆਂ ਰਣਨੀਤੀਆਂ ਕੀ ਹਨ? ਅਸੀਂ ਇਹ ਸਵਾਲ ਇਨ੍ਹਾਂ ਸੂਬਿਆਂ ਦੇ ਸਿਆਸੀ ਮਾਹਰਾਂ ਅਤੇ ਤਜਰਬੇਕਾਰ ਨੌਕਰਸ਼ਾਹ ਸਾਹਮਣੇ ਰੱਖਿਆ। ਇਹ ਪੁੱਛਿਆ ਕਿ ਇਨ੍ਹਾਂ ਨਤੀਜਿਆਂ ਦਾ ਸੰਭਾਵੀ ਅਸਰ ਉਤਰ ਪ੍ਰਦੇਸ਼ ਸਮੇਤ ਉਨ੍ਹਾਂ ਸੱਤਾਂ ਸੂਬਿਆਂ ਵਿੱਚ ਕੀ ਹੋਵੇਗਾ, ਜਿਥੇ ਅਗਲੇ ਸਾਲ ਚੋਣਾਂ ਹਨ....**

## ਅਗਲੀਆਂ ਚੋਣਾਂ 'ਤੇ ਅਸਰ

ਕਾਂਗਰਸ ਨੇ ਅਸਾਮ ਵਿੱਚ ਸਤਾ ਬਚਾਈ ਅਤੇ ਕੇਰਲਾ ਵਿੱਚ ਖੱਬੇ ਪੱਖੀਆਂ ਤੋਂ ਖੋਹ ਲਈ ਪਰ ਬਹੁਤ ਥੋੜ੍ਹੇ ਫਰਕ ਨਾਲ। ਅਜਿਹੀ ਸਥਿਤੀ ਵਿੱਚ ਅਗਲੇ ਸਾਲ ਗੁਜਰਾਤ, ਉਤਰਾਖੰਡ, ਉਤਰ ਪ੍ਰਦੇਸ਼, ਹਿਮਾਚਲ ਪ੍ਰਦੇਸ਼, ਪੰਜਾਬ, ਗੋਆ ਮਣੀਪੁਰ ਵਿਚ ਹੋਣ ਵਾਲੀਆਂ ਚੋਣਾਂ ਕਾਂਗਰਸ ਲਈ ਮਹੱਤਵਪੂਰਨ ਹਨ। ਇਨ੍ਹਾਂ ਵਿੱਚੋਂ ਗੋਆ ਅਤੇ ਮਣੀਪੁਰ ਵਰਗੇ ਛੋਟੇ ਸੂਬਿਆਂ ਨੂੰ ਛੱਡ ਕੇ ਹਰ ਸੂਬੇ ਵਿੱਚ ਇਹ ਸਾਫ਼ ਹੈ। ਅਜਿਹੀ ਸਮੇਂ ਉਸ ਨੂੰ ਇਨ੍ਹਾਂ ਨਤੀਜਿਆਂ ਤੋਂ ਸਬਕ ਸਿੱਖ ਕੇ ਅੱਗੇ ਵਧਣਾ ਚਾਹੀਦਾ ਹੈ। ਕਾਂਗਰਸ ਲਈ ਫਿਲਹਾਲ ਸਭ ਤੋਂ ਵੱਡਾ ਸਬਕ ਪੱਛਮੀ ਬੰਗਾਲ ਦੇ ਨੰਦੀਗ੍ਰਾਮ ਅਤੇ ਸਿੰਗੁਰ ਵਿਚ ਜ਼ਮੀਨ ਐਕਵਾਇਰ ਕਰਨ ਵਿਰੁਧ ਮਮਤਾ ਬੈਨਰਜੀ ਦਾ ਅੰਦੋਲਨ ਹੈ। ਮਮਤਾ ਦੇ ਸੱਤਾ ਵਿਚ ਪਹੁੰਚਣ ਲਈ ਇਨ੍ਹਾਂ ਅੰਦੋਲਨਾਂ ਨੇ ਹੀ ਮਦਦ ਕੀਤੀ। ਇਹੀ ਕਾਰਨ ਹੈ ਕਿ ਕਾਂਗਰਸ ਗ੍ਰੇਟਰ ਨੋਇਡਾ ਦੇ ਭੱਟਾ ਪਰਸੌਲ ਪਿੰਡ ਵਿਚ ਯਮੁਨਾ ਐਕਸਪ੍ਰੈੱਸ ਵੇਅ ਲਈ ਹੋਏ ਜ਼ਮੀਨ ਐਕਵਾਇਰ ਵਿਰੁਧ ਅੰਦੋਲਨ ਨੂੰ ਸਿੰਗੁਰ ਅਤੇ ਨੰਦੀਗ੍ਰਾਮ ਵਰਗਾ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਭੱਟਾ ਪਰਸੌਲ ਵਿਚ ਰਾਹੁਲ ਗਾਂਧੀ ਦਾ ਧਰਨਾ ਅਤੇ ਗ੍ਰਿਫ਼ਤਾਰੀ ਤੋਂ ਬਾਅਦ ਸੋਨੀਆ ਗਾਂਧੀ ਦੀ ਇਸ ਅੰਦੋਲਨ ਨੂੰ ਸੂਬੇ ਦੇ ਕੋਨੇ ਕੋਨੇ ਤਕ ਲੈ ਕੇ ਜਾਣ ਦੀ ਚਿਤਾਵਨੀ ਬੰਗਾਲ ਤੋਂ ਪ੍ਰੇਰਿਤ ਹੋ ਕੇ ਪੁੱਟਿਆ ਗਿਆ ਅਗਲਾ ਕਦਮ ਹੈ ਪਰ ਉਤਰ ਪ੍ਰਦੇਸ਼ ਦੀ ਮਾਇਆਵਤੀ ਸਰਕਾਰ ਵੀ ਚੁੱਪ ਨਹੀਂ ਬੈਠੀ ਹੈ। ਚਾਰ ਸੂਬਿਆਂ ਵਿਚ ਵਿਧਾਨ ਸਭਾ ਚੋਣਾਂ ਐਲਾਨੇ ਜਾਣ ਦੇ ਅਗਲੇ ਹੀ ਦਿਨ ਉਸ ਨੇ ਅਖ਼ਬਾਰਾਂ ਅਤੇ ਟੀ.ਵੀ. ਚੈਨਲਾਂ 'ਤੇ ਚਾਰ ਸਾਲ ਪੂਰੇ ਹੋਣ ਦੇ ਵੱਡੇ ਵੱਡੇ ਇਸ਼ਤਿਹਾਰ ਜਾਰੀ ਕਰ ਦਿਤੇ। ਉਹ ਮਮਤਾ ਬੈਨਰਜੀ ਅਤੇ ਜੈਲਲਿਤਾ ਨੂੰ ਹੀ ਲਾਈਮ ਲਾਈਟ ਨਹੀਂ ਬਟੋਰਨ ਦੇਣਾ ਚਾਹੁੰਦੀ ਸੀ। ਇਹ ਅਗਲੇ ਸਾਲ ਹੋਣ ਵਾਲੀਆਂ ਚੋਣਾਂ ਦੀ ਤਿਆਰੀ ਦੀ ਸ਼ੁਰੂਆਤ ਸੀ। ਉਤਰ ਪ੍ਰਦੇਸ਼ ਵਿੱਚ ਪਿਛਲੇ ਚਾਰ ਸਾਲਾਂ ਦੌਰਾਨ ਮਾਇਆਵਤੀ ਦੀਆਂ ਆਪਣੀਆਂ ਮੂਰਤੀਆਂ ਅਤੇ ਸਮਾਰਕਾਂ ਦੇ ਨਿਰਮਾਣ 'ਤੇ ਖਰਚੀ ਜਾ ਰਹੀ ਰਕਮ (ਸੂਬੇ ਦੇ ਕੁਲ ਬਜਟ 170 ਲੱਖ ਕਰੋੜ ਦਾ ਕਰੀਬ 1ਫੀਸਦੀ) ਹੀ ਚਰਚਾ ਵਿਚ ਹੈ। ਇਸੇ ਦੌਰਾਨ ਦੋ ਬਸਪਾ ਵਿਧਾਇਕਾਂ ਨੂੰ ਹੱਤਿਆ ਦੇ ਦੋਸ਼ ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ। ਹਾਲਾਂਕਿ ਅਪਰਾਧ ਕੁੱਝ ਘਟੇ ਹਨ। ਆਪਣੇ ਜ਼ੋਰ ਨਾਲ ਕਾਂਗਰਸ ਸਿਰਫ਼ ਅਸਾਮ ਦੀਆਂ ਚੋਣਾਂ ਹੀ ਜਿੱਤ ਸਕੀ ਹੈ। ਕੇਰਲ ਅਤੇ ਪੱਛਮੀ ਬੰਗਾਲ ਵਿੱਚ ਉਸ ਨੂੰ ਸਹਿਯੋਗੀਆਂ ਦੇ ਸਹਾਰੇ ਜਿੱਤ ਹਾਸਲ ਹੋਈ ਹੈ। ਅਜਿਹੇ ਸਮੇਂ ਕੇਵਲ ਭੱਟਾ ਪਰਸੌਲ ਦੇ ਭਰੋਸੇ ਉਤਰ ਪ੍ਰਦੇਸ਼ ਵਿਚ ਸਰਕਾਰ ਬਣਾਉਣ ਦੀ ਉਸ ਦੀ ਕੋਸ਼ਿਸ਼ ਸਫ਼ਲ ਹੋ ਸਕੇਗੀ, ਇਸ ਵਿਚ ਸ਼ੱਕ ਹੈ। 22 ਸਾਲਾਂ ਤੋਂ ਵਿਰੋਧੀ ਧਿਰ ਵਿਚ ਬੈਠੀ ਕਾਂਗਰਸ ਨੂੰ ਜਾਂ ਤਾਂ ਸਮਾਜਵਾਦੀ ਪਾਰਟੀ ਨਾਲ ਗਠਜੋੜ ਕਰਨਾ ਹੋਵੇਗਾ ਜਾਂ ਪੰਜ ਸਾਲ ਹੋਰ ਵਿਰੋਧੀ ਧਿਰ ਵਿਚ ਬੈਠਣ ਲਈ ਤਿਆਰ ਹੋਣਾ ਪਵੇਗਾ।

### ਬਦਲਾ ਨਹੀਂ ਵਿਕਾਸ ਹੈ ਜੈ ਦਾ ਏਜੰਡਾ



ਤਾਮਿਲਨਾਡੂ ਵਿਚ ਤਾਜਪੋਸ਼ੀ ਦੇ ਅਗਲੇ ਹੀ ਦਿਨ ਜੈਲਲਿਤਾ ਜੈਰਾਮ ਨੇ ਇਕ ਪਾਵਰ ਪੁਆਇੰਟ ਪ੍ਰੈਜ਼ਨਟੇਸ਼ਨ ਦੇਖਿਆ। ਇਸ ਨੂੰ ਸਾਬਕਾ ਰਾਸ਼ਟਰਪਤੀ ਏ.ਪੀ.ਜੇ. ਅਬਦੁਲ ਕਲਾਮ ਦੇ ਸਲਾਹਕਾਰ ਪੋਨਰਾਜ ਵੇਲੋਂਇਚਾਮੀ ਨੇ ਤਿਆਰ ਕੀਤਾ ਸੀ। ਪੋਨਰਾਜ ਨੇ ਤਾਮਿਲਨਾਡੂ ਵਿਚ ਅਗਲੇ ਪੰਜ ਸਾਲ ਦੇ ਸੰਭਾਵੀ ਵਿਕਾਸ ਦਾ ਰੋਡਮੈਪ ਤਿਆਰ ਕੀਤਾ। ਜ਼ਾਹਰ ਹੈ, ਇਸ ਵਾਰ ਜੈਲਲਿਤਾ ਦੀ ਪਹਿਲ ਆਪਣੇ ਸਿਆਸੀ ਵਿਰੋਧੀਆਂ ਨੂੰ ਜੇਲ੍ਹ ਭੇਜਣਾ ਨਹੀਂ ਹੈ। ਇਸ ਲਈ ਉਨ੍ਹਾਂ ਨੇ ਚੋਣਾਵੀ ਐਲਾਨ ਪੱਤਰ ਲਈ ਵੀ ਅਬਦੁਲ ਕਲਾਮ ਅਤੇ ਉਨ੍ਹਾਂ ਦੀ ਟੀਮ ਤੋਂ ਸੁਝਾਅ ਲਏ ਸਨ। 87 ਫੀਸਦੀ ਸੀਟਾਂ ਜਿੱਤਣ ਤੋਂ ਬਾਅਦ ਵੀ ਜੈਲਲਿਤਾ ਦੇ ਪੈਰ ਜ਼ਮੀਨ 'ਤੇ ਹਨ। ਸਹੁੰ ਚੁੱਕਣ ਵਿਚ ਵੀ ਪ੍ਰੰਪਰਾ ਬਦਲੀ। ਇਸ ਵਾਰ ਕਿਸੇ ਮੰਤਰੀ ਨੇ ਉਨ੍ਹਾਂ ਨੂੰ ਦੋਸ਼ੀ ਨਹੀਂ ਠਹਿਰਾਇਆ। ਇਸ ਤੋਂ ਲਗਦਾ ਹੈ ਕਿ ਉਹ ਆਪਣੀ ਦਿਖ ਬਦਲਣਾ ਚਾਹੁੰਦੀ ਹੈ।

### ਟੀਚਾ : ਕਰਜ਼ 'ਚ ਡੁੱਬੇ ਬੰਗਾਲ ਨੂੰ ਤਰੱਕੀ ਦੀਆਂ ਲੀਹਾਂ 'ਤੇ ਤੋਰਨਾ



ਖੱਬੇ ਪੱਖੀਆਂ ਨੂੰ ਉਖਾੜ ਸੁੱਟਣ ਵਾਲੀ ਮਮਤਾ ਬੈਨਰਜੀ ਨੂੰ ਜਨਤਾ ਦੀਆਂ ਉਮੀਦਾਂ ਦਾ ਅੰਦਾਜ਼ਾ ਹੈ। ਉਹ ਜਾਣਦੀ ਹੈ ਕਿ ਬੰਗਾਲ 2 ਲੱਖ ਕਰੋੜ ਰੁਪਏ ਦੇ ਕਰਜ਼ੇ ਵਿੱਚ ਡੁੱਬਿਆ ਹੋਇਆ ਹੈ। ਸਰਕਾਰ ਦੀ ਆਮਦਨੀ ਦਾ 95 ਫੀਸਦੀ ਤਾਂ ਕਰਮਚਾਰੀਆਂ ਦੀ ਤਨਖ਼ਾਹ ਦੇਣ ਵਿਚ ਚਲਾ ਜਾਂਦਾ ਹੈ। ਉਸ ਦੇ ਏਜੰਡੇ ਵਿਚ ਸੂਬੇ ਦੀ ਹਾਲਤ ਨੂੰ ਸੁਧਾਰ ਕੇ ਵਿਕਾਸ ਦੇ ਰਸਤੇ 'ਤੇ ਲੈ ਜਾਣਾ ਸੱਭ ਤੋਂ ਉਪਰ ਹੈ। ਵਿਕਾਸ ਲਈ ਪੈਸੇ ਇਕੱਠੇ ਕਰਨਾ ਅਤੇ ਖੱਬੇ ਪੱਖੀ ਵਿਚਾਰਧਾਰਾ ਵਾਲੀ ਨੌਕਰਸ਼ਾਹੀ ਤੋਂ ਕੰਮ ਕਰਵਾਉਣਾ ਵੀ ਉਨ੍ਹਾਂ ਲਈ ਟੇਢੀ ਖੀਰ ਹੈ। ਵੱਡੇ ਉਦਯੋਗਿਕ ਘਰਾਣਿਆਂ ਨੂੰ ਬੰਗਾਲ ਵਿਚ ਨਿਵੇਸ਼ ਲਈ ਰਾਜ਼ੀ ਕਰਨਾ ਆਸਾਨ ਨਹੀਂ ਹੋਵੇਗਾ। ਹਾਲਾਂਕਿ ਉਨ੍ਹਾਂ ਦੇ ਫਿੱਕੀ ਦੇ ਮੁੱਖ ਸਕੱਤਰ ਰਹੇ ਅਮਿਤ ਮਿਤਰਾ ਨੂੰ ਵਿੱਤ ਮੰਤਰਾਲੇ ਦਾ ਜ਼ਿੰਮਾ ਦਿੱਤਾ ਗਿਆ ਹੈ। ਉਹ ਖੇਤੀ ਤੋਂ ਇਲਾਵਾ ਜੂਟ, ਚਾਹ, ਇੰਜਨੀਅਰਿੰਗ ਅਤੇ ਮੈਨੂਫੈਕਚਰਿੰਗ ਵਰਗੇ ਸੈਕਟਰ 'ਤੇ ਜ਼ਿਆਦਾ ਧਿਆਨ ਦੇਵੇਗੀ।

### ਸਹਿਯੋਗੀਆਂ ਦੇ ਚਲਦੇ ਵਾਅਦੇ ਪੂਰੇ ਕਰਨਾ ਸੰਭਵ ਨਹੀਂ



ਕੇਂਦਰ ਵਿਚ ਕਾਂਗਰਸ ਸਰਕਾਰ ਦਾ ਫ਼ਾਇਦਾ ਕੇਵਲ ਕੇਰਲ ਦੇ ਮੁੱਖ ਮੰਤਰੀ ਓਮਾਨ ਚਾਂਡੀ ਨੂੰ ਉਦੋਂ ਹੀ ਮਿਲੇਗਾ, ਜਦੋਂ ਉਹ ਸਹਿਯੋਗੀ ਪਾਰਟੀਆਂ ਦੇ ਸਿਰਦਰਦ ਤੋਂ ਛੁਟਕਾਰਾ ਪਾ ਸਕਣਗੇ। ਮੁਸਲਿਮ ਲੀਗ ਅਤੇ ਕੇਰਲ ਕਾਂਗਰਸ ਦੇ ਜ਼ੋਰ 'ਤੇ ਕੇਵਲ ਦੋ ਸੀਟਾਂ ਦੇ ਬਹੁਮਤ ਨਾਲ ਸੱਤਾ ਵਿੱਚ ਆਏ ਚਾਂਡੀ ਦਾ ਧਿਆਨ ਕੁਰਸੀ ਬਚਾਉਣ 'ਤੇ ਜ਼ਿਆਦਾ ਅਤੇ ਵਿਕਾਸ 'ਤੇ ਘੱਟ ਹੀ ਲੱਗ ਸਕੇਗਾ। ਮਤਭੇਦ ਪੈਦਾ ਹੋਣ ਲੱਗੇ ਹਨ। ਸਹੁੰ ਚੁੱਕਣ ਤੋਂ ਬਾਅਦ ਚਾਂਡੀ ਨੇ ਖੱਬੇ ਪੱਖੀ ਸਰਕਾਰ ਦੇ ਸਾਰੇ ਫ਼ੈਸਲਿਆਂ ਦੀ ਸਮੀਖਿਆ ਕਰਨ ਦਾ ਐਲਾਨ ਕੀਤਾ। ਅਗਲੇ ਹੀ ਦਿਨ ਮੁਸਲਿਮ ਲੀਗ ਦੇ ਮੰਤਰੀ ਕੁਨਹਲੀਕੁੱਟੀ ਨੇ ਚਾਂਡੀ ਦੀ ਗੱਲ ਕੱਟ ਦਿੱਤੀ। ਚਾਂਡੀ ਨੇ ਆਪਣੀਆਂ ਚੋਣ ਰੈਲੀਆਂ ਵਿੱਚ ਕੋਚੀ ਨੇੜੇ ਬਣਨ ਵਾਲੇ ਸਮਾਰਟ ਸਿਟੀ ਪ੍ਰਾਜੈਕਟ ਦਾ ਵਿਰੋਧ ਕੀਤਾ ਸੀ। ਉਨ੍ਹਾਂ ਨੇ ਅਛੂਤਾਨੰਦਨ ਸਰਕਾਰ ਦੀ ਸਿੱਖਿਆ ਨੀਤੀ ਬਦਲਣ ਦਾ ਐਲਾਨ ਵੀ ਕੀਤਾ ਸੀ ਪਰ ਸਹਿਯੋਗੀ ਪਾਰਟੀਆਂ ਦੇ ਵਿਰੋਧ ਕਾਰਨ ਹੁਣ ਵਾਅਦੇ ਪੂਰੇ ਕਰਨਾ ਸੰਭਵ ਨਹੀਂ ਲੱਗ ਰਿਹਾ।

### ਪਹਿਲਾ ਕੰਮ : ਅਸਾਮ 'ਚ ਸ਼ਾਂਤੀ ਲਿਆਉਣਾ



ਵਿਕਾਸ ਯੋਜਨਾਵਾਂ ਅਤੇ ਉਲਫਾ ਅਤਿਵਾਦੀਆਂ ਨਾਲ ਸ਼ਾਂਤੀਵਾਰਤਾ ਦੇ ਜ਼ੋਰ 'ਤੇ ਤੀਜੀ ਵਾਰ ਅਸਾਮ ਦੇ ਮੁੱਖ ਮੰਤਰੀ ਬਣੇ ਤਰੁਣ ਗੋਗੋਈ ਨੂੰ ਸਿਆਸੀ ਅਸਥਿਰਤਾ ਦਾ ਸਾਹਮਣਾ ਨਹੀਂ ਕਰਨਾ ਪਵੇਗਾ ਪਰ ਸ਼ਾਂਤੀ ਬਣਾਈ ਰੱਖਣ ਲਈ ਉਲਫਾ ਦੇ ਪਰੇਸ਼ ਬਰੂਆ ਦੀ ਅਗਵਾਈ ਵਾਲੇ ਅਤਿਵਾਦੀ ਗੁੱਟਾਂ ਨੂੰ ਕਾਬੂ ਕਰਨਾ ਇੱਕ ਚੁਣੌਤੀ ਹੋਵੇਗੀ। ਸ਼ਾਂਤੀ ਵਾਰਤਾ ਲਈ ਰਾਜਖੋਵਾ ਗੁੱਟ ਨਾਲ ਸਮਝੌਤੇ ਨੂੰ ਸਿਰੇ ਤਕ ਪਹੁੰਚਾਉਣਾ ਵੀ ਓਨਾ ਹੀ ਜ਼ਰੂਰੀ ਹੋਵੇਗਾ। ਗੋਗੋਈ ਦਾ ਦਾਅਵਾ ਹੈ ਕਿ ਸਮਾਜਿਕ ਵਿਕਾਸ ਦੀਆਂ ਸਭ ਤੋਂ ਜ਼ਿਆਦਾ ਯੋਜਨਾਵਾਂ ਅਸਰਦਾਰ ਤਰੀਕੇ ਨਾਲ ਅਸਾਮ ਵਿਚ ਹੀ ਲਾਗੂ ਕੀਤੀਆਂ ਗਈਆਂ ਹਨ। ਉਨ੍ਹਾਂ ਦੀ ਲਗਾਤਾਰ ਤੀਜੀ ਤਾਜਪੋਸ਼ੀ ਵਿਚ ਇਹ ਸਭ ਤੋਂ ਅਹਿਮ ਵਜ੍ਹਾ ਰਹੀ। ਇਨ੍ਹਾਂ ਯੋਜਨਾਵਾਂ ਨੂੰ ਉਸੇ ਤਰ੍ਹਾਂ ਜਾਰੀ ਰੱਖਣਾ ਅਤੇ ਲੋਕਾਂ ਦੀਆਂ ਵਧਦੀਆਂ ਉਮੀਦਾਂ ਨੂੰ ਪੂਰਾ ਕਰਨਾ ਗੋਗੋਈ ਦੀ ਪਹਿਲ ਹੋਵੇਗਾ। ਕਾਂਗਰਸ ਨੂੰ ਪੂਰਾ ਬਹੁਮਤ ਮਿਲਣ ਤੋਂ ਬੋਡੋ ਲਿਬਰੇਸ਼ਨ ਫਰੰਟ 'ਤੇ ਉਨ੍ਹਾਂ ਦੀ ਨਿਰਭਰਤਾ ਖ਼ਤਮ ਹੋ ਗਈ ਹੈ।

### ਕਿਸ ਦੇ ਰਸਤੇ 'ਚ ਕਿਨੇ ਰੋੜੇ

**ਮਮਤਾ ਬੈਨਰਜੀ :**
ਖ਼ਜ਼ਾਨਾ ਖਾਲੀ, 2 ਲੱਖ ਕਰੋੜ ਦਾ ਕਰਜ਼, ਮਾਲੀਏ ਦਾ 95 ਫੀਸਦੀ ਖਰਚ ਕਰਮਚਾਰੀਆਂ ਦੀ ਤਨਖ਼ਾਹ 'ਤੇ, ਉਦਯੋਗੀਕਰਨ ਦੇ ਵਿਰੋਧ ਕਾਰਨ ਉਦਯੋਗ ਨੂੰ ਬੰਗਾਲ ਵਿਚ ਬੁਲਾਉਣ ਤਕ ਦਾ ਸਫ਼ਰ, ਖੱਬੇ ਪੱਖੀ ਕਬਜ਼ੇ ਵਾਲੀਆਂ ਸਰਕਾਰੀ ਯੂਨੀਅਨਾਂ ਨੂੰ ਹੜਤਾਲ ਤੋਂ ਰੋਕਣਾ।

**ਜੇ. ਜੈਲਲਿਤਾ :**
ਕਰੁਣਾਨਿਧੀ ਦੇ ਪਰਵਾਰ ਦੇ ਕਬਜ਼ੇ ਤੋਂ ਜ਼ਮੀਨ ਛੁਡਵਾਉਣਾ, ਫਿਲਮ ਇੰਡਸਟ੍ਰੀ ਅਤੇ ਕੇਬਲ ਟੀਵੀ ਛੁਡਾਉਣਾ, ਉਦਯੋਗੀਕਰਨ ਨੂੰ ਵਧਾਉਣਾ, ਖਾਸਤੌਰ 'ਤੇ ਛੋਟੇ ਉਦਯੋਗਾਂ ਨੂੰ, ਸਮਾਜਿਕ ਕਲਿਆਣ ਦੀਆਂ ਯੋਜਨਾਵਾਂ ਨੂੰ ਚਲਾਈ ਰੱਖਣਾ, ਬਦਲੇ ਦੀ ਭਾਵਨਾ ਨਾਲ ਕੰਮ ਨਾ ਕਰਨਾ, ਭ੍ਰਿਸ਼ਟਾਚਾਰ ਨੂੰ ਸਹਿਯੋਗ ਨਾ ਦੇਣਾ।

**ਓਮਾਨ ਚਾਂਡੀ :**
ਕੇਵਲ ਦੋ ਸੀਟਾਂ ਦੇ ਬਹੁਮਤ ਨਾਲ ਸਹਿਯੋਗੀ ਪਾਰਟੀਆਂ ਦੇ ਦਬਾਅ ਵਿੱਚ ਨਾ ਆਉਣਾ, ਸੱਤਾ ਦਾ ਸੰਤੁਲਨ ਬਣਾਉਣ ਲਈ ਗਠਜੋੜ ਸਰਕਾਰ ਬਚਾਈ ਰੱਖਣਾ, ਕਾਂਗਰਸ ਦੇ ਭ੍ਰਿਸ਼ਟ ਸਾਬਕਾ ਮੁੱਖ ਮੰਤਰੀਆਂ ਵਿਰੁਧ ਦਰਜ ਕੇਸਾਂ ਨੂੰ ਕਮਜ਼ੋਰ ਨਾ ਹੋਣ ਦੇਣਾ, ਵਿਕਾਸ ਅਤੇ ਸਮਾਜ ਕਲਿਆਣ ਦੀਆਂ ਯੋਜਨਾਵਾਂ ਦੀ ਰਫ਼ਤਾਰ ਵਧਾਉਣਾ।

**ਤਰੁਣ ਗੋਗੋਈ :**
ਉਲਫਾ ਪ੍ਰਧਾਨ ਪਰੇਸ਼ ਬਰੂਆ ਦੀ ਅਗਵਾਈ ਵਾਲੇ ਅਤਿਵਾਦੀਆਂ 'ਤੇ ਕਾਬੂ ਪਾਉਣਾ, ਉਲਫਾ ਦੇ ਅਰਵਿੰਦ ਰਾਜਖੋਵਾ ਦੀ ਅਗਵਾਈ ਵਾਲੇ ਧੜੇ ਨਾਲ ਸ਼ਾਂਤੀਵਾਰਤਾ ਨੂੰ ਸਿਰੇ ਚੜ੍ਹਾਉਣਾ, ਹਿੰਦੀ ਭਾਸ਼ਾਈ ਵਿਰੁਧ ਹਿੰਸਾ ਨਾ ਹੋਣ ਦੇਣਾ, ਸਮਾਜ ਦੇ ਵੱਖ ਵੱਖ ਵਰਗਾਂ ਲਈ ਚਲਾਈਆਂ ਕਲਿਆਣਕਾਰੀ ਯੋਜਨਾਵਾਂ ਨੂੰ ਤੇਜ਼ ਕਰਨਾ।













# Alberta Mortgage Centre

**Best Rates, Choice of Lenders, Mortgage for Purchase, Construction, Renewal, Refinance**
**Rental or Commercial Property Good or Bad credit, New Immigrant or Self Employed**

**For FREE Consultation, please call**
**(780)479-2222**

# 78, 4003-98 Street, Edmonton, AB **www.albertamortgagecentre.com**

Anuj Gupta
AMP, B.Com.
Associate Broker



Krishna(KK)Gupta, AMP
"Experienced, Knowledgeable, Committed"
Serving the Community Since 1999

CAAMP ACCHA · AXIOM · AMBA · BBB · think MORTGAGE think AMP™

ਯੂ.ਪੀ.ਏ. ਦੀ ਦੂਜੀ ਵਰ੍ਹੇਗੰਢ

# ਦੋ ਸਾਲ ਚੱਲੇ ਢਾਈ ਕੋਹ

ਪੰਜ ਸਾਲ ਦੀ ਪਹਿਲੀ ਸ਼ਾਨਦਾਰ ਪਾਰੀ ਤੋਂ ਬਾਅਦ ਦੂਜੀ ਪਾਰੀ ਲਈ ਮਨਮੋਹਨ ਸਰਕਾਰ ਸੱਤਾ ਵਿੱਚ ਆਈ ਤਾਂ ਸਾਰੇ ਸਿਆਸੀ ਵਿਸ਼ਲੇਸ਼ਣਕਾਰ ਅਚੰਭੇ ਵਿਚ ਸਨ। 206 ਸੀਟਾਂ ਦੇ ਨਾਲ ਜਿੱਤ ਕੇ ਸੱਤਾ ਵਿਚ ਵਾਪਸ ਆਉਣ ਦਾ ਅਨੁਮਾਨ ਕਾਂਗਰਸ ਸਮੇਤ ਪੂਰੇ ਯੂ.ਪੀ.ਏ. ਨੂੰ ਵੀ ਨਹੀਂ ਸੀ। 2004 ਦੀਆਂ ਚੋਣਾਂ ਦੇ ਮੁਕਾ-ਬਲੇ 61 ਸੀਟਾਂ ਜ਼ਿਆਦਾ ਸੀ। ਜਿੱਤ ਦਾ ਕਾਰਨ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਸਾਫ਼ ਦਿੱਖ, ਕਲਿਆਣਕਾਰੀ ਯੋਜਨਾਵਾਂ ਦਾ ਸਫ਼ਲ ਅਮਲ ਅਤੇ ਆਰਥਕ ਨੀਤੀਆਂ ਨੂੰ ਮੰਨਿਆ ਗਿਆ ਹੈ। ਹੁਣ ਯੂ.ਪੀ.ਏ ਦੇ ਦੋ ਸਾਲ ਹੋ ਗਏ ਹਨ। ਇਨ੍ਹਾਂ ਦੋ ਸਾਲਾਂ ਵਿਚ ਤਸਵੀਰ ਬਦਲੀ ਹੈ। ਰਾਜਨੀਤਿਕ ਮਾਹਰ ਯੋਗਿੰਦਰ ਯਾਦਵ ਕਹਿੰਦੇ ਹਨ, "ਅੱਧਾ ਸਮਾਂ ਬੀਤ ਗਿਆ।'' ਅਜੇ ਤਕ ਇਕ ਵੀ ਅਜਿਹਾ ਕੰਮ ਨਹੀਂ ਹੋਇਆ, ਜਿਸ ਦੇ ਜ਼ੋਰ 'ਤੇ ਸਰਕਾਰ ਵੋਟਰਾਂ ਦੇ ਕੋਲ ਜਾ ਸਕੇ। ਬਕੌਲ ਯਾਦਵ, ਮਾਹਰ ਹੀ ਨਹੀਂ, ਆਮ ਆਦਮੀ ਵੀ ਸਮਝ ਰਿਹਾ ਹੈ ਕਿ ਸਰਕਾਰ ਜ਼ਿਆਦਾ ਕੁੱਝ ਨਹੀਂ ਕਰ ਸਕੀ। ਦੇਸ਼ ਵਿੱਚ ਪਹਿਲੀ ਵਾਰ ਬਿੱਲ ਦੀ ਡਰਾਫਟਿੰਗ ਵਿੱਚ ਸਿਵਲ ਸੁਸਾਇਟੀ ਨੂੰ ਸ਼ਾਮਲ ਕਰਨ ਵਾਲੇ ਅੰਨਾ ਹਜ਼ਾਰੇ ਕਹਿੰਦੇ ਹਨ, 'ਲੋਕ ਹੁਣ ਅੱਕ ਚੁੱਕੇ ਹਨ। ਉਨ੍ਹਾਂ ਨੂੰ ਭ੍ਰਿਸ਼ਟ ਨੇਤਾਵਾਂ, ਅਫਸਰਾਂ ਖਿਲਾਫ਼ ਐਕਸ਼ਨ ਚਾਹੀਦਾ ਹੈ।' ਗੁੱਸਾ ਤਾਂ ਲੋਕਾਂ ਵਿੱਚ ਹੈ ਪਰ ਕੀ ਅਗਲੇ ਢਾਈ ਸਾਲ ਤੱਕ ਇਹ ਬਰਕਰਾਰ ਰਹਿ ਸਕੇਗਾ?

### ਪਿਛਲੀ ਵਾਰ ਕਈ ਕੰਮ, ਇਸ ਵਾਰ ਉਡੀਕ

ਪਿਛਲੀ ਵਾਰ ਮਨਰੇਗਾ ਨਾਲ ਵਣ-ਅਧਿਕਾਰ ਕਾਨੂੰਨ, ਸੂਚਨਾ ਦਾ ਅਧਿਕਾਰ,ਕੌਮੀ ਪੇਂਡੂ ਸਿਹਤ ਮਿਸ਼ਨ ਵਰਗੇ ਵੱਡੇ ਕੰਮ ਕੀਤੇ ਗਏ ਸਨ। ਇਸ ਪਾਰੀ ਵਿੱਚ ਸਰਕਾਰ ਨੇ ਸਿਖਿਆ ਦਾ ਅਧਿਕਾਰ ਦੇ ਰੂਪ ਵਿੱਚ ਪਹਿਲ ਕੀਤੀ। ਲੋਕਾਂ ਦੀਆਂ ਅੱਖਾਂ ਵਿੱਚ ਸੁਪਨੇ ਜਗਾ ਦਿੱਤੇ ਕਿ ਉਨ੍ਹਾਂ ਦਾ ਬੇਟਾ ਪੜ੍ਹ ਲਿਖ ਕੇ ਸਾਹਿਬ ਬਣ ਸਕਦਾ ਹੈ। ਐਨ.ਸੀ.ਈ.ਆਰ.ਟੀ. ਦੇ ਸਾਬਕਾ ਚੇਅਰਮੈਨ ਜਮਮੋਹਨ ਰਾਜਪੂਤ ਨੇ ਕਿਹਾ, 'ਜ਼ਿੰਦਗੀ ਦੀ ਸਭ ਤੋਂ ਵੱਡੀ ਇੱਛਾ ਨੂੰ ਸਰਕਾਰ ਨੇ ਪਰ ਦਿੱਤੇ ਪਰ ਉਡ ਸਕਣ ਜੋਗੀ ਤਾਕਤ ਨਹੀਂ ਦਿੱਤੀ। ਕੋਈ ਵੀ ਯੋਜਨਾ ਮੁਕੰਮਲ ਹੋਵੇ, ਇਸ ਲਈ ਪੂਰਾ ਬੰਦੋਬਸਤ ਕਰਨਾ ਪੈਂਦਾ ਹੈ ਪਰ ਇਥੇ ਉਕਾਈ ਹੋ ਗਈ।'

### ਖੁਰਾਕ ਸੁਰੱਖਿਆ ਬਿੱਲ

ਸਰਕਾਰ ਦੀ ਦੂਸਰੀ ਵੱਡੀ ਪਹਿਲ ਗਰੀਬ ਲੋਕਾਂ ਤੱਕ ਸਿੱਧਾ ਅਨਾਜ ਪਹੁੰਚਾਉਣ ਦੀ ਹੈ ਪਰ ਇਹ ਮਨਸੂਬਾ ਵੀ ਹਾਲੇ ਮੀਟਿੰਗਾਂ ਤੱਕ ਹੀ ਸੀਮਤ ਹੈ। ਪੂਰੀ ਕਵਾਇਦ ਇਸ ਉਪਰ ਅਟਕੀ ਹੋਈ ਹੈ ਕਿ ਕਿੰਨਾ ਅਨਾਜ ਅਤੇ ਕਿੰਨੇ ਲੋਕਾਂ ਤੱਕ ਪਹੁੰਚਾਇਆ ਜਾਵੇ? ਰਾਈਟ ਟੂ ਫੂਡ ਡਰਾਫਟ ਬਣਾਉਣ ਵਾਲੇ ਕੌਮੀ ਸਲਾਹਕਾਰ ਪ੍ਰੀਸ਼ੱਦ ਦੇ ਮੈਂਬਰ ਐਨ.ਸੀ. ਸਕਸੈਨਾ ਕਹਿੰਦੇ ਹਨ, 'ਸਰਕਾਰ ਹੀ ਨਹੀਂ ਚਾਹੁੰਦੀ ਕਿ ਖੁਰਾਕ ਸੁਰੱਖਿਆ ਨਿਸਚਿਤ ਕੀਤੀ ਜਾਵੇ। ਸਬਸਿਡੀ 60 ਫੀਸਦੀ ਤੋਂ 70 ਹਜ਼ਾਰ ਕਰੋੜ ਰੁਪਏ ਹੋ ਜਾਣ ਦੀ ਚਿੰਤਾ ਤਾਂ ਕਰਦੇ ਹਨ, ਪਰ ਖੁਰਾਕ ਸਬਸਿਡੀ ਵਿੱਚ ਲੀਕੇਜ ਰੋਕਣ ਦੀ ਫ਼ਿਕਰ ਸਰਕਾਰ ਨੂੰ ਨਹੀਂ ਹੈ। ਜਦਕਿ ਗਰੀਬ ਨੂੰ ਭੋਜਨ ਮਿਲੇ ਇਹ ਚਿੰਤਾ ਜ਼ਿਆਦਾ ਵੱਡੀ ਹੋਣੀ ਚਾਹੀਦੀ ਹੈ।' ਉਨ੍ਹਾਂ ਕਿਹਾ, 'ਲਾਗੂ ਨਾ ਹੋਣ ਕਾਰਨ ਦਾ ਮੁੱਖ ਕਾਰਨ ਨੇਤਾਵਾਂ ਦਾ ਸਵਾਰਥ ਹੈ ਕਿਉਂਕਿ ਲਾਗੂ ਹੋਇਆ ਤਾਂ 7-10 ਮਿਲੀਅਨ ਟਨ ਦਾ ਨਿਰਯਾਤ ਰੋਕਣਾ ਪਏਗਾ। ਇਸ ਵਿੱਚ ਸਾਰਿਆਂ ਦੀ ਮਿਲੀਭੁਗਤ ਹੈ।'

### ਇਹ ਹੈ ਰਣਨੀਤੀ : ਲੋਕਪਾਲ ਬਿੱਲ

ਭ੍ਰਿਸ਼ਟਾਚਾਰ ਤੋਂ ਅੱਕੇ ਲੋਕ ਅੰਨਾ ਹਜ਼ਾਰੇ ਦੇ ਅੰਦੋਲਨ ਵਿੱਚ ਉਮੜ ਪਏ। ਮਸੌਦੇ ਲਈ ਦੇਸ਼ ਵਿੱਚ ਪਹਿਲੀ ਵਾਰ ਸਿਵਲ ਸੁਸਾਇਟੀ ਦੇ ਲੋਕ ਸ਼ਾਮਲ ਹੋਏ।

### ਸਿਖਿਆ ਦਾ ਅਧਿਕਾਰ ਕਾਨੂੰਨ

ਪੂਰੇ ਦੇਸ਼ ਵਿੱਚ 6-14 ਸਾਲ ਦੇ ਬੱਚਿਆਂ ਨੂੰ ਪੜ੍ਹਾਉਣ ਦੀ ਕੋਸ਼ਿਸ਼ ਪਰਵਾਨ ਨਾ ਚੜ੍ਹ ਸਕੀ, ਕਿਉਂਕਿ ਲਾਗੂ ਕਰਨ ਦਾ ਪੁਖ਼ਤਾ ਸਿਸਟਮ ਬਣ ਹੀ ਨਾ ਸਕਿਆ। ਹਰੇਕ ਬਲਾਕ ਵਿੱਚ ਦੋ ਮਾਡਲ ਸਕੂਲ ਬਣਾਉਣ ਦਾ ਟੀਚਾ ਵੀ ਅੱਧ-ਵਿਚਕਾਰ।

### ਖੁਰਾਕ ਸੁਰੱਖਿਆ ਕਾਨੂੰਨ

ਮਨਰੇਗਾ ਵਾਂਗ ਅਗਲੀਆਂ ਚੋਣਾਂ ਦਾ ਤੁਰੂਪ ਦਾ ਪੱਤਾ। ਸਰਕਾਰ ਦੀਆਂ ਵੱਖ ਵੱਖ ਕਮੇਟੀਆਂ ਅਤੇ ਉਚ ਅਧਿਕਾਰ ਪ੍ਰਾਪਤ ਮੰਤਰੀ ਸਮੂਹ ਵਿਚਾਲੇ ਆਮ ਰਾਏ ਵਿੱਚ ਫਸਿਆ ਹੈ।

### ਜ਼ਮੀਨ ਐਕੁਆਇਰ ਕਾਨੂੰਨ

ਹਰ ਸੂਬੇ ਵਿੱਚ ਕਿਸਾਨ ਤੇ ਉਦਯੋਗਪਤੀਆਂ ਵਿਚਾਲੇ ਵਿਵਾਦ ਦਾ ਕਾਰਨ। ਸਾਲਾਂ ਤੋਂ ਵਿੱਚ ਵਿਚਾਲੇ। ਸਰਕਾਰ ਦਾ ਮੌਨਸੂਨ ਸੈਸ਼ਨ ਵਿੱਚ ਬਿੱਲ ਸੰਸਦ ਵਿੱਚ ਲਿਆਉਣ ਦਾ ਵਾਅਦਾ।

# ਤ੍ਰਿਣਮੂਲ ਕਾਂਗਰਸ ਦੀ ਜਿੱਤ...



ਪਰੇਮ ਸਿੰਘ (ਡਾ.)
ਮੋਬਾਇਲ : 98152-97080

ਚਾਰ ਅਸੈਂਬਲੀਆਂ ਅਤੇ ਇਕ ਕੇਂਦਰ ਸ਼ਾਸਤ ਪ੍ਰਦੇਸ਼ ਵਿਚ ਹੋਈਆਂ ਸੱਜਰੀਆਂ ਚੋਣਾਂ ਦੇ ਨਤੀਜਿਆਂ ਵਿਚੋਂ ਸਭ ਤੋਂ ਵੱਧ ਰਾਜਸੀ ਮਹੱਤਤਾ ਵਾਲਾ ਨਤੀਜਾ ਪੱਛਮੀ ਬੰਗਾਲ ਵਿਚ ਖੱਬੇ ਮੋਰਚੇ ਦੀ ਵੱਡੀ ਹਾਰ ਹੈ। ਪੰਜ ਸਾਲ ਪਹਿਲਾਂ 2006 ਵਿਚ ਹੋਈਆਂ ਅਸੈਂਬਲੀ ਚੋਣਾਂ ਵਿਚ ਇਸ ਮੋਰਚੇ ਨੇ 294 ਵਿਚੋਂ 235 ਸੀਟਾਂ ਜਿੱਤੀਆਂ ਸਨ ਜਿਹੜੀਆਂ ਹੁਣ ਘਟ ਕੇ 62 ਰਹਿ ਗਈਆਂ ਹਨ। ਮੋਰਚੇ ਦੀ ਵੱਡੀ ਧਿਰ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਜਿਸ ਨੇ ਉਨ੍ਹਾਂ ਚੋਣਾਂ ਵਿਚ 176 ਸੀਟਾਂ ਜਿੱਤੀਆਂ ਸਨ, ਹੁਣ 41 ਸੀਟਾਂ ਹੀ ਜਿੱਤ ਸਕੀ ਹੈ, ਭਾਵ ਇਕ ਚੌਥਾਈ ਤੋਂ ਵੀ ਕੁਝ ਘੱਟ। ਇਨ੍ਹਾਂ ਚੋਣਾਂ ਦੀ ਜੇਤੂ ਧਿਰ ਤ੍ਰਿਣਮੂਲ ਕਾਂਗਰਸ ਨੇ 184 ਸੀਟਾਂ ਜਿੱਤੀਆਂ ਹਨ ਜਿਹੜੀਆਂ ਇਸ ਵੱਲੋਂ ਲੜੀਆਂ ਗਈਆਂ ਕੁਲ ਸੀਟਾਂ ਦੀ 80 ਫੀਸਦੀ ਤੋਂ ਵੱਧ ਹਨ। ਪਿਛਲੇ 34 ਸਾਲਾਂ ਵਿਚ ਬੁੱਧਦੇਵ ਭੱਟਾਚਾਰੀਆ ਪਹਿਲਾ ਮੁੱਖ ਮੰਤਰੀ ਹੈ, ਜਿਹੜਾ ਹਾਰਿਆ ਹੈ। ਉਸ ਦੇ ਨਾਲ ਸਨਅਤ ਮੰਤਰੀ ਨਿਰੂਪਮ ਸੇਨ, ਜਿਸ ਨੇ ਸਿੰਗੂਰ ਵਿਖੇ ਟਾਟਾ ਦੀ, ਨੈਨੋ ਕਾਰ ਲਈ ਜ਼ਮੀਨ ਲੈਣ ਦੇ ਮਾਮਲੇ ਵਿਚ ਪਹਿਲਕਦਮੀ ਕੀਤੀ ਸੀ, ਹਾਊਸਿੰਗ ਮੰਤਰੀ ਗੌਤਮ ਦੇਵ, ਇਨਫਰਮੇਸ਼ਨ ਟੈਕਨਾਲੋਜੀ ਮੰਤਰੀ ਦੇਬੇਸ਼ ਦਾਸ ਤੇ ਸ਼ਹਿਰੀ ਵਿਕਾਸ ਮੰਤਰੀ ਅਸ਼ੋਕ ਭੱਟਾਚਾਰੀਆ ਵੀ ਹਾਰ ਗਏ ਹਨ। ਅਜਿਹੀ ਹਾਰ ਦੇ ਕਾਰਨਾਂ ਦੀ ਪੜਚੋਲ ਇਸ ਸਮੇਂ ਖੱਬੇ ਪੱਖ ਦੀਆਂ ਧਿਰਾਂ ਦਾ ਮੁੱਖ ਕਾਰਜ ਹੈ ਪਰ ਇਹ ਗੱਲ ਬਾਰੇ ਦੋ ਰਾਵਾਂ ਨਹੀ ਹੋ ਸਕਦੀਆਂ ਕਿ ਖੱਬਾ ਮੋਰਚਾ ਲੋਕਾਂ ਤੋਂ ਅਲੱਗ-ਥਲੱਗ ਪੈ ਗਿਆ ਸੀ। ਇਹ ਪਾੜਾ ਵਕਤੀ ਹੈ ਜਾਂ ਦੀਰਘ ਇਸ ਗੱਲ ਦੀ ਵੀ ਪੜਚੋਲ ਹੋਵੇਗੀ।

ਸਰਕਾਰ ਦੇ ਰਾਜਸੀ ਪ੍ਰਭਾਵ ਦੇ ਢਹਿੰਦੀ ਕਲਾ ਵੱਲ ਜਾਣ ਦੇ ਸੰਕੇਤ ਕੁਝ ਸਮੇਂ ਤੋਂ ਪ੍ਰਤੱਖ ਰੂਪ ਵਿਚ ਸਾਹਮਣੇ ਆ ਰਹੇ ਸਨ। 2008 ਵਿਚ ਹੋਈਆਂ ਪੰਚਾਇਤ ਚੋਣਾਂ ਵਿਚ ਤ੍ਰਿਣਮੂਲ ਕਾਂਗਰਸ ਨੇ ਵੱਡੀ ਚੜ੍ਹਤ ਵਿਖਾਈ। 2009 ਵਿਚ ਇਸ ਨੇ 19 ਲੋਕ ਸਭਾ ਸੀਟਾਂ ਜਿੱਤੀਆਂ ਤੇ 2010 ਵਿਚ ਕਲਕੱਤਾ ਤੇ ਸਾਲਟ ਲੇਕ ਦੀਆਂ ਲੋਕਲ ਬਾਡੀਜ਼ ਵਿਚ ਜਿੱਤ ਪ੍ਰਾਪਤ ਕੀਤੀ। ਇਉਂ ਲੋਕਾਂ ਉਤੇ ਖੱਬੇ ਮੋਰਚੇ ਦੀ ਲਗਾਤਾਰ ਢਿੱਲੀ ਹੋ ਰਹੀ ਪਕੜ ਬਾਰੇ ਕੋਈ ਓਹਲਾ ਨਹੀਂ ਸੀ। ਇਸ ਲਈ ਕੋਈ ਧਿਰ ਇਹ ਨਹੀਂ ਕਹਿ ਸਕਦੀ ਕਿ ਇਹ ਵਰਤਾਰਾ ਅਚਨਚੇਤ ਵਾਪਰ ਗਿਆ ਹੈ। ਸਰਕਾਰ ਨੇ ਸਨਅਤੀਕਰਨ ਦੀ ਨੀਤੀ ਨੂੰ ਲਾਗੂ ਕਰਦਿਆਂ ਗਲਤੀਆਂ ਕੀਤੀਆਂ। ਵਿਦਿਆ ਦੇ ਪਸਾਰ ਕਰਨ ਵਿਚ ਵੀ ਇਸ ਕੋਲੋਂ ਕੁਝ ਉਕਾਈਆਂ ਹੋਈਆਂ। ਇਨ੍ਹਾਂ ਖਾਮੀਆਂ ਦਾ ਪ੍ਰਭਾਵ ਆਮ ਲੋਕਾਂ ਉਤੇ ਪਿਆ। ਵੱਡੀ ਗੱਲ ਇਨ੍ਹਾਂ ਚੋਣਾਂ ਵਿਚ ਇਹ ਹੋਈ ਕਿ ਕਾਂਗਰਸ ਪਾਰਟੀ ਨੇ ਤ੍ਰਿਣਮੂਲ ਕਾਂਗਰਸ ਦੀ ਜਿੱਤ ਲਈ ਸਿਰ ਧੜ ਦੀ ਬਾਜ਼ੀ ਲਾਈ। ਇਸ ਨੇ ਮਮਤਾ ਬੈਨਰਜੀ ਦੀਆਂ ਸਾਰੀਆਂ ਮੰਗਾਂ ਮੰਨੀਆਂ। ਆਪਣੇ ਲਈ 65 ਤੋਂ ਵਧ ਸੀਟਾਂ ਨਾ ਮੰਗੀਆਂ ਤੇ ਉਸ ਦੀ ਤੂਫਾਨੀ ਵੋਟ ਮੁਹਿੰਮ ਲਈ ਹੈਲੀਕਾਪਟਰ ਤਕ ਮੁਹੱਈਆ ਕੀਤੇ। ਮਾਓਵਾਦੀਆਂ ਨੇ ਵੀ ਤ੍ਰਿਣਮੂਲ ਕਾਂਗਰਸ ਦਾ ਪੂਰਾ ਸਾਥ ਦਿੱਤਾ।

ਇਨ੍ਹਾਂ ਨਤੀਜਿਆਂ ਬਾਰੇ ਟਿੱਪਣੀ ਕਰਦਿਆਂ ਖੱਬੇ ਮੋਰਚੇ ਦੀ ਦੂਜੀ ਵੱਡੀ ਧਿਰ ਭਾਰਤੀ ਕਮਿਊਨਿਸਟ ਪਾਰਟੀ ਦੇ ਆਗੂ ਗੁਰੂਦਾਸ ਦਾਸਗੁਪਤਾ ਨੇ ਕਿਹਾ ਹੈ ਕਿ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਆਗੂਆਂ ਵਿਚ ਹੰਕਾਰ ਆ ਗਿਆ ਸੀ। ਉਹ ਨੁਕਤਾਚੀਨੀ ਸੁਣ ਕੇ ਵੀ ਆਪਣੇ ਕੰਮ-ਢੰਗ ਵਿਚ ਕੋਈ ਤਬਦੀਲੀ ਕਰਨ ਨੂੰ ਤਿਆਰ ਨਹੀਂ ਸਨ। ਇਹੋ ਗੱਲ ਖੱਬੀ ਧਿਰ ਦੀ ਇਸ ਹਾਰ ਦਾ ਕਾਰਨ ਬਣੀ ਹੈ। ਭਾਵ, ਇਸ ਹਾਰ ਦੀਆਂ ਜੜ੍ਹਾਂ ਪੱਛਮੀ ਬੰਗਾਲ ਦੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਕੰਮ-ਢੰਗ ਵਿਚਲੀਆਂ ਖਾਮੀਆਂ ਵਿਚ ਹਨ। ਪਾਰਟੀ ਦੀ ਨੀਤੀ ਵਿਚ ਨਹੀਂ। ਇਸ ਸੋਚ ਦੀ ਪੁਸ਼ਟੀ ਵਿਚ ਜਾਇਜ਼ ਤੌਰ 'ਤੇ ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਜੇ ਨੁਕਸ ਨੀਤੀਆਂ ਵਿਚ ਹੋਵੇ ਤਾਂ ਕੇਰਲਾ ਵਿਚ ਵੀ ਵੱਡੀ ਹਾਰ ਹੋਣੀ ਚਾਹੀਦੀ ਹੈ, ਪਰ ਇਹ ਹਾਰ ਵੱਡੀ ਨਹੀਂ ਮੰਨੀ ਜਾ ਸਕਦੀ। ਖੱਬੇ ਜਮਹੂਰੀ ਮੋਰਚੇ ਤੇ ਸੰਯੁਕਤ ਜਮਹੂਰੀ ਮੋਰਚੇ ਦੀ ਵੋਟ ਫੀਸਦੀ ਵਿਚ ਮਾਮੂਲੀ ਫਰਕ ਹੈ। ਉਪਰੰਤ ਕੇਰਲਾ ਵਿਚ ਇਨ੍ਹਾਂ ਚੋਣਾਂ ਵਿਚ ਵੀ ਉਹੋ ਕੁਝ ਹੋਇਆ ਹੈ ਜੋ ਪਿਛਲੇ ਲੰਮੇ ਸਮੇਂ ਤੋਂ ਹੁੰਦਾ ਆਇਆ ਹੈ। ਕੋਈ ਰਾਜਸੀ ਗਠਜੋੜ ਇਸ ਪ੍ਰਾਂਤ ਵਿਚ ਦੋ ਵਾਰ ਨਹੀਂ ਜਿੱਤਿਆ। ਇਕ ਵਾਰ ਇਕ ਗਠਜੋੜ ਜਿੱਤਦਾ ਹੈ ਤੇ ਦੂਜੀ ਵਾਰ ਉਸ ਦਾ ਵਿਰੋਧੀ। ਪੱਛਮੀ ਬੰਗਾਲ ਵਿਚ ਇਹ ਕੁਝ ਨਹੀਂ ਹੋਇਆ। ਇਸ ਮੁਕਾਬਲੇ ਤੋਂ ਇਹ ਨਤੀਜਾ ਕੱਢਣਾ ਯੋਗ ਹੋਵੇਗਾ ਕਿ ਪੱਛਮੀ ਬੰਗਾਲ ਵਿਚ ਖੱਬੇ ਮੋਰਚੇ ਦੀ ਹਾਰ ਦੇ ਕਾਰਨ ਸਥਾਨਕ ਸਨ।

ਚੋਣ ਨਤੀਜਿਆਂ ਦੀ ਪੜਚੋਲ ਕਰਦਿਆਂ ਪਿਛਲੇ ਵਰ੍ਹਿਆਂ ਦੇ ਹਾਲਾਤ ਦਾ ਹਵਾਲਾ ਤਰਕਸੰਗਤ ਹੈ। ਪੰਜ ਸਾਲ ਪਹਿਲਾਂ ਹੋਈਆਂ ਚੋਣਾਂ ਵਿਚ ਕਾਂਗਰਸ ਪਾਰਟੀ ਤੇ ਤ੍ਰਿਣਮੂਲ ਕਾਂਗਰਸ ਵੱਖ-ਵੱਖ ਲੜੀਆਂ ਸਨ। ਉਸ ਸਮੇਂ ਪਾਰਲੀਮੈਂਟ ਵਿਚ ਕਾਂਗਰਸ ਨੂੰ ਖੱਬੀ ਧਿਰ ਦੀ ਹਮਾਇਤ ਦੀ ਲੋੜ ਸੀ। ਉਸ ਸਮੇਂ ਮਮਤਾ ਬੈਨਰਜੀ ਨੇ ਕਾਂਗਰਸ ਪਾਰਟੀ ਨੂੰ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੀ 'ਬੀ ਟੀਮ' ਤਕ ਕਿਹਾ ਸੀ। ਵਿਰੋਧੀ ਧਿਰ ਦੀ ਇਹ ਵੰਡ ਖੱਬੇ ਮੋਰਚੇ ਲਈ ਰਾਸ ਆਈ ਸੀ। ਪਰ 2009 ਵਿਚ ਨਿਊਕਲਿਆਈ ਸੰਧੀ ਦੇ ਸਵਾਲ ਉਤੇ ਖੱਬੀ ਧਿਰ ਵੱਲੋਂ ਯੂ.ਪੀ.ਏ. ਸਰਕਾਰ ਤੋਂ ਸਮਰਥਨ ਵਾਪਸ ਲੈਣ ਤੋਂ ਬਾਅਦ ਦੋਹਾਂ ਧਿਰਾਂ ਵਿਚਕਾਰ ਪਾੜਾ ਵਧਣਾ ਸ਼ੁਰੂ ਹੋਇਆ। ਇਸ ਸਮੇਂ ਤਕ ਆਉਦਿਆਂ ਆਉਦਿਆਂ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਕੰਮ-ਢੰਗ ਵਿਚ, ਜਿਹੜੀ ਲੰਮੇ ਸਮੇਂ ਤੋਂ ਲੋਕ-ਸੇਵਾ ਦੇ ਕਾਰਜਾਂ ਦੀ ਪੂਰਤੀ ਕਰਦਿਆਂ ਹਰਮਨ-ਪਿਆਰੀ ਹੋਈ ਸੀ, ਵੱਡੀ ਤਬਦੀਲੀ ਆ ਚੁੱਕੀ ਸੀ। ਪਾਰਟੀ ਨੇ ਸਰਕਾਰੀ ਅਦਾਰਿਆਂ ਵਿਚ ਕੰਮ ਕਰਦੇ ਕਰਮਚਾਰੀਆਂ ਵਿਚ ਨਾ ਕੇਵਲ ਆਪਣੀ ਮੈਂਬਰਸ਼ਿਪ ਵਧਾਈ ਇਸ ਨੇ ਆਪਣੇ ਮੈਂਬਰ ਇਨ੍ਹਾਂ ਅਦਾਰਿਆਂ ਵਿਚ ਭਰਤੀ ਵੀ ਕਰਵਾਏ। ਪਾਰਟੀ ਕੇਡਰ, ਜਿਨ੍ਹਾਂ ਵਿਚ ਸਰਕਾਰੀ ਕਰਮਚਾਰੀ, ਟਰੇਡ ਯੂਨੀਅਨਾਂ ਦੇ ਅਹੁਦੇਦਾਰ ਤੇ ਅਧਿਆਪਕ ਸ਼ਾਮਲ ਸਨ, ਪਹਿਲਾਂ ਵਾਂਗ ਲੋਕ ਸੇਵਾ ਨੂੰ ਸਮਰਪਿਤ ਹੋਣ ਦੀ ਥਾਂ ਲੋਕਾਂ ਉਤੇ ਆਪਣਾ ਹੁਕਮ ਚਲਾਉਣ ਲੱਗ ਪਏ। ਸਿੰਗੂਰ ਵਿਚ ਨੈਨੋ ਕਾਰ ਲਈ ਜ਼ਮੀਨ ਲੈਣ ਵਾਸਤੇ ਅਫਸਰਸ਼ਾਹੀ ਤਰੀਕੇ ਵਰਤੇ ਗਏ। ਲੋਕਾਂ ਨੂੰ ਨਾਲ ਲੈਣ ਦੀ ਥਾਂ ਸਰਕਾਰੀ ਮਸ਼ੀਨਰੀ ਦੇ ਬਲਬੂਤੇ ਕਿਸਾਨਾਂ ਨੂੰ ਜ਼ਮੀਨਾਂ ਦੇਣ ਲਈ ਮਜਬੂਰ ਕੀਤਾ ਗਿਆ। ਇਸ ਸਥਿਤੀ ਵਿਚ ਮਮਤਾ ਬੈਨਰਜੀ ਨੇ ਜ਼ਮੀਨ ਲੈਣ ਦੇ ਫੈਸਲੇ ਦੇ ਵਿਰੋਧ ਵਿਚ ਮੋਰਚਾ ਲਾ ਦਿੱਤਾ। ਉਸ ਨੇ ਸਭ ਤਰ੍ਹਾਂ ਦੀਆਂ ਸ਼ਕਤੀਆਂ ਨੂੰ ਆਪਣੇ ਨਾਲ ਜੋੜਿਆ। ਉਸ ਨੇ ਮਾਓਵਾਦੀਆਂ ਨੂੰ ਹੱਲਾਸ਼ੇਰੀ ਦਿੱਤੀ ਕਿ ਉਹ ਹਰ ਸੰਭਵ ਤਰੀਕਾ ਵਰਤ ਕੇ ਕਿਸਾਨਾਂ ਨੂੰ ਇਸ ਮੋਰਚੇ ਵਿਚ ਸਰਕਾਰੀ ਮਸ਼ੀਨਰੀ ਨਾਲ ਟਕਰਾਉਣ ਲਈ ਤਿਆਰ ਕਰਨ। ਇਨ੍ਹਾਂ ਹਾਲਾਤ ਵਿਚ ਸਰਕਾਰ ਨੂੰ ਮਜਬੂਰ ਹੋ ਕੇ ਇੱਥੇ ਫੈਕਟਰੀ ਲੁਆਉਣ ਦਾ ਫੈਸਲਾ ਬਦਲਣਾ ਪਿਆ। ਟਾਟਾ ਨੇ ਇਹ ਫੈਕਟਰੀ ਗੁਜਰਾਤ ਵਿਚ ਜਾ ਲਾਈ। ਇਸ ਤੋਂ ਬਾਅਦ ਨੰਦੀਗਰਾਮ ਵਿਚ ਮੋਰਚਾ ਲਾਇਆ ਗਿਆ। ਇੱਥੇ ਕਿਸਾਨਾਂ ਵੱਲੋਂ ਰਸਾਇਣਕ ਸਨਅਤੀ ਸਮੂਹ ਲਈ ਜ਼ਮੀਨ ਲਏ ਜਾਣ ਦਾ ਵਿਰੋਧ ਕੀਤਾ ਗਿਆ। ਕਿਸਾਨਾਂ ਨੇ ਸੜਕਾਂ ਪੁੱਟ ਦਿੱਤੀਆਂ। ਖੱਬੇ ਮੋਰਚੇ ਦੀ ਸਰਕਾਰ ਨੇ ਭਾਵੇਂ ਮਗਰੋਂ ਐਲਾਨ ਕਰ ਦਿੱਤਾ ਕਿ ਉਹ ਰਸਾਇਣਕ ਸਨਅਤੀ ਸਮੂਹ ਲਈ ਜ਼ਮੀਨ ਨਹੀਂ ਲਵੇਗੀ ਪਰ ਇਸ ਐਲਾਨ ਤੋਂ ਪਹਿਲਾਂ ਪੁਲੀਸ ਨੇ ਕਿਸਾਨਾਂ ਉਤੇ ਗੋਲੀਆਂ ਚਲਾਈਆਂ ਜਿਸ ਦੇ ਨਤੀਜੇ ਵਜੋਂ 14 ਕਿਸਾਨ ਮਾਰੇ ਗਏ। ਕਿਸਾਨਾਂ ਵਿਚ, ਜਿਨ੍ਹਾਂ ਵਿਚੋਂ ਵਧੇਰੇ ਘਟ ਗਿਣਤੀ ਫਿਰਕੇ ਨਾਲ ਸਬੰਧ ਰੱਖਦੇ ਸਨ, ਰੋਹ ਉਤਪੰਨ ਹੋਇਆ ਤੇ ਉਨ੍ਹਾਂ ਨੇ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਕਾਰਕੁਨਾਂ ਨੂੰ ਮੌਕੇ 'ਤੋਂ ਖਦੇੜ ਦਿੱਤਾ। ਇਸ ਐਜੀਟੇਸ਼ਨ ਦੌਰਾਨ ਮਾਓਵਾਦੀ ਥਾਣਿਆਂ ਉਤੇ ਹਮਲੇ ਕਰਦੇ ਰਹੇ ਅਤੇ ਸਲਾਮਤੀ ਦਸਤਿਆਂ ਨਾਲ ਟੱਕਰਾਂ ਲੈਂਦੇ ਰਹੇ।

ਇਸ ਸਬੰਧ ਵਿਚ ਸਰਕਾਰ ਦੇ ਕਾਰ-ਵਿਹਾਰ ਦੀ ਪੜਚੋਲ ਕਰਦੀ ਕੰਟਰੋਲਰ ਐਂਡ ਆਡਿਟਰ ਜਨਰਲ (ਕੈਗ) ਦੀ 2007 ਦੀ ਰਿਪੋਰਟ ਦਾ ਹਵਾਲਾ ਦੇਣਾ ਉਚਿਤ ਹੋਵੇਗਾ। ਇਸ ਅਨੁਸਾਰ ਸਰਕਾਰ ਨੇ 708.65 ਏਕੜ ਜ਼ਮੀਨ ਛੋਟੇ ਕਿਸਾਨਾਂ ਤੋਂ ਖਰੀਦਣੀ ਸੀ। ਪਰ ਇਸ ਖਰੀਦ ਵਿਚ ਭਾਅ ਮਨ-ਮਰਜ਼ੀ ਨਾਲ ਤੈਅ ਕੀਤੇ ਗਏ। ਨਿਊ ਟਾਊਨ ਨਾਮੀ ਪ੍ਰਾਜੈਕਟ ਲਈ ਜ਼ਮੀਨ ਕਿਸਾਨਾਂ ਤੋਂ ਲੈ ਲਈ ਗਈ ਪਰ ਉਨ੍ਹਾਂ ਵਿਚੋਂ 83 ਫੀਸਦੀ ਦੀ ਨਿਸ਼ਾਨਦੇਹੀ ਕਰਨੀ ਵੀ ਜ਼ਰੂਰੀ ਨਾ ਸਮਝੀ ਗਈ। ਉਨ੍ਹਾਂ ਨੂੰ ਤੈਅ ਕੀਤੀ ਗਈ ਨੀਤੀ ਅਨੁਸਾਰ ਮੁਆਵਜ਼ਾ ਵੀ ਨਾ ਦਿੱਤਾ ਗਿਆ। ਇਸ ਵਰਤਾਰੇ ਨੂੰ ਧੋਖੇ ਤੋਂ ਸਿਵਾ ਹੋਰ ਕੋਈ ਨਾਂ ਨਹੀ ਦਿੱਤਾ ਜਾ ਸਕਦਾ। ਕੈਗ ਨੇ 508.79 ਏਕੜ ਜ਼ਮੀਨ 55 ਕੰਪਨੀਆਂ ਨੂੰ ਦਿੱਤੇ ਜਾਣ ਦੇ ਮਾਮਲੇ ਦੀ ਪੜਤਾਲ ਕੀਤੀ। ਕੈਗ ਅਨੁਸਾਰ ਇਸ ਮਾਮਲੇ ਵਿਚ 371.75 ਕਰੋੜ ਰੁਪਏ ਦਾ ਨੁਕਸਾਨ ਹੋਇਆ। ਹੋਰ ਕੰਪਨੀਆਂ ਜਿਨ੍ਹਾਂ ਨੂੰ ਲਾਭ ਪਹੁੰਚਾਇਆ ਗਿਆ, ਉਨ੍ਹਾਂ ਵਿਚ ਚੰਗੀ ਜਾਣੀ-ਪਛਾਣੀ ਕੰਪਨੀ ਡੀ.ਐਲ.ਐਫ. ਵੀ ਸ਼ਾਮਲ ਸੀ। 179.47 ਕਰੋੜ ਰੁਪਏ ਦਾ ਨੁਕਸਾਨ ਇਸ ਕਾਰਨ ਹੋਇਆ ਕਿ 8573 ਅਲਾਟੀਆਂ ਨੂੰ ਅਸਲ ਕੀਮਤ ਨਾਲੋਂ ਕਿਤੇ ਘਟ ਕੀਮਤ ਉਤੇ ਜ਼ਮੀਨ ਦਿੱਤੀ ਗਈ। ਨਿਊ ਟਾਊਨ ਪ੍ਰਾਜੈਕਟ ਆਰਥਿਕ ਤੌਰ ਉਤੇ ਕਮਜ਼ੋਰ ਵਰਗ ਲਈ ਘਰ ਮੁਹੱਈਆ ਕਰਨ ਦੇ ਇਰਾਦੇ ਨਾਲ ਉਸਾਰਿਆ ਗਿਆ ਸੀ। ਅਲਾਟਮੈਂਟ ਦੋ ਤਰ੍ਹਾਂ ਨਾਲ ਹੋਣੀ ਸੀ-ਲਾਟਰੀਆਂ ਰਾਹੀਂ ਖੁੱਲ੍ਹੀ ਅਲਾਟਮੈਂਟ ਤੇ ਹਾਊਸਿੰਗ ਮੰਤਰੀ ਰਾਹੀਂ ਅਲਾਟਮੈਂਟ।

2005 ਵਿਚ ਕੈਗ ਵੱਲੋਂ ਕੀਤੀ ਗਈ ਪੜਤਾਲ ਅਨੁਸਾਰ ਕੁਲ ਆਈਆਂ ਦਰਖਾਸਤਾਂ ਵਿਚੋਂ 256 ਨੂੰ ਵਿਚਾਰਿਆ ਹੀ ਨਾ ਗਿਆ। 215 ਉਨ੍ਹਾਂ ਬਿਨੈਕਾਰਾਂ ਦੇ ਕੇਸ ਵਿਚਾਰੇ ਗਏ ਜਿਨ੍ਹਾਂ ਨੇ ਫੀਸ ਭਰ ਕੇ ਦਰਖਾਸਤਾਂ ਹੀ ਨਹੀ ਦਿੱਤੀਆਂ ਸਨ। ਮੰਤਰੀ ਦੇ ਕੋਟੇ ਅਧੀਨ 3630 ਦਰਖਾਸਤਾਂ ਵਸੂਲ ਹੋਈਆਂ। ਇਨ੍ਹਾਂ ਬਿਨੈਕਾਰਾਂ ਨੂੰ 292 ਪਲਾਟ ਦਿੱਤੇ ਗਏ। ਇਨ੍ਹਾਂ ਵਿਚੋਂ ਕੈਗ ਨੇ 172 ਅਲਾਟੀਆਂ ਦੇ ਰਿਕਾਰਡ ਚੈਕ ਕੀਤੇ ਤੇ ਵੇਖਿਆ ਕਿ ਛੇ ਅਲਾਟੀਆਂ ਨੇ ਤਾਂ ਦਰਖਾਸਤਾਂ ਹੀ ਨਹੀ ਦਿੱਤੀਆਂ ਸਨ ਤੇ 90 ਨੇ ਉਸ ਪਰਾਵਰਗ ਦਾ ਜ਼ਿਕਰ ਨਹੀਂ ਕੀਤਾ ਸੀ ਜਿਸ ਅਧੀਨ ਉਹ ਜ਼ਮੀਨ ਚਾਹੁੰਦੇ ਸਨ। ਕੈਗ ਅਨੁਸਾਰ ਪਬਲਿਕ ਜਾਇਦਾਦ ਦੀ ਅਲਾਟਮੈਂਟ ਸਬੰਧੀ ਇਕ ਪਬਲਿਕ ਨੋਟਿਸ ਜ਼ਰੂਰੀ ਹੁੰਦਾ ਹੈ ਤੇ ਨਾਲ ਹੀ ਅਲਾਟਮੈਂਟ ਦੇ ਤਰੀਕਾਕਾਰ ਬਾਰੇ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ। ਇਹ ਕੁਝ ਵੀ ਨਾ ਕੀਤਾ ਗਿਆ। ਇਸ ਅਲਾਟਮੈਂਟ ਦਾ ਲਾਭ ਉਠਾਉਣ ਵਾਲੇ 72 ਸਰਕਾਰੀ ਅਫਸਰ ਸਨ। ਉਨ੍ਹਾਂ ਦੇ ਅਲਾਟਮੈਂਟ ਬਾਰੇ ਦਾਅਵਿਆਂ ਬਾਰੇ ਵੀ ਕੋਈ ਦਸਤਾਵੇਜ਼ ਨਹੀ ਲਏ ਗਈ ਸੀ। ਜ਼ਮੀਨ ਅਲਾਟ ਕਰਨ ਵਾਲੀ ਸਰਕਾਰੀ ਏਜੰਸੀ ਦੇ ਦੋ ਨਿਰਦੇਸ਼ਕਾਂ ਨੇ ਆਪਣੇ ਹੀ ਨਾਵਾਂ ਦੀ ਸਿਫਾਰਸ਼ ਨਾਲ ਜ਼ਮੀਨ ਅਲਾਟ ਕਰਵਾ ਲਈ ਸੀ। ਮੰਤਰੀ ਨੇ ਆਪਣੀ ਪਤਨੀ ਤੇ ਆਪਣੇ ਡਰਾਈਵਰ ਦੇ ਨਾਂ ਵੀ ਪਲਾਟ ਅਲਾਟ ਕਰ ਦਿੱਤੇ ਸਨ। ਇਕ ਨਿਰਦੇਸ਼ਕ ਨੇ ਆਪਣੇ ਨਾਂ ਪਲਾਟ ਅਲਾਟ ਕਰਵਾ ਕੇ ਉਸ ਨੂੰ ਛੇਤੀ ਹੀ ਮਹਿੰਗੇ ਮੁੱਲ ਵੇਚ ਕੇ ਮੁਨਾਫਾ ਕਮਾ ਲਿਆ।

ਇਹ ਕਹਿਣਾ ਤਾਂ ਕਿਸੇ ਤਰ੍ਹਾਂ ਵੀ ਠੀਕ ਨਹੀਂ ਕਿ ਪੱਛਮੀ ਬੰਗਾਲ ਵਿਚ ਹੁਣ 'ਖੱਬੀ ਧਿਰ ਦਾ ਕੁਝ ਵੀ ਨਹੀਂ ਬਚਿਆ।' ਇਹ ਟਿੱਪਣੀ ਉਸ ਅੰਗਰੇਜ਼ੀ ਦੈਨਿਕ ਵਿਚ ਛਪੀ ਹੈ ਜਿਸ ਦੇ 12 ਐਡੀਸ਼ਨ ਦੇਸ਼ ਦੇ ਵੱਖ'ਵੱਖ ਥਾਵਾਂ ਤੋਂ ਛਪਦੇ ਹਨ। ਤ੍ਰਿਣਮੂਲ ਕਾਂਗਰਸ ਨੇ ਸਰਕਾਰ ਦੀ ਵਾਗਡੋਰ ਸੰਭਾਲ ਕੇ ਆਪਣੀਆਂ ਨੀਤੀਆਂ ਨੂੰ ਅਜੇ ਲਾਗੂ ਕਰਨਾ ਹੈ। ਇਸ ਸਮੇਂ ਪ੍ਰਾਂਤ ਵਿਚ ਪੰਜ ਲੱਖ ਲੋਕ ਬੇਘਰੇ ਹਨ। ਕੁਝ ਇਲਾਕਿਆਂ ਵਿਚ ਭਾਵੇਂ ਇਹ ਸੀਮਤ ਹੀ ਹਨ, ਭੁੱਖਮਰੀ ਦੇ ਹਾਲਾਤ ਵੀ ਹਨ। ਸਾਫ ਪੀਣਯੋਗ ਪਾਣੀ ਮੁਹੱਈਆ ਕਰਵਾਉਣ ਲਈ ਯੋਗ ਪ੍ਰਬੰਧਾਂ ਦੀ ਲੋੜ ਹੈ। ਦਵਾਈਆਂ ਮੌਜੂਦ ਹਨ ਤੇ ਪਾਣੀ ਸਾਫ ਕਰਨ ਲਈ ਪਾਊਡਰ ਵੀ, ਪਰ ਇਨ੍ਹਾਂ ਦੀ ਵਰਤੋਂ ਦੀ ਜ਼ਾਮਨੀ ਨਵੇਂ ਰਾਜ-ਪ੍ਰਬੰਧ ਨੂੰ ਕਰਨੀ ਪਵੇਗੀ। ਬਲਾਕ ਵਿਕਾਸ ਅਫਸਰ ਅਵੇਸਲੇ ਹਨ। ਇਸ ਤਰ੍ਹਾਂ ਦੀ ਅਵਸਥਾ ਵਿਚ ਵੀ ਪਾਰਟੀ ਕੇਡਰ ਦੇ ਮੈਂਬਰਾਂ ਦੇ ਘਰ ਲਿਸ਼ਕੇ-ਪੁਸ਼ਕੇ ਹਨ। ਕੇਡਰ ਦੀ ਮੁਕਾ-ਬਲਤਨ ਚੰਗੀ ਹਾਲਤ ਵੀ ਪਾਰਟੀ ਦੇ ਲੋਕਾਂ ਨਾਲੋਂ ਅਲਹਿਦਗੀ ਦਾ ਇਕ ਕਾਰਨ ਬਣੀ ਹੈ। ਖੱਬੇ ਮੋਰਚੇ ਨੇ ਚੋਣ ਮੁਹਿੰਮ ਦੇ ਦੌਰਾਨ ਤ੍ਰਿਣਮੂਲ ਕਾਂਗਰਸ ਉਤੇ ਦੋਸ਼ ਲਾਇਆ ਸੀ ਕਿ ਇਸ ਨੇ ਵੋਟਰਾਂ ਨੂੰ ਖਰੀਦਣ ਲਈ ਉਮੀਦਵਾਰਾਂ ਨੂੰ ਵੱਡੀਆਂ ਰਕਮਾਂ ਵੰਡੀਆਂ ਹਨ। ਹਾਊਸਿੰਗ ਮੰਤਰੀ ਗੌਤਮ ਦੇਬ ਨੇ ਕਲਕੱਤਾ ਪ੍ਰੈਸ ਕਲੱਬ ਵਿਚ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ ਤ੍ਰਿਣਮੂਲ ਕਾਂਗਰਸ ਨੇ 226 ਉਮੀਦਵਾਰਾਂ ਨੂੰ 34 ਕਰੋੜ ਰੁਪਿਆ ਵੰਡਿਆ ਹੈ। ਇਸ ਸਬੰਧ ਵਿਚ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਵੱਲੋਂ ਦਿੱਲੀ ਤੇ ਕਲਕੱਤਾ ਵਿਚ ਲਿਖਤੀ ਮੈਮੋਰੰਡਮ ਦਿੱਤੇ ਗਏ ਸਨ। ਕਮਿਸ਼ਨ ਨੇ ਯਕੀਨ ਦਿਵਾਇਆ ਸੀ ਕਿ ਚੋਣਾਂ ਵਿਚ ਕਾਲੇ ਧਨ ਦੀ ਵਰਤੋਂ ਵਿਰੁੱਧ ਯੋਗ ਕਦਮ ਚੁੱਕੇ ਜਾਣਗੇ। ਇਹ ਵੇਖਣਾ ਅਜੇ ਬਾਕੀ ਹੈ ਕਿ ਕੀ ਚੋਣ ਕਮਿਸ਼ਨ ਨੇ ਯੋਗ ਪੜਤਾਲ ਕਰਕੇ ਕੋਈ ਕਦਮ ਚੁੱਕਿਆ ਹੈ ਜਾਂ ਨਹੀਂ। ਤ੍ਰਿਣਮੂਲ ਕਾਂਗਰਸ ਦੇ ਜਿੱਤ ਜਾਣ ਨਾਲ ਸੱਤਾ ਪਰਿਵਰਤਨ ਜ਼ਰੂਰ ਹੋ ਗਿਆ ਹੈ। ਨਾਲ ਹੀ ਪੱਛਮੀ ਬੰਗਾਲ ਦੇ ਸਾਧਾਰਨ ਆਵਾਮ ਦੀਆਂ ਵੀ ਢੇਰ ਸਾਰੀਆਂ ਉਮੀਦਾਂ ਵੀ ਜਾਗ ਪਈਆਂ ਹਨ। ਕੇਵਲ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਮਮਤਾ ਬੈਨਰਜੀ ਇਨ੍ਹਾਂ ਨੂੰ ਕਿਸ ਹੱਦ ਤਕ ਸੰਤੁਸ਼ਟ ਕਰ ਸਕਦੀ ਹੈ।

KULVIR GILL
ਕੁਲਵੀਰ ਗਿੱਲ
GHI
Helping you to make Informed Decisions
Registered Home Inspector
ਗਰੇਟਰ ਟਰਾਂਟੋ ਵਿਚ ਘਰਾਂ ਦੀ ਇਨਸਪੈਕਸ਼ਨ ਲਈ ਫੋਨ ਕਰੋ
(416) 839-3436 (B) (905) 479-5807 (H)
Gill Home Inspection Ltd.
Commercial & Residential
OAHI
Ontario association of Certified Home Inspectors

# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ ।




## JeevanBima Inc

ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

## ਜ਼ਰਾ ਸੋਚੋ ! !

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

ਕੀ ਤੁਸੀਂ ਉਪਰੋਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ✦ ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ✦ ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ?
- ✦ ਕੀ ਤੁਸੀਂ ਘਰ ਦੇ ਮੁਖੀ ਹੋ ?
- ✦ ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ✦ ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ।
ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ ।
ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾਂ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



Jessie Singh
(C.A.I.B)

- ✦ Life Insurance
- ✦ Mortgage Insurance
- ✦ Disability Insurance
- ✦ Critical Illness Insurance
- ✦ Longterm Care Insurance
- ✦ Travel Insurance
- ✦ Health Plans



Jasvir Deol

*For All Insurance Needs Book Appointment Today.*

**Calgary**

Bus: (403) 717 - 0666
Cell: (403) 830 - 7007

**Edmonton**

Bus: (780) 465 - 6900
Cell: (780) 906 - 4497

## MILLBOURNE ROAD MEDICAL CLINIC

WALK-INS WELCOME

FAMILY PHYSICIANS



Dr. V.K. Thapar (M.D., CCFP)* By Appointments Only
Dr. B.S. Jassar (M.D., Ph.D, CCFP)* Cell: 780 918 0516
Dr. S. Bananda (M.D.)

Ph: 780 462 4229
Fax: 780 462 3315

131 Millbourne Road East, Lee Ridge Plaza Edmonton, AB T6K 1P6

* Professional Corporation

## WESTFORK Interiors

Specializing in Cabinets & Counter tops

Kitchen & Vanities, Custom Cabinets, Staining & Spraying Doors

Endless Options

- On site full custom designing and manufacturing.
- Consultation for Kitchens, Bathrooms, Offices, Dens, Storage etc.
- Quality installation and delivery.
- One Location - Multiple Considerations
- Complete Range of Counter tops including laminate.

Custom Cabinetry
Exceptional Quality Customised Solutions
Premium Construction at Competitive Price.

ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ

ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ **ਵੈਸਟਫੋਰਕ ਇੰਟੀਰੀਅਰਜ਼**



Westfork Interiors, 8307 Argyll Road, Edmonton T6C 4B2
Tel: 780-490-4983
Fax: 780-490-4982
www.westforkinteriors.com
info@westforkinteriors.com
Gurmail Matharu : 780-990-9349
Ranjit Matharu : 780-907-9889

## Passport Phots

by: Kanwal Lyall



All types of Immigration, Passport, PIO, Citizenship Photos

Phone: 780-952-8017 lyallstudio@gmail.com

## Auto Shine Detailing

Interior Shampooing ✦ Power Polishing ✦ Engine Cleaning ✦ Fabric Guard ✦ Tar Ramoval



DAVE VIRK
Ph: 780 485 1253
Cell: 780 902 3727
Fax: 780 485 1353
autoshinedetailing@gmail.com
5424-36 Street, Edmonton, Alberta T6B 3P3

## SAVE ON DOOR KNOBS & HANDLES!




## MOULDING SPECIALS!

ALEXANDRIA Moulding




| # | Size | Material | Price |
|---|---|---|---|
| #5010 | 1 3/16" x 4 3/16" | MDF Primed | $1.20 /linear foot |
| #412 | 5/8" x 4 1/4" | MDF Primed | $0.60 /linear foot |
| #411 | 11/16" x 3" | MDF Primed | $0.49 /linear foot |
| #3140 | 3/8" x 3 1/4" | MDF Primed | $0.29 /linear foot |
| #357 | 2 1/8" x 7/16" | MDF Primed | $0.19 /linear foot |

## SAVE ON BATHROOM FIXTURES!

4 Piece Bath Set: Infinity and Corona Models

Taymor MODERN

ONLY $24.99




Concealed Surface Mount, Lifetime warranty, mounting hardware & installation instructions included. Available in a variety of finishes.

## Fancy Doors & Mouldings

JELD-WEN WINDOWS & DOORS · Masonite · ALEXANDRIA Moulding

Show Specials!




*Interior & Exterior, Prehung Units, Locks & Hardware, French Doors, Bi-Folds, Mouldings & Accessories*
*Commercial Doors & Hardware, Custom Railing Supplied & Installed*

Come visit our new, remodeled showroom!

Alberta Location: 9129 - 35 Avenue, Edmonton, AB T6E 5Y1
Ph: 780-432-7700
Fax: 780-432-7710 www.fancydoors.net

Limited time offer. Expires April 30, 2011

# ਆ ਵੇ ਵੀਰਾ ਦੋਨੋਂ ਮਿਲ ਲਈਏ

## ਲੋਕ-ਗੀਤਾਂ ਦੇ ਨਾਲ ਨਾਲ



ਡਾ. ਕਰਮਜੀਤ ਸਿੰਘ

ਮਈ ਜਾਂ ਜੂਨ ਦਾ ਮਹੀਨਾ ਸੀ। ਗਰਮੀ ਪੂਰੇ ਜੋਬਨ 'ਤੇ ਸੀ। ਤੇਜਿੰਦਰ ਮੇਰੇ ਮਾਮੇ ਦਾ ਮੁੰਡਾ ਪਿੰਡ ਆਇਆ ਹੋਇਆ ਸੀ। ਉਹ ਮੇਰੇ ਤੋਂ ਛੋਟਾ ਸੀ, ਪਰ ਮੈਨੂੰ ਉਸ ਨਾਲ ਜ਼ਰੂਰੀ ਕੰਮ ਇਹ ਸੀ ਕਿ ਉਸ ਦੇ ਨਾਨਕੇ ਭਡਿਆਰਾਂ ਪਿੰਡ ਵਿੱਚ ਸਨ। ਤਲਵਾੜੇ ਵਲ ਨੂੰ ਪਹਾੜਾਂ ਵਿੱਚ ਜਾ ਕੇ। ਮਾਮੀ ਤੋਂ ਗੀਤ ਗੁਆ ਚੁੱਕਣ ਤੋਂ ਬਾਅਦ ਵੀ ਮੈਂ ਉਸ ਦੇ ਨਾਨਕੀਂ ਜਾਣ ਲਈ ਜ਼ਿਕਰ ਕਰਦਾ ਰਹਿੰਦਾ ਸਾਂ। ਸੋ ਮੈਂ ਤੇਜਿੰਦਰ ਨੂੰ ਉਸ ਦੇ ਨਾਨਕੀਂ ਜਾਣ ਲਈ ਮਨਾ ਲਿਆ। ਮੈਂ ਬੈਗ ਵਿੱਚ ਟੇਪ ਕੈਸਟਾਂ ਪਾਈਆਂ, ਸੈੱਲ ਖਰੀਦੇ ਤੇ ਸਾਈਕਲ 'ਤੇ ਤੁਰ ਪਏ। ਰਸਤਾ ਲੰਮਾ ਸੀ, ਅਸੀਂ ਪਿੰਡਾਂ ਵਿਚੋਂ ਘੋਗਰੇ ਤਕ ਜਾਣ ਦਾ ਮਨ ਬਣਾਇਆ। ਕਈ ਵਾਰ ਭੁੱਲੇ। ਸੜਕ 'ਤੇ ਪੈਂਦਿਆਂ ਨੂੰ ਧੁੱਪ ਚੜ੍ਹ ਗਈ ਸੀ। ਉਤਾਂਹ ਵੱਲ ਜਾਂਦਿਆਂ ਚੜ੍ਹਾਈ ਵੱਖਰੀ। ਬਾਰੀ ਬਾਰੀ ਸਾਈਕਲ ਧੂੰਹਦੇ ਅਸੀਂ ਹਾਜੀਪੁਰ ਤੋਂ ਅਗਾਂਹ ਲੰਘ ਗਏ। ਅਗਾਂਹ ਜਾ ਕੇ ਅੰਦਰ ਵੱਲ ਸੱਜੇ ਹੱਥ ਨੂੰ ਮੁੜੇ ਇੱਥੋਂ ਚੜ੍ਹ ਕੇ ਜਾਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਖਾਸ ਕਰ ਕੇ ਖੱਡ ਵਿੱਚ ਤਾਂ ਸਾਡੇ ਹੱਥ ਖੜੇ ਹੋ ਗਏ। ਮੈਨੂੰ ਅੱਜ ਤਕ ਖੱਡ ਵਿੱਚੋਂ ਸਾਈਕਲ ਧੂਹ ਕੇ ਲਿਜਾਣ ਦਾ ਸੀਨ ਯਾਦ ਹੈ। ਖੈਰ ਔਖੇ ਸੌਖੇ ਅਸੀਂ ਪੱਥਰਾਂ ਦੀਆਂ ਗਲੀਆਂ ਵਿੱਚੋਂ ਦੀ ਹੁੰਦੇ ਪਿੰਡ ਤੇ ਫਿਰ ਘਰ ਪਹੁੰਚ ਗਏ। ਇਕ ਦੂਜੇ ਨੂੰ ਦੇਖ ਕੇ ਨਾਲੇ ਤਾਂ ਹੱਸੀਏ ਨਾਲੇ ਦੁਖੀ ਹੋਈਏ। ਰਿਸ਼ਤੇਦਾਰੀ ਦਾ ਮਾਮਲਾ ਸੀ। ਸਾਡੀ ਸੇਵਾ ਪੂਰੀ ਹੋਈ। ਪਰ ਮੇਰਾ ਧਿਆਨ ਸੀ ਆਪਣੇ ਕੰਮ ਵੱਲ।

ਤੇਜਿੰਦਰ ਆਪਣੀਆਂ ਮਾਸੀਆਂ, ਭੈਣਾਂ ਨਾਲ ਤਿਆਰੀ ਵਿੱਚ ਜੁੱਟ ਗਿਆ। ਕਾਫੀ ਮਿਹਨਤ ਤੋਂ ਬਾਅਦ ਦਸ ਪੰਦਰਾਂ ਕੁੜੀਆਂ ਤੇ ਔਰਤਾਂ ਇਕੱਠੀਆਂ ਹੋ ਗਈਆਂ। ਮੈਂ ਉਨ੍ਹਾਂ ਨੂੰ ਜ਼ੁਬਾਨੀ ਆਪਣੀ ਗੱਲ ਸਮਝਾਈ, ਕੁੱਝ ਪਿੰਡਾਂ ਦੇ ਇਕੱਠੇ ਕੀਤੇ ਗੀਤ ਵੀ ਸੁਣਾਏ, ਪਰ ਉਹ ਗਾਉਣ ਲਈ ਰਾਜ਼ੀ ਨਹੀਂ ਹੋਈਆਂ। ਅਖੀਰ ਗੱਲ ਵਿਚੋਂ ਨਿਕਲੀ ਕਿ ਉਹ ਮੇਰੇ ਸਾਹਮਣੇ ਗੀਤ ਗਾਉਣ ਨੂੰ ਤਿਆਰ ਨਹੀਂ ਸਨ। ਅਜੀਬ ਸਥਿਤੀ ਸੀ। ਪਹਿਲਾਂ ਵੀ ਇਕ ਦੋ ਥਾਈਂ ਇਵੇਂ ਦੇ ਹਾਲਾਤ ਆਏ, ਪਰ ਅਖੀਰ 'ਤੇ ਔਰਤਾਂ ਮੰਨ ਗਈਆਂ ਸਨ, ਪਰ ਇਥੇ ਤਾਂ ਉਨ੍ਹਾਂ ਨੇ ਅਜਿਹਾ ਨੰਨਾ ਫੜਿਆ ਕਿ ਉਹ ਟੱਸ ਤੋਂ ਮੱਸ ਨਹੀਂ ਹੋਈਆਂ। ਹੁਣ ਕੀ ਕੀਤਾ ਜਾਏ। ਮੈਂ ਤੇ ਤੇਜਿੰਦਰ ਸੋਚੀਂ ਪੈ ਗਏ। ਅਖੀਰ ਅਸੀਂ ਤੈਅ ਕੀਤਾ ਕਿ ਬੁੱਧੂ (ਤੇਜਿੰਦਰ ਦਾ ਘਰ ਦਾ ਨਾਂ) ਦੀ ਮਾਸੀ ਦੀ ਕੁੜੀ ਟੇਪ ਕਰਨ ਦਾ ਕੰਮ ਕਰੇਗੀ। ਅਸੀਂ ਦੂਸਰੇ ਕਮਰੇ ਵਿੱਚ ਬੈਠਾਂਗੇ। ਮੈਨੂੰ ਇਹ ਸ਼ਰਤ ਮਨਜ਼ੂਰ ਕਰਨੀ ਪਈ। ਗੀਤ ਜੁ ਸੁਣਨੇ ਸਨ।

ਮੈਂ ਤੇ ਤੇਜਿੰਦਰ ਦੂਸਰੇ ਕਮਰੇ ਵਿੱਚ ਬੈਠ ਇਸ ਅਜੀਬ ਸਥਿਤੀ ਉਪਰ ਚਰਚਾ ਕਰਨ ਲੱਗੇ। ਔਰਤਾਂ ਨੇ ਆਪਸ ਵਿੱਚ ਗੱਲਬਾਤ ਕਰਕੇ ਗੀਤ ਸ਼ੁਰੂ ਕੀਤਾ। ਟੇਪ ਚਾਲੂ ਹੋਈ ਹੈ ਕਿ ਨਹੀਂ, ਰਿਕਾਰਡਿੰਗ ਹੋਈ ਵੀ ਹੈ ਕਿ ਨਹੀਂ, ਇਸ ਗੱਲੋਂ ਅਸੀਂ ਅਣਜਾਣ ਸਾਂ। ਚਾਰਾ ਹੀ ਕੋਈ ਨਹੀਂ ਸੀ। 'ਜੋ ਹੋਊ ਦੇਖੀ ਜਾਊ' 'ਤੇ ਗੱਲ ਮੁਕਾ ਕੇ ਮੈਂ ਦੂਜੇ ਕਮਰੇ ਤੋਂ ਆਉਂਦੀ ਗੀਤ ਦੀ ਆਵਾਜ਼ ਨੂੰ ਸੁਣਨ ਲੱਗਾ। ਦੋ ਗੀਤ ਅਜਿਹੇ ਸਨ ਜੋ ਮੈਂ ਪਹਿਲਾਂ ਸੁਣ ਚੁੱਕਾ ਸਾਂ ਪਰ ਇਸ ਬਾਰੇ ਬੋਲਣ ਨਾਲ ਵੀ ਕੰਮ ਵਿਚ ਵਿਘਨ ਪੈ ਸਕਦਾ ਸੀ। ਤੀਜਾ ਗੀਤ ਸੁਹਾਗ ਸੀ ਜੋ ਉਸ ਵੇਲੇ ਤਕ ਮੈਂ ਨਹੀਂ ਸੀ ਸੁਣਿਆ। ਮੈਂ ਇਕਾਗਰ ਹੋ ਗਿਆ।

ਰਾਵੀ ਦੇ ਕੰਢੇ ਕੰਢੇ ਜਾਂਦਿਆ,
ਡੋਲੇ ਨੂੰ ਲਵੀਂ ਵੇ ਲੁਹਾ।
ਵੀਰ ਮੇਰਾ ਪ੍ਰਦੇਸ ਗਿਆ,
ਬਾਬਲ ਨੇ ਦਿਤੜਾ ਵਿਆਹ।

ਆਮ ਤੌਰ 'ਤੇ ਅਜਿਹੀ ਸਥਿਤੀ ਸੁਹਾਗਾਂ ਵਿੱਚ ਘੱਟ ਹੀ ਮਿਲਦੀ ਹੈ, ਇਸ ਲਈ ਮੇਰੀ ਉਤਸੁਕਤਾ ਹੋਰ ਵੱਧ ਗਈ। ਮੈਨੂੰ ਮਹਿਸੂਸ ਹੋਇਆ ਕਿ ਦੂਰ ਬੈਠ ਕੇ ਸੁਣਨ ਦਾ ਇਕ ਹੋਰ ਫ਼ਾਇਦਾ ਵੀ ਹੈ, ਕਿ ਤੁਸੀਂ ਲਿਖਣ, ਟੇਪ ਤੇ ਹੋਰਨਾਂ ਤੋਂ ਪਰ੍ਹੇ ਹੋ ਕੇ, ਇਕ-ਾਗਰ ਹੋ ਕੇ ਸੋਚ ਸਕਦੇ ਹੋ। ਗੀਤ ਹੁਣ ਪ੍ਰਦੇਸ ਗਏ ਵੀਰ ਬਾਰੇ ਹੋਰ ਉਦਾਸ ਕਰੇਗਾ। ਕੁੜੀਆਂ ਸਾਡੇ ਲਾਂਭੇ ਹੋਣ ਕਰ ਕੇ ਪੂਰੀ ਉੱਚੀ ਹੇਕ ਵਿੱਚ ਗਾ ਰਹੀਆਂ ਸਨ, ਜਿਸ ਵਿਚ ਵਿਛੋੜੇ ਦਾ ਦਰਦ ਸਾਫ ਸੀ।

ਚੌਹਾਂ ਕਹਾਰਾਂ ਡੋਲੀ ਚੱਕ ਲਈਉ,
ਰਾਹ ਵਿੱਚ ਮਿਲਿਆ ਭਰਾ।
ਰਾਵੀ ਦੇ ਕੰਢੇ ਕੰਢੇ ਜਾਂਦਿਆ,
ਡੋਲੇ ਨੂੰ ਲਵੀਂ ਵੇ ਲਹਾ...।
ਆ ਵੇ ਵੀਰਾ ਦੋਨੋਂ ਮਿਲ ਲਈਏ,
ਵਿਛੜੇ ਭੈਣ ਭਰਾ।

ਸਥਿਤੀ ਸੱਚਮੁਚ ਬਹੁਤ ਭਾਵੁਕ ਸੀ। ਗੀਤ ਨੇ ਇਸੇ ਭਾਵੁਕ ਸਥਿਤੀ ਨੂੰ ਤਾਏ, ਮਾਮੇ ਆਦਿ ਰਿਸ਼ਤੇਦਾਰਾਂ ਨਾਲ ਜੋੜ ਕੇ ਦੁਹਰਾਉਣਾ ਸ਼ੁਰੂ ਕਰ ਦਿੱਤਾ। ਮੈਂ ਅਵੇਸਲਾ ਹੋ ਗਿਆ। ਇਸ ਤੋਂ ਬਾਅਦ ਉਨ੍ਹਾਂ ਦੇ ਧਾਰਮਿਕ ਭਾਵਨਾਵਾਂ ਦੇ ਗੀਤ ਗਾਏ। ਇੱਕ ਵਿੱਚ ਮੰਦਰ ਜਾਣ ਦੀ ਸ਼ਰਤ ਸੀ ਤੇ ਦੂਜੇ ਵਿੱਚ ਬਾਲ ਕ੍ਰਿਸ਼ਨ ਦੀ ਖੇਡ। ਸੂਰਦਾਸ ਵਾਂਗ ਸਰਲ ਭਾਸ਼ਾ ਤੇ ਨਿਰਛਲ ਭਾਵਨਾਵਾਂ ਸਮੇਤ। ਲੱਗਦਾ ਇਉਂ ਹੈ ਕਿ ਸੂਰਦਾਸ ਨੇ ਲੋਕ ਗੀਤਾਂ ਦੇ ਨੇੜੇ ਰਹਿ ਕੇ ਰਚਨਾ ਕੀਤੀ ਹੈ।

ਕੁੜੀਆਂ ਨੇ ਆਪਸ ਵਿੱਚ ਘੁਸਰ ਮੁਸਰ ਕਰਦਿਆਂ 'ਸਾਮੋਨਾਰ' ਦਾ ਕਿੱਸਾ ਛੋਹ ਲਿਆ। ਹੋਰ ਸਾਰੇ ਦੁਆਬੇ ਵਿੱਚੋਂ ਮੈਂ ਇਹ ਕਿੱਸਾ ਹੋਰ ਕਿਤੇ ਨਹੀਂ ਸੁਣਿ-ਆ। ਮੈਂ ਵੀ ਸੁਚੇਤ ਹੋ ਗਿਆ। ਇਹ ਇੱਕ ਛੋਟਾ ਜਿਹਾ ਬ੍ਰਿਤਾਂਤ ਗੀਤ ਸੀ। ਧੁਨ ਨਵੀਂ ਸੀ, ਕੋਰੜੇ ਵਰਗੀ, ਪਰ ਵੇਰਵਿਆਂ ਨੇ ਇਸ ਨੂੰ ਲੋਕ ਗੀਤ ਦੇ ਨੇੜੇ ਰੱਖਿਆ ਹੋਇਆ ਸੀ। ਜਦੋਂ ਵਿਹਲ ਮਿਲਦਾ ਸੀ ਮੈਂ ਤੇ ਤੇਜਿੰਦਰ ਆਪਸ ਵਿੱਚ ਵਿਚਾਰਾਂ ਕਰਨ ਲੱਗ ਜਾਂਦੇ। ਕਿੱਸਾ ਸ਼ੁਰੂ ਹੋਇਆ। ਬਿਨਾਂ ਲੱਗ ਲਪੇਟ, ਸਾਦੀ ਭਾਸ਼ਾ। ਲੱਗਦਾ ਸੀ ਜਿਵੇਂ ਅਜੇ ਇਹ ਗੀਤ ਸਮੂਹਿਕ ਰਚਨਾ ਪ੍ਰਕਿਆ ਵਿਚੋਂ ਲੰਘ ਰਿਹਾ ਹੋਵੇ।

ਛੁੱਟੀ ਕੱਟ ਚਲਿਆ ਮੇਰਾ ਹੌਲਦਾਰ ਨੀ।
ਉਹਦੇ ਨਾਲ ਚੱਲੀ ਉਹਦੀ ਸ਼ਾਮੋਨਾਰ ਨੀ।
ਹੋਟਲ ਉਤੇ ਬੈਠੇ ਦੋਨੋਂ ਖਾਣਾ ਖਾਣਗੇ।
ਗੱਡੀ ਆ ਗਈ ਆ, ਦੋਨੋ ਚੜ੍ਹ ਜਾਣਗੇ।
ਹੌਲਦਾਰ ਬਹਿ ਗਿਆ, ਮਰਦਾਨੇ ਕਮਰੇ।
ਸ਼ਾਮੋਨਾਰ ਬਹਿ ਗਈ, ਜਨਾਨੇ ਕਮਰੇ।
ਹੌਲਦਾਰ ਦਾ ਸ਼ਾਮੋਨਾਰ ਨਾਲੋਂ ਵੱਖ ਹੋਣਾ, ਨਾਟਕੀ ਮੋੜ ਬਣ ਗਿਆ।
ਗੱਡੀ ਵਿੱਚ ਬਹਿ ਕੇ ਸ਼ਾਮੋ ਹੱਥ ਦੇਖਦੀ।
ਛਾਪ ਡਿੱਗ ਪਈ ਆ ਉਹਦੇ ਸੱਜੇ ਹੱਥ ਦੀ।

ਤੁਕਾਂਤਾਂ ਦਾ ਮੇਲ ਵੀ ਦੱਸ ਰਿਹਾ ਸੀ ਕਿ ਗੀਤ ਅਜੇ ਰਚਨਾ ਪ੍ਰਕ੍ਰਿਆ ਵਿਚੋਂ ਲੰਘ ਰਿਹਾ ਸੀ। ਹੋ ਸਕਦਾ ਹੈ ਕਿਸੇ ਔਰਤ ਨੇ ਲਿਖਿਆ ਪੜ੍ਹਿਆ ਹੋਵੇ ਤੇ ਜਾਂ ਇਧਰੋਂ ਉਧਰੋਂ ਸੁਣਿਆ ਹੋਵੇ। ਤੇ ਇਸੇ ਕਰ ਕੇ ਭੁੱਲਣ ਪ੍ਰਕ੍ਰਿਆ ਵਿਚੋਂ ਨਵੇਂ ਉਗੜ-ਦੁਗੜੇ ਤੁਕਾਂਤ ਜੁੜ ਰਹੇ ਹੋਣ। ਕੁੱਝ ਵੀ ਹੋਵੇ ਗੀਤ ਦਾ ਆਪਣਾ ਰੰਗ ਸੀ।

ਛਾਪ ਲੈਣ ਸ਼ਾਮੋਨਾਰ ਥੱਲੇ ਉਤਰੀ।
ਗੱਡੀ ਚੱਲ ਪਈ ਆ ਉਹਦੇ ਹੌਲਦਾਰ ਦੀ।
ਟੇਸ਼ਣ 'ਤੇ ਖੜੀ ਹੋ ਕੇ ਵਾਜ਼ਾਂ ਮਾਰਦੀ।



ਭੁੱਲੀ ਹੋਈ ਨਾਰ ਕਿਸੇ ਹੌਲਦਾਰ ਦੀ।

ਕੋਰੜੇ ਛੰਦ ਦਾ ਤੋਲ ਕਮਾਲ ਦਾ ਪੂਰਾ ਸੀ, ਪਰ ਇਹ ਲੋਕਧੁੰਨ ਵੱਲ ਵੱਧ ਰਿਹਾ ਸੀ।

ਆਹ ਲੈ ਬਾਬੂ ਪੰਜ ਰੁਪਈਏ,
ਪਾ ਦੇ ਤਾਰ ਵੇ।
ਪਹਿਲੀ ਗੱਡੀ ਆ ਜਾਏ ਮੇਰਾ ਹੌਲਦਾਰ ਵੇ,
ਨਾਂ ਮੈਂ ਲਮਾਂ ਪੰਜ ਰੁਪਈਏ ਨਾ ਪਾਮਾ ਤਾਰ ਨੀਂ।
ਆ ਜਾ ਮੇਰੇ ਬੰਗਲੇ 'ਚ ਲੱਗੀ ਬਹਾਰ ਨੀ।
ਨਾ ਮੈਂ ਆਮਾ ਤੇਰੇ ਬੰਗਲੇ ਲਮਾ ਬਹਾਰ ਵੇ।
ਤੇਰੇ ਨਾਲੋਂ ਸੋਹਣਾ ਮੇਰਾ ਹੌਲਦਾਰ ਵੇ।

ਇਹ ਥਾਂ ਸੀ ਜਿਥੇ ਬੰਗਲੇ ਦੇ ਨਾਲ ਹੋਰਨਾਂ ਚੀਜ਼ਾਂ ਦਾ ਜ਼ਿਕਰ ਆ ਕੇ ਗੀਤ ਨਵਾਂ ਰੂਪ ਧਾਰਨ ਕਰਦਾ, ਪਰ ਗੀਤ ਤਾਂ ਖ਼ਤਮ ਹੋ ਗਿਆ ਸੀ। ਹੋ ਸਕਦਾ ਹੈ ਇਨ੍ਹਾਂ ਔਰਤਾਂ ਨੇ ਬਾਅਦ ਵਿਚ ਹੋਰ ਵੇਰਵੇ ਵੀ ਜੋੜੇ ਹੋਣ। ਪਰ ਕਈ ਸਾਲ ਗੁਜ਼ਰ ਜਾਣ ਬਾਅਦ ਮੈਂ ਇਸ ਦਾ ਅੰਦਾਜ਼ਾ ਹੀ ਲਾ ਸਕਦਾ ਹਾਂ। ਔਰਤਾਂ ਕਾਫੀ ਦੇਰ ਗੱਲੀਂ ਜੁਟੀਆਂ ਰਹੀਆਂ, ਅਸੀਂ ਆਪਣੀ ਗੱਲਬਾਤ ਕਰਨ ਲੱਗ ਪਏ। ਅਚਨਾਕ ਕੁੜੀਆਂ ਨੇ ਢੋਲਕ ਗੀਤ ਸ਼ੁਰੂ ਕਰ ਦਿਤਾ। ਇਸ ਦੀ ਮੈਨੂੰ ਹੈਰਾਨੀ ਨਹੀਂ ਕਿਉਂਕਿ ਢੋਲਕ ਦੀ ਅਣਹੋਂਦ ਵਿੱਚ ਪੂਰੇ ਦੁਆਬੇ ਵਿੱਚ ਪੁੱਠੀ ਪਰਾਤ ਤੋਂ ਹੀ ਕੰਮ ਲਿਆ ਜਾਂਦਾ ਹੈ। ਗੀਤ ਨੇ ਢੋਲਕ (ਪਰਾਤ) ਨਾਲ ਲੈਅ ਮੇਲੀ।

ਮੈਂ ਤਾਂ ਫੁੱਲਾਂ ਦੇ ਵਿੱਚ ਵਿੱਚ ਰਹਿਨੀ ਆਂ।
ਮੈਂ ਤਾਂ ਕੰਡੇ ਦੀ ਪੀੜ ਨਾ ਸਹਿਨੀ ਆਂ।
ਮੈਂ ਤਾਂ ਸਹੁਰੇ ਦੀ ਇਕੋ ਇਕ ਨੂੰਹ ਆਂ।
ਮੇਰਾ ਸੂਰਜ ਵਰਗਾ ਮੂੰਹ ਆਂ।

ਕਿਸੇ ਰੁਮਾਂਟਿਕ ਮੂਡ ਵਿੱਚ ਲੱਗਦਾ ਸੀ ਗੀਤ, ਨਹੀਂ ਤਾਂ ਸਹੁਰੇ ਘਰ ਸੂਰਜ ਵਰਗਾ ਮੂੰਹ ਇਹੋ ਜਿਹਾ ਮੇਲ ਹੋਰ ਗੀਤਾਂ ਵਿੱਚ ਨਹੀਂ ਮਿਲਦਾ। ਗੀਤ ਰੁਮਾਂਟਿਕ ਹੁੰਦਾ ਹੁੰਦਾ ਇਕਦਮ ਗੇੜਾ ਕੱਟ ਗਿਆ

ਮੈਂ ਤਾਂ ਵੀਰੇ ਦੀ ਇਕੋ ਇਕ ਭੈਣ ਆਂ।
ਵੀਰਾ ਮੈਂ ਤਾਂ, ਮੈਂ ਖੜੀ ਬੇਚੈਨ ਆਂ।

ਗੀਤ ਇਕਦਮ ਖ਼ਤਮ ਹੋ ਗਿਆ। ਜੇ ਮੈਂ ਸਾਹਮਣੇ ਹੁੰਦਾ ਤਾਂ ਕਹਿੰਦਾ ਕਿ ਗੀਤ ਅਜੇ ਪੂਰਾ ਨਹੀਂ ਹੋਇਆ, ਪਰ ਅਜਿਹਾ ਕਹਿਣ 'ਤੇ ਕੰਮ ਵਿਗੜ ਸਕਦਾ ਸੀ। ਇਸ ਲਈ ਮੈਂ ਚੁੱਪ ਰਿਹਾ। ਇੱਕ ਨਣਦ ਭਾਬੀ ਦਾ 'ਮਹਿੰਦੀ ਦਾ ਗੀਤ' ਵੀ ਉਹਨਾਂ ਗਾਇਆ, ਜੋ ਮੈਂ ਪਹਿਲਾਂ ਹੀ ਸੁਣ ਰੱਖਿਆ ਸੀ।

ਹੁਣ ਸ਼ੁਰੂਆਤ ਹੋਈ ਬ੍ਰਿਆਈਆਂ ਦੀ। ਹੁਣ ਕੁੜੀਆਂ/ਔਰਤਾਂ ਬਹੁਤਾ ਰੁਕ ਨਹੀਂ ਸਨ ਰਹੀਆਂ। ਉਨ੍ਹਾਂ ਵਲੋਂ ਸ਼ੁਰੂ ਕੀਤੀ ਇਹ ਬ੍ਰਿਆਈ ਲੈਅ ਤੇ ਕੱਥ ਵਜੋਂ ਬੜੀ ਦਿਲ ਟੁੰਬਵੀਂ ਸੀ।

ਨਣਦ ਭਾਬੋ ਦਾ ਸਲੂਕ ਦੋਨੋਂ ਚਰਖਾ ਕੱਤ ਰਹੀਆਂ
ਕੱਤਦੀਆਂ ਕੱਤਦੀਆਂ ਬਹਿਸ ਪਈਆਂ।
ਭਾਬੋ ਜੇ ਤੇਰੇ ਜਰਮਿਆ ਲਾਲ, ਵਧੇ ਪਰਿਵਾਰ।
ਝੱਗੇ ਚੁੰਨੀ ਮੈਂ ਲਿਆਉਨੀ ਆਂ।
ਨਣਦੇ ਜੇ ਮੇਰੇ ਜਰਮਿਆ ਲਾਲ, ਵਧੇ ਪਰਿਵਾਰ।
ਬੂਰੀਆਂ ਮੱਝਾਂ ਨਾਲ, ਵਧਾਈਆਂ ਮੈਂ ਦਿਨੀ ਆਂ।

ਵਾਰਤਾਲਾਪ ਸੁਆਦਲਾ ਸੀ ਪਰ ਓਨਾ ਨਹੀਂ ਜਿਨਾਂ ਕਈ ਹੋਰ ਬ੍ਰਿਆਈਆਂ ਵਿੱਚ ਮੈਂ ਸੁਣ ਰੱਖਿਆ ਸੀ। ਔਰਤਾਂ ਨੇ ਅਗਲੀ ਬ੍ਰਿਆਈ 'ਕਾਲੇ ਕਾਲੇ ਬਾਲ ਮੇਰੇ ਬਾਲੇ ਦੇ' ਸ਼ੁਰੂ ਹੀ ਕੀਤੀ ਸੀ ਕਿ ਅਚਾਨਕ ਤੇਜ਼ ਹਵਾ ਚੱਲਣ ਲੱਗ ਪਈ। ਅਸੀਂ ਬਾਹਰ ਨਿਕਲ ਕੇ ਦੇਖਿਆ ਕਿ ਇਕ ਕਾਲੀ ਘਟਾ ਵੀ ਛਾਈ ਜਾ ਰਹੀ ਸੀ ਪਰ ਲੱਗਦਾ ਨਹੀਂ ਸੀ ਕਿ ਛਿੱਟ ਵੀ ਪਵੇਗੀ। ਪਰ ਕੁੜੀਆਂ, ਔਰਤਾਂ ਇਕਦਮ ਘਰਾਂ ਵਲ ਭੱਜੀਆਂ। ਜਦ ਤਕ ਅਸੀਂ ਕੁੱਝ ਕਹਿੰਦੇ ਉਹ ਸਿਰਾਂ 'ਤੇ ਘੜੇ ਅਤੇ ਹੱਥੀਂ ਬਾਲਟੀਆਂ ਚੁੱਕੀ ਮੁੜ ਰਹੀਆਂ ਸਨ। ਸਾਡੀ ਗੱਲ ਸੁਣੇ ਬਗੈਰ ਹੀ ਉਹ ਇਹ ਕਹਿ ਕੇ ਤੁਰਦੀਆਂ ਹੋਈਆਂ ਕਿ ''ਭਾਜੀ ਮੀਂਹ ਆਉਣ ਵਾਲਾ। ਅਸੀਂ ਪਾਣੀ ਲਿਆਉਣਾ।'' ਅਸੀਂ ਕੁੱਝ ਵੀ ਕਹਿਣ ਦੀ ਹਾਲਤ ਵਿੱਚ ਨਹੀਂ ਸਾਂ। ਇੱਕ ਦੋ ਬੈਠੀਆਂ ਕੁੜੀਆਂ ਵੀ ਉਠ ਪਈਆਂ। ਮੈਂ ਟੇਪ ਸੰਭਾਲੀ। ਬੈਕ ਕਰ ਕੇ ਚਲਾਈ ਤਾਂ ਸ਼ੁਕਰ ਕੀਤਾ ਕਿ ਗੀਤ ਤਾਂ ਭਰੇ ਗਏ ਸਨ। ਹੁਣ ਸਾਡੇ ਰੁਕਣ ਦਾ ਵੀ ਕੋਈ ਫ਼ਾਇਦਾ ਨਹੀਂ ਸੀ। ਅਸੀਂ ਸਾਈਕਲ ਚੁੱਕਿਆ ਤੇ ਜਿਵੇਂ ਆਏ ਸਾਂ ਉਵੇਂ ਹੀ ਵਾਪਿਸ ਮੁੜ ਪਏ।

ਘਰ ਮੁੜਦਿਆਂ ਉਤਰਾਈ ਸੀ, ਪਰ ਮਨ ਸੰਤੁਸ਼ਟ ਨਹੀਂ ਸੀ। ਜਿਵੇਂ ਕੋਈ ਖੂਹ ਕੋਲ ਜਾ ਕੇ ਪਿਆਸਾ ਹੀ ਵਾਪਿਸ ਮੁੜ ਆਏ। ਦੇਰ ਰਾਤ ਘਰ ਪਹੁੰਚੇ। ਮਾਤਾ ਜੀ ਨੇ ਸਾਰੀ ਕਥਾ ਸੁਣ ਕੇ ਕਿਹਾ, ''ਏਨਾ ਕੁਝ ਹੋ ਗਿਆ, ਪਰ ਪੰਗੇ ਲੈਣੋਂ ਤਾਂ ਤੁਸੀਂ ਫਿਰ ਵੀ ਨਹੀਂ ਹੱਟਣਾ।'' ਮਾਤਾ ਜੀ ਦੀ ਗੱਲ ਸਹੀ ਸੀ ਉਹ ਆਦਤਾਂ ਤਾਂ ਅੱਜ ਤਕ ਨਹੀਂ ਗਈਆਂ। □

# ਕੈਨੇਡਾ ਵੱਸਦਾ ਨਾਮਵਰ ਪੰਜਾਬੀ ਗ਼ਜ਼ਲਕਾਰ ਗੁਰਦਰਸ਼ਨ ਬਾਦਲ

ਸੁਖ਼ਨ-ਸਾਜ਼



ਸੁਲੱਖਣ ਸਰਹੱਦੀ
94174-84337



ਗੁਰਦਰਸ਼ਨ ਬਾਦਲ ਮੇਰੇ ਲਈ ਬੜਾ ਪਿਆਰਾ ਜਿਹਾ ਨਾਮ ਹੈ। ਇਹ ਸ਼ਾਇਰ ਮੈਦਾਨ ਵਿੱਚ ਭਰ ਵਗਦੇ ਨੀਲ ਦਰਿਆ ਜਿਹਾ ਬੜੇ ਚਿਰਾਂ ਤੋਂ ਇੰਜ ਹੀ ਚੁਪ ਚਾਪ ਗ਼ਜ਼ਲ ਸਾਧਨਾ ਕਰਦਾ ਆ ਰਿਹਾ ਹੈ। ਪੰਜਾਬ ਦੇ ਕੁਝ ਲੇਖਕ ਸੈਂਕੜੇ ਨਿੱਕੇ ਵੱਡੇ ਸਾਹਿਤਕ ਗੈਂਗਾਂ 'ਚੋਂ ਇਕ ਦੀ ਮੈਂਬਰਸ਼ਿਪ ਲੈਂਦੇ ਹਨ ਅਤੇ ਆਪਣੇ ਬਾਰੇ ਵਜਾਏ ਜਾਣ ਵਾਲੇ ਢੋਲ ਦਾ ਪ੍ਰਬੰਧ ਕਰ ਕੇ ਧੰਨ ਹੁੰਦੇ ਹਨ। ਇਹ ਗੈਂਗ ਵਪਾਰ ਵਾਂਗ ਸਾਹਿਤ ਦਾ ਵਪਾਰ ਕਰਦੇ ਹਨ ਅਤੇ ਮਸ਼ਹੂਰੀ ਦੇ ਸਾਮਾਨ ਦਾ ਪ੍ਰਬੰਧ ਕਰਦੇ ਹਨ ਜੇ ਕੋਈ ਪ੍ਰਵਾਸੀ ਹੈ ਤਾਂ ਜਦ ਉਹ ਪੰਜਾਬ ਆਵੇ ਤਾਂ ਇਹ ਗੈਂਗ ਸਰਗਰਮ ਹੋ ਜਾਂਦੇ ਹਨ ਅਤੇ ਡਾਲਰੀ ਪ੍ਰੇਡ ਕਰਦੇ ਹਨ.... ਪਰ ਮੇਰੇ ਜਿਹਾਂ ਤੇ ਘੁੱਗੀ ਦੇ ਸਰੂਪ ਵਾਲੇ ਗੁਰਦਰਸ਼ਨ ਨੂੰ ਇਸ ਸਹਾਇਕ ਸਮੱਗਰੀ ਦਾ ਪਤਾ ਹੀ ਨਹੀਂ। ਬਾਦਲ ਨੇ ਆਪਣੀ ਮਿਹਨਤ ਨਾਲ ਪੰਜਾਬੀ ਗ਼ਜ਼ਲ ਵਿੱਚ ਸਥਾਨ ਪ੍ਰਾਪਤ ਕੀਤਾ ਹੈ। ਪਹਿਲਾਂ ਪਹਿਲਾਂ ਕੋਈ ਗ਼ਜ਼ਲਕਾਰ ਕੇਵਲ ਗ਼ਜ਼ਲਾਂ ਲਿਖ ਕੇ ਹੀ ਸਾਹਿਤਕਾਰ ਹੋਣ ਦਾ ਪ੍ਰਮਾਣ ਪੱਤਰ ਪ੍ਰਾਪਤ ਨਹੀਂ ਸੀ ਕਰ ਸਕਦਾ। ਪਰ ਫਿਰ ਡਾ ਜਗਤਾਰ ਦੀ ਗ਼ਜ਼ਲ ਸਾਧਨਾ ਨੇ ਐਸਾ ਕਰ ਵਿਖਾਇਆ। ਉਸਤਾਦ ਦੀਪਕ ਜੈਤੋਈ, ਪ੍ਰਿੰ. ਤਖਤ ਸਿੰਘ, ਜਗਤਾਰ ਸੁਰਜੀਤ ਜੱਜ, ਜਸਵਿੰਦਰ, ਸੁਖਵਿੰਦਰ ਅੰਮ੍ਰਿਤ, ਗੁਰਚਰਨ ਕੌਰ ਕੋਚਰ, ਉਸਤਾਦ ਅਮਰਜੀਤ ਸਿੰਘ ਸੰਧੂ, ਗੁਰਦਿਆਲ ਰੌਸ਼ਨ ਤੇ ਮੱਖਣ ਕੋਹਾੜ ਆਦਿ ਕੇਵਲ ਗ਼ਜ਼ਲਕਾਰ ਕਰਕੇ ਹੀ ਮਾਣ ਮੱਤੇ ਹਨ। ਸੁਸ਼ੀਲ ਦੁਸਾਂਝ ਭਾਵੇਂ ਅਜੀਤ ਵਿੱਚ ਕਈ ਸਾਲ ਫਿਕਸ ਕਾਲਮ ਲਿਖਦਾ ਰਿਹਾ ਪਰ ਲੋਕ ਉਸ ਨੂੰ ਗ਼ਜ਼ਲਕਾਰ ਹੀ ਸਮਝਦੇ ਨੇ ਇਹੀ ਗੱਲ ਐਸ ਤਰਸੇਮ ਦੀ ਹੈ। ਗੁਰਦਰਸ਼ਨ ਬਾਦਲ ਇਸ ਪੱਖੋਂ ਵੀ ਕਿਸਮਤ ਵਾਲਾ ਹੈ ਕਿ ਉਸ ਦੀ ਬੇਟੀ ਤਨਦੀਪ ਤਮੰਨਾ ਜੋ ਕਿ ਨੈੱਟ ਉੱਤੇ punjabiaarshi.blogspot.com ਉਸ ਦੀਆਂ ਗ਼ਜ਼ਲਾਂ ਪਾ ਰਹੀ ਹੈ। ਮੈਂ ਗੱਲ ਵਿਚ ਪਾਣੀ ਪਾ ਕੇ ਲੰਮੀ ਨਹੀਂ ਕਰਨਾ ਚਾਹੁੰਦਾ। ਆਉ ਗੁਰਦਰਸ਼ਨ ਬਾਦਲ ਦੀਆਂ ਗ਼ਜ਼ਲਾਂ ਦਾ ਮਜ਼ਾ ਲੁੱਟਦੇ ਹਾਂ। ਕੈਨੇਡਾ ਵਿਚ ਉਸ ਦਾ ਪਤਾ ਲਿਖ ਲਉ #7383, Parkwood Drive, Surrey BC V3W-7GI Canada phone 604-572-7369 (Email : gsbadal@gmail.com)

ਇੱਕੋ ਜੇਹੇ ਮੰਨਦਾ ਸੀ ਦੋਹਾਂ ਨੂੰ ਅੰਦਰ ਤੋਂ।
ਮਸਜਿਦ ਉਤੇ ਬਹਿ ਗਿਆ ਪੰਛੀ ਉਡ ਕੇ ਮੰਦਰ ਤੋਂ।

ਇਕ ਜੁਗਨੂੰ ਨੇ ਅਖ ਝਪਕਣ ਤਕ ਜਗਮਗ ਕਰ ਦਿੱਤਾ,
ਕੋਨਾ ਰੌਸ਼ਨ ਹੋਇਆ ਨਾ ਜੋ ਸੂਰਜ, ਚੰਦਰ ਤੋਂ।

ਸੋਚਾਂ ਦਾ ਥਲ ਪਲ-ਪਲ ਵਧਕੇ ਫੈਲਰਦਾ ਜਾਵੇ,
ਇਸ ਦੀ ਪਿਆਸ ਬੁਝੀ ਨਾ ਚੰਦਰੇ ਏਸ ਸਮੁੰਦਰ ਤੋਂ।

ਵਕਤ ਬੜਾ ਬਲਵਾਨ, ਹਵਾ ਤਲਵਾਰਾਂ ਮੋੜ ਦਵੇ,
ਹਰ ਵਾਰੀ ਨਈਂ ਪੋਰਸ ਹੋਣਾ ਜਿੱਤ ਸਿਕੰਦਰ ਤੋਂ।

ਦੋ ਦੇਸ਼ਾਂ ਦੀ ਹੱਦ ਸਾਂਝੀ ਹੈ, ਬਾਕੀ ਸਭ ਵਖਰਾ,
ਕਦ ਛੁਟਕਾਰਾ ਹੋਣੈਂ ਨਿਤ ਦੇ ਕਲਾਹ-ਕਲੰਦਰ ਤੋਂ?

ਤਾਂ ਇਨਸਾਨ ਬਣਨ ਲਈ ਸਾਲ ਕਰੋੜਾਂ ਚਾਹੀਦੇ,
ਲੱਖਾਂ ਸਾਲਾਂ ਵਿਚ ਜੇ ਬੰਦਾ ਬਣਿਐ ਬੰਦਰ ਤੋਂ।

ਆਦਮ ਮੁੜ ਕੇ ਜੰਗਲ ਵਲ ਨੂੰ 'ਬਾਦਲ' ਨਸ ਤੁਰਿਐ,
ਘਰ ਦਾ ਸੁਪਨਾ ਲੈ ਕੇ ਜੋ ਤੁਰਿਆ ਸੀ ਖੰਦਰ ਤੋਂ।

-------

ਧਰਤ ਉਤੇ ਮੋਹ, ਵਫ਼ਾ ਦੀ ਗੰਧ ਰੱਖੀਂ।
ਤਾਰਿਆਂ ਦੇ ਨਾਲ ਵੀ ਸਬੰਧ ਰੱਖੀਂ।

ਜੇ ਖ਼ੁਸ਼ੀ ਘਰ ਆ ਗਈ, ਮੁੜਕੇ ਨਾ ਜਾਵੇ,
ਇਸ ਤਰ੍ਹਾਂ ਦਾ ਦੋਸਤਾ! ਪ੍ਰਬੰਧ ਰਖੀਂ।

ਸਾਫ਼ਗੋਈ ਜੀਣ ਦਾ ਵਧੀਆ ਸਲੀਕਾ,
ਇਸ ਤਰਫ਼ ਜਾਂ ਉਸ ਤਰਫ਼, ਨਾ ਦੁਅੰਧ ਰੱਖੀਂ।

ਬਦ-ਦੁਆ ਸੌਖੀ ਤਰ੍ਹਾਂ ਕਾਬੂ ਨਈਂ ਆਉਂਦੀ,
ਓਸ ਦੇ ਲਈ ਪਿੰਜਰਾ ਜਾਂ ਫੰਧ ਰੱਖੀਂ।

ਕੱਚਿਆਂ ਨੂੰ ਠੋਰਨਾ ਵੀ ਤਾਂ ਕਲਾ ਹੈ,
ਕਰ ਲਵੀਂ ਵਿਸ਼ਵਾਸ ਪਰ ਅੰਧ ਰੱਖੀਂ।

ਇਕ ਵਾਰੀ ਬਣ ਗਈ, ਟੁਟਣੀ ਨਾ 'ਬਾਦਲ',
ਸੋਚ ਵਿੱਚ ਵੀ ਭੁੱਲ ਕੇ ਨਾ ਕੰਧ ਰੱਖੀਂ।

------

ਪਿਆਰ-ਗੁੰਨ੍ਹੀਆਂ ਧਰਤੀਆਂ ਦੀ ਸੈਰ ਮੰਗ।
ਫ਼ਾਸਲੇ ਨੂੰ ਮੇਟਦੇ ਦੋ ਪੈਰ ਮੰਗ।

ਰੂਹ 'ਚ ਕਬਜ਼ੇ ਦੀ ਨਾ ਆਵੇ ਭਾਵਨਾ,
ਦਿਲ ਮੁਹੱਬਤ ਵਾਲਾ ਤੇ ਨਿਰਵੈਰ ਮੰਗ।

ਆਪਣੇ ਹੀ ਹੋਣ ਸਾਰੇ ਹਰ ਤਰਫ਼,
ਇਸ ਜਹਾਂ 'ਤੇ ਕੋਈ ਵੀ ਨਾ ਗ਼ੈਰ ਮੰਗ।

ਪਿਆਰ-ਹੀਣੇ ਅੱਖਰਾਂ ਤੋਂ ਦੂਰ ਰਹਿ,
ਅੱਖਰਾਂ ਵਿੱਚ ਭੁੱਲ ਕੇ ਨਾ ਵੈਰ ਮੰਗ।

ਈਰਖਾ ਨੂੰ ਰੀਣ ਭਰ ਨਾ ਥਾਂ ਮਿਲੇ,
ਮੰਗ, 'ਬਾਦਲ' ਮੰਗ, ਸਭ ਦੀ ਖ਼ੈਰ ਮੰਗ।

------

ਚੰਨ ਵਰਗੇ ਮੱਥੇ ਉਤੇ ਘੂਰੀਆਂ ਕਿਉਂ?
ਨੇੜਤਾ ਦੀ ਥਾਂ 'ਤੇ ਅੱਜਕਲ ਦੂਰੀਆਂ ਕਿਉਂ?

ਕਿਉਂ ਜ਼ੁਬਾਨ ਉਤੇ ਹੈ ਮਿਰਚਾਂ ਦਾ ਅਸਰ?
ਨਾਭੀਆਂ 'ਚੋਂ ਮੁੱਕੀਆਂ ਕਸਤੂਰੀਆਂ ਕਿਉਂ?

ਜੇ ਨਹੀਂ ਸੀ ਕਿਸਮਤਾਂ ਵਿਚ ਦਰਜ ਹੀਰਾਂ,
ਰਾਂਝਿਆਂ ਨੇ ਚਾਰੀਆਂ ਫਿਰ ਬੂਰੀਆਂ ਕਿਉਂ?

ਜੇ ਨਹੀਂ ਸੀ ਹੌਸਲੇ ਦਾ ਕੋਲ ਪਾਣੀ,
ਫਿਰ ਖੁਆਈਆਂ ਲੁਕ ਲੁਕਾ ਕੇ ਚੂਰੀਆਂ ਕਿਉਂ?

ਧੌਣ ਨੀਵੀਂ, ਹੱਥ ਜੋੜੇ, ਮੂੰਹ 'ਚ ਹਾਂ ਜੀ,
ਮਿੱਠਿਆਂ ਸ਼ਬਦਾਂ 'ਚ ਨੇ ਮਗਰੂਰੀਆਂ ਕਿਉਂ?

ਜਦ ਪਤਾ ਹੈ ਬਿਨ ਖ਼ੁਦਾ ਤੋਂ ਕੂੜ ਹੈ ਸਭ,
ਲੋੜਦੇ ਹਾਂ ਫਿਰ ਵੀ ਮਸ਼ਹੂਰੀਆਂ ਕਿਉਂ?

'ਬਾਦਲਾ'! ਤੂੰ ਪੁੱਛ ਕੇ ਦੱਸੀਂ ਖ਼ੁਦਾ ਨੂੰ
ਮੇਰੇ ਹੀ ਕਰਮਾਂ ਦੇ ਵਿੱਚ ਮਜਬੂਰੀਆਂ ਕਿਉਂ?

ਖੂੰਜੇ ਪਈਆਂ ਯਾਦਾਂ

# ਗੁਰੂ ਨਗਰੀ ਦਾ ਬੁੱਚੜਖਾਨਾ



ਰਵਿੰਦਰ ਸਹਿਰਾਅ
ਫੋਨ : 001-117-865-8021

ਪੈਂਤੀ ਵਰ੍ਹੇ ਪਹਿਲਾਂ ਫਰਵਰੀ 1976 ਦੇ ਭਰਵੇਂ ਸਿਆਲ ਵਿੱਚ ਅਸੀਂ ਗੁਰੂ ਕੀ ਨਗਰੀ ਅੰਮ੍ਰਿਤਸਰ ਦੇ ਇੰਟੈਰੋਗੇਸ਼ਨੈ ਸੈਂਟਰ (ਜਿਸ ਨੂੰ ਬੁੱਚੜਖਾਨੇ ਦੇ ਨਾਮ ਨਾਲ ਜਾਣਿਆ ਜਾਂਦਾ ਹੈ) ਵਿੱਚ ਸੱਤ ਦਿਨਾਂ ਲਈ ਮਹਿਮਾਨ ਸਾਂ। ਇਸ ਤੋਂ ਪਹਿਲਾਂ ਵੀ ਸਰਕਾਰ ਦੇ ਖ਼ਿਲਾਫ ਬਾਗੀਆਨਾ ਸੁਰ ਰੱਖਣ ਵਾਲਿਆਂ ਨੂੰ ਇਥੇ ਲਿਜਾਇਆ ਗਿਆ ਸੀ। ਸਰਹੱਦੀ ਜ਼ਿਲ੍ਹਾ ਹੋਣ ਕਰ ਕੇ ਇਸ ਨੂੰ ਪਹਿਲਾਂ ਸਮਗਲਰਾਂ ਦੀ ਤਫ਼ਤੀਸ਼ ਲਈ ਹੀ ਵਰਤਿਆ ਜਾਂਦਾ ਸੀ ਪਰ ਨਕਸਲੀ ਲਹਿਰ ਦੇ ਪੰਜਾਬ ਪਹੁੰਚਣ ਤੋਂ ਬਾਅਦ ਇਸ ਦੀ ਵਰਤੋਂ ਸਿਆਸੀ ਵਿਰੋਧੀਆਂ ਲਈ ਵੀ ਕੀਤੀ ਜਾਣ ਲੱਗੀ।

ਗ੍ਰਿਫ਼ਤਾਰੀ ਤੋਂ ਬਾਅਦ ਪਹਿਲਾਂ ਸਾਨੂੰ ਅਪਣੇ ਅਪਣੇ ਜ਼ਿਲ੍ਹੇ ਦੇ ਸੀ.ਆਈ.ਏ. ਸਟਾਫ਼ ਵਿੱਚ ਇੱਕ ਰਾਤ ਰੱਖ ਕੇ ਪੁੱਛਗਿੱਛ ਕੀਤੀ ਗਈ। ਅਗਲੇ ਦਿਨ ਅੱਖਾਂ 'ਤੇ ਪੱਟੀ ਬੰਨ੍ਹ ਕੇ ਪੁਲਿਸ ਗੱਡੀ ਵਿੱਚ ਬਿਠਾ ਕੇ ਕਿਸੇ ਅਣਦੱਸੀ ਥਾਂ ਵੱਲ ਲੈ ਗਏ। ਕੁੱਝ ਘੰਟਿਆਂ ਦੇ ਸਫ਼ਰ ਮਗਰੋਂ ਜਦੋਂ ਪੱਟੀ ਖੋਲ੍ਹੀ ਗਈ ਤਾਂ ਅਸੀਂ ਇੰਟੈਰੋਗੇਸ਼ਨ ਸੈਂਟਰ ਦੇ ਗੇਟ ਮੂਹਰੇ ਖੜੇ ਸਾਂ। ਅਪਣੇ ਜ਼ੁਲਮਾਂ ਦੇ ਕਾਰਨ ਮਸ਼ਹੂਰ ਇਥੋਂ ਦਾ ਇੰਚਾਰਜ ਸੂਰਤ ਸਿੰਘ ਸਾਡੀ ਉਡੀਕ ਕਰ ਰਿਹਾ ਸੀ। ਕਾਗਜ਼ ਪੱਤਰ ਚੈੱਕ ਕਰਨ ਉਪਰੰਤ ਜਦੋਂ ਸਾਨੂੰ (ਬਿੱਕਰ ਕੰਮੇਆਣਾ, ਕਮਲਜੀਤ ਵਿਰਕ, ਜਸਜੀਤ ਖਹਿਰਾ, ਅਮਰ ਭੁੱਲਰ ਤੇ ਮੈਂ) ਚੱਕੀਆਂ ਦੇ ਸਾਂਹਵੇਂ ਖੁਲ੍ਹੇ ਵਿਹੜੇ ਵਿੱਚ ਲਿਆਂਦਾ ਗਿਆ ਤਾਂ ਇਕ ਬੁਢੇ ਸਿਪਾਹੀ ਨੇ ਕਿਹਾ ਕਿ ਚਲੋ ਲਾਹੋ ਉਏ ਅਪਣੇ ਕੱਪੜੇ ਤੇ ਦੌੜ ਕੇ ਸਾਹਮਣੀ ਕੰਧ ਨੂੰ ਹੱਥ ਲਾ ਕੇ ਆਉ। ਇਹ ਉਥੋਂ ਦੀ ਰੀਤ ਸੀ ਜੋ ਹਰ ਇੱਕ ਨੂੰ ਪਹਿਲੇ ਦਿਨ ਕਰਨੀ ਪੈਂਦੀ ਸੀ। ਅਜਿਹੀ ਜ਼ਲੀਲ ਕਰਨ ਵਾਲੀ ਹਰਕਤ ਨੂੰ ਸੋਚ ਕੇ ਅਸੀਂ ਧੁਰ ਅੰਦਰੋਂ ਕੰਬ ਗਏ। ਪਰ ਇਸ ਤੋਂ ਪਹਿਲਾਂ ਅਜਿਹਾ ਕੁੱਝ ਵਾਪਰਦਾ ਕੋਲ ਖੜਾ ਇਕ ਨੌਜਵਾਨ ਸਿਪਾਹੀ ਬੋਲਿਆ, 'ਛੱਡ ਪਰਾਂ ਤੈਨੂੰ ਪਤੈ ਇਹ ਸਿਆਸੀ ਕੈਦੀ ਹਨ, ਸਮਗਲਰ ਨਹੀਂ।'' ''ਇਨ੍ਹਾਂ ਨੂੰ ਪਤਾ ਕਿਵੇਂ ਲੱਗੂ ਕਿ ਇਹ ਇਥੇ ਆਏ ਸਨ।'' ਬੁੱਢਾ ਸਿਪਾਹੀ ਫਿਰ ਬੋਲਿਆ। ਗਾਲ੍ਹਾਂ ਕੱਢਦਾ ਸਾਨੂੰ ਉਹ ਅਲੱਗ ਅਲੱਗ ਚੱਕੀਆਂ ਵਿੱਚ ਬੰਦ ਕਰ ਗਿਆ।

ਅਜੇ ਮਸਾਂ ਅੱਧਾ ਕੁ ਘੰਟਾ ਹੀ ਬੀਤਿਆ ਸੀ ਕਿ ਬੁੱਚੜ ਸੂਰਤ ਸਿੰਘ ਨਸ਼ੇ ਵਿੱਚ ਧੁੱਤ ਅੱਠ ਦਸ ਹੋਰ ਸਿਪਾਹੀਆਂ ਦੀ ਗਾਰਦ ਲੈ ਕੇ ਆਣ ਧਮਕਿਆ। ''ਕੱਢੋ ਉਏ ਇਨ੍ਹਾਂ ਮਾਂ ਦਿਆਂ .... ਨੂੰ ਬਾਹਰ। ਮੈਂ ਕੱਢਦਾ ਇਨ੍ਹਾਂ ਦਾ ਇਨਕਲਾਬ...।'' ਪਹਿਲਾਂ ਵਾਰੀ ਆਈ ਕਮਲਜੀਤ ਵਿਰਕ ਦੀ। ਜਿਸ ਦੀ ਉਮਰ 19 ਕੁ ਸਾਲ ਦੀ ਸੀ ਅਜੇ ਉਹ ਮੁੱਛ ਫੁੱਟ ਗਭਰੂ ਹੀ ਸੀ। ਗੋਰਿਆਂ ਵਰਗਾ ਲਾਲ ਸੂਹਾ ਰੰਗ ਤੇ ਡੌਲਿਆਂ ਵਿੱਚ ਜਾਨ। ਰੂਪੋਸ਼ ਹੋਣ ਤੋਂ ਬਾਅਦ ਉਸ ਨੇ ਵਾਲ ਕਟਵਾ ਦਿੱਤੇ ਸਨ। ਉਸ ਨੂੰ ਮੂਧਾ ਪਾ ਕੇ ਇੰਸਪੈਕਟਰ ਖ਼ੁਦ ਪਟੇ ਮਾਰਨ ਲੱਗਾ। ਹੇਠੋਂ ਕਮਲ ਨੇ ਨਾਹਰੇ ਮਾਰਨੇ ਸ਼ੁਰੂ ਕਰ ਦਿੱਤੇ। 'ਐਮਰਜੈਂਸੀ ਮੁਰਦਾਬਾਦ, ਇਨਕਲਾਬ ਜ਼ਿੰਦਾਬਾਦ। ਗੁਰੂ ਗੋਬਿੰਦ ਸਿੰਘ ਦਾ ਰਾਹ ਸਾਡ ਰਾਹ' ਆਦਿ। ਇੰਸਪੈਕਟਰ ਹੋਰ ਬੁਖਲਾ ਗਿਆ, ''ਸਾਲੇ ਦੇ ਸਿਰ 'ਤੇ ਕੋਈ ਵਾਲ ਨਹੀਂ -ਅਖੇ ਗੁਰੂ ਗੋਬਿੰਦ ਸਿੰਘ ਦਾ ਰਾਹ ਸਾਡਾ ਰਾਹ, ਲਾਹ ਦਿਉ ਸਾਲੇ ਦੀ ਚਮੜੀ, ਮਾਰੋ ਇਸ ਮਾਂ ਚੋ....ਨੂੰ।'' ਉਹ ਬਕੀ ਜਾ ਰਿਹਾ ਸੀ। ਆਖ਼ਰ ਹੰਭ ਗਿਆ ਤੇ ਗਾਲਾਂ ਕੱਢਦਾ ਪਰ੍ਹਾਂ ਤੁਰ ਗਿਆ ਤੇ ਕਮਲਜੀਤ ਨੂੰ ਚੱਕੀ ਬੰਦ ਕਰ ਦਿੱਤਾ ਗਿਆ। ਸਾਡੇ ਸਾਰਿਆਂ 'ਚੋਂ 'ਇੱਕ ਜਣੇ' ਨੂੰ ਛੱਡ ਕੇ ਸੱਭ ਦੀ ਵਾਰੀ ਵਾਰੀ ਛਿੱਤਰ ਪ੍ਰੇਡ ਕੀਤੀ ਗਈ। ਅੱਡੀਆਂ ਤੇ ਚਿੱਤੜਾਂ ਵਿੱਚ ਚੀਸਾਂ ਨਾਲ ਤੇ ਬੂ ਮਾਰਦੇ ਕੰਬਲਾਂ 'ਚੋਂ ਚਿੰਬੜ ਦੀਆਂ ਚੰਮ ਜੂੰਆਂ ਨਾਲ ਮਸਾਂ ਸਵੇਰ ਆਈ।

ਸਾਰਿਆਂ ਨੂੰ (ਸਮੇਤ ਸਮਗਲਰਾਂ ਜਿਨ੍ਹਾਂ ਦੀ ਗਿਣਤੀ ਕੋਈ 50-60 ਦੇ ਕਰੀਬ ਹੋਵੇਗੀ) ਚੱਕੀਆਂ ਵਿੱਚੋਂ ਕੱਢ ਕੇ ਇੱਕ ਲਾਈਨ ਵਿੱਚ ਲਗਾਇਆ ਗਿਆ ਤੇ ਟੱਟੀਆਂ ਦੀ ਗਿਣਤੀ ਦੇ ਹਿਸਾਬ ਨਾਲ ਅੰਦਰ ਭੇਜਿਆ ਜਾਣ ਲੱਗਿਆ। ਅਸੀਂ ਦੇਖਿਆ ਸਾਡੇ 'ਚੋਂ 'ਇੱਕ ਜਣਾ' ਗਾਇਬ ਸੀ। ਸਾਡੀ ਖੁਸ਼ਕਿਸਮਤੀ ਕਿ ਸਾਡੀ ਚਹੁੰ ਜਣਿਆਂ ਦੀ ਵਾਰੀ ਇਕੱਠਿਆਂ ਦੀ ਆਈ। ਬਿੱਕਰ ਨੇ ਕਾਹਲੀ ਕਾਹਲੀ ਵਿੱਚ ਕਿਹਾ ਕਿ ਆਪਾਂ ਨੂੰ ਇਕ ਸਾਜ਼ਿਸ਼ ਤਹਿਤ ਫੜਾਇਆ ਗਿਆ ਹੈ। ਹੁਣ ਤੁਸੀਂ ਇਕੋ ਬਿਆਨ 'ਤੇ ਅੜੇ ਰਹਿਉ ਕਿ ਬਿੱਕਰ ਸਾਡਾ ਲੀਡਰ ਹੈ ਤੇ ਸਾਰਾ ਕੁੱਝ ਉਸੇ ਨੂੰ ਹੀ ਪਤਾ ਹੈ। ਸਾਰੇ ਸੰਪਰਕਾਂ ਦੀ ਲਿਸਟ ਵੀ ਉਸੇ ਕੋਲ ਹੈ।'' ਬਾਹਰ ਆਏ ਫਿਰ ਚੱਕੀ ਬੰਦ। ਲਾਂਗਰੀ ਇੱਕ ਇੱਕ ਸੁੱਕੀ ਰੋਟੀ ਤੇ ਆਚਾਰ ਇੱਕ ਪਲੇਟ ਵਿੱਚ ਰੱਖ ਕੇ ਫੜਾ ਗਿਆ ਪਰ ਰੋਟੀ ਕਿਥੋਂ ਲੰਘਣੀ ਸੀ। ਸਾਹਮਣੇ ਵਿਹੜੇ ਵਿੱਚ ਖੇਡ ਰਹੀਆਂ ਕਾਟੋਆਂ (ਗਲਹਿਰੀਆਂ) ਨੂੰ ਪਾ ਦਿੱਤੀ ਤੇ ਅਸੀਂ ਅਗਲੀ ਅਣਹੋਣੀ ਦੀ ਉਡੀਕ ਕਰਨ ਲੱਗੇ।

ਇੱਕ ਨੌਜਵਾਨ ਹਿੰਦੂ ਸਿਪਾਹੀ ਵਾਰ ਵਾਰ ਕੋਸ਼ਿਸ਼ ਕਰ ਰਿਹਾ ਸੀ ਕਿ ਸਾਡੀਆਂ ਚੱਕੀਆਂ ਲਾਗੇ ਆ ਕੇ ਸਾਡੇ ਨਾਲ ਗੱਲ ਕਰ ਸਕੇ। ਉਸ ਦੀ ਤੱਕਣੀ ਹੀ ਦੱਸ ਰਹੀ ਸੀ ਕਿ ਉਸ ਨੂੰ ਸਾਡੇ ਨਾਲ ਹਮਦਰਦੀ ਹੈ। ਪਰ ਦੂਜੇ ਸਿਪਾਹੀਆਂ ਦੀ ਆਮਦ ਕਾਰਨ ਉਹ ਫਿਰ ਬਹਾਨਾ ਬਣਾ ਕੇ ਪਰ੍ਹਾਂ ਚਲਾ ਜਾਂਦਾ। ਅਚਾਨਕ ਮੌਕਾ ਮਿਲਣ 'ਤੇ ਉਹ ਮੇਰੀ ਚੱਕੀ ਸਾਹਮਣੇ ਆਇਆ ਤੇ ਕਾਹਲੀ ਕਾਹਲੀ ਨਾਲ ਕਹਿਣ ਲੱਗਾ, ''ਮੇਰਾ ਨਾਂ... ਹੈ ਤੇ ਮੇਰਾ ਪਿੰਡ ਮੰਗੂਵਾਲ (ਦਰਸ਼ਨ ਖਟਕੜ ਦਾ ਪਿੰਡ) ਹੈ। ਉਸ ਦੇ ਹੱਥ ਵਿਚ 'ਅਜੀਤ' ਅਖ਼ਬਾਰ ਸੀ। ਉਸ ਨੇ ਕਿਹਾ ਕਿ ਤੁਹਾਡੇ ਫੜੇ ਜਾਣ ਦੀ ਖਬਰ ਛਪ ਚੁੱਕੀ ਹੈ। ਹੁਣ ਤੁਹਾਡਾ ਮੁਕਾਬਲਾ ਬਣਾਏ ਜਾਣ ਦੇ ਆਸਾਰ ਬਹੁਤ ਘੱਟ ਹਨ। ਮੈਂ ਤੁਹਾਡੇ ਇਥੇ ਆਉਣ ਬਾਰੇ ਵੀ ਬਾਹਰ ਦੱਸ ਦਿਆਂਗਾ। ਮੇਰੇ ਸਾਹ ਵਿੱਚ ਸਾਹ ਆਇਆ। ਭਾਵੇਂ ਸਾਨੂੰ ਅਦਾਲਤ ਵਿੱਚ ਪੇਸ਼ ਕਰ ਕੇ ਸੱਤ ਦਿਨਾਂ ਦਾ ਇੰਟੈਰੋਗੇਸ਼ਨ ਸੈਂਟਰ ਦਾ ਰਿਮਾਂਡ ਲਿਆ ਗਿਆ ਸੀ ਪਰ ਉਨ੍ਹੀਂ ਦਿਨੀਂ ਪੁਲਿਸ ਚੋ ਜਾਹੇ ਕਹਾਣੀ ਘੜ ਲੈਂਦੀ ਸੀ।

ਸਾਨੂੰ ਚੌਹਾਂ ਨੂੰ (ਬਿੱਕਰ, ਜਸਜੀਤ ਖਹਿਰਾ, ਕਮਲਜੀਤ ਵਿਰਕ ਤੇ ਮੈਂ) ਵੱਖ ਵੱਖ ਇੰਸਪੈਕਟਰਾਂ ਦੇ ਸਪੁਰਦ ਕਰ ਦਿਤਾ ਗਿਆ। ਪੰਜ ਸੱਤ ਮਿੰਟਾਂ ਦੇ ਕੁਟਾਪੇ ਤੋਂ ਬਾਅਦ ਇੰਸਪੈਕਟਰ ਪੁਲਿਸੀਆਂ ਵਾਲੇ ਦਾਅ ਪੇਚ ਵਰਤਣ ਲੱਗਾ। ਅਖੇ ਦੇਖ ਬਈ ਜੁਆਨਾ ਤੁਹਾਡਾ ਇੱਕ ਹੋਰ ਲੀਡਰ ਪ੍ਰਿਥੀਪਾਲ ਰੰਧਾਵਾ ਇਥੋਂ ਕੁੱਝ ਹਫ਼ਤੇ ਪਹਿਲਾਂ ਹੀ ਹੋ ਕੇ ਗਿਆ ਹੈ। ਮੈਂ ਹੀ ਉਸ ਨੂੰ ਇੰਟੈਰੋਗੇਟ ਕੀਤਾ ਸੀ। ਉਹ ਇਥੋਂ ਮਾਫੀ ਮੰਗ ਕੇ ਗਿਆ ਹੈ। ਉਸ ਨੇ ਵਾਅਦਾ ਕੀਤਾ ਕਿ ਉਹ ਕਦੇ ਵੀ ਐਮਰਜੈਂਸੀ ਦਾ ਵਿਰੋਧ ਨਹੀਂ ਕਰੇਗਾ। ਮੈਂ ਜਾਣਦਾ ਸੀ ਕਿ ਇਹ ਮਨਘੜਤ ਕਹਾਣੀ ਹੈ। ਕਹਿੰਦਾ ਕਿ ਯਕੀਨ ਨਹੀਂ ਆਉਂਦਾ ਤਾਂ ਆਹ ਦੇਖ ਉਸ ਦੀ 77 ਸਫਿਆਂ ਦੀ ਸਟੇਟਮੈਂਟ ਤੇ ਪੜ੍ਹ ਲੈ ਉਸ ਨੇ ਕੀ ਲਿਖਿਆ ਹੈ। ਨਾਲੇ ਉਸ ਦੇ ਦਸਤਖ਼ਤ ਵੀ ਧਿਆਨ ਨਾਲ ਦੇਖ ਲੈ। ਮੈਂ ਉਸ ਵਲ ਤੱਕਿਆ ਤੇ ਮਨ 'ਚ ਹੀ ਕਿਹਾ ਕਿ ਕੰਜਰਾ ਹੁਣ ਤੇਰੇ ਵੱਸ ਹਾਂ ਭਾਵੇਂ ਸੌ ਸਫਿਆਂ ਦੀ ਸਟੇਟਮੈਂਟ ਲਿਖ ਕੇ ਸਾਡੇ ਦਸਤਖਤ ਕਰਵਾ ਲੈ ਪਰ ਸੱਚ ਕੀ ਹੈ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ।

ਅਗਲੇ 6 ਦਿਨ ਇਹੀ ਸਿਲਸਿਲਾ ਜਾਰੀ ਰਿਹਾ। ਕੁੱਝ ਘੰਟਿਆਂ ਦੀ ਪੁਛਗਿੱਛ ਤੋਂ ਬਾਅਦ ਫਿਰ ਚੱਕੀ ਬੰਦ। ਹਰ ਸ਼ਾਮ ਨਸ਼ੇ ਵਿੱਚ ਧੁੱਤ ਇੰਚਾਰਜ ਇੰਸਪੈਕਟਰ ਦੀਆਂ ਗਾਲਾਂ। ਪਹਿਰੇ ਵਾਲੇ ਸਿਪਾਹੀਆਂ ਦੀ ਘੂਰ ਘੂਰ। ਪਰ ਅਖ਼ੀਰਲੇ ਦਿਨ ਸਭ ਦੇ ਸਭ ਬਦਲੇ ਹੋਏ ਸਨ। ਇੰਸਪੈਕਟਰ ਮੋਮੋਠਗਣਾ ਬਣ ਕੇ ਸਫਾਈਆਂ ਦੇਣ ਲੱਗਾ ਕਿ ਕਾਕਾ ਅਸੀਂ ਤਾਂ ਸਰਕਾਰੀ ਮੁਲਾਜ਼ਮ ਹਾਂ। ਜਿਵੇਂ ਸਰਕਾਰ ਦਾ ਹੁਕਮ ਹੁੰਦਾ ਹੈ ਉਵੇਂ ਹੀ ਕਰਦੇ ਹਾਂ। ਤੁਸੀਂ ਇਥੋਂ ਜਾ ਕੇ ਅਪਣੇ ਦਿਲ ਵਿੱਚ ਗੁੱਸਾ ਨਹੀਂ ਰੱਖਣਾ। ਫਿਰ ਸਾਡੇ ਸਾਰਿਆਂ ਨਾਲ ਉਵੇਂ ਹੀ ਹੋਇਆ ਜਿਵੇਂ ਪ੍ਰਿਥੀਪਾਲ ਰੰਧਾਵੇ ਨਾਲ। ਸਾਡੇ ਮੂਹਰੇ ਥੱਬਾ ਕਾਗਜ਼ਾਂ ਦਾ ਰੱਖ ਕੇ ਅਖੀਰਲੇ ਸਫੇ 'ਤੇ ਦਸਤਖ਼ਤ ਕਰਵਾ ਲਏ ਗਏ। ਅਸੀਂ ਸਮਝ ਗਏ ਕਿ ਸਾਡੇ ਤੋਂ ਬਾਅਦ ਆਉਣ ਵਾਲਿਆਂ ਨੂੰ ਵੀ ਇਹੀ ਦਸਤਖ਼ਤ ਦਿਖਾਏ ਜਾਣਗੇ। ਆਖਰੀ ਦਿਨ ਦੇ ਦੁਪਹਿਰੇ ਮੈਨੂੰ ਤੇ ਕਮਲਜੀਤ ਨੂੰ ਕਪੂਰਥਲਾ ਜੇਲ ਵਿੱਚ, ਬਿੱਕਰ ਨੂੰ ਫਰੀਦਕੋਟ ਅਤੇ ਜਸਜੀਤ ਖਹਿਰਾ ਨੂੰ ਅੰਮ੍ਰਿਤਸਰ ਦੀ ਜੇਲ ਵਿੱਚ ਬੰਦ ਕਰ ਦਿੱਤਾ ਗਿਆ। ਬਾਅਦ 'ਚ ਪਤਾ ਲੱਗਾ ਕਿ ਕੁੱਝ ਅਣਪਛਾਤੇ ਵਿਦਿਆਰਥੀਆਂ ਵਲੋਂ


A City Limos Ltd.

Ph: 780-462-4940
Toll Free: 1-888-462-4623





Wedding
School Proms
Birthday
City Tours
Airport Service

Edmonton-Calgary
Vancouver

Contact
780-951-7260



e-mail: dhaliwalsd@hotmail.com, www.acitylimousine.com



## ਜੈਕ ਲੰਡਨ ਦੀ ਸ਼ਾਹਕਾਰ ਕਹਾਣੀ

# ਦੋ ਧੜਿਆਂ ਵਿਚ...

**ਅਨੁਵਾਦ : ਸ਼ਾਹ ਚਮਨ**

(ਅੰਗਰੇਜ਼ੀ ਸਾਹਿਤ ਵਿਚ 'ਜੈਕ ਲੰਡਨ' ਦਾ ਇਕ ਆਪਣਾ ਵਿਲੱਖਣ ਸਥਾਨ ਹੈ। ਮਜ਼ਦੂਰ ਜਮਾਤ ਦੇ ਸੰਘਰਸ਼ ਨੂੰ ਉਲੀਕਦੀ ਉਸਦੀ ਇਕ ਸ਼ਾਹਕਾਰ ਰਚਨਾ...)

ਪੁਰਾਣਾ ਸਾਨਫਰਾਂਸਿਸਕੋ ਹੁਣ ਪਹਿਲਾਂ ਵਰਗਾ ਨਹੀਂ ਸੀ ਰਿਹਾ। ਭੂਚਾਲ ਪਿਛੋਂ ਤਾਂ ਉਹ ਸਾਫ਼ ਸਪੱਸ਼ਟ ਦੋ ਹਿਸਿਆਂ ਵਿਚ ਵੰਡਿਆ ਗਿਆ। ਲੋਹੇ ਦੀ ਵਾਹਵਾ ਮੋਟੀ ਤਾਰ ਵਰਗੀ ਇਕ ਤਰੇੜ ਮੰਡੀ ਦੇ ਵਿਚ ਵਿਚਕਾਰ ਉਗ ਆਈ ਸੀ ਅਤੇ ਉਹ ਲੋਹੇ ਦੇ ਸਰੀਆਂ ਵਾਂਗ ਹੀ ਘਿਸੜਦੀ ਘਿਸੜਦੀ ਕੰਨ ਪਾੜਵਾਂ ਰੌਲਾ ਪੈਦਾ ਕਰਦੀ ਰਹਿੰਦੀ ਸੀ।

ਅਜਿਹੇ ਦੋ ਪਾੜ ਸਨ ਜੋ ਵਲੈਤੀ ਭਾਸ਼ਾ 'ਚ ਸਲਾਟ ਅਖਵਾਉਂਦੇ ਸਨ। ਇਨ੍ਹਾਂ ਪਾੜਾਂ, ਦਰਾੜਾਂ ਦੇ ਉਤਾੜ 'ਚ ਥੀਏਟਰ ਸਨ, ਹੋਟਲ ਸਨ, ਵੱਡੇ ਵੱਡੇ ਬਾਜ਼ਾਰ ਸਨ, ਸੇਠਾਂ ਸ਼ਾਹੂਕਾਰਾਂ ਦੇ ਬੰਗਲੇ, ਕੋਠੀਆਂ ਸ਼ਾਹੀ ਠਾਠ ਬਾਠ ਸਿਰ ਉੱਚਾ ਕਰੀ ਬਿਰਾਜਮਾਨ ਸਨ। ਸਲਾਟ ਦੇ ਹਠਾੜ 'ਚ ਨਿੱਕੇ ਨਿੱਕੇ ਕਾਰਖਾਨੇ ਫੈਕਟਰੀਆਂ, ਝੁੱਗੀਆਂ ਝੌਂਪੜੀਆਂ, ਧੋਬੀ ਘਾਟ, ਲੰਡੂ ਹਟਵਾਣੀਏ, ਢਲਾਈ ਕਢਾਈ ਦੀਆਂ ਖਰਾਦਾਂ ਤੇ ਉਨ੍ਹਾਂ ਉਪਰ ਕੰਮ ਕਰਦੇ ਕਾਮਿਆਂ ਦੀਆਂ ਬਸਤੀਆਂ ਅਤੇ ਮੁਹੱਲੇ ਸਨ। ਇਹ ਸਲਾਟ ਸਮਾਜ ਦੇ ਬਟਵਾਰੇ ਦਾ ਪ੍ਰਤੀਕ ਸੀ। ਕੋਈ ਵੀ ਇਸ ਪ੍ਰਤੀਕ ਨੂੰ ਉਲੰਘ ਨਹੀਂ ਸੀ ਸਕਦਾ। ਆਰ-ਪਾਰ ਦੀ ਦੁਨੀਆ ਓਪਰੀ ਅਤੇ ਅਲੱਗ ਅਲੱਗ ਵੰਨਗੀ ਦੀ ਸੀ ਪਰ ਫਰੈਡੀ ਡਰਾਮ ਦੀਆਂ ਕੋਸ਼ਿਸ਼ਾਂ ਰੰਗ ਲੈ ਆਈਆਂ। ਉਹ ਦੋਹਾਂ 'ਚ ਵਿਚਰਨ 'ਚ ਸਫ਼ਲ ਹੋ ਗਿਆ। ਉਸ ਨੂੰ ਵਿਰੋਧੀ ਸੰਸਾਰਾਂ 'ਚ ਰਹਿਣ ਦਾ ਅਭਿਆਸ ਹੋ ਗਿਆ ਸੀ। ਦੋਵੇਂ ਥਾਵਾਂ 'ਚ ਹੀ ਉਹ ਕਾਫੀ ਘੁਲ ਮਿਲ ਜਾਂਦਾ ਸੀ। ਉਸ ਨੂੰ ਕਿਤੇ ਵੀ ਖ਼ੁਦ ਨੂੰ ਅਜੀਬਪੁਣਾ ਮਹਿਸੂਸ ਨਹੀਂ ਸੀ ਹੁੰਦਾ। ਫਰੈਡੀ ਡਰਾਮ ਕੈਲੇਫੋਰਨੀਆਂ ਯੂਨੀਵਰਸਿਟੀ 'ਚ ਸਮਾਜ ਸ਼ਾਸਤਰ ਦਾ ਪ੍ਰਾਧਿਆਪਕ ਸੀ। ਪਹਿਲੀ ਵਾਰ ਜਦੋਂ ਪ੍ਰੋਫ਼ੈਸਰ ਦੇ ਰੂਪ ਵਿਚ ਉਸਨੇ ਨਗਰ ਵੰਡ ਨੂੰ ਪਾਰ ਕੀਤਾ ਤਾਂ ਛੇ ਮਹੀਨੇ ਸੰਘਣੀ ਮਜ਼ਦੂਰ ਬਸਤੀ 'ਚ ਹੀ ਰਿਹਾ। ਨਤੀਜਾ ਉਸ ਦੀ 'ਗੈਰ ਹੁਨਰਮੰਦ ਮਜ਼ਦੂਰ' ਪੁਸਤਕ ਰੂਪ 'ਚ ਨਿਕਲਿਆ। ਖੋਜ ਪੱਤਰ ਦਾ ਥਾਂ-ਥਾਂ ਸਵਾਗਤ ਹੋਇਆ। ਅੱਗੇ ਵਧੂ ਸਾਹਿਤ 'ਚ ਉਸ ਨੂੰ ਵੱਡਮੁੱਲਾ ਯੋਗਦਾਨ ਮੰਨਿਆ ਗਿਆ। ਇਹ ਨਿਰਾਸ਼ਾ ਅਤੇ ਨਾਖ਼ੁਸ਼ੀ ਵਾਲੇ ਸਾਹਿਤ ਉਪਰ ਇਕ ਕਰਾਰੀ ਚਪੇੜ ਸੀ। ਭਾਵੇਂ ਕਿ ਸਿਆਸੀ ਅਤੇ ਆਰਥਿਕ ਰੂਪ ਵਿਚ ਇਹ ਪਰੰਪਰਾ ਨੂੰ ਪਰਨਾਈ ਰਚਨਾ ਸੀ। ਉਦਯੋਗਮੰਡਲ ਨੇ ਇਸ ਕਿਤਾਬ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਪੰਜਾਹ ਹਜਾਰ ਕਾਪੀਆਂ ਆਪਣੇ ਮੈਂਬਰਾਂ 'ਚ ਵੰਡਣ ਲਈ ਖਰੀਦੀਆਂ।

ਕੁਝ ਦੇਰ ਤਾਂ ਫਰੈਡੀ ਨੂੰ ਮਜ਼ਦੂਰਾਂ 'ਚ ਘੁਲਣ-ਮਿਲਣ 'ਚ ਵਾਹਵਾ ਮੁਸ਼ਕਿਲ ਹੋਈ। ਉਹ ਕਾਮਿਆਂ ਦੇ ਰੰਗਾ ਢੰਗਾਂ ਤੋਂ ਜਾਣੂ ਨਹੀਂ ਸੀ ਅਤੇ ਉਹ ਵੀ ਉਸ ਨੂੰ ਸ਼ੱਕੀ ਨਜ਼ਰ ਨਾਲ ਦੇਖਦੇ ਸਨ। ਕਿਸੇ ਨੂੰ ਵੀ ਉਸ ਦਾ ਅੱਗਾ ਪਿੱਛਾ ਮਾਲੂਮ ਨਹੀਂ ਸੀ। ਨਾ ਹੀ ਕੋਈ ਇਹ ਜਾਣਦਾ ਸੀ ਕਿ ਪਹਿਲਾਂ ਉਹ ਕੀ ਕੰਮ ਕਿੱਤਾ ਕਰਦਾ ਸੀ। ਉਸ ਦੇ ਹੱਥ ਬਹੁਤ ਕੂਲੇ ਅਤੇ ਕੋਮਲ ਸਨ। ਬੋਲ ਬਾਣੀ 'ਚ ਸਿਰੇ ਦੀ ਮਿਠਾਸ ਸੀ। ਫੇਰ ਸਭ ਨੂੰ ਪਤਾ ਲੱਗ ਗਿਆ ਕਿ ਇਸ ਨਵੇਂ ਭੌਰ ਨੇ ਬਹੁਤ ਭਲੇ ਦਿਨ ਗੁਜ਼ਾਰੇ ਹੋਏ ਹਨ; ਉਨ੍ਹਾਂ ਸਭਨਾਂ ਮਿਹਨਤਕਸ਼ਾਂ ਤੋਂ ਵੱਧ ਅਤੇ ਵਧੀਆ। ਅੱਜਕਲ ਉਸ ਦੇ ਸਿਤਾਰੇ ਗਰਦਿਸ਼ 'ਚ ਸਨ ਸ਼ਾਇਦ। ਪਰ ਇਹ ਮੰਦੇ ਦਿਨ ਬਹੁਤੇ ਦਿਨ ਨਹੀਂ ਰਹਿਣੇ। ਦੜ-ਵੱਟ ਜ਼ਮਾਨਾ ਕੱਟਣ ਲਈ ਉਹ ਮਿਹਨਤ ਮਜ਼ਦੂਰੀ ਤਕ ਤਿਲਕ ਆਇਆ ਹੈ?

ਫਰੈਡੀ ਨੇ ਬਹੁਤ ਕੁੱਝ ਸਿਖ ਲਿਆ ਸੀ। ਫਲਾਂ ਦੀ ਇਕ ਜੂਸ ਫੈਕਟਰੀ 'ਚ ਛੋਟੇ ਛੋਟੇ ਡੱਬੇ ਬਣਾਉਣ ਭਰਨ ਦਾ ਕੰਮ ਉਸ ਦਾ ਪਹਿਲਾ ਅਨੁਭਵ ਸੀ। ਡਰਾਮ ਨਿੱਕੇ ਨਿੱਕੇ ਡੱਬਿਆਂ ਦੇ ਹਿੱਸੇ ਮਹੀਨ ਕਿੱਲਾਂ ਨਾਲ ਜੋੜਦਾ। ਹਲਕਾ ਫੁਲਕਾ ਕੰਮ ਸੀ। ਬਹੁਤ ਹੁਨਰਮੰਦੀ ਅਤੇ ਗਹਿਰੀ ਤਕਨੀਕ ਵਾਲੀ ਕਿਰਤ ਨਹੀਂ ਸੀ। ਕਾਰਖਾਨੇ 'ਚ ਉਸ ਸਾਧਾਰਨ ਮਿਹਨਤ ਬਦਲੇ ਡੇਢ ਡਾਲਰ ਮਿਲਦੇ ਸਨ। ਤੀਜੇ ਦਿਨ ਤੋਂ ਉਸ ਨੂੰ ਉਜਰਤ ਮਿਲਣੀ ਸ਼ੁਰੂ ਹੋ ਗਈ ਸੀ। ਚੌਥੇ ਦਿਨ ਉਸ ਨੇ ਦੋ ਡਾਲਰ ਕਮਾਏ। ਅਗਲੇ ਦਿਨ ਉਸ ਨੇ ਤਨ-ਮਨ ਨੂੰ ਹੋਰ ਵਧੇਰੇ ਥਕਾ ਕੇ ਢਾਈ ਡਾਲਰ ਕਮਾਈ ਕੀਤੀ। ਉਸ ਦੇ ਸਾਥੀਆਂ ਮਜ਼ਦੂਰਾਂ ਨੇ ਉਸ ਨੂੰ ਨਫ਼ਰਤ ਦੀ ਨਜ਼ਰ ਨਾਲ ਦੇਖਿਆ ਸੀ। ਉਜਡ ਭਾਸ਼ਾ 'ਚ ਉਸ 'ਤੇ ਵਿਅੰਗ ਕੱਸੇ। ਅਨਾੜੀ ਮਜ਼ਦੂਰਾਂ ਅਤੇ ਉਨ੍ਹਾਂ ਦੇ ਆਲਸੀ ਕਰਮ ਦੀ ਪ੍ਰਵਾਹ ਕੀਤੇ ਬਗੈਰ ਹੀ ਅਗਲੇਰੇ ਦਿਨ ਉਸ ਤਿੰਨ ਡਾਲਰ ਦੀ ਮਿਹਨਤ ਕੀਤੀ।

ਸ਼ਾਮ ਨੂੰ ਫੈਕਟਰੀ ਤੋਂ ਬਾਹਰ ਆਉਣ ਸਮੇਂ ਕੁੱਝ ਸਾਥੀ ਮਜ਼ਦੂਰਾਂ ਨੇ ਉਸ ਨੂੰ ਅਵਾ-ਤਵਾ ਬੋਲਿਆ। ਨਾ ਸਮਝ ਆਉਂਦੇ ਉਚੇ ਲੁੱਚੇ ਬੋਲਾਂ ਨਾਲ ਉਸ ਨੂੰ ਧਮਕਾਇਆ। ਉਸ ਨੇ ਤਣਾਊ ਮਹਿਸੂਸ ਕੀਤੀ ਪਰ ਆਪਣੇ ਕੰਮ ਦੀ ਰਫ਼ਤਾਰ ਢਿੱਲੀ ਨਹੀਂ ਪੈਣ ਦਿਤੀ। ਉਸ ਮਿਹਨਤ ਦੇ ਗੁਣ ਗਾਏ। ਕੰਮ ਕਰਨ ਦੀ ਆਜ਼ਾਦੀ ਅਤੇ ਅਮਰੀਕਨ ਦੇਸ਼ ਭਗਤੀ ਦੇ ਸੋਹਲੇ ਗਾਏ। ਉਸ ਦੀਆਂ ਗੱਲਾਂ ਮਜ਼ਦੂਰਾਂ ਦੇ ਪੱਲੇ ਨਾ ਪਈਆਂ। ਉਨ੍ਹਾਂ ਤਾਂ ਬਸ ਉਸ ਦੀ ਕੰਮ ਦੀ ਗਤੀ ਸੁਸਤ ਕਰਨ ਦਾ ਯਤਨ ਕੀਤਾ। ਇਹ ਇਕ ਤੀਬਰ ਸੰਘਰਸ਼ ਸੀ। ਡਰਾਮ ਭਾਵੇਂ ਹੱਟਾ ਕੱਟਾ ਅਤੇ ਮਜ਼ਬੂਤ ਸੀ ਪਰ ਅਨਪੜ੍ਹ ਭੀੜ ਅੱਗੇ ਉਸ ਦੀ ਪੇਸ਼ ਨਾ ਗਈ। ਇਕ ਦਿਨ ਉਨ੍ਹਾਂ ਉਸ ਨੂੰ ਕਾਬੂ ਕਰ ਢਾਹ ਲਿਆ। ਉਸ ਦੇ ਮੂੰਹ, ਮੱਥੇ, ਉਂਗਲਾਂ ਅਤੇ ਢਿੱਡ ਉਪਰ ਬਹੁਤ ਸਾਰੀਆਂ ਗੁਪਤ ਤੇ ਜ਼ਾਹਰਾ ਸੱਟਾਂ ਵੱਜੀਆਂ ਸਨ। ਹਫ਼ਤਾ ਭਰ ਉਹ ਮੰਜੇ ਨਾਲ ਜੁੜਿਆ ਰਿਹਾ ਸੀ। ਫਿਰ ਉਸ ਨੇ ਨਵਾਂ ਰੁਜ਼ਗਾਰ ਢੂੰਡਣਾ ਸ਼ੁਰੂ ਕੀਤਾ। ਉਸ ਨੂੰ ਇਕ ਹੋਰ ਜੂਸ ਫੈਕਟਰੀ 'ਚ ਕੰਮ ਮਿਲ ਗਿਆ। ਉਸ ਨੂੰ ਔਰਤਾਂ ਨੂੰ ਫਲਾਂ ਦੀਆਂ ਟੋਕਰੀਆਂ ਵੰਡਣ ਦਾ ਕੰਮ ਮਿਲਿਆ। ਉਹ ਲੰਗੜਾਉਂਦੇ ਹੋਏ ਇਹ ਕੰਮ ਕਰਨ ਲੱਗਾ। ਉਸ ਦੋ ਬਕਸੇ ਇਕੱਠੇ ਉਠਾਉਣ ਦਾ ਯਤਨ ਕੀਤਾ ਤਾਂ ਸਾਥੀ ਮਜ਼ਦੂਰਾਂ ਝਿੜਕ ਦਿਤਾ। ਇਹ ਗਲਤ ਕਿਸਮ ਦਾ ਦਬਾਉ ਸੀ ਜੋ ਉਸ ਨੂੰ ਸਹਿਣ ਕਰਨਾ ਪਿਆ। ਹਾਲਾਤ ਬਦਲਣ ਦਾ ਵਿਚਾਰ ਤਿਆਗ ਕੇ ਉਸ ਨੇ ਕੰਮ ਕਰਨ ਦੇ ਢੰਗਾਂ 'ਤੇ ਗੌਰ ਕੀਤਾ। ਉਸ ਪਿਛੋਂ ਉਸ ਵੀ ਇਕੋ ਬਕਸਾ ਉਠਾਇਆ। ਕੰਮ ਚੋਰੀ ਦੇ ਹੁਨਰ ਨੂੰ ਉਸ ਪਰਖਿਆ ਵੀ ਅਤੇ ਆਪਣੀ ਕਿਤਾਬ 'ਚ ਉਸ ਬਾਬਤ ਲਿਖਿਆ ਵੀ। ਉਸ ਛੇ ਮਹੀਨੇ 'ਚ ਕਈ ਕੰਮ ਬਦਲੇ। ਉਹ ਹੁਣ ਬਿਲਕੁਲ ਸੱਚਾ ਅਤੇ ਹੋਰ 'ਮਜ਼ਦੂਰਾਂ' ਵਰਗਾ ਮਜ਼ਦੂਰ ਬਣ ਗਿਆ ਸੀ। ਠੀਕ ਉਨ੍ਹਾਂ ਦੀ ਹੀ ਇਕ ਨਕਲ। ਭਾਸ਼ਾ ਲਈ ਵੀ ਉਸ 'ਚ ਇਕ ਕੁਦਰਤੀ ਪ੍ਰਤਿਭਾ ਸੀ। ਇਕ ਨੋਟ ਬੁੱਕ 'ਚ ਉਸ ਨੇ ਮਜ਼ਦੂਰਾਂ ਦੀਆਂ ਸਭੇ ਗੰਦੀਆਂ ਅਤੇ ਗੰਵਾਰ ਗਾਲ੍ਹਾਂ ਬਿਉਰੇ ਵਾਰ ਲਿਖ ਲਈਆਂ। ਮੰਦੇ ਬੋਲਾਂ ਨੂੰ ਸਮਝਿਆ, ਰਟਿਆ ਅਤੇ ਉਨ੍ਹਾਂ 'ਤੇ ਅਮਲ ਵੀ ਕੀਤਾ।

ਇਸ ਬੋਲੀ ਨੇ ਮਜ਼ਦੂਰਾਂ ਦੇ 'ਮਗਜ਼' ਅੰਦਰ ਚਲਣ ਵਾਲੀਆਂ ਸਾਰੀਆਂ ਗੱਲਾਂ ਨੂੰ ਸਮਝਣ 'ਚ ਉਸ ਨੂੰ ਵਾਹਵਾ ਮਦਦ ਮਿਲੀ। ਆਪਣੀ ਅਗਲੇਰੀ ਰਚਨਾ 'ਮਜ਼ਦੂਰ ਜਮਾਤ ਦਾ ਮਨੋਵਿਗਿਆਨ' ਲਈ ਉਸ ਬਹੁਤ ਸਾਰੀ ਸਮਗਰੀ ਇਕੱਠੀ ਕਰ ਲਈ। ਨਿਮਨ ਵਰਗ 'ਚ ਆਪਣੀ ਤਰਲਤਾ 'ਤੇ ਉਸ ਨੂੰ ਖ਼ੁਦ ਵੀ ਹੈਰਾਨੀ ਹੋਈ। ਮਜ਼ਦੂਰ ਬੋਲੀ ਨੂੰ ਭਲੀ ਤਰ੍ਹਾਂ ਸਿੱਖਣ-ਬੋਲਣ ਪਿਛੋਂ ਅਤੇ ਹੋਰ ਬਹੁਤ ਸਾਰੀਆਂ ਫਜ਼ੂਲ ਕੰਮ ਹਾਲਤਾਂ ਉਪਰ ਕਾਬੂ ਪਿਛੋਂ ਉਸ ਨੇ ਅਨੁਭਵ ਕੀਤਾ ਕਿ ਉਹ ਕਿਰਤੀਆਂ ਦੇ ਸੰਸਾਰ 'ਚ ਆਸਾਨੀ ਨਾਲ ਵਿਚਰ ਸਕਦਾ ਹੈ। ਉਨ੍ਹਾਂ 'ਚ ਚੰਗੀ ਤਰ੍ਹਾਂ ਰਚ ਮਿਚ ਸਕਦਾ ਹੈ। ਅਸਲ ਮਜ਼ਦੂਰ ਵਾਂਗ ਕਿਸੇ ਵੀ ਤਰ੍ਹਾਂ ਦਾ ਕੰਮ ਕਰ ਸਕਦਾ ਹੈ। ਉਸ ਆਪਣੀ ਦੂਜੀ ਕਿਤਾਬ 'ਮਿਹਨਤਕਸ਼' ਦੀ ਭੂਮਿਕਾ 'ਚ ਲਿਖਿਆ ਸੀ ਕਿ ਉਹ ਸਚਮੁੱਚ ਪੂਰੇ ਯਤਨ ਨਾਲ ਮਜ਼ਦੂਰ ਜਮਾਤ ਨੂੰ ਜਾਨਣਾ ਚਾਹੁੰਦਾ ਹੈ। ਉਸ ਦਾ ਇਕੋ ਇਕ ਤਰੀਕਾ ਇਹੋ ਹੈ ਕਿ ਉਨ੍ਹਾਂ ਵਾਂਗ ਕੰਮ ਕਰੋ, ਉਨ੍ਹਾਂ ਵਰਗਾ ਖਾਉ, ਉਨ੍ਹਾਂ ਵਾਂਗ ਉਠੋ-ਬੈਠੋ, ਉਨ੍ਹਾਂ ਵਾਂਗ ਵਸੋ-ਰਸੋ ਅਤੇ ਉਨ੍ਹਾਂ ਵਾਂਗ ਹੀ ਸੋਚੋ।

ਫਰੈਡੀ ਡਰਾਮ ਕੋਈ ਗੰਭੀਰ ਚਿੰਤਕ ਨਹੀਂ ਸੀ। ਨਵੇਂ ਸਿਧਾਂਤਾਂ 'ਚ ਉਸ ਦਾ ਕੋਈ ਯਕੀਨ ਨਹੀਂ ਸੀ। ਉਸ ਦੇ ਸਾਰੇ ਤੌਰ ਤਰੀਕੇ ਰਵਾਇਤੀ ਸਨ। ਉਹ ਇਕ ਬੇਹੱਦ ਖ਼ੁਦ 'ਚ ਸੁੰਗੜਿਆ ਰਹਿਣ ਵਾਲਾ ਆਦਮੀ ਸੀ। ਬਹੁਤ ਸਾਰੀਆਂ ਆਦਤਾਂ ਭਾਵ ਅਤੇ ਜ਼ਿੱਦਾਂ ਉਸ ਅੰਦਰ ਸਨ। ਬੜੇ ਘੱਟ ਮਿੱਤਰ ਉਸ ਬਣਾਏ ਸਨ। ਉਹ ਦਿਖਾਵੇ 'ਚ ਉੱਕਾ ਵਿਸ਼ਵਾਸ ਨਹੀਂ ਸੀ ਕਰਦਾ। ਇਸ ਤਰ੍ਹਾਂ ਨਾਲ ਉਹ ਬਿਲਕੁਲ ਠੰਢਾ ਸੀ। ਉਸ 'ਚ ਗੁੱਸਾ ਨਾਂ-ਮਾਤਰ ਸੀ। ਕਿਸੇ ਤਰ੍ਹਾਂ ਦੇ ਲੋਭ ਲਾਲਚ ਤੋਂ ਮੁਕਤ ਜ਼ਿੰਦਗੀ ਉਹ ਜਿਉਂਦਾ ਸੀ। ਤੰਬਾਕੂ ਉਹ ਨਹੀਂ ਸੀ ਪੀਂਦਾ। ਬੀਅਰ ਵੀ ਉਸ ਕਦੇ ਨਹੀਂ ਸੀ ਚਖੀ। ਹਲਕੀ ਜਿਹੀ ਵਾਈਨ ਤੋਂ ਇਲਾਵਾ ਉਸ ਕਦੇ ਕੋਈ ਨਸ਼ਾ ਨਹੀਂ ਸੀ ਕੀਤਾ।

ਵਿਦਿਆਰਥੀ ਜੀਵਨ ਤੋਂ ਹੀ ਉਸ ਦੇ ਜੋਸ਼ੀਲੇ ਜਮਾਤੀਆਂ ਨੇ ਉਸ ਦਾ ਨਾਂ ਬਰਫ ਦਾ ਬਕਸਾ ਰੱਖ ਦਿਤਾ ਸੀ। ਅਧਿਆਪਕ ਹੁੰਦੇ ਹੋਏ ਕੁਲੀਗ ਉਸ ਨੂੰ ਕੋਲਡ ਸਟੋਰ ਆਖਣ ਲੱਗੇ। ਉਸ ਨੂੰ ਬਸ ਇਕ ਦੁੱਖ ਸੀ ਤੇ ਉਹ ਸੀ ਉਹਦਾ ਫਰੈਡੀ ਨਾਂ। ਯੂਨੀਵਰਸਿਟੀ ਦੀ ਟੀਮ 'ਚ ਫੁਲਬੈਕ ਵਜੋਂ ਖੇਡਦੇ ਹੀ ਬਤੌਰ ਤਮਗਾ ਮਿਲਿਆ। ਉਸ ਦੀ ਆਤਮਾ ਨੇ ਉਹਨੂੰ ਕਦੇ ਵੀ ਸਵੀਕਾਰ ਨਾ ਕੀਤਾ। ਕੀ ਉਹ ਸਦਾ ਲਈ ਫਰੈਡੀ ਹੀ ਰਹੇਗਾ। ਮਗਰੋਂ ਲੋਕ ਉਸ ਨੂੰ ਬੁੱਢਾ ਫਰੈਡੀ ਆਖ ਬੁਲਾਇਆ ਕਰਨਗੇ ਕੀ? ਇਹ ਸੋਚ ਕੇ ਉਹ ਸੁਪਨੇ 'ਚ ਕੰਬ ਕੰਬ ਜਾਂਦਾ ਸੀ। ਉਮਰ ਪੱਖੋਂ ਸਮਾਜ ਸ਼ਾਸਤਰ 'ਚ ਡਾਕਟਰੇਟ ਲਈ ਉਹ ਬਹੁਤ ਛੋਟਾ ਸੀ। ਉਹ ਮਸੀਂ ਸਤਾਈ ਵਰ੍ਹਿਆਂ ਦਾ ਤਾਂ ਸੀ ਅਜੇ। ਦੇਖਣ ਨੂੰ ਉਮਰ ਤੋਂ ਛੋਟਾ ਲਗਦਾ ਸੀ। ਲੋਕਾਂ ਸਾਹਮਣੇ ਬੋਲਣਾ ਉਸ ਉਦੋਂ ਸ਼ੁਰੂ ਕੀਤਾ ਜਦੋਂ ਦੋ ਕਿਤਾਬਾਂ ਲਿਖ ਕੇ ਸਾਥੀਆਂ ਦੀਆਂ ਨਜ਼ਰਾਂ 'ਚ ਚੜ੍ਹਿਆ ਅਤੇ ਉਹਨੂੰ ਬੋਲਣ ਦੇ ਸੱਦਾ ਪੱਤਰ ਆਣ ਲੱਗੇ।

ਫਰੈਡੀ ਸਭ ਕੁੱਝ ਠੀਕ ਕਰਦਾ ਸੀ। ਬਿਲਕੁਲ ਹੀ ਠੀਕ। ਸਗੋਂ ਲੋੜ ਤੋਂ ਵਧੀਕ ਠੀਕ। ਨੁਮਾਇਸ਼ -ਬਾਜ਼ੀ ਤੋਂ ਪ੍ਰਹੇਜ਼ੀ। ਬਹੁਤੇ ਭੜਕੀਲੇ ਕਪੜੇ ਤਕ ਨਹੀਂ ਸੀ ਪਹਿਨਦਾ। ਇਕ ਸਾਊ ਅਧਿਆਪਕ ਅਤੇ ਪੜੇ ਲਿਖੇ ਵਿਦਵਾਨ ਵਾਂਗ ਹੀ ਉਸ ਦਾ ਵਿਹਾਰ ਅਤੇ ਵਿਸਥਾਰ ਸੀ। ਉਹ ਖ਼ੂਬ ਸਖਤੀ ਅਤੇ ਮਜ਼ਬੂਤੀ ਨਾਲ ਹੱਥ ਮਿਲਾਉਂਦਾ ਸੀ। ਉਸ ਦੀਆਂ ਗਹਿਰੀਆਂ ਨੀਲੀਆਂ ਅੱਖਾਂ 'ਚ ਸਦਾ ਸਚਾਈ ਡਲਕਦੀ ਰਹਿੰਦੀ ਸੀ। ਉਸ ਦੀ ਆਵਾਜ਼ ਮਿੱਠੀ ਪਰ ਮੁਕੰਮਲ ਮਰਦਾਨਾ ਸੀ। ਫਰੈਡੀ ਡਰਾਮ 'ਚ ਬਸ ਇਕੋ ਕਮੀ ਸੀ ਤੇ ਉਹ ਸੀ ਉਹਦਾ ਮਨੋਭਾਵ। ਉਸ ਦਾ ਆਪਣਾ ਇਕ ਨਿੱਜ ਸੀ ਜੋ ਉਹ ਨਹੀਂ ਸੀ ਤਿਆਗਦਾ। ਤੁਰਦਾ ਤਾਂ ਸਿੱਧਾ ਪਰ ਆਕੜ ਤੋਂ ਦੂਰ। ਝੁਕਦਾ ਇੰਝ ਕਿ ਉਸ ਦਾ ਸਾਊ ਸ਼ੀਲ ਸੁਭਾਅ ਕਾਇਮ ਰਹੇ। ਭਾਵੇਂ ਉਹ ਇਕ ਚੰਗਾ ਬੌਕਸਰ ਸੀ ਪਰ ਸੀ ਮੌਜੀ ਮੁੱਕੇਬਾਜ਼। ਮਸ਼ੀਨੀ ਮੁੱਕੇਬਾਜ਼ ਵਾਂਗ ਉਹ ਨਾ ਕੁੱਟ ਖਾਂਦਾ ਅਤੇ ਨਾ ਹੀ ਕਿਸੇ ਨੂੰ ਬੇਲੋੜਾ ਕੁੱਟਦਾ। ਉਸ ਲਈ ਖੇਡ ਮੁਕਾਬਲਾ ਨਹੀਂ ਸਗੋਂ ਕਸਰਤ ਮਾਤਰ ਹੁੰਦੀ ਸੀ। ਇਸ ਨਾਲ ਉਹਦਾ ਸਰੀਰ ਸਿਹਤਮੰਦ ਅਤੇ ਸੁਡੌਲ ਰਹਿੰਦਾ ਸੀ।

ਜਿਵੇਂ ਜਿਵੇਂ ਵਕਤ ਗੁਜ਼ਰਦਾ ਗਿਆ ਫਰੈਡੀ ਪਾੜ ਦੇ ਹਠਾੜ 'ਚ ਹੋਰ ਵੀ ਅੱਗੇ ਤੋਂ ਅੱਗੇ ਜਾਣ ਲੱਗਾ। ਉਹ ਲੋਕ ਬਾਜ਼ਾਰਾਂ 'ਚ ਗੁੰਮ ਜਾਂਦਾ। ਉਸ ਦੀਆਂ ਸਰਦੀਆਂ ਤੇ ਗਰਮੀਆਂ ਦੀਆਂ ਛੁੱਟੀਆਂ ਉਥੇ ਹੀ ਬੀਤਣ ਲੱਗੀਆਂ। ਭਾਵੇਂ ਛੁੱਟੀ ਦਾ ਦਿਨ ਹੋਵੇ ਭਾਵੇਂ ਕੰਮ ਦਾ ਦਿਨ, ਉਹ ਆਪਣੇ ਬਿਤਾਏ ਪਲ ਦੀ ਸੁਚੱਜੀ ਵਰਤੋਂ ਕਰਦਾ। ਉਸ ਲਈ ਉਥੇ ਬਹੁਤ ਕੁੱਝ ਸੀ ਸਾਂਭਣ, ਠੀਕ ਕਰਨ ਲਈ। ਉਸ ਦੀ ਤੀਜੀ ਪੁਸਤਕ 'ਖਲਕਤ ਅਤੇ ਖਸਮ' (ਮਾਸ ਐਂਡ ਮਾਸਟਰ) ਅਮਰੀਕੀ ਯੂਨੀਵਰਸਿਟੀ 'ਚ ਇਕ ਪਾਠ ਪੁਸਤਕ ਵਜੋਂ ਪੜ੍ਹਾਈ ਜਾਣ ਲੱਗੀ ਸੀ। ਉਹ ਇਸ ਸਭ ਤੋਂ ਬੇਖਬਰ ਆਪਣੇ ਖੋਜ ਪ੍ਰਬੰਧ ਅਨਾੜੀਆਂ ਦੇ ਝੂਠ-ਤੂਫਾਨ (The fallacy of the inefficient) ਦੀ ਤਿਆਰੀ 'ਚ ਸਰਗਰਮੀ ਨਾਲ ਕੰਮ ਕਰ ਰਿਹਾ ਸੀ।

ਫਰੈਡੀ ਦੇ ਸੁਭਾਅ 'ਚ ਕਿਤੇ ਕੁੱਝ ਅਜੀਬ ਝੁਕਾਉ ਸੀ। ਉਸ ਨੂੰ ਕਿਰਤੀ ਸੰਸਾਰ 'ਚ ਵਿਚਰਨਾ ਭਲਾ ਭਲਾ ਲਗਦਾ। ਆਪਣੀ ਦੁਨੀਆ 'ਚ ਉਹ ਭਾਵੇਂ ਕੋਲਡ ਸਟੋਰ ਸੀ ਪਰ ਮਜ਼ਦੂਰ ਜਗਤ 'ਚ ਉਹ ਮਿਲਾਪੜਾ ਬਿਲ ਟਾਟਸ ਸੀ। ਕਾਮਿਆਂ 'ਚ ਲੱਗਿਆ ਇਹ ਉਸ ਦਾ ਅਪਨਾਇਆ ਸ਼ੌਕੀਆ ਨਾਂ ਸੀ। ਇਸ ਨਾਂ ਹੇਠ ਉਹ ਸ਼ਰਾਬ ਪੀ ਸਕਦਾ ਸੀ। ਸਿਗਰਟਾਂ ਫੂਕ ਸਕਦਾ ਸੀ। ਗਾਲੀ ਗਲੋਚ ਤਾਂ ਇਕ ਪਾਸੇ ਰਿਹਾ, ਘਸੁੰਨ ਮੁੱਕੀ ਤਕ ਕਰ ਲੈਂਦਾ ਸੀ। ਉਹ ਸਭ ਦਾ ਚਹੇਤਾ ਬਣ ਸਕਦਾ ਸੀ। ਹਰ ਤਰ੍ਹਾਂ ਦੀ ਚੌੜ ਤਕ ਮਾਣਦਾ। ਅਰੰਭ 'ਚ ਤਾਂ ਉਹ ਸਿਰਫ਼ ਨਕਲਬਾਜ਼ ਰਿਹਾ ਪਰ ਐਕਟਿੰਗ ਕਰਦਾ ਕਰਦਾ ਉਹ ਸਚਮੁੱਚ ਦਾ ਮਜ਼ਦੂਰ ਹੋ ਗਿਆ। ਉਨ੍ਹਾਂ ਵਾਂਗ ਹੀ ਰੱਜ ਕੇ ਸੂਅਰ ਸਾਸੇਜ਼ ਖਾਂਦਾ ਭਾਵੇਂ ਕਿ ਅਜਿਹਾ ਖਾਣਾ ਉਸ ਦੇ ਆਪਣੇ ਸ਼ਾਹੀ ਮਾਹੌਲ 'ਚ ਸਿਰੇ ਦਾ ਨਖਿਧ ਮੰਨਿਆ ਜਾਂਦਾ ਸੀ। ਵਾਪਸ ਕਾਲਜ ਪਰਤਣ ਸਮੇਂ ਉਸ ਨੂੰ ਅੱਚਵੀਂ ਲੱਗ ਜਾਂਦੀ ਸੀ ਕਿ ਉਸ ਨੂੰ ਉਥੇ ਆਪਣੇ ਸਾਰੇ ਹੀਣ ਭਾਵਾਂ ਸਣੇ ਵਿਦਿਅਕ ਜਗਤ 'ਚ ਪਤਰਣਾ ਪੈਂਦਾ ਹੈ। ਉਥੇ ਉਹ ਹਮੇਸ਼ਾ ਬੇਚੈਨੀ ਮਹਿਸੂਸ ਕਰਦਾ ਪਰ ਸਲਾਟ ਦੇ ਮਜ਼ਦੂਰ ਹਿੱਸੇ 'ਚ ਗੁਜ਼ਾਰਿਆ ਸਮਾਂ ਉਸ ਲਈ ਸੁਨਹਿਰੀ ਕਾਲ ਰਹਿੰਦਾ। ਉਥੇ ਉਹ ਸ਼ੈਤਾਨ ਵਾਂਗ ਖ਼ੁਦ ਨੂੰ ਮਨਮਰਜ਼ੀ ਨਾਲ ਘੁਮਾ ਫਿਰਾ ਸਕਦਾ ਸੀ। ਫਰੈਡੀ ਦੇ ਰੂਪ ਵਿਚ ਉਹ ਸਭ ਖਰੂਦ ਨਹੀਂ ਸੀ ਕਰਦਾ ਜੋ ਉਹ ਬਿਗ ਬਿਲ ਬਣ ਕੇ ਕਰ ਸਕਦਾ ਸੀ। ਖ਼ੁਦ ਬਾਬਤ ਇਹ ਉਸ ਲਈ ਹੈਰਾਨੀ ਭਰੀ ਜਾਣਕਾਰੀ ਸੀ। ਬਿੱਲ ਟਾਟਸ ਅਤੇ ਫਰੈਡੀ ਡਰਾਮ ਦੋ ਵੱਖ ਵੱਖ ਭਾਂਤ ਦੀਆਂ ਸ਼ਖ਼ਸੀਅਤਾਂ ਸਨ। ਉਨ੍ਹਾਂ ਦੇ ਸ਼ੌਂਕ, ਸੁਭਾਅ ਅਤੇ ਖਾਹਸ਼ਾਂ ਇਕ ਦੂਜੇ ਤੋਂ ਵਿਪਰੀਤ ਸਨ। ਬਿੱਲ ਟਾਟਸ ਚਿੱਤ ਮੰਨ ਤੋਂ ਕੰਮ ਚੋਰ ਬਣ ਸਕਦਾ ਸੀ। ਸੁਸਤੀ ਤੇ ਆਲਸ ਦਿਖਾ ਸਕਦਾ ਸੀ। ਪੂਰੇ ਦੇ ਪੂਰੇ ਕਈ ਅਧਿਆਇ ਉਸ ਨੇ ਇਸ ਬੁਰਾਈ ਦੇ ਵਿਰੁਧ ਆਪਣੀ ਨਵੀਂ ਕਿਤਾਬ 'ਚ ਲਿਖੇ। ਫਰੈਡੀ ਨੂੰ ਨਾਚ ਗਾਣਾ ਭਾਉਂਦਾ ਨਹੀਂ ਸੀ ਪਰ ਬਿੱਲ ਟਾਟਸ ਦੇ ਰੂਪ ਵਿਚ ਮੌਜ ਮੇਲੇ ਦਾ ਕੋਈ ਜਸ਼ਨ ਉਹ ਨਹੀਂ ਸੀ ਛੱਡਦਾ। ਸਾਰੀ ਸਾਰੀ ਰਾਤ ਉਹ ਕਲੱਬਾਂ 'ਚ ਨੱਚਦਾ ਭੁੜਕਦਾ ਰਹਿੰਦਾ ਸੀ। ਬਿੱਲ ਟਾਟਸ ਮੁਟਿਆਰਾਂ ਨੂੰ ਪਸੰਦ ਕਰਦਾ ਅਤੇ ਕੁੜੀਆਂ ਵੀ ਉਸ ਦੀ ਸੰਗਤ 'ਚ ਖ਼ੁਸ਼ੀ ਮਹਿਸੂਸ ਕਰਦੀਆਂ ਸਨ। ਫਰੈਡੀ ਦੇ ਰੂਪ ਵਿਚ ਤਾਂ ਉਹ ਸਾਧੂ ਸੰਨਿਆਸੀ ਵਾਲੀ ਜ਼ਿੰਦਗੀ ਹੀ ਬਿਤਾਉਂਦਾ ਸੀ।

ਭੇਸ ਬਦਲਦੇ ਹੀ ਫਰੈਡੀ ਡਰਾਮ ਆਪਣੀ ਚਾਲ ਢਾਲ ਵੀ ਬਦਲ ਲੈਂਦਾ ਸੀ। ਉਸ ਨੂੰ ਕੋਈ ਬਹੁਤ ਯਤਨ ਨਹੀਂ ਸੀ ਕਰਨਾ ਪੈਂਦਾ। ਬਹਿਰੂਪੀਆ ਹੁੰਦੇ ਹੀ ਉਸ ਦੀ ਆਵਾਜ਼ ਦਾ ਲਹਿਜ਼ਾ ਵੀ ਬਦਲ ਜਾਂਦਾ। ਉਸ ਦਾ ਹਾਸਾ ਵਧੇਰੇ ਦਲੇਰ ਅਤੇ ਬੜਕਵਾਂ ਹੋ ਜਾਂਦਾ। ਵਿਚ ਵਿਚ ਗਾਲਾਂ ਵੀ ਉਸ ਦੇ ਮੁਖਾਰਬਿੰਦੋਂ ਕਿਰਨ ਲੱਗ ਪੈਂਦੀਆਂ। ਬਿਲ ਟਾਟਸ ਰਾਤ ਦੇਰ ਤਕ ਸਾਥੀਆਂ 'ਚ ਵਿਚਰਦਾ। ਹੇਲ-ਮੇਲ ਅਤੇ ਲੜਾਈ ਭੜਾਈ ਦਾ ਸ਼ੁਗਲ ਬੇਝਿਜਕ ਜਾਰੀ ਰਹਿੰਦਾ। ਕਿਸੇ ਕਲੱਬ ਜਾਂ ਸ਼ੋਅ 'ਚੋਂ ਪਰਤਦੇ ਕੁੜੀਆਂ ਦੀ ਕਮਰ ਨੂੰ ਬਾਹਾਂ 'ਚ ਵਲਾਉਣ ਦੀ ਤਾਂ ਜਿਵੇਂ ਉਹਦੀ ਆਦਤ ਮੁੱਢੋਂ ਸੁੱਢੋਂ ਹੀ ਹੋਵੇ।

ਬਿਲ ਟਾਟਸ ਦੇ ਰੂਪ ਵਿਚ ਫਰੈਡੀ ਏਨਾ ਵਧੇਰੇ ਅਤੇ ਮੁਕੰਮਲ ਮਜ਼ਦੂਰ ਬਣ ਗਿਆ ਕਿ ਪਾੜ ਪਾਰਲੇ ਹਠਾੜ ਨਾਲ ਉਸ ਦੀ ਜਜ਼ਬਾਤੀ ਸਾਂਝ ਕਾਇਮ ਹੋ ਗਈ। ਭਾੜੇ 'ਤੇ ਕੱਚੇ ਭਰਤੀ ਮਜ਼ਦੂਰਾਂ ਵਲ ਵੀ ਉਸ ਦਾ ਵਤੀਰਾ ਬਾਕੀਆਂ ਵਾਂਗ ਕਠੋਰ ਅਤੇ ਨਫ਼ਰਤੀ ਹੋ ਗਿਆ ਸੀ। ਦਰਿਆਈ ਕਾਮਿਆਂ ਦੀ ਹੜਤਾਲ ਸਮੇਂ ਉਸ ਨੇ ਵੀ ਹੜਤਾਲ ਵਿਰੋਧੀ ਮਜ਼ਦੂਰਾਂ ਨੂੰ ਫੈਂਟਾ ਚਾੜ੍ਹਿਆ ਸੀ। ਲੇਬਰ ਯੂਨੀਅਨ ਦਾ ਚੰਦਾ ਉਹ ਨੇਮ ਨਾਲ ਦਿੰਦਾ। ਹੜਤਾਲੀ ਫਰੰਟ 'ਤੇ ਵਧ ਚੜ ਕੇ ਦ੍ਰਿੜ੍ਹਤਾ ਨਾਲ ਭਾਗ ਲੈਂਦਾ। ਪਰ ਫਰੈਡੀ ਡਰਾਮ ਦੇ ਰੂਪ ਵਿਚ ਜਦੋਂ ਉਹ ਵਾਪਸ ਯੂਨੀਵਰਸਿਟੀ ਮੁੜਦਾ ਤਾਂ ਆਪਣੇ ਕੁਲ ਕਿਰਤ ਅਨੁਭਵਾਂ ਦਾ ਇਕ ਸਜੱਗ ਅਤੇ ਗੰਭੀਰ ਸਮਾਜ ਸ਼ਾਸਤਰੀ ਵਾਂਗ ਪੜਚੋਲ ਕਰਦਾ। ਆਪਣੇ ਤਜ਼ਰਬਿਆਂ ਨੂੰ ਅਕਾਦਮਿਕ ਢੰਗ ਨਾਲ ਝੱਟ ਕਲਮਬੰਦ ਕਰ ਲੈਂਦਾ। ਆਪਣੀ ਜਮਾਤ ਵਿਚ ਉਹ ਲੈਕਚਰ ਦੇਣ ਸਮੇਂ ਬਿਲ ਟਾਟਸ ਅਤੇ ਉਸ ਵਰਗੇ ਮਜ਼ਦੂਰਾਂ ਦਾ ਉਲੇਖ ਅਮਰੀਕਾ ਦੀ ਸਮਾਜਕ ਮੰਡੀ ਦੇ ਪਰਿਪੇਖ 'ਚ ਖੁਲ੍ਹ ਕੇ ਕਰਦਾ। ਕਿਰਤੀ ਸਭਾਵਾਂ ਦੀ ਸਾਰੀ ਊਚ ਨੀਚ ਵਿਸਥਾਰ ਨਾਲ ਆਪਣੇ ਵਿਦਿਆਰਥੀਆਂ ਅੱਗੇ ਪਰੋਸਣ 'ਚ ਉਹ ਨੰਬਰ ਵਨ 'ਤੇ ਰਹਿੰਦਾ। ਬਿੱਲ ਟਾਟਸ ਦੇ ਰੂਪ ਵਿਚ ਉਸ ਇੱਦਾਂ ਕਦੇ ਵੀ ਨਹੀਂ ਸੀ ਸੋਚਿਆ। ਬਾਕੀ ਮਜ਼ਦੂਰਾਂ ਵਾਂਗ ਉਥੇ ਉਹਦੀ ਸੋਚ ਦਿਨੇ ਖਾਣ ਪੀਣ ਅਤੇ ਸ਼ਾਮ ਨੂੰ ਕਲੱਬ ਜਾਂ ਕੁੱਕੜ ਖੋਹੀਆਂ ਤਕ ਸਿਮਟੀ ਸੁੰਗੜੀ ਰਹਿੰਦੀ ਸੀ।

'ਔਰਤਾਂ ਅਤੇ ਕੰਮ ਦੀਆਂ ਹਾਲਤਾਂ' ਉਪਰ ਸਮਗਰੀ ਇਕੱਠੀ ਕਰਨ ਵੇਲੇ ਫਰੈਡੀ ਨੂੰ ਪਹਿਲੀ ਵਾਰ ਆਪਣੀ ਖਤਰਨਾਕ ਸਥਿਤੀ ਦਾ ਅਹਿਸਾਸ ਹੋਇਆ। ਉਹ ਦੋ ਵੱਖਰੇ ਸੰਸਾਰਾਂ 'ਚ ਰਹਿਣ 'ਚ ਭਾਵੇਂ ਸਫਲ ਰਿਹਾ ਸੀ ਪਰ ਆਖ਼ਰ ਨੂੰ ਤਾਂ ਇਹ ਡਰਾਮਾ ਤੱਜਣਾ ਹੀ ਪੈਂਦਾ। ਇਸ ਲੀਲਾ 'ਚ ਸਥਾਈਪਨ ਉਕਾ ਨਹੀਂ ਸੀ। ਅਖੀਰ ਉਸ ਨੂੰ ਵਾਪਸ ਮੁੜਨਾ ਪੈਣਾ ਹੈ। ਆਪਣੇ ਖੋਜ ਪੱਤਰ 'ਔਰਤਾਂ ਅਤੇ ਕੰਮ ਦੀਆਂ ਹਾਲਤਾਂ' ਨੂੰ ਜਦੋਂ ਵੀ ਫਰੋਲਣ ਲੱਗਦਾ ਉਦੋਂ ਹੀ ਉਸ 'ਚ ਬਿਆਨਿਆਂ ਸੰਸਾਰ ਉਸ ਅੱਗੇ ਆਣ ਖਲੋਂਦਾ। ਉਸ 'ਚ ਵਿਕਸਿਤ ਫਲਸਫਾ ਸੱਚ ਬਣ ਤੰਗ ਕਰਨ ਲਗਦਾ। ਉਹਨੇ ਨਿਸ਼ਚਾ ਕੀਤਾ ਕਿ ਬਹੁਤ ਹੋ ਗਿਆ। ਬਿੱਲ ਟਾਟਸ ਦਾ ਕੰਮ ਨਿਬੜ ਚੁੱਕਾ ਹੈ। ਉਸ ਦਾ ਇਹ ਬਹਿਰੂਪ ਹੁਣ ਸਮਾਪਤ ਕਰ ਦੇਣਾ ਹੀ ਠੀਕ ਹੈ। ਹੁਣ ਉਹ ਆਪਣੀ ਅਸਲ ਦੁਨੀਆ ਵਲ ਹੀ ਧਿਆਨ ਧਰੇਗਾ।

ਫਰੈਡੀ ਡਰਾਮ ਦੇ ਮਨ 'ਚ ਮੇਰੀ ਕੌਂਦਨ ਨੇ ਡਰ ਪਾ ਦਿਤਾ ਸੀ। ਉਹ ਕੌਮਾਂਤਰੀ ਦਸਤਕਾਰ ਯੂਨੀਅਨ ਨੰਬਰ 274 ਦੀ ਪ੍ਰਧਾਨ ਸੀ। ਸਭ ਤੋਂ ਪਹਿਲਾਂ ਉਸ ਨੇ ਸਾਲਾਲਾ ਇਜਲਾਸ 'ਚ ਉਹਨੂੰ ਦਰਸ਼ਕਾਂ ਦੀ ਗੈਲਰੀ 'ਚ ਦੇਖਿਆ ਸੀ। ਬਿਲ ਟਾਟਸ ਦੀ ਨਜ਼ਰ ਨਾਲ ਉਸ ਨੂੰ ਦੇਖ ਬਹੁਤ ਪ੍ਰਭਾਵਿਤ ਵੀ ਹੋਇਆ ਸੀ। ਪਰ ਉਹ ਮੁਟਿਆਰ ਫਰੈਡੀ ਡਰਾਮ ਦੀ ਸ਼੍ਰੇਣੀ 'ਚੋਂ ਨਹੀਂ ਸੀ। ਮਜ਼ਦੂਰ ਕੁੜੀ ਸੀ। ਉਹ ਤਾਕਤਵਰ ਤੀਵੀਆਂ ਜਿਨ੍ਹਾਂ 'ਚ ਔਰਤ ਦਾ ਦੱਬੂਪੁਣਾ ਨਾ ਦਿਸੇ, ਉਸ ਨੂੰ ਪਸੰਦ ਨਹੀਂ ਸੀ। ਫਰੈਡੀ ਦਾ ਵਿਸ਼ਵਾਸ ਸੀ ਆਦਮੀ ਜ਼ਿੰਦਗੀ ਦੀਆਂ ਪੌੜੀਆਂ 'ਚ ਔਰਤ ਤੋਂ ਕਿਤੇ ਅੱਗੇ ਹੈ। ਮਰਦ ਮਾਨਸਿਕਤਾ ਅੱਗੇ 'ਮੂਤ ਦਾ ਕੁੱਜਾ' ਬਹੁਤ ਨਿਮਨ ਸ਼ੈਅ ਹੈ। ਇਸ ਲਈ ਉਹ ਆਪਣੀ ਜਮਾਤ ਦੀਆਂ ਜਨਾਨੀਆਂ ਨੂੰ ਪਸੰਦ ਕਰਦਾ ਸੀ ਜਿਨ੍ਹਾਂ ਨੂੰ ਆਪਣੀ ਔਰਤ ਹੋਣ ਦਾ ਮੁਕੰਮਲ ਅਹਿਸਾਸ ਹੁੰਦਾ ਸੀ। ਉਚ ਵਰਗ ਦੀਆਂ ਔਰਤਾਂ ਨੂੰ ਫਰੈਡੀ ਪਸੰਦ ਕਰਦਾ ਸੀ ਪਰ ਬਿੱਲ ਟਾਟਸ ਦੀ ਮਾਨਸਕਿਤਾ ਮੁਤਾਬਕ ਤਾਂ ਇਹ ਸਭ ਕੁੱਝ ਉਲਟਾ ਸੀ।

ਮੇਰੀ ਕੌਂਡਨ ਨੂੰ ਦੂਜੀ ਵਾਰ ਉਹ ਅਚਾਨਕ ਮਿਲਿਆ ਸੀ। ਇਕ ਬੱਘੀ ਚਾਲਕ ਵਜੋਂ ਮਿਸ਼ਨ ਸਟਰੀਟ 'ਚ ਕੁੱਝ ਟਰੰਕ ਤੇ ਬਕਸੇ ਉਠਾ ਕੇ ਸਟੋਰਾਂ 'ਚ ਭੇਜੇ ਜਾਣੇ ਸਨ। ਘਰ ਦੀ ਮਾਲਕਣ ਦੀ ਬੇਟੀ ਨੇ ਉਸ ਨੂੰ ਬੁਲਾਇਆ ਸੀ। ਉਹ ਥੋੜਾ ਹੇਠਾਂ ਝੁਕ ਵੱਡੇ ਸਾਰੇ ਟਰੰਕ ਨੂੰ ਇਕੋ ਹੱਲੇ ਉਛਾਲ, ਮੋਢੇ 'ਤੇ ਟਿਕਾ ਕੇ ਜਿਉਂ ਹੀ ਦਰਵਾਜ਼ੇ ਵਲ ਨੂੰ ਹੋਇਆ ਤਾਂ ਇਕ ਜ਼ਨਾਨਾ ਆਵਾਜ਼ ਸੁਣਾਈ ਦਿਤੀ, ''ਤੂੰ ਯੂਨੀਅਨ ਦਾ ਮੈਂਬਰ ਹੈ ਕਿ?''

''ਤੈਨੂੰ ਕੀ, ਹੋਵਾਂ ਨਾ ਹੋਵਾਂ?'' ਬਿਲ ਨੇ ਰੁੱਖਾ ਜਿਹਾ ਜਵਾਬ ਦਿਤਾ, ''ਰਾਹ 'ਚੋਂ ਪਰੇ ਹੋ। ਮੈਨੂੰ ਦੇਰ ਹੋ ਰਹੀ...।'' ਪਰ ਉਸ ਔਰਤ ਨੇ ਉਸ ਦਾ ਰਾਹ ਡੱਕ ਲਿਆ ਸੀ। ਚਾਣਚੱਕ ਘਸਰ ਨਾਲ ਟਰੰਕ ਡਿਗਦੇ ਡਿਗਦੇ ਮਸਾਂ ਬਚਿਆ। ਉਹ ਲੜਖੜਾਕੇ ਕੰਧ ਨਾਲ ਜਾ ਲੱਗਾ ਸੀ।

ਆਪਣੀ ਪੁਸਤਕ ਦੇ ਇਕ ਅਧਿਆਇ 'ਚ ਉਸ ਨੇ ਇਸ ਘਟਨਾ ਦਾ ਜ਼ਿਕਰ ਵੀ ਕੀਤਾ। 'ਮਜ਼ਦੂਰਾਂ ਦਾ ਜ਼ੁਲਮ' ਇਸ ਅਧਿਆਇ ਦਾ ਸਿਰਲੇਖ ਸੀ।

ਕੁਝ ਹੀ ਦਿਨਾਂ ਪਿਛੋਂ

ਬਿੱਲ ਗੁੱਸੇ 'ਚ ਗਾਲੀ ਗਲੋਚ ਕਰਨ ਲੱਗਾ ਪਰ ਮੇਰੀ ਕੌਂਡਨ ਦੀਆਂ ਗੁਸੈਲ ਨਿਗਾਹਾਂ ਦੀ ਤਾਬ ਨਾ ਝੱਲ ਸਕਿਆ।

''ਇਤਬਾਰ ਕਰ। ਮੈਂ ਯੂਨੀਅਨ ਦਾ ਮੈਂਬਰ ਹਾਂ।'' ਬਿੱਲ ਨੇ ਕਿਹਾ।

''ਆਪਣਾ ਕਾਰਡ ਦਿਖਾ।'' ਔਰਤ ਨੇ ਗੰਭੀਰ ਹੁੰਦੇ ਆਖਿਆ।

'ਮੇਰੀ ਜੇਬ ਵਿਚ ਹੈ। ਕੱਢਾਂ ਕਿਵੇਂ? ਟਰੰਕ ਬਹੁਤ ਭਾਰੈ। ਗੱਡੀ ਤਕ ਆ, ਮੈਂ ਦਿਖਾ ਦਿੰਨਾ...।''

''ਤੂੰ ਟਰੰਕ ਲਾਹ ਕੇ ਹੇਠਾਂ ਰੱਖ।'' ਉਹ ਚੀਖੀ ਸੀ।

''ਕਾਹਦੇ ਲਈ? ਮੇਰੇ ਪਾਸ ਸ਼ਨਾਖਤੀ ਕਾਰਡ ਹੈਗਾ।'

ਤੀਵੀਂ ਘੁਰਕ ਕੇ ਪਈ, ''ਤੂੰ ਟਰੰਕ ਇਥੇ ਹੀ ਰੱਖਦੇ। ਨੱਠ ਜਾ ਇਥੋਂ। ਕੋਈ ਵੀ ਮਜ਼ਦੂਰ ਦੀ ਛਾਂਟੀ ਦਾ ਫ਼ਾਇਦਾ ਲਵੇ ਉਸ ਤੋਂ ਵੱਡਾ ਲਾਹਨਤੀ ਕੋਈ ਨਹੀਂ। ਤੂੰ ਬੁਜ਼ਦਿਲਾ! ਇਕ ਇਮਾਨਦਾਰ ਆਦਮੀ ਦੀ ਮਜ਼ਦੂਰੀ ਖੋਹ ਰਿਹੈਂ। ਤੂੰ ਯੂਨੀਅਨ ਦਾ ਮੈਂਬਰ ਕਾਹਤੋਂ ਨਹੀਂ ਬਣ ਜਾਂਦਾ? ਇਨਸਾਨਾਂ ਵਾਂਗ ਰਹਿਣਾ ਵੱਸਣਾ ਸਿੱਖ।'' ਮੇਰੀ ਕੌਂਡਨ ਦਾ ਚਿਹਰਾ ਭੱਖ ਰਿਹਾ ਸੀ। ਉਹ ਬਹੁਤ ਗੁੱਸੇ ਵਿਚ ਸੀ। ''ਤੇਰੇ ਜਿਹੇ ਆਦਮੀ ਨੂੰ ਆਪਣੀ ਜਮਾਤ ਨਾਲ ਗੱਦਾਰੀ ਕਰਦੇ ਹੋਏ ਸੋਚਿਆ ਵੀ ਨਹੀਂ ਜਾ ਸਕਦਾ। ਸ਼ਾਇਦ ਤੂੰ ਉਸ ਪੁਲਿਸ ਵਿਚ ਵੀ ਸ਼ਾਮਲ ਹੋਵੇਂਗਾ ਜੋ ਹੜਤਾਲ ਭੰਨਣ ਲਈ ਗੋਲੀ ਚਲਾਉਣੋਂ ਵੀ ਨਹੀਂ ਝਿਜਕਦੀ। ਤੂੰ ਇੰਜ ਦਾ ਆਦਮੀ ਲਗਦੈਂ!''

''ਬਸ ਬਹੁਤ ਹੋ ਗਿਆ। ਹੋਰ ਭਕਾਈ ਕੀਤੀ ਤਾਂ ਮੈਥੋਂ ਭੈੜਾ ਹੋਰ ਕੋਈ ਨਹੀਂ ਹੋਣਾ ਫਿਰ...।'' ਬਿੱਲ ਨੇ ਸਾਮਾਨ ਵਗਾਹ ਕੇ ਭੁੰਜੇ ਸੁਟਿਆ ਅਤੇ ਤੇਜ਼ੀ ਨਾਲ ਜੇਬ ਵਿਚ ਹੱਥ ਪਾ ਯੂਨੀਅਨ ਦਾ ਪਛਾਣ ਪੱਤਰ ਕਢਿਆ, ''ਲੈ ਦੇਖ ਲੈ... ਚੰਗੀ ਤਰ੍ਹਾਂ ਚੈੱਕ ਕਰ ਲੈ.... ਤੈਨੂੰ ਕਿਹਾ ਸੀ ਨਾ ਮੈਂ ਝੂਠ ਨਹੀਂ ਕਹਿ ਰਿਹਾ। ਹੱਦ ਹੋ ਗਈ।''

ਮੇਰੀ ਸ਼ਾਂਤ-ਸਹਿਜ ਹੋ ਗਈ ਸੀ। ਉਸ ਖਿਮਾ ਮੰਗਦੇ ਹੋਏ ਟਰੰਕ ਉਠਾਉਣ 'ਚ ਉਸ ਦੀ ਮਦਦ ਕੀਤੀ ਅਤੇ ਵਾਪਸ ਪਰਤ ਗਈ। ਧੋਬੀਆਂ ਦੀ ਹੜਤਾਲ ਸਮੇਂ ਉਸ ਦਾ ਮੇਰੀ ਕੌਂਡਨ ਨਾਲ ਸਾਹਮਣਾ ਹੋਇਆ ਸੀ। ਉਸ ਨੂੰ ਹੜਤਾਲ ਦੀ ਮਦਦ ਲਈ ਸੱਦਿਆ ਗਿਆ ਸੀ। ਬਿੱਲ ਦਾ ਕੰਮ ਕਪੜੇ ਧੋਣ ਵਾਲੇ ਕਮਰਿਆਂ ਤੋਂ ਔਰਤਾਂ ਨੂੰ ਬਾਹਰ ਕੱਢਣਾ ਸੀ। ਆਦਮੀ ਪਹਿਲੋਂ ਹੀ ਬਾਹਰ ਜਾ ਚੁੱਕੇ ਸਨ। ਫੈਕਟਰੀ ਦਾ ਸੁਪਰਡੈਂਟ ਇਕ ਲੰਬ-ਤੜੰਗਾ ਬੁਰਛਾ ਸੀ ਜੋ ਮੇਰੀ ਦਾ ਰਾਹ ਰੋਕ ਖੜੋ ਗਿਆ ਸੀ। ਉਹ ਤੀਵੀਆਂ ਨੂੰ ਬਾਹਰ ਜਾਣੋਂ ਰੋਕ ਰਿਹਾ ਸੀ। ਮੇਰੀ ਨੇ ਬਿੱਲ ਨੂੰ ਉਥੇ ਤੱਕਿਆ ਤਾਂ ਹਾਕ ਮਾਰ ਬੁਲਾ ਲਿਆ, ''ਮਿਸਟਰ ਟਾਟਸ। ਮੇਰੀ ਸਹਾਇਤਾ ਕਰੋ ਨਾ। ਮੈਂ ਅੰਦਰ ਜਾਣਾ ਚਾਹੁੰਦੀ ਹਾਂ।'' ਕਿੰਨੀ ਅਜੀਬ ਗੱਲ ਸੀ, ਉਸ ਕਾਰਡ ਦੀ ਘਟਨਾ ਪਿਛੋਂ ਉਸ ਨੂੰ ਉਹਦਾ ਨਾਮ ਤਕ ਚੇਤੇ ਸੀ। ਬਿੱਲ ਨੇ ਸੁਪਰਡੈਂਟ ਨੂੰ ਧੱਕਾ ਮਾਰ ਪਰੇ ਹਟਾ ਮੇਰੀ ਲਈ ਰਾਹ ਖੋਲ੍ਹਿਆ ਸੀ। ਉਸ ਪਿਛੋਂ ਤਾਂ ਬਿੱਲ ਮੇਰੀ ਕੌਂਡਨ ਦਾ ਸੱਜਾ ਹੱਥ ਅਤੇ ਬੁਲਾਰਾ ਬਣ ਗਿਆ ਸੀ।

ਫਰੈਡੀ ਡਰਾਮ ਬਿਲਕੁਲ ਸੁਰੱਖਿਅਤ ਸੀ ਪਰ ਬਿੱਲ ਟਾਟਸ ਕੁੱਝ ਕੁੱਝ ਇਸ਼ਕ 'ਚ ਵਲਿਆ ਗਿਆ ਸੀ। ਫਰੈਡੀ ਲਈ ਇਹ ਖਤਰੇ ਦੀ ਘੰਟੀ ਸੀ। ਬਿੱਲ ਦਾ ਕਾਰਜ ਪੂਰਾ ਹੋ ਚੁੱਕਾ ਸੀ। ਪਾੜ ਤੋਂ ਪਰੇ ਹੁਣ ਉਹਦੀ ਕੋਈ ਲੋੜ ਬਾਕੀ ਨਹੀਂ ਸੀ ਰਹੀ। 'ਕਿਰਤ ਹੁਨਰ ਅਤੇ ਹੁੜਦੰਗ' ਦੇ ਸਿਰਫ਼ ਤਿੰਨ ਅਧਿਆਇ ਹੀ ਲਿਖਣੇ ਬਚੇ ਸਨ। ਖੋਜ ਪੱਤਰ ਲਈ ਸਾਰਾ ਮੈਟਰ ਉਹ ਇਕੱਠਾ ਕਰ ਚੁੱਕਾ ਸੀ।

ਹੁਣ ਆਪਾਂ ਨੂੰ ਵਿਆਹ ਕਰਾ ਲੈਣਾ ਚਾਹੀਦਾ ਹੈ। ਫਰੈਡੀ ਡਰਾਮ ਨੇ ਸੋਚਿਆ। ਜੇ ਉਹ ਛੇਤੀ ਸ਼ਾਦੀ ਨਹੀਂ ਕਰਾਉਂਦਾ ਤਾਂ ਬਹੁਤ ਮੁਸ਼ਕਿਲ ਖੜ੍ਹੀ ਹੋ ਜਾਣੀ ਹੈ। ਉਸ ਆਪਣੀ ਇਕ ਕੁਲੀਗ ਅਧਿਆਪਕਾ ਨਾਲ ਸਬੰਧ ਬਣਾਏ। ਕੈਥਰੀਨ ਦੇ ਪਿਤਾ ਨਾਲ ਵੀ ਕੁੱਝ ਨੇੜਤਾ ਵਧਾਈ ਜੋ ਕਿ ਦਰਸ਼ਨ ਸ਼ਾਸਤਰ ਦੇ ਆਸਨ ਦਾ ਮੁਖੀ ਸੀ। ਪ੍ਰੋਫ਼ੈਸਰ ਵਾਹਵਾ ਅਮੀਰ ਵੀ ਸੀ। ਰਿਸ਼ਤਾ ਵਧੀਆ ਰਹੇਗਾ। ਕੈਥਰੀਨ ਸੁੰਦਰ ਤੇ ਸੰਵੇਦਨਸ਼ੀਲ ਨਾਰ ਸੀ। ਡਰਾਮ ਦੇ ਮੁਤਾਬਕ ਉਸ 'ਚ ਸਾਰੀਆਂ ਨਾਰੀ ਭਾਵਨਾਵਾਂ ਹਾਜ਼ਰ ਸਨ। ਫਰੈਡੀ ਡਰਾਮ ਦੀ ਮੰਗਣੀ ਕੈਥਰੀਨ ਨਾਲ ਹੋ ਗਈ।

ਅੱਗਲੇ ਕੁੱਝ ਮਹੀਨਿਆਂ ਵਿਚ ਸਾਨਫ਼ਰਾਂਸਿਸਕੋ ਕਿਰਤੀ ਸੰਘਰਸ਼ ਦਾ ਅਖਾੜਾ ਬਣ ਗਿਆ। ਯੂਨੀਅਨਾਂ ਅਤੇ ਮਿਲ ਮਾਲਕਾਂ ਨੇ ਵੱਖ ਵੱਖ ਰਾਹ ਫੜ ਲਏ। ਆਰ-ਪਾਰ ਦੀ ਲੜਾਈ ਦੇ ਹਾਲਤ 'ਚ ਤਨਾਉ ਭਰ ਦਿਤਾ ਸੀ ਪਰ ਫਰੈਡੀ ਆਪਣੀ ਆਖਰੀ ਕਿਤਾਬ ਦੇ ਪਰੂਫ ਪੜ੍ਹਨ 'ਚ ਰੁਝਿਆ ਰਿਹਾ। ਕਲਾਸਾਂ ਲਾਉਂਦਾ ਰਿਹਾ। ਵਿਦਿਆਰਥੀਆਂ ਨੂੰ ਪੜ੍ਹਾਉਂਦਾ ਰਿਹਾ। ਹੜਤਾਲਾਂ ਦਾ ਉਸ 'ਤੇ ਕੋਈ ਅਸਰ ਨਹੀਂ ਸੀ। ਉਹਦਾ ਵਾਧੂ ਸਮਾਂ ਬਸ ਮੰਗੇਤਰ ਨਾਲ ਹੀ ਗੁਜ਼ਰਦਾ। ਕੈਥਰੀਨ 'ਚ ਉਹ ਸਾਰਾ ਸਨੇਹ ਸਨਮਾਨ ਮਹਿਸੂਸ ਕਰਨ ਲੱਗ ਪਿਆ ਸੀ। ਬੱਘੀ ਵਾਲਿਆਂ ਦੀ ਹੜਤਾਲ ਨੇ ਉਸ ਦਾ ਮਾਮੂਲੀ ਜਿਹਾ ਧਿਆਨ ਖਿਚਿਆ ਪਰ ਗੱਲ ਆਈ ਗਈ ਹੋ ਗਈ। ਮੀਟ ਮਜ਼ਦੂਰ ਅੰਦੋਲਨ ਵੀ ਉਸ 'ਤੇ ਕੋਈ ਪ੍ਰਭਾਵ ਨਾ ਛੱਡ ਸਕਿਆ। ਬਿਲ ਟਾਟਸ ਦਾ ਪ੍ਰੇਤ ਪੂਰੀ ਤਰ੍ਹਾਂ ਦਫ਼ਨ ਹੋ ਗਿਆ ਸੀ।

ਵਿਆਹ 'ਚ ਬਸ ਦੋ ਕੁ ਹਫ਼ਤੇ ਹੀ ਬਾਕੀ ਬਚੇ ਸਨ। ਇਕ ਦੁਪਹਿਰ ਨੂੰ ਕੈਥਰੀਨ ਨੇ ਆਪਣੇ ਮੰਗੇਤਰ ਨਾਲ ਇਕ ਕਲੱਬ ਵਲ ਚਾਲੇ ਪਏ। ਕਾਰ 'ਚ ਡਰਾਇਵਰ ਤੋਂ ਇਲਾਵਾ ਬਸ ਉਹ ਦੋਵੇਂ ਸਨ। ਅੱਧਾ ਰਸਤਾ ਪਾਰ ਕਰ ਗਏ ਸਨ। ਪਰ ਉਸ ਤੋਂ ਅੱਗੇ ਕੀ ਵਾਪਰ ਰਿਹਾ, ਉਨ੍ਹਾਂ ਨੂੰ ਕੁੱਝ ਪਤਾ ਨਹੀਂ ਸੀ। ਫਰੈਡੀ ਨੂੰ ਮੀਟ-ਮਜ਼ਦੂਰਾਂ ਦੀ ਹੜਤਾਲ ਦੀ ਖ਼ਬਰ ਤਾਂ ਅਖ਼ਬਾਰ ਰਾਹੀਂ ਮਿਲ ਗਈ ਸੀ। ਉਹ ਕੈਥਰੀਨ ਨਾਲ ਆਪਣੇ ਸਿਧਾਂਤਾਂ ਬਾਬਤ ਗਰਮਜੋਸ਼ੀ ਨਾਲ ਗੱਲ ਕਰ ਰਿਹਾ ਸੀ। ਚਾਣਚੱਕ ਗਲੀ ਦੇ ਮੋੜ 'ਤੇ ਛੇ ਮੀਟ ਨਾਲ ਲੱਦੀਆਂ ਗੱਡੀਆਂ ਸਾਹਮਣਿਉਂ ਆਉਂਦੀਆਂ ਦਿਸੀਆਂ।

ਠੇਲਿਆਂ ਨੂੰ ਚਲਾਉਣ ਵਾਲੇ ਮਜ਼ਦੂਰ ਹੜਤਾਲ ਵਿਰੁਧ ਕੀਤੀ ਭਰਤੀ ਸੀ। ਹਰ ਇਕ ਨਾਲ ਰਾਖੀ ਵਜੋਂ ਇਕ ਸਿਪਾਹੀ ਬੈਠਾ ਸੀ। ਗੱਡੀਆਂ ਦੇ ਅੱਗੇ ਪਿਛੇ ਤੇ ਨਾਲ ਸੌ ਪੁਲਿਸੀਆਂ ਦੀ ਗਾਰਦ ਵੀ ਚੱਲ ਰਹੀ ਸੀ। ਪੁਲਿਸ ਦੇ ਪਿਛੇ ਪਿਛੇ ਦੂਰ ਤਕ ਹੜਤਾਲੀ ਮਜ਼ਦੂਰ ਰੁਕਾਵਟਾਂ ਪਾਉਂਦੇ ਅਤੇ ਨਾਹਰੇ ਮਾਰਦੇ ਆ ਰਹੇ ਸਨ। ਮਾਲਕ ਹੋਟਲਾਂ ਨੂੰ ਮਾਸ ਦੀ ਸਪਲਾਈ ਦੇਣ ਅਤੇ ਹੜਤਾਲ ਤੋੜਨ 'ਤੇ ਬਜਿਦ ਸਨ। ਸੰਨ ਫਰਾਂਸਿਸ ਹੋਟਲ 'ਚ ਮਾਲ ਦੇ ਦਿਤਾ ਗਿਆ ਪਰ ਜਲੂਸ ਨੇ ਹੋਟਲ ਦਾ ਹੁਲੀਆ ਵਿਗਾੜ ਦਿਤਾ ਸੀ। ਬਹੁਤ ਸਾਰੀਆਂ ਖਿੜਕੀਆਂ ਦੇ ਸ਼ੀਸ਼ੇ ਟੁੱਟ ਗਏ ਸਨ। ਮੀਟ ਦੇ ਭਰੇ ਹੋਏ ਗੱਡੇ ਹੁਣ ਪੈਲੇਸ ਹੋਟਲ ਵਲ ਵਧ ਰਹੇ ਸਨ। ਫਰੈਡੀ ਕੈਥਰੀਨ ਨਾਲ ਜੁੜਿਆ ਆਪਣੀ ਦੁਨੀਆ 'ਚ ਮਸਤ ਸੀ। ਤਦੇ ਇਕ ਗੱਡੀ ਹਾਰਨ ਵਜਾਉਂਦੀ ਟ੍ਰੈਫ਼ਿਕ ਨੂੰ ਉਲੰਘ ਗਲੀ ਦੇ ਮੁਹਾਨੇ 'ਤੇ ਆਣ ਅਟਕੀ। ਇਹ ਕੋਲਿਆਂ ਦਾ ਭਰਿਆ ਠੇਲਾ ਸੀ। ਚਾਰ ਘੋੜੇ ਕੋਲਿਆਂ ਦੇ ਵੱਡੇ ਵੱਡੇ ਟੁਕੜੇ ਲੱਦੀ ਸੜਕ ਦੇ ਐਨ ਵਿਚਕਾਰ ਖੜੋ ਗਏ ਸਨ। ਗੱਡੀ ਨੇ ਆਉਣ ਜਾਣ ਦਾ ਰਸਤਾ ਡੱਕ ਲਿਆ ਸੀ। ਪੁਲਿਸ ਉਸ ਵੈਗਨ ਨੂੰ ਪਰੇ ਹਟਾਉਣ ਲਈ ਘੁਰਕਦੀ ਰਹੀ ਪਰ ਸਾਰੇ ਨੇਮਾਂ-ਕਾਨੂੰਨਾਂ ਤੋਂ ਲਾਪ੍ਰਵਾਹ ਗੱਡੀ ਉਥੋਂ ਹਿੱਲੀ ਤਕ ਨਾ। ਉਦੋਂ ਹੀ ਡਰਾਮ ਦੀਆਂ ਗੱਲਾਂ ਦਾ ਭੋਗ ਪੈ ਗਿਆ। ਉਹ ਬਾਹਰ ਨਜ਼ਾਰਾ ਦੇਖਣ ਲੱਗਾ। ਸਾਰਾ ਦ੍ਰਿਸ਼ ਛੇਤੀ ਹੀ ਬਦਲ ਗਿਆ। ਹਰ ਪਾਸੇ ਅਸਹਿਜਤਾ ਸੀ। ਪਿਛੇ ਜਲੂਸ ਦਾ ਸ਼ੋਰ ਉੱਚਾ ਹੁੰਦਾ ਜਾਂਦਾ ਸੀ। ਹੈਲਮਟ ਪਹਿਨੀ ਸਿਪਾਹੀਆਂ ਦੀ ਘੇਰਾਬੰਦੀ ਅਤੇ ਹੌਲੀ ਹੌਲੀ ਅੱਗੇ ਸਰਕਦੀਆਂ ਮੀਟ ਗੱਡੀਆਂ ਦਾ ਕਾਫ਼ਲਾ ਬੇਚੈਨ ਹੋ ਗਿਆ ਸੀ।

ਠੀਕ ਉਦੋਂ ਹੀ ਕੋਲਾ ਵੈਗਨ ਦੇ ਸਾਈਸ ਨੇ ਮੀਟ ਦੇ ਠੇਲਿਆਂ ਸਾਹਮਣੇ ਘੋੜਿਆਂ ਦੀ ਲਗਾਮ ਖਿਚ ਦਿਤੀ ਅਤੇ ਇੰਜ ਬੈਠ ਗਿਆ ਜਿਵੇਂ ਕਿਤੇ ਵੀ ਨਾ ਜਾਣਾ ਹੋਵੇ, ਫਰੈਡੀ ਦੀ ਕਾਰ ਵੀ ਰੁਕ ਗਈ। ਸ਼ੋਫ਼ਰ ਨੇ ਗੱਡੀਆਂ ਪਿੱਛੇ ਹਟਾ ਕੇ ਰਸਤਾ ਬਣਾਉਣ ਦਾ ਯਤਨ ਕੀਤਾ ਪਰ ਇਕ ਬੁੱਢੇ ਆਇਰਸ਼ ਨੇ ਅਪਾਣੀ ਬੱਘੀ ਇੰਜ ਤਿਰਛੀ ਕਰ ਦਿਤੀ ਕਿ ਡਰਾਮ ਦੀ ਕਾਰ ਦੇ ਪਹੀਏ ਬਰੇਕਾਂ ਵਾਂਗ ਉਸ ਨਾਲ ਜਾ ਲੱਗੇ। ਡਰਾਮ ਨੇ ਘੋੜੇ ਅਤੇ ਗੱਡੀ ਦੋਵੇਂ ਹੀ ਪਛਾਣ ਲਏ ਸਨ। ਇਸ ਬੱਘੀ ਨੂੰ ਤਾਂ ਉਸ ਨੇ ਖੁਦ ਚਲਾਇਆ ਹੋਇਆ ਸੀ। ਉਹ ਬੁੱਢਾ ਆਇਰਸ ਪੈਟ ਮੌਰਿਸ ਸੀ। ਕੋਲਾ ਵੈਗਨ ਵੀ ਉਸ ਨਾਲ ਜੁੜੀ ਸੀ। ਤੀਜੇ ਪਾਸਿਉਂ ਪੁਲਿਸ ਦੀ ਚੇਤਾਵਨੀ ਨੂੰ ਉਲੰਘਦੀ ਇਕ ਹੋਰ ਭਾਰ ਢੋਣ ਵਾਲੀ ਗੱਡੀ ਤੇਜ਼ੀ ਨਾਲ ਚੁਰਾਹੇ 'ਚ ਆ ਕੇ ਨਾਕਾਬੰਦੀ ਸੰਪੂਰਨ ਕਰ ਗਈ। ਵੈਗਨਾਂ ਦੀ ਉਘੜ-ਦੁਘੜ ਕਤਾਰ ਲੱਗ ਗਈ ਸੀ। ਕੁੱਝ ਸਮਝ ਨਹੀਂ ਸੀ ਆ ਰਿਹਾ ਕਿ ਕੀ ਹੋ ਰਿਹੈ? ਜਾਮ ਲੱਗ ਗਿਆ ਸੀ। ਅੱਗੇ ਵਧਣ ਦਾ ਕੋਈ ਰਸਤਾ ਨਹੀਂ ਸੀ ਬਚਿਆ। ਪੁਲਿਸ ਵੀ ਫਸ ਗਈ ਸੀ। ਪਿਛੋਂ ਜਲੂਸ ਪੈਰ ਪੈਰ ਅੱਗੇ ਵਧਦਾ ਆਉਂਦਾ ਸੀ। ਸ਼ੋਰ ਮਚਾਉਂਦੀ ਭੀੜ ਪੂਰੀ ਹਮਲਾਵਰ ਹੋਈ ਨਾਹਰੇ ਗੂੰਜਾ ਰਹੀ ਸੀ। ਪੁਲਿਸ ਨੇ ਖਿਝ 'ਚ ਆ ਕੇ ਵੈਗਨ ਡਰਾਈਵਰਾਂ ਨੂੰ ਕੁੱਟਣਾ ਮਾਰਨਾ ਸ਼ੁਰੂ ਕਰ ਦਿਤਾ।

''ਆਪਾਂ ਫਸ ਗਏ ਹਾਂ।'' ਡਰਾਮ ਨੇ ਸ਼ਾਂਤ ਸੁਰ 'ਚ ਕੈਥਰੀਨ ਨੂੰ ਆਖਿਆ। ਕੈਥਰੀਨ ਨੇ ਵੀ ਉਸੇ ਲਹਿਜੇ ਵਿਚ ਉਤਰ ਦਿਤਾ, ''ਆਹੋ, ਕਿਹੋ ਜਿਹੇ ਜਾਂਗਲੀ ਤੇ ਅਸਭਿਆ ਲੋਕ ਨੇ।'' ਫਰੇਡੀ ਡਰਾਮ ਨੂੰ ਮੰਗੇਤਰ ਦੀ ਬੋਲ ਬਾਣੀ ਪ੍ਰਸੰਨ ਕਰ ਗਈ ਸੀ। ਉਹ ਠੀਕ ਅਮੀਰ ਮਾਨਸਿਕਤਾ ਵਾਲੀ ਸੀ। ਉਸ ਨੂੰ ਉਹ ਹੋਰ ਵੀ ਭਲੀ ਲਗਦੀ, ਜੇ ਸਭ ਕੁੱਝ ਨੂੰ ਤੱਕ ਉਹ ਚੀਕ ਉਠਦੀ ਅਤੇ ਉਸ ਨਾਲ ਸੁੰਗੜ-ਸੁੰਗੜ ਚਿਪਕਦੀ। ਇਸ ਤੂਫ਼ਾਨੀ ਕੇਂਦਰ 'ਚ ਵੀ ਹੋ ਕੇ ਉਹਦਾ ਸ਼ਾਂਤ -ਸਹਿਜ ਲੱਗਣਾ ਚੰਗਾ ਚੰਗਾ ਲਗ ਰਿਹਾ ਸੀ। ਪੁਲਿਸ ਰਾਹ ਸਾਫ਼ ਕਰਾਉਣ 'ਚ ਜੁਟ ਗਈ ਸੀ। ਕੋਲਾ ਵੈਗਨ ਦਾ ਡਰਾਈਵਰ ਇਕ ਉੱਚੇ ਲੰਮੇ ਕਲਬੂਤ ਦਾ ਮਾਲਕ ਸੀ। ਉਹ ਪੂਰੀਆਂ ਬਾਹਵਾਂ ਵਾਲੀ ਕਮੀਜ਼ ਪਹਿਨੀ ਸਿਗਰਟ ਦੇ ਸੂਟੇ ਲਾਈ ਜਾਂਦਾ ਸੀ। ਪਿਛੋਂ ਚੀਕ-ਚਿਹਾੜਾ ਅਤੇ ਸਿਰਾਂ 'ਤੇ ਡੰਡੇ ਪੈਣ ਦਾ ਸ਼ੋਰ ਸੀ। ਪੁਲਿਸ ਨੇ ਭੀੜ ਨੂੰ ਪਿਛਾਂਹ ਧੱਕ ਦਿਤਾ ਸੀ ਪਰ ਸੱਜੇ ਹੱਥ ਦੀ ਇਕ ਇਮਾਰਤ ਤੋਂ ਕੁਰਸੀਆਂ ਟੋਕਰੀਆਂ, ਪੇਪਰਵੇਟ ਅਤੇ ਹੋਰ ਕੂੜ ਕਬਾੜ ਪੁਲਿਸ ਅਤੇ ਉਸ ਦੇ ਗੁਰਗਿਆਂ 'ਤੇ ਸੁਟਿਆ ਜਾਣ ਲੱਗ ਪਿਆ ਸੀ। ਅਫ਼ਸਰ ਦੇ ਹੁਕਮ ਨੂੰ ਮੰਨਦਾ ਇਕ ਪੁਲਿਸੀਆ ਕੋਇਲਾ ਵੈਗਨ ਤੇ ਡਰਾਈਵਰ ਨੂੰ ਬੰਦੀ ਬਣਾਉਣ ਲਈ ਉਪਰ ਚੜ੍ਹਿਆ ਤਾਂ ਸਾਈਸ ਨੇ ਉਸ ਨੂੰ ਕਾਬੂ ਕਰ ਪੁਲਿਸ ਅਫ਼ਸਰ ਦੇ ਉਪਰ ਵਗਾਹ ਮਾਰਿਆ। ਡਰਾਈਵਰ ਨਰੋਏ ਕੱਦ-ਕਾਠ ਦਾ ਸਿਹਤਮੰਦ ਕਾਮਾ ਸੀ। ਉਹ ਵੈਗਨ 'ਚ ਲੱਦੇ ਕੋਲਿਆਂ ਦੇ ਢੇਰ 'ਤੇ ਚੜ੍ਹ ਗਿਆ ਤੇ ਉਪਰ ਚੜ੍ਹਦੇ ਇਕ ਹੋਰ ਸਪਾਹਟੇ ਦੇ ਸਿਰ 'ਤੇ ਕੋਲੇ ਮਾਰਨ ਲੱਗਾ। ਪੁਲਿਸ ਕਪਤਾਨ ਗੁੱਸੇ 'ਚ ਝੱਗ ਸੁੱਟਣ ਲੱਗ ਪਿਆ ਸੀ।

***ਪੁਲਿਸ ਨੇ ਭੀੜ ਨੂੰ ਪਿਛਾਂਹ ਧੱਕ ਦਿਤਾ ਸੀ ਪਰ ਸੱਜੇ ਹੱਥ ਦੀ ਇਕ ਇਮਾਰਤ ਤੋਂ ਕੁਰਸੀਆਂ ਟੋਕਰੀਆਂ, ਪੇਪਰਵੇਟ ਅਤੇ ਹੋਰ ਕੂੜ ਕਬਾੜ ਪੁਲਿਸ ਅਤੇ ਉਸ ਦੇ ਗੁਰਗਿਆਂ 'ਤੇ ਸੁਟਿਆ ਜਾਣ ਲੱਗ ਪਿਆ ਸੀ। ਅਫ਼ਸਰ ਦੇ ਹੁਕਮ ਨੂੰ ਮੰਨਦਾ ਇਕ ਪੁਲਿਸੀਆ ਕੋਇਲਾ ਵੈਗਨ ਤੇ ਡਰਾਈਵਰ ਨੂੰ ਬੰਦੀ ਬਣਾਉਣ ਲਈ ਉਪਰ ਚੜ੍ਹਿਆ ਤਾਂ ਸਾਈਸ ਨੇ ਉਸ ਨੂੰ ਕਾਬੂ ਕਰ ਪੁਲਿਸ ਅਫ਼ਸਰ ਦੇ ਉਪਰ ਵਗਾਹ ਮਾਰਿਆ। ਡਰਾਈਵਰ ਨਰੋਏ ਕੱਦ-ਕਾਠ ਦਾ ਸਿਹਤਮੰਦ ਕਾਮਾ ਸੀ। ਉਹ ਵੈਗਨ 'ਚ ਲੱਦੇ ਕੋਲਿਆਂ ਦੇ ਢੇਰ 'ਤੇ ਚੜ੍ਹ ਗਿਆ ਤੇ ਉਪਰ ਚੜ੍ਹਦੇ ਇਕ ਹੋਰ ਸਪਾਹਟੇ ਦੇ ਸਿਰ 'ਤੇ ਕੋਲੇ ਮਾਰਨ ਲੱਗਾ। ਪੁਲਿਸ ਕਪਤਾਨ ਗੁੱਸੇ 'ਚ ਝੱਗ ਸੁੱਟਣ ਲੱਗ ਪਿਆ ਸੀ।***

ਕੋਈ ਵੀਹ ਕੁ ਸਿਪਾਹੀਆਂ ਨੇ ਕੋਲਾ ਗੱਡੀ ਘੇਰ ਲਈ, ਖੁਦ ਥਾਣੇਦਾਰ ਅੱਗੇ ਵੱਧ ਕੇ ਡਰਾਈਵਰ ਦੀ ਸੀਟ 'ਤੇ ਕਬਜ਼ਾ ਕਰਨ ਵਾਲਾ ਸੀ ਕਿ ਉਸ ਦੀ ਛਾਤੀ ਉਪਰ ਕੋਲੇ ਦਾ ਵੱਡਾ ਸਾਰਾ ਡਲਾ ਆਣ ਵੱਜਾ। ਉਹ ਚੱਕਰ ਖਾ ਕੇ ਹੇਠਾਂ ਆਣ ਡਿੱਗਾ ਤੇ ਡਰਾਮ ਦੀ ਕਾਰ ਦੇ ਕੋਲ ਇੰਜ ਪਸਰ ਗਿਆ ਜਿਵੇਂ ਮਰ ਗਿਆ ਹੁੰਦੈ। ਪਰ ਨਹੀਂ ਉਹ ਛੇਤੀ ਹੀ ਉਠ ਬੈਠਾ ਤੇ ਕਪੜੇ ਝਾੜਦਾ ਫਿਰ ਵੈਗਨ ਵਲ ਲਪਕਿਆ। ਕੈਥਰੀਨ ਨੇ ਉਸ ਨੂੰ ਦਿਲਚਸਪੀ ਨਾਲ ਦੇਖਿਆ। ਨਾਰ ਨੇ ਆਪਣੇ ਦਸਤਾਨੇ 'ਚੋਂ ਹੱਥ ਕੱਢ ਨੇੜੇ ਹੀ ਨਾਸਾਂ ਫੁੰਕਾਰਦੇ ਘੋੜੇ ਦੀ ਪਿੱਠ ਨੂੰ ਪੋਲਾ ਜਿਹਾ ਛੋਹਿਆ। ਆਪਣੀ ਉਤੇਜਨਾ ਸ਼ਾਂਤ ਕਰਨ ਲਈ ਸ਼ਾਇਦ ਉਹ ਘੋੜੇ ਨੂੰ ਪਲੋਸ ਗਈ ਪਰ ਫਰੈਡੀ ਨੂੰ ਇਦ੍ਹਾ ਪਤਾ ਨਾ ਲੱਗਾ ਉਸ ਦਾ ਸਾਰਾ ਧਿਆਨ ਕੋਲਾ ਵੈਗਨ ਮੱਲੀ ਬੈਠੀ ਸੀ। ਉਸ ਅੰਦਰਲਾ ਬਿੱਲ ਟਾਟਸ ਲੰਮੇ ਲੰਮੇ ਸਾਹ ਲੈਂਦਾ ਉਸਲਵੱਟੇ ਲੈਣ ਲੱਗਾ ਸੀ।

ਫਰੈਡੀ ਡਰਾਮ ਆਪਣੀ ਕਾਰ 'ਚ ਸਵੈ ਨੂੰ ਕਾਬੂ ਕਰੀ ਕੈਥਰੀਨ ਨਾਲ ਜੁੜਿਆ ਬੈਠਾ ਸੀ। ਉਹ ਹੁਣ ਬਿਲ ਟਾਟਸ ਦੀਆਂ ਨਜ਼ਰਾਂ ਰਾਹੀਂ ਬਾਹਰ ਦੀਆਂ ਮੁਠਭੇੜਾਂ ਨੂੰ ਵਾਚ ਰਿਹਾ ਸੀ। ਉਸ ਨੇ ਦੇਖਿਆ ਕਿ ਇਕ ਸਿਪਾਹੀ ਕੋਲੇ ਦੇ ਢੇਰ 'ਤੇ ਚੜ੍ਹ ਗਿਆ ਸੀ। ਦੂਜਾ ਤੇ ਤੀਜਾ ਸਪਾਹਟਾ ਵੀ ਲਟਕੇ ਹੋਏ ਆਪਣੇ ਬੈਂਤ ਹਵਾ 'ਚ ਫਟਕਾਰ ਰਹੇ ਸਨ। ਵਾਰ ਵਾਰ ਕੋਲਾ ਡਰਾਈਵਰ ਦੇ ਸਿਰ ਪੈਰ 'ਤੇ ਸੱਟਾਂ ਮਾਰਦੇ ਉਸ ਖਦੇੜਨ ਦੀ ਕੋਸ਼ਿਸ਼ ਕਰ ਰਹੇ ਸਨ। ਇਕ ਜਬਰਦਸਤ ਵਾਰ ਮਜ਼ਦੂਰ ਦੇ ਸਿਰ 'ਤੇ ਹੋਇਆ। ਇਕ ਮੋਢੇ 'ਤੇ ਡਾਂਗ ਵੱਜੀ ਤਾਂ ਉਹ ਲੜਖੜਾ ਗਿਆ। ਨਿਸ਼ਚਿਤ ਹੀ ਉਸ ਦਾ ਸੰਘਰਸ਼ ਅੰਤਮ ਪੜਾਉ 'ਤੇ ਪੁੱਜ ਚੁੱਕਾ ਸੀ। ਉਹ ਉਛਲਿਆ ਅਤੇ ਦੋਵੇਂ ਸਿਪਾਹੀਆਂ ਨੂੰ ਧੂੰਹਦਾ ਜ਼ਮੀਨ 'ਤੇ ਆਣ ਡਿੱਗਾ। ਪੁਲਿਸ ਨਾਲ ਉਸ ਵਾਹਵਾ ਹੱਥੋ-ਪਾਈ ਕੀਤੀ। ਅਜੇ ਵੀ ਉਹ ਸਿਪਾਹੀ ਨੂੰ ਆਪਣੇ ਹੇਠਾਂ ਦੱਬੀ ਪਿਆ ਸੀ। ਕੈਥਰੀਨ ਇਸ ਖ਼ੂਨੀ ਝੜਪਾਂ ਨੂੰ ਦੇਖ ਕੇ ਦਹਿਲ ਗਈ ਸੀ। ਅਜੇ ਉਹ ਆਪਣੇ ਹਵਾਸ ਦਰੁਸਤ ਕਰ ਰਹੀ ਸੀ ਕਿ ਹੋਰ ਰੌਂਗਟੇ ਖੜੇ ਕਰਾ ਦੇਣ ਵਾਲਾ ਦ੍ਰਿਸ਼ ਐਨ ਆਪਣੇ ਕੋਲ ਤੱਕਿਆ। ਉਸ ਦੀ ਬਗਲ 'ਚ ਬੈਠਾ ਉਹਦਾ ਮੰਗੇਤਰ ਚਾਣਚੱਕ ਜਾਂਗਲੀਆਂ ਵਾਂਗੂ ਕੂਕਦਾ ਆਪਣੀ ਸੀਟ ਤੋਂ ਉਛਲ ਬਾਹਰ ਪੈਰਾਂ ਭਾਰ ਖੜੋ ਗਿਆ ਸੀ। ਇਕਹਿਰੀ ਛਾਲ 'ਚ ਉਹ ਕੋਲਾ ਵੈਗਨ ਦੇ ਪਹੀਏ 'ਤੇ ਪੈਰ ਟਿਕਾ ਡਰਾਈਵਰ ਦੀ ਸੀਟ 'ਤੇ ਜਾ ਬੈਠਾ ਸੀ। ਫਰੈਡੀ ਦਾ ਇਹ ਹਮਲਾ ਤੂਫ਼ਾਨੀ ਸੀ। ਵੈਗਨ 'ਤੇ ਬੈਠੇ ਥਾਣੇਦਾਰ ਨੂੰ ਇਸ ਸਵਰਨ ਤੇ ਸਾਊ ਪੁਰਖ ਦੀ ਹਰਕਤ ਸਮਝ ਤੋਂ ਬਾਹਰ ਲੱਗੀ। ਉਸ ਦੇ ਚੇਤੰਨ ਹੋਣ ਤੋਂ ਪਹਿਲਾਂ ਹੀ ਉਸ ਦੀ ਛਾਤੀ 'ਤੇ ਤਗੜਾ ਘਸੁੰਨ ਵੱਜਾ। ਪੁਲਿਸ ਅਫ਼ਸਰ ਖ਼ੁਦ ਨੂੰ ਸੰਭਾਲ ਨਾ ਸਕਿਆ ਤੇ ਹੇਠਾਂ ਸੜਕ ਉਪਰ ਆਣ ਡਿੱਗਾ। ਉਪਰ ਚੜ੍ਹੇ ਬੈਠੇ ਇਕ ਹੋਰ ਸਿਪਾਹੀ ਦੀ ਹੋਣੀ ਵੀ ਥਾਣੇਵਾਰ ਵਾਲੀ ਹੀ ਹੋਈ। ਉਸ ਦੇ ਮੂੰਹ 'ਤੇ ਇਕ ਕਰਾਰੀ ਚਪੇੜ ਵੱਜੀ ਸੀ ਤੇ ਉਹ ਵੀ ਆਪਣੇ ਅਫ਼ਸਰ ਉਪਰ ਡਿੱਗਾ ਸੀ। ਉਸ ਨੂੰ ਕਾਬੂ ਕਰਨ ਲਈ ਪੁਲਿਸ ਦੀ ਧਾੜ ਪੈ ਗਈ। ਬਿੱਲ ਟਾਟਸ ਦਾ ਸਿਰ ਪਾਟ ਗਿਆ। ਲਹੂ ਨੇ ਉਸ ਦੀ ਸ਼ਾਨਦਾਰ ਕੋਟ, ਜੈਕਟ ਅਤੇ ਕਲਫ਼ ਲੱਗੀ ਕਮੀਜ਼ ਭਿਉਂ ਦਿਤੀ। ਬਿੱਲ ਨੇ ਖ਼ੁਦ ਨੂੰ ਸਿਪਾਹੀਆਂ ਤੋਂ ਆਜ਼ਾਦ ਹੋ ਕੇ ਉਨ੍ਹਾਂ 'ਤੇ ਕੋਲਿਆਂ ਦਾ ਮੀਂਹ ਵਰ੍ਹਾ ਦਿਤਾ। ਉਸ ਨੇ ਮੋਰਚਾ ਸੰਭਾਲ ਲਿਆ ਸੀ। ਪੁਲਿਸ ਜਲੂਸ ਨੂੰ ਉਥੋਂ ਤਕ ਪੁੱਜਣ ਤੋਂ ਪਹਿਲਾਂ ਉਸ ਦਾ ਮੋਰਚਾ ਤੋੜ ਕੇ ਰਾਹ ਖੁਲ੍ਹਵਾਉਣਾ ਚਾਹੁੰਦੀ ਸੀ। ਬਿੱਲ ਹੜਤਾਲੀ ਭੀੜ ਦੇ ਪੁੱਜਣ ਤੱਕ ਰਾਹ ਡੱਕੀ ਰੱਖਣ ਦੀ ਲੜਾਈ 'ਚ ਠਿਲ ਪਿਆ ਸੀ। ਉਸ ਦੀ ਕੋਲਾ ਲੜਾਈ ਲਗਾਤਾਰ ਜਾਰੀ ਸੀ। ਭੀੜ ਨੇ ਆਪਣੇ ਚੈਂਪੀਅਨ ਨੂੰ ਪਛਾਣ ਲਿਆ ਸੀ। ਬਿੱਲ ਟਾਟਸ ਉਨ੍ਹਾਂ ਦੇ ਸਾਹਮਣੇ ਸੀ। ਬਿੱਲ ਉਇ... ਬਿੱਲ ਸ਼ਾਬਸ਼ੇ ਦੀਆਂ ਚੰਘਿਆੜਾਂ ਨਾਲ ਮਾਹੌਲ ਗੂੰਜ ਗਿਆ ਸੀ। ਕੈਥਰੀਨ ਨੂੰ ਇਹ ਸਭ ਕੁੱਝ ਤਿਲਸਮੀ ਲੱਗ ਰਿਹਾ ਸੀ। ਬੁੱਢਾ ਪੈਟ ਮੋਰਿਸ ਆਪਣੀ ਵੈਨ ਤੋਂ ਬਿੱਲ ਨੂੰ ਪੂਰੀ ਹੱਲਾਸ਼ੇਰੀ ਦੇਈ ਜਾਂਦਾ ਸੀ।

''ਬਿੱਲ ! ਖਾ ਜਾ ਇਨ੍ਹਾਂ ਨੂੰ ਕੱਚਾ ਚਬਾ ਜਾ... ਸ਼ਾਬਾਸ਼ੇ...।''

ਤਦੇ ਇਕ ਜ਼ਨਾਨਾ ਆਵਾਜ਼ ਵੀ ਉਹਨੂੰ ਖ਼ਬਰਦਾਰ ਕਰਨ ਲੱਗ ਪਈ। 'ਅੱਗੇ ਵੱਲ ਦੇਖ ਬਿੱਲ ਸਾਵਧਾਨ...।'' ਬਿੱਲ ਨੇ ਉਸ ਦੀ ਆਵਾਜ਼ ਵਲ ਕੋਲੇ ਵਰ੍ਹਾਉਣੇ ਸ਼ੁਰੂ ਕਰ ਦਿਤੇ। ਕੈਥਰੀਨ ਨੇ ਧੌਣ ਘੁੰਮਾ ਕੇ ਸੜਕ ਕੰਢੇ ਖੜੀ ਉਸ ਮੁਟਿਆਰ ਵਲ ਦੇਖਿਆ। ਰੰਗੀਨ ਕਪੜਿਆਂ 'ਚ ਉਹ ਗਹਿਰੀਆਂ ਕਾਲੀਆਂ ਅੱਖਾਂ 'ਚ ਆਪਣੀ ਰੂਹ ਤਕ ਪਿਆਰ ਨਾਲ ਬਿੱਲ ਵਲ ਉਛਾਲ ਰਹੀ ਸੀ। ਬਿੱਲ ਜੋ ਕੁੱਝ ਦੇਰ ਪਹਿਲੋਂ ਤਕ ਉਸ ਦਾ ਫਰੈਡੀ ਡਰਾਮ ਸੀ।

ਗੱਡੀਆਂ ਦੀ ਇਕ ਭੀੜ ਉਥੇ ਪੁੱਜ ਚੁੱਕੀ ਸੀ। ਹੜਤਾਲੀ ਮਜ਼ਦੂਰ ਆਪਣਾ ਕੰਮ ਖ਼ਤਮ ਕਰ ਖਿੰਡਰ ਗਏ। ਬਿੱਲ ਟਾਟਸ ਵੈਗਨ ਤੋਂ ਛਾਲ ਮਾਰ ਹੇਠਾਂ ਉਤਰਿਆ। ਮਾਰਕੀਟ ਸਟਰੀਟ ਦੇ ਪਾਰ ਪਾੜ ਨੂੰ ਉਲੰਘ ਕੇ ਮਜ਼ਦੂਰ ਮੁਹੱਲੇ ਵੱਲ ਜੇਤੂ ਅੰਦਾਜ਼ 'ਚ ਜਾਂਦੇ ਨੂੰ ਕੈਥਰੀਨ ਵੇਖਦੀ ਰਹੀ। ਰੰਗੀਨ ਪੁਸ਼ਾਕ ਵਾਲੀ ਕਜ਼ਰਾਰੀ ਮਜ਼ਦੂਰਨ ਉਸ ਦੇ ਅੰਗ ਸੰਗ ਸੀ। ਇਸ ਹਾਦਸੇ ਤੋਂ ਬਾਅਦ ਫਰੈਡੀ ਡਰਾਮ ਦੀ ਕੋਈ ਕਿਤਾਬ ਮਾਰਕੀਟ ਵਿਚ ਨਹੀਂ ਆਈ। ਪਰ ਯੂਨੀਅਨਾਂ ਦੀ ਫੈਡਰੇਸ਼ਨ ਦਾ ਨੇਤਾ ਬਿਲ ਟਾਟਸ ਇਕ ਪਿਛੋਂ ਦੂਜੀ ਹੜਤਾਲ ਕਰਵਾਉਂਦਾ ਜ਼ਰੂਰ ਨਜ਼ਰ ਆਉਂਦਾ ਸੀ।

PASH DRIVING SCHOOL LTD.
"Learn to drive for LIFE... accident FREE with confidence"

Jas Badesha
Jas Badesha
780-908-2296
Car Available For Road Test
Lady Instructor
7 Day A Week
Free Pick Up & Drop Off
» Government Approved Insurance Reduction Course.
» Defensive Driving Course.
» Refresher Courses.
» Preparation For Class 7.
» Road Test Preparation.
» Package & Hourly Rates
pashdrivingschool@ymail.com

Shalu Badesha
780-660-3071

## ਨਵਤੇਜ ਭਾਰਤੀ ਦੀਆਂ ਆਪਣੇ ਆਪ ਨਾਲ ਗੱਲਾਂ

# ਵੱਡੇ ਕਵੀ ਕੋਲ ਹਰ ਘਟਨਾ ਦੀਵਾ ਲੈ ਕੇ ਆਉਂਦੀ ਹੈ : ਭਾਰਤੀ



**ਨਵਤੇਜ ਭਾਰਤੀ ਦਾ ਜਨਮ 5.2.1938 ਨੂੰ ਮਾਲਵੇ ਦੇ ਪ੍ਰਸਿੱਧ ਪਿੰਡ ਰੋਡੇ ਵਿਚ ਹੋਇਆ। ਮਾਤਾ ਦਾ ਨਾਮ ਸ਼ਾਮ ਕੌਰ ਤੇ ਪਿਤਾ ਦਾ ਕਿਸ਼ਨ ਸਿੰਘ । ਤੀਹ ਸਾਲ ਦੀ ਉਮਰ ਵਿਚ ਉਹ ਪੰਜਾਬ ਵਿਚੋਂ ਪ੍ਰੋਫੈਸਰੀ ਦਾ ਕਿੱਤਾ ਛੱਡਕੇ ਕੈਨੇਡਾ ਚਲਾ ਗਿਆ ਜਿਥੇ ਉਹਨੇ ਵਿਕਟੋਰੀਆ ਯੂਨੀਵਰਸਟੀ ਤੋਂ ਫਿਲਾਸਫੀ ਦੀ ਐਮ.ਏ. ਕੀਤੀ। ਅੱਜ ਕਲ ਉਹ ਅਪਣੀ ਪਤਨੀ ਸੁਰਿੰਦਰ ਕੌਰ ਨਾਲ ਟਰਾਂਟੋ ਦੇ ਨੇੜੇ ਲੰਡਨ ਵਿਚ ਰਹਿੰਦਾ ਹੈ। ਉਸਦੇ ਦੋ ਬੱਚੇ ਹਨ, ਬੇਟਾ ਸੁਬੋਧ ਟੋਰਾਂਟੋ ਅਤੇ ਬੇਟੀ ਸੁਮੀਤ ਨਿਊਯਾਰਕ ਵਿਚ ਹੈ।**

**ਕੈਨੇਡਾ ਵਿਚ ਨਵਤੇਜ ਨੇ 'ਥਰਡ ਆਈ ਪਬਲੀਕੇਸ਼ਨਜ਼' ਦੀ ਸਥਾਪਨਾ ਕੀਤੀ ਤੇ ਹੁਣ ਤੱਕ ਉਹ ਅੰਗਰੇਜ਼ੀ ਲੇਖਕਾਂ ਦੀਆਂ ਪੰਜਾਹ ਤੋਂ ਵੱਧ ਕਿਤਾਬਾਂ ਛਾਪ ਚੁੱਕਾ ਹੈ। ਲੰਡਨ(ਕੈਨੇਡਾ) ਵਿਚ ਉਹ 'ਲੰਡਨ ਸਿਟੀਜ਼ਨਜ਼ ਕਮੇਟੀ ਫਾਰ ਹਿਊਮਨ ਰਾਈਟਸ' ਦਾ ਸਥਾਪਤੀ ਪ੍ਰਧਾਨ ਵੀ ਰਿਹਾ ਹੈ।**

**1968 ਵਿਚ ਕੈਨੇਡਾ ਜਾਣ ਤੋਂ ਪਹਿਲਾਂ ਉਹਨੇ ਅਪਣਾ ਕਾਵਿ ਸੰਗ੍ਰਹਿ 'ਸਿੰਬਲ ਦੇ ਫੁੱਲ' ਛਪਵਾਇਆ ਸੀ। ਫੇਰ ਇਕੱਤੀ ਸਾਲ ਦੇ ਵਕਫ਼ੇ ਪਿੱਛੋਂ 1999 ਵਿਚ ਅਪਣੇ ਛੋਟੇ ਭਾਈ ਅਜਮੇਰ ਰੋਡੇ ਨਾਲ ਮਿਲਕੇ 'ਲੀਲਾ' ਨਾਮ ਦੀ ਵੱਡ ਆਕਾਰੀ ਕਾਵਿ ਪੁਸਤਕ ਪਾਠਕਾਂ ਨੂੰ ਦਿੱਤੀ।**

**ਨਵਤੇਜ ਨੂੰ ਭਾਸ਼ਾ ਵਿਭਾਗ ਪੰਜਾਬ ਨੇ ਸ਼੍ਰੋਮਣੀ ਸਾਹਿਤਕਾਰ (ਬਦੇਸ਼ੀ) ਮੰਨ ਕੇ ਸਤਿਕਾਰਿਆ ਹੈ। ਬਚਪਨ ਤੋਂ ਹੀ ਉਹ ਦਾਰਸ਼ਨਕ ਰੁਚੀਆਂ ਦਾ ਰਿਹਾ ਹੈ, ਇਸੇ ਲਈ ਕਦੇ ਕਵਿਤਾ ਤੋਂ ਕਿਨਾਰਾ ਕਰਨ ਦੀ ਵੀ ਸੋਚਦਾ ਰਿਹਾ। ਪਰ ਕਵਿਤਾ ਹੀ ਸੀ ਜਿਸ ਨੇ ਉਸਨੂੰ ਨਾ ਤਿਆਗਿਆ।**

***? ਕੁਝ ਦੇਰ ਪਹਿਲਾਂ ਤੇਰੀ ਕਵਿਤਾ "ਜਦੋਂ ਤੋਂ ਮੈਂ ਮੌਤ ਵੇਖੀ ਹੈ" ਲੀਲ੍ਹਾ ਚੋਂ ਪੜ੍ਹੀ ਸੀ। ਲੱਗਾ ਜਿਵੇਂ ਤੇਰਾ ਨਿੱਜੀ ਅਨੁਭਵ ਹੋਵੇ। ਕੀ ਤੂੰ ਮੌਤ ਵੇਖੀ ਹੈ?***

- ਨਹੀਂ। ਓਵੇਂ ਨਹੀਂ, ਜਿਵੇਂ ਅਸੀਂ ਜੁੱਤੀ, ਬਿਰਖ ਜਾਂ ਪੰਛੀ ਵੇਖਦੇ ਹਾਂ। ਇਹ ਓਵੇਂ ਦਿਸਦੀ ਵੀ ਨਹੀਂ, ਕਿਉਂਕਿ ਇਹ ਜੁੱਤੀ, ਬਿਰਖ ਤੇ ਪੰਛੀ ਵਾਕੂੰ ਹੈ ਨਹੀਂ। ਹੋ ਵੀ ਨਹੀਂ ਸਕਦੀ। ਜੋ ਹੋ ਸਕਦੀ ਹੈ, ਉਹ ਮਿਰਤੂ ਨਹੀਂ।

***? ਇਹ ਉਤਰ ਫ਼ਲਸਫ਼ੀ ਦਾ ਹੈ। ਪ੍ਰਸ਼ਨ ਕਵੀ ਨੂੰ ਕੀਤਾ ਸੀ?***

- ਕਵਿਤਾ ਉਤਰ ਨਹੀਂ ਦਿੰਦੀ। ਪ੍ਰਸ਼ਨ ਨੂੰ ਹੀ ਪ੍ਰਕਾਸ਼ਦੀ ਹੈ। ਉਤਰ ਵਾਸਤੇ ਫ਼ਲਸਫ਼ੇ ਤੇ ਵਿਗਿਆਨ ਦੀ ਸ਼ਰਣ ਲੈਂਣੀ ਪੈਂਦੀ ਹੈ। ਮਿਰਤੂ ਅੰਤ ਦਾ ਨਾਂ ਹੈ, ਪ੍ਰਸ਼ਨ ਤੇ ਉੱਤਰ ਦੋਹਾਂ ਦੇ ਅੰਤ ਦਾ। ਕਵਿਤਾ ਵਿਚ ਵੀ ਪ੍ਰਸ਼ਨੋਤਰੀ ਦਾ ਅੰਤ ਹੋ ਜਾਂਦਾ ਹੈ। ਚੀਜ਼ਾਂ ਦਾ ਰਹੱਸ ਰਹਿ ਜਾਂਦਾ ਹੈ। ਮਿਰਤੂ ਨਾਂਹ ਦਾ ਰਹੱਸ ਹੈ, ਕਵਿਤਾ ਹਾਂ ਦਾ। ਕਵੀ ਹਾਂ ਤੇ ਨਾਂਹ ਨੂੰ ਆਪਸ ਵਿਚ ਪਲਟ ਦਿੰਦਾ ਹੈ।

***? ਕਿਵੇ ਪਲਟ ਦਿੰਦਾ ਹੈ, ਇਹ ਤਾਂ 'ਪਰਮਾਤਮਾ' ਦਾ ਕਰਮ ਲਗਦਾ ਹੈ?***

- ਚੇਤਨਾ (ਪਰਮਾਤਮਾ) ਏਸੇ ਸੰਭਾਵਨਾ ਦਾ ਨਾਂ ਹੈ। ਨਿਰਗੁਣ ਤੋਂ ਸਰਗੁਣ ਤੇ ਸਰਗੁਣ ਤੋਂ ਨਿਰਗੁਣ ਹੋਣਾ। ਇਹ ਕਿਵੇ ਹੁੰਦਾ ਹੈ? ਕਿਸੇ ਨੂੰ ਪਤਾ ਨਹੀਂ। ਕਵਿਤਾ ਵਿਚ ਇਹ ਕਰਮ ਕਲਪਣਾ ਕਰਦੀ ਹੈ। ਏਸੇ ਕਰਕੇ ਕਲਪਣਾ ਮੈਨੂੰ ਰੱਬੀ ਗੁਣ ਲਗਦਾ ਹੈ। ਇਹਦੇ ਕਰਕੇ ਹੀ ਮੈਨੂੰ ਹਰ ਕਿਰਿਆ ਕ੍ਰਿਸ਼ਮਾ ਲਗਦੀ ਹੈ: ਜੁੱਤੀ ਪਾਉਣਾ, ਹੱਸਣਾ, ਰੋਣਾ, ਝੂਠ ਬੋਲਣਾ।

***? ਹਰ ਕਿਰਿਆ ਕ੍ਰਿਸ਼ਮਾ ਹੈ ਤਾਂ ਕੋਈ ਕਿਰਿਆ ਕ੍ਰਿਸ਼ਮਾ ਨਹੀਂ। ਕੁਦਰਤ ਦੇ ਨੇਮਾਂ ਦੀ ਉਲੰਘਣਾ ਵੀ। ਜੇ ਕ੍ਰਿਸ਼ਮਾ ਨਹੀਂ ਤਾਂ ਮਨੁੱਖ ਕੋਲ ਰਬ ਜਿੱਡਾ ਬਣਨ ਦਾ ਮੌਕਾ ਨਹੀਂ ਰਹਿੰਦਾ?***

- ਇਹ ਸਹੀ ਹੈ ਕਿ ਤੁਸੀਂ ਰੱਬ ਨਹੀਂ ਬਣ ਸਕਦੇ। ਕਿਉਂਕਿ ਬਣਨ ਦੀ ਲੋੜ ਹੀ ਨਹੀਂ ਰਹਿੰਦੀ। ਪਤਾ ਲੱਗ ਜਾਂਦਾ ਹੈ ਕਿ ਤੁਸੀਂ ਆਪ ਹੀ ਰੱਬ ਹੋ। ਤੁਸੀਂ ਕੁਦਰਤ ਦੇ ਨੇਮ ਉਲੰਘਦੇ ਨਹੀਂ ਕਿਉਂਕਿ ਉਹ ਤੁਹਾਨੂੰ ਹੋਣ ਦਿੰਦੇ ਹਨ। ਸਭ ਤੋਂ ਵੱਡਾ ਕ੍ਰਿਸ਼ਮਾ ਕ੍ਰਿਸ਼ਮੇ ਦਾ ਫ਼ਨਾਹ ਹੋਣਾ ਹੈ। ਜਾਂ ਇਸ ਮਹਾਂ ਸੂਨਯ ਵਿਚ ਹੋਣਾ ਹੈ।

***? ਗਿਆਨੀ ਹਰੀ ਸਿੰਘ ਕੌਣ ਸੀ? ਤੇਰੇ ਚਰਿੱਤਰ ਵਿਚ ਉਹ ਕਿੰਨਾਂ ਕੁ ਹੈ?***

- ਗਿਆਨੀ ਹਰੀ ਸਿੰਘ ਨੂੰ ਵੇਖਣ ਵਿਚ ਮੈਨੂੰ ਸੱਠ ਸਾਲ ਲੱਗ ਗਏ ਹਨ। ਉਹ ਅਜੇ ਵੀ ਅਣਵੇਖਿਆ ਲਗਦਾ ਹੈ। ਸ਼ਾਇਦ ਗਹੁ ਨਾ਼ਲ ਅਸੀਂ ਉਸੇ ਨੂੰ ਵੇਖਦੇ ਹਾਂ, ਜਿਹੜਾ ਸਾਡੇ ਵੱਲ ਵੇਖਦਾ ਹੈ। ਗਿਆਨੀ ਹਰੀ ਸਿੰਘ ਇਹ ਨਹੀਂ ਸੀ ਕਰ ਸਕਦਾ। ਉਹ ਅੰਨ੍ਹਾ ਸੀ। ਉਹਦੇ ਨਾ਼ਲ ਇਹ ਭਾਣਾ ਦੋ ਸਾਲ ਦੀ ਉਮਰ ਵਿਚ ਵਰਤ ਗਿਆ ਸੀ। ਪਰ ਅੱਖਾਂ ਬੰਦ ਹੋਣ ਨਾ਼ਲ ਵੇਖਣਾ ਬੰਦ ਨਹੀਂ ਹੁੰਦਾ। ਉਹੀ ਚੀਜ਼ਾਂ ਉਵੇਂ ਵੇਖ ਵੇਖ ਕੇ ਵੀ ਅੱਖਾਂ ਬੰਦ ਹੋ ਜਾਂਦੀਆਂ ਹਨ। ਗਿਆਨੀ ਜੀ ਨੇ ਉਹ ਵੇਖਿਆ ਜੋ ਸਦੀਆਂ ਤੋਂ ਪਿੰਡ ਦੇ ਲੋਕਾਂ ਨੇ ਨਹੀਂ ਵੇਖਿਆ ਸੀ ਤੇ ਨਾ ਵੇਖਣ ਲਈ ਤਿਆਰ ਸਨ। ਉਹਨੇ ਅਪਣੇ ਹਿੱਸੇ ਆਉਂਦੀ ਜ਼ਮੀਨ ਵਿਚ ਕੁੜੀਆਂ ਦਾ ਸਕੂਲ ਖੋਲ੍ਹ ਦਿੱਤਾ। ਇਹ ਗੱਲ ਹੁਣ ਭਾਵੇਂ ਸਾਧਾਰਣ ਲੱਗੇ ਓਦੋਂ ਨਹੀਂ ਸੀ। ਬਿਜਲੀ ਲਿਸ਼ਕਣ ਵਰਗੀ ਸੀ। ਬਿਜਲੀ ਦਾ ਲਿਸ਼ਕਣਾ ਵੀ ਅਲੋਕਾਰ ਨਹੀਂ, ਅਲੋਕਾਰ ਉਹਨੂੰ ਫੜਨ ਵਿਚ ਹੈ। ਗਿਆਨੀ ਜੀ ਨੇ ਉਹ ਓਨਾਂ ਚਿਰ ਫੜੀ ਰੱਖੀ, ਜਿੰਨਾਂ ਚਿਰ ਉਹਦੀ ਲਿਸ਼ਕ ਸਥੂਲ ਚਾਨਣ ਨਹੀਂ ਬਣ ਗਈ। ਸੰਨ 1962 ਵਿਚ ਬਿਜਲੀ ਅਲੋਪ ਹੋ ਗਈ, ਪਰ ਚਾਨਣ ਪਿੱਛੇ ਛੱਡ ਗਈ।

ਸਕੂਲ ਗਿਆਨੀ ਜੀ ਦਾ ਗੁਰਦੁਆਰਾ ਸੀ ਤੇ ਸਕੂਲ ਦਾ ਕੰਮ ਉਨ੍ਹਾਂ ਦੀ ਕਾਰਸੇਵਾ। ਦੱਸਿਆਂ ਇਹ ਅੱਤਕਥਨੀ ਲੱਗੇਗੀ ਕਿ ਸਕੂਲ ਦੇ ਦੋਨਾਂ ਕਮਰਿਆਂ ਨੂੰ ਲੱਗਣ ਵਾਲੀ ਹਰ ਇੱਟ ਨੂੰ ਉਹ ਟੋਹ ਕੇ ਵੇਖਦੇ ਸਨ। ਕੋਈ ਕੰਧ ਕੌ਼ਲਾ, ਬਾਰੀ ਅਲਮਾਰੀ, ਦਰ ਦੇਹਲੀ ਐਸੀ ਨਹੀਂ ਸੀ, ਜਿਸ 'ਤੇ ਉਹਨੇ ਹੱਥ ਨਹੀਂ ਫੇਰਿਆ ਸੀ। ਰਾਜਾਂ ਨੂੰ ਉਹ ਦੱਸ ਦਿੰਦਾ ਸੀ, ਕਿੱਥੇ ਵਿੰਗ ਹੈ, ਕਿੱਥੇ ਟੋਆ ਤੇ ਕਿੱਥੇ ਪਲੱਸਤਰ ਘਟ ਲੱਗਾ ਹੈ। ਅੱਖਾਂ ਵਾ਼ਲਿਆਂ ਨੂੰ ਸਕੂਲ ਦੇ ਕਮਰੇ, ਕਮਰੇ ਦੀਹਦੇ ਸਨ; ਗਿਆਨੀ ਜੀ ਨੂੰ ਉਹ ਸ਼ੁਧ ਸਿਰਜਣਾ। ਉਹ ਉਨ੍ਹਾਂ ਦੀ ਸ਼ਕਲ ਨੂੰ ਨਹੀਂ, ਹੋਂਦ ਨੂੰ ਹੱਥ ਲਾਉਂਦੇ ਸਨ।

ਪਰ ਲੋਕ ਕੁੜੀਆਂ ਪੜ੍ਹਾਉਣ ਲਈ ਰਾਜ਼ੀ ਨਹੀਂ ਸਨ। 90 ਸਾਲ ਦੀ ਸਾਡੀ ਮਾਸੀ ਨਿਧ ਕੌਰ ਕਹਿੰਦੀ ਹੈ - "ਓਦੋਂ ਲੋਕ ਸਮਝਦੇ ਸਨ, ਪੜ੍ਹ ਕੇ ਕੁੜੀਆਂ ਘਰੋਂ ਨਿਕ਼ਲ ਜਾਂਦੀਐਂ।" ਇਸਤਰੀ ਦੋ ਵਾਰ ਹੀ ਘਰੋਂ ਨਿਕ਼ਲਦੀ ਸੀ, ਪਹਿਲੀ ਵਾਰ ਡੋਲੀ ਵਿਚ, ਦੂਜੀ ਵਾਰ ਖੱਫਣ ਵਿਚ। ਡੋਲੀ ਵਿਚ ਵੀ ਘਰੋਂ ਨਿਕ਼ਲਦੀ ਨਹੀਂ ਸੀ, ਘਰ ਬਦਲਦੀ ਸੀ। ਘਰ, ਇਸਤਰੀ ਦੁਆਲੇ ਚਮੜੀ ਵਾਕੂੰ ਚੰਬੜਿਆ ਹੋਇਆ ਹੈ। ਸਰੀਰ ਦੀ ਚਮੜੀ ਉਮਰ ਨਾ਼ਲ ਹੱਡਾਂ ਤੋਂ ਢਿਲਕ ਜਾਂਦੀ ਹੈ, ਚਿਤਾ ਵਿਚ ਸੜ ਜਾਂਦੀ ਹੈ। ਘਰ ਦੀ ਚਮੜੀ ਸਦੀਆਂ ਲੰਘਣ ਨਾ਼ਲ ਵੀ ਨਹੀਂ ਢਿਲਕਦੀ।

ਤਾਪ ਚੜ੍ਹੇ ਮੈਂ ਕੁਨੀਨ ਦੀ ਗੋ਼ਲੀ ਗੁੜ ਵਿਚ ਲਪੇਟ ਕੇ ਲੰਘਾਉਂਦਾ ਹੁੰਦਾ ਸੀ। ਗਿਆਨੀ ਜੀ ਨੇ ਇਸਤਰੀ ਵਿਦਿਆ ਦੇ ਵਿਚਾਰ ਨੂੰ ਧਰਮ ਵਿਚ ਲਪੇਟ ਦਿੱਤਾ। ਇਉਂ ਇਹ ਵਿਚਾਰ ਔਖਾ ਸੌਖਾ ਲੋਕਾਂ ਦੇ ਸੰਘ ਹੇਠੋਂ ਹੋ ਗਿਆ। ਗਿਆਨੀ ਜੀ ਆਪ ਆਪ ਰੋਮ-ਰੋਮ ਧਾਰਮਕ ਸਨ। ਸਰਬੱਤ ਦਾ ਭਲਾ ਚਿਤਵਦੇ, ਗੁਰੂ ਦੀ ਹਜ਼ੂਰੀ ਵਿਚ ਰਹਿੰਦੇ। ਕੁੜੀਆਂ ਦੀ ਪੜ੍ਹਾਈ ਨੂੰ ਉਹ ਗੁਰੂ ਦੀ ਦਿੱਤੀ ਹੋਈ ਕਾਰ ਸਮਝਦੇ ਸਨ। ਇਹੀ ਉਨ੍ਹਾਂ ਦਾ ਸਿਮਰਨ ਸੀ।

***? ਤੇਰੇ ਬਚਪਨ ਦੇ ਸ਼ਬਦਕੋਸ਼ ਵਿਚ ਦੋ ਹੀ ਸ਼ਬਦ ਕਿਉਂ ਹਨ?***

- ਸ਼ਾਇਦ ਹੋਰ ਵੀ ਹੋਣਗੇ ਪਰ ਹੁਣ ਉਹ ਯਾਦ ਨਹੀਂ ਰਹੇ। ਫੇਰ ਵੀ ਬਹੁਤੇ ਨਹੀਂ ਹੋਣੇ। ਜਿਵੇਂ ਮੈਂ ਪਹਿਲਾਂ ਆਖਿਆ ਹੈ, ਮੈਨੂੰ ਮੇਰਾ ਪੂਰਾ ਬਚਪਨ ਨਹੀਂ ਮਿ਼ਲਿਆ। ਜਦੋਂ ਗਿਆਨੀ ਜੀ ਦੀ ਸੰਗਤ 'ਚੋਂ ਅੱਖ ਬਚਾ ਕੇ ਖਿਸਕਦਾ ਸੀ, ਤਾਂ ਬਾਹਰ ਖੜ੍ਹੇ ਬਚਪਨ ਵਿਚ ਵੜ ਜਾਂਦਾ ਸੀ। ਜਿੰਨਾ ਕੁ ਮਿ਼ਲਦਾ ਸੀ ਓਨਾ ਹੀ ਸਹੀ। ਨਰਸੁਰਤੀ ਵਿਚੋਂ ਨਿਕਲ ਕੇ ਪਲ ਭਰ ਦੀ ਖਰਮਸਤੀ ਵੀ ਗ਼ਨੀਮਤ ਲਗਦੀ ਸੀ। ਕਬੀਰ ਜੀ ਕਹਿੰਦੇ ਹਨ - ਭਗਤਾਂ ਨਾ਼ਲ ਗੋਸ਼ਟੀ ਕਰਨ ਲਈ ਭਾਵੇਂ ਇਕ ਘੜੀ ਮਿ਼ਲੇ, ਭਾਵੇਂ ਅੱਧੀ ਜਾਂ ਅੱਧੀ ਤੋਂ ਵੀ ਅੱਧੀ , ਲਾਭ ਹੀ ਲਾਭ ਹੈ। ਮੈਂ ਵੀ ਇਸ ਤੁਕ ਦੇ ਏਹੀ ਅਰਥ ਕਰਦਾ ਸੀ, ਬਸ 'ਭਗਤਾਂ ਦੀ ਗੋਸ਼ਟੀ' ਵਾ਼ਲੇ ਦੋ ਸ਼ਬਦ ਬਦਲ ਦਿੰਦਾ ਸੀ। ਗਿਆਨੀ ਜੀ ਨੇ ਮੈਥੋਂ ਗੁਰਦੀਖਸ਼ਾ ਪੇਸ਼ਗੀ ਲੈ ਲਈ ਸੀ। ਉਹ ਦੀਖਸ਼ਾ ਮੇਰੀਆਂ ਅੱਖਾਂ ਸਨ। ਘਰ ਦੀ ਦੇਹਲੀ ਲੰਘੇ, ਤਾਂ ਉਨ੍ਹਾਂ ਨੂੰ ਦਿਸਣ ਲੱਗ ਪਿਆ ਤੇ ਮੈਨੂੰ ਜਿਵੇਂ ਪਹਿਲਾਂ ਦਿਸਦਾ ਸੀ ਉਹ ਬੰਦ ਹੋ ਗਿਆ।

***? ਤੈਨੂੰ ਯਾਦ ਹੈ ਅਪਣੀਆਂ ਅੱਖਾਂ ਗਿਆਨੀ ਜੀ ਨੂੰ ਦੇ ਕੇ ਤੂੰ ਪਹਿਲੀ ਵਾਰ ਕਿਵੇਂ ਤੁਰਿਆ?***

- ਹਾਂ, ਇੰਨਬਿੰਨ ਯਾਦ ਹੈ। ਮੈਂ ਉਨ੍ਹਾਂ ਦੀ ਟੋਹਣੀ ਅਗਲੇ ਸਿਰੇ ਤੋਂ ਫੜੀ, ਪੈਰ ਚੁੱਕਿਆ, ਟੋਹਣੀ ਦਾ ਹੁੱਝਕਾ ਵੱਜਿਆ, ਪਿੱਛੋਂ ਆਵਾਜ਼ ਆਈ, 'ਸੰਭ਼ਲ ਕੇ'। ਦੂਜੀ ਵਾਰ ਵੀ ਓਵੇਂ ਹੋਇਆ। ਤੀਜੀ ਵਾਰ ਮੈਂ ਸੰਭ਼ਲ ਗਿਆ। ਪੈਰ ਧਰਤੀ 'ਤੇ ਟਿਕਿਆ, ਤਾਂ ਉਸ ਵਿਚ 'ਛੜੱਪਾ' ਜੰਮ ਚੁਕਾ ਸੀ। ਛੜੱਪੇ ਮਾਰਨ ਵਾਲੀ ਜੂਹ ਪਿੱਛੇ ਰਹਿ ਗਈ ਸੀ, ਟੋਹ ਕੇ ਤੁਰਨ ਵਾ਼ਲੀ ਧਰਤੀ ਸ਼ੁਰੂ ਹੋ ਗਈ ਸੀ। ਬਾਵਨ ਅਵਤਾਰ ਹੁੰਦਾ, ਤਾਂ ਮੈਂ ਤੀਜਾ ਕਦਮ ਆਕਾਸ਼ ਵਿਚ ਰੋਕ ਲੈਂਦਾ।

ਤੀਜੇ ਕਦਮ ਨਾ਼ਲ ਮੈਂ ਭਵੰਤਰ ਗਿਆ। ਮੈਨੂੰ ਧਰਤੀ ਨੂੰ ਟੋਹਣਾ ਨਹੀਂ ਆਉਂਦਾ ਸੀ। ਅੱਖਾਂ ਨੂੰ ਅੰਨ੍ਹਾ ਕਰਨਾ ਸੌਖਾ ਹੈ। ਅੱਖਾਂ ਮੀਚਣੀਆਂ ਹੀ ਹਨ ਜਾਂ ਉਨ੍ਹਾਂ 'ਤੇ ਪੱਟੀ ਬੰਨ੍ਹਣੀ ਹੈ। ਅੰਨ੍ਹਾ ਝੋਟਾ ਖੇਡ ਖੇਡਣ ਵੇਲੇ ਇਉਂ ਹੀ ਕਰਦੇ ਹੁੰਦੇ ਸੀ। ਪਰ ਪੈਰ ਕਿਵੇਂ ਅੰਨ੍ਹੇ ਹੁੰਦੇ ਹਨ, ਮੈਨੂੰ ਉੱਕਾ ਪਤਾ ਨਹੀਂ ਸੀ। ਮੈਨੂੰ ਉਸ ਦਿਨ ਮਹਿਸੂਸ ਹੋਇਆ ਕੋਈ ਅੰਨ੍ਹਾ ਕਿੰਨਾ ਅੰਨ੍ਹਾ ਹੁੰਦਾ ਹੈ। ਉਹਨੂੰ ਹਰ ਕਦਮ 'ਤੇ ਵਿਸ਼ਵਾਸ ਕਰਨਾ ਪੈਂਦਾ ਹੈ ਕਿ ਅੱਗੇ ਧਰਤੀ ਹੈ। ਇਹ ਪੰਕਤੀਆਂ ਕੁਝ ਏਹੋ ਜਿਹੇ ਅਨੁਭਵ ਵਿਚੋਂ ਹੀ ਉਪਜੀਆਂ ਜਾਪਦੀਆਂ ਹਨ:

ਜੇ ਮੈਨੂੰ ਵਿਸ਼ਵਾਸ ਹੋਵੇ
ਅੱਗੇ ਧਰਤੀ ਨਹੀਂ ਹੈ
ਮੈਂ ਤੁਰਾਂ ਹੀ ਨਾਂਹ
ਮੈਂ ਧਰਤੀ 'ਤੇ ਨਹੀਂ
ਵਿਸ਼ਵਾਸ 'ਤੇ ਤੁਰਦਾ ਹਾਂ
ਕਦਮ ਰੱਖਣ ਵੇਲੇ
ਧਰਤੀ ਵਿਛਾਉਂਦਾ ਹਾਂ
ਚੁਕਣ ਵੇਲੇ
ਵਲ੍ਹੇਟ ਲੈਂਦਾ ਹਾਂ

ਮੈ ਹੁਣ ਗਿਆਨੀ ਜੀ ਲਈ ਵੇਖਣਾ ਵੀ ਸੀ। ਇਹ ਕੰਮ ਤੁਰਨ ਨਾ਼ਲੋਂ ਗੁੰਝ਼ਲਦਾਰ ਸੀ। ਗਿਆਨੀ ਜੀ ਮੇਰੀਆ ਅੱਖਾਂ ਨੂੰ ਮੇਰੇ ਪੈਰਾਂ ਵਾਕੂੰ ਟੋਹਣੀ ਨਾ਼ਲ ਬੰਨ੍ਹ ਨਹੀਂ ਸਕਦੇ ਸਨ। ਮੈਨੂੰ ਪਤਾ ਨਹੀਂ ਸੀ ਉਨ੍ਹਾਂ ਵਾਕੂੰ ਕਿਵੇਂ ਵੇਖਣਾ ਹੈ। ਮੈ ਰਾਹ ਵਿਚ ਉਡਦੇ ਪਤੰਗ ਵੇਖਣ ਲਗ ਗਿਆ ਤੇ ਗਿਆਨੀ ਜੀ ਨੂੰ ਟੋਭੇ ਵਲ ਲੈ ਤੁਰਿਆ। ਅੱਗੇ ਵਾਕੂੰ ਉਹਨਾਂ ਦੀ ਆਵਾਜ਼ ਆਈ, "ਕਾਕਾ, ਸਿੱਧਾ ਵੇਖ।" ਹੌ਼ਲੀ ਹੌ਼ਲੀ ਮੈਨੂੰ ਪਤਾ ਲਗ ਗਿਆ ਕਿ ਗਿਆਨ ਜੀ ਹੀ ਨਹੀਂ ਸਾਰੇ ਸਿਆਣੇ ਸਿੱਧਾ ਤੁਰਦੇ ਹਨ ਤੇ ਸਿੱਧਾ ਵੇਖਦੇ ਹਨ। ਉਹ ਆਸਮਾਨ ਵਿਚ ਉਡਦੇ ਪਤੰਗ ਨਹੀਂ ਵੇਖਦੇ; ਨਾ ਪਾਸੇ ਹੋ ਰਿਹਾ ਬਾਂਦਰ ਬਾਂਦਰੀ ਦਾ ਤਮਾਸ਼ਾ।

ਮੈਂ ਹਮੇਸ਼ਾਂ ਨਾ ਸਿੱਧਾ ਤੁਰ ਸਕਦਾ ਸੀ ਨਾ ਸਿੱਧਾ ਵੇਖ ਸਕਦਾ ਸੀ। ਅੱਕ ਜਾਂਦਾ ਸੀ ਤੇ ਜਦੋਂ ਦਾਅ ਲਗਦਾ ਸੀ ਧੁਰਲੀ ਮਾਰ ਜਾਂਦਾ ਸੀ। ਅਲਕ ਵਛੇਰੇ ਵਾਕੂੰ ਕੰਨ੍ਹਾ ਨਹੀਂ ਪੈਣ ਦਿੰਦਾ ਸੀ। ਗਿਆਨੀ ਜੀ ਸਮਝਾਉਂਦੇ ਸਿੱਧੇ ਰਾਹ ਘਰ ਛੇਤੀ ਆਉਂਦਾ ਹੈ; ਸਿੱਧਾ ਵੇਖਣ ਨਾ਼ਲ ਗਿਆਨ ਛੇਤੀ ਮਿ਼ਲਦਾ ਹੈ। ਦ੍ਰਿਸ਼ਟਾਂਤ ਦਿੰਦੇ - ਰਾਜੇ ਜਨਕ ਨੇ ਸੁਕਦੇਵ ਨੂੰ ਤੇਲ ਦੀ ਨੱਕੋ ਨੱਕ ਭਰੀ ਥਾ਼ਲੀ ਦੇ ਕੇ ਕਿਹਾ ਕਿ ਜਨਕ ਪੁਰੀ ਦਾ ਗੇੜਾ ਕੱਢ ਕੇ ਆਵੇ ਤੇ ਆਪ ਰਸਤੇ ਤੇ ਥਾਂ ਥਾਂ ਭਾਂਤ ਭਾਂਤ ਦੇ ਰੰਗ ਤਮਾਸ਼ੇ ਲੁਆ ਦਿੱਤੇ। ਸੁਕਦੇਵ ਪਰਤਿਆ, ਤਾਂ ਜਨਕ ਨੇ ਪੁੱਛਿਆ, "ਰਾਹ ਵਿਚ ਕੀ ਕੁਝ ਵੇਖਿਆ?" "ਕੁਝ ਨਹੀਂ, ਕੁਝ ਹੈ ਹੀ ਨਹੀਂ ਸੀ ਵੇਖਣ ਵਾ਼ਲਾ।" ਜਨਕ ਨੇ ਸੁਕਦੇਵ ਨੂੰ ਗਿਆਨ ਦੇ ਦਿੱਤਾ। ਹੌ਼ਲੀ-ਹੌ਼ਲੀ ਮੈਨੂੰ ਵੀ ਉਡਦੇ ਪਤੰਗ ਦਿਸਣੋਂ ਹਟ ਗਏ। ਸਿੱਧਾ ਵੇਖਣ ਦੀ ਤੇ ਤੁਰਨ ਦੀ ਆਦਤ ਪੈ ਗਈ।

***? ਤੂੰ ਬਚਪਨ ਨੂੰ ਕਿਉਂ ਤਲਾਸ਼ਦਾ ਹੈਂ?***

- ਹਰ ਚੀਜ਼ ਦਾ ਵੇਲਾ ਹੁੰਦਾ ਹੈ: ਗੁੱਲੀ ਡੰਡਾ ਖੇਡਣ ਦਾ, ਪੰਜਗੂੰਥੀ ਪੜ੍ਹਨ ਦਾ, ਬੇਰੀਆਂ ਨੂੰ ਬੇਰ ਲੱਗਣ ਦਾ, ਬੇਰ ਤੋੜਨ ਦਾ। ਨਾਨਕ ਗੁਰੂ ਜੀ ਤਾਂ ਕਹਿੰਦੇ ਹਨ ਸੱਚ ਕੀ ਵੀ ਬੇਲਾ ਹੁੰਦੀ ਹੈ। ਅੰਜੀਲ ਵਿਚ ਵੀ ਲਿਖਿਆ ਹੈ - ਫ਼ੌਰ ਐਵਰੀ ਥਿੰਗ ਦਿਅਰ ਇਜ਼ ਟਾਈਮ...। ਬੁਧ ਧਰਮ ਤਾਂ ਹੈ ਹੀ ਹਾਜ਼ਿਰੀ ਦਾ ਧਰਮ। ਵੇਲੇ ਦੇ ਹਰ ਛਿਣ ਵਿਚ ਹਾਜ਼ਿਰ ਰਹਿਣ ਦਾ ਧਰਮ।

***? ਫੇਰ ਤੂੰ ਅਪਣੇ ਬਚਪਨ ਦੀ ਤਲਾਸ਼ ਕਿਵੇਂ ਕਰ ਸਕਦਾ ਹੈਂ? ਜੇ ਹਰ ਚੀਜ਼ ਦਾ ਵੇਲਾ ਹੁੰਦਾ ਹੈ, ਤਾਂ ਉਹਦਾ ਵੇਲਾ ਲੰਘ ਗਿਆ ਹੈ। ਤੇ ਜੇ ਵੇਲਾ ਹਾਜ਼ਿਰ ਹੋਣ ਜਾਂ ਰਹਿਣ ਦਾ ਨਾਂ ਹੈ ਤਾਂ ਉਹਦੀ ਤਲਾਸ਼ ਕਿਵੇਂ ਹੋ ਸਕਦੀ ਹੈ। ਤੁਸੀਂ ਜਾਂ ਹਾਜ਼ਿਰ ਹੋ ਜਾਂ ਨਹੀਂ। ਤੁਸੀਂ ਅਪਣੇ ਹਾਜ਼ਿਰ ਜਾਂ ਗੈਰਹਾਜ਼ਿਰ ਹੋਣ ਦੀ ਕਿਵੇਂ ਤਲਾਸ਼ ਕਰ ਸਕਦੇ ਹੋ?***

- ਮੇਰੇ ਕੋਲ ਇਨ੍ਹਾਂ ਗੱਲਾਂ ਦਾ ਕੋਈ ਉਤਰ ਨਹੀਂ ਹੈ। ਸ਼ਾਇਦ ਅੰਦਰੋ ਅੰਦਰ ਮੈਂ ਉਤਰ ਲੱਭਣਾ ਹੀ ਨਹੀਂ ਚਾਹੁੰਦਾ। ਤਲਾਸ਼ ਵਿਚ ਹੀ ਰਹਿਣਾ ਚਾਹੁੰਦਾ ਹਾਂ। ਮੈਨੂੰ ਭਰਮ ਵੱਡੀ ਬਖ਼ਸ਼ਿਸ਼ ਲਗਦੀ ਹੈ। ਇਹ ਕਰੂਰ ਯਥਾਰਥ ਤੋਂ ਖੁਆਰ ਹੋਇਆਂ ਨੂੰ ਗ਼ਲ ਲਾਉਂਦਾ ਹੈ।

ਹਰ ਸੰਸਕ੍ਰਿਤੀ ਵਿਚ ਅਦਨ ਨੂੰ ਪਰਤਣ ਦੀ ਇੱਛਾ ਹੈ। ਸ਼ਾਇਦ ਅਸੀਂ ਨਿਰੇ ਗਿਆਨ ਤੋਂ ਉਕਤਾ ਜਾਂਦੇ ਹਾਂ, ਕਿਉਂਕਿ ਸ਼ੇਕਸਪੀਅਰ ਦੇ ਕਹਿਣ ਵਾਕੂੰ ਅਸੀਂ ਉਸ ਮਿੱਟੀ ਦੇ ਬਣੇ ਹੋਏ ਹਾਂ, ਜਿਸਦੇ ਸੁਪਨੇ ਬਣਦੇ ਹਨ। ਸ਼ਾਇਦ ਅਸੀਂ ਸ਼ੂਨਯ ਵਿਚ ਨਾਸ ਹੋਣ ਤੋਂ ਸਹਿਮ ਕੇ ਮਾਂ ਦੇ ਪੇਟ ਦੀ ਸੁਰੱਖਿਆ ਭਾ਼ਲਦੇ ਹਾਂ। ਅਸੀਂ ਪੂਰਬ ਵਾਲੇ ਭਾਗਵਾਨ ਹਾਂ ਕਿ ਸਾਡਾ ਵੇਲਾ ਸਿੱਧੀ ਲੀਕ ਵਿਚ ਨਹੀਂ, ਚੱਕਰ ਵਿਚ ਚਲਦਾ ਹੈ। ਬੇਰਾਂ ਵਾਲੀ ਲੰਘੀ ਰੁੱਤ ਅਗਲੇ ਸਾਲ ਫੇਰ ਆ ਜਾਂਦੀ ਹੈ। ਪਰ, ਤੂੰ ਸਹੀ ਹੈਂ, ਮੈਂ ਇਹਦੀ ਤਲਾਸ਼ ਨਹੀਂ, ਉਡੀਕ ਹੀ ਕਰ ਸਕਦਾ ਹਾਂ।

***? ਤੂੰ ਬਚਪਨ ਨੂੰ ਏਨਾ ਮਾਣ ਕਿਉਂ ਦਿੰਨੈਂ?***

- ਇਹਦਾ (ਮੇਰੀ) ਕਵਿਤਾ ਨਾ਼ਲ ਸੰਬੰਧ ਹੈ। ਬਚਪਨ ਦਾ ਮੇਰੇ ਕਾਵਿ-ਵਿਸ਼ਵ ਦੇ ਸੁੰਗੜਨ ਨਾ਼ਲ ਰਿਸ਼ਤਾ ਹੈ। ਆਪਾਂ ਮਿਰਤੂ ਦੇ ਸਹਿਮ ਬਾਰੇ ਪਹਿਲਾਂ ਗੱਲ ਕਰ ਚੁੱਕੇ ਹਾਂ। ਮੇਰਾ ਬਚਪਨ ਮੇਰੇ ਕਾਵਿ-ਵਿਸ਼ਵ ਦੇ ਸੁੰਗੜਨ ਦਾ ਦੂਜਾ ਵੱਡਾ ਕਾਰਣ ਹੈ। ਮੇਰਾ ਵਿਚਾਰ ਸੀ ਗਿਆਨ ਇਸ ਵਿਸ਼ਵ ਨੂੰ ਵਿਸਤਾਰਦਾ ਹੈ।

***? ਤੈਂ ਰੱਬ ਦੇ ਦੰਦੀ ਵੱਢੀ?***

- ਵੱਢੀ। ਬੜੀ ਵਾਰੀ ਵੱਢੀ। ਫੇਰ ਵੀ ਲਗਦਾ ਹੈ ਪੂਰੀ ਨਹੀਂ ਵੱਢੀ ਗਈ। ਬਾਣੀ ਕਹਿੰਦੀ ਹੈ, 'ਸਭ ਕੋਈ ਘੱਟ ਘੱਟ ਆਖਦਾ ਹੈ, ਵੱਧ ਕੋਈ ਨਹੀਂ ਆਖਦਾ'। ਮੈਨੂੰ ਇਹੋ ਜਿਹਾ ਕੋਈ ਰੋਸ ਨਹੀਂ। ਮੈਂ ਅਪਣੀ ਕਵਿਤਾ ਨੂੰ ਬਚਪਨ ਦੇ ਕੋਣ ਤੋਂ ਵੇਖਣ ਦਾ ਯਤਨ ਕਰ ਰਿਹਾ ਹਾਂ। ਜਿੰਨਾ ਕੁ ਯਾਦ ਹੈ, ਮੇਰੀਆਂ ਓਸ ਵੇਲੇ ਦੀਆਂ ਕਵਿਤਾਵਾਂ ਵਿਚ ਓਹ ਵੇਲਾ ਪੂਰੇ ਦਾ ਪੂਰਾ ਗ਼ਾਇਬ ਹੈ: ਗੋਰੇ ਛੱਪੜ 'ਤੇ ਖੜ੍ਹਾ ਬੋਹੜ ਜੀਹਦੀ ਦਾੜ੍ਹੀ ਫੜ ਕੇ ਗੋਲ੍ਹਾਂ ਲਾਹੁੰਦੇ ਹੁੰਦੇ ਸੀ, ਬਨੇਰੇ 'ਤੇ ਪੈਲ ਪਾਉਂਦਾ ਮੋਰ ਜੀਹਦੇ ਖੰਭ ਵੇਖ ਕੇ ਮੂੰਹ ਵਿਚ ਬੁਰਕੀ ਪਾਉਣੀ ਭੁੱਲ ਜਾਂਦੇ ਸੀ, ਬਾਵੇ ਦੇ ਖੇਤ ਦਾ ਅੰਬ ਜੀਹਨੂੰ ਕਦੇ ਅੰਬ ਨਹੀਂ ਲੱਗੇ ਸਨ। ਉਹ ਸਭ ਮੇਰੀ ਕਵਿਤਾ ਵਿੱਚੋਂ ਗੁੰਮ ਹਨ।

***? ਉਹ ਸਭ ਤੇਰੀਆਂ ਇਨ੍ਹਾਂ ਗੱਲਾਂ ਚ ਤਾਂ ਆ ਗਏ ਹਨ। ਕਵਿਤਾ ਚ ਕਿਉਂ ਨਹੀਂ ਆ ਸਕਦੇ? ਕੀ ਜੁਗਤ ਦਾ ਮਸਲ੍ਹਾ ਹੈ ਜਾਂ ਕੋਈ ਹੋਰ?***

- ਜੁਗਤ ਦਾ ਮਸਲਾ ਵੀ ਹੋਣਾ ਹੈ ਪਰ ਇਨ੍ਹਾਂ ਗੱਲਾਂ ਬਾਰੇ ਚੇਤੰਨ ਹੀ ਹੁਣ ਹੋਇਆ ਹਾਂ। ਮੈਨੂੰ ਛੋਟੇ ਤੇ ਵੱਡੇ ਕਵੀ ਵਿਚ ਇਹ ਵੀ ਅੰਤਰ ਲਗਦਾ ਹੈ ਕਿ ਵੱਡੇ ਕਵੀ ਕੋਲ ਹਰ ਘਟਨਾ ਦੀਵਾ ਲੈਕੇ ਆਉਂਦੀ ਹੈ। ਛੋਟੇ ਕਵੀ ਨੂੰ ਦੀਵਾ ਆਪ ਜਗਾਉਣਾ ਪੈਂਦਾ ਹੈ। ਬਿਜਲੀ ਤੇ ਬਿਜਲੀ ਦਾ ਚਾਨਣ ਇੱਕੋ ਵੇਲੇ ਲਿਸ਼ਕਣਾ ਚਾਹੀਦਾ ਹੈ।

***? ਗੁਰਦੁਆਰੇ ਵਿਚ ਰਹਿ ਕੇ ਵੀ ਤੂੰ ਧਾਰਮਿਕ ਕਵਿਤਾ ਕਿਉਂ ਨਹੀਂ ਲਿਖੀ?***

- ਪ੍ਰੀਤਲੜੀ ਨੇ ਮੇਰਾ ਅਪਹਰਣ ਕਰ ਲਿਆ ਸੀ। ਬਾਲ ਸੰਦੇਸ਼ ਵਿਚ ਛਪਣ ਪਿੱਛੋਂ ਮੇਰੇ 'ਤੇ ਪ੍ਰੀਤਲੜੀ ਦਾ ਟੂਣਾ ਹੋਣਾ ਹੀ ਸੀ। ਪ੍ਰੀਤਲੜੀ ਨਵੀਂ ਪੁਸ਼ਤ ਦੀ ਨਵੀਂ ਭਾਸ਼ਾ ਸੀ; ਕਾਵਿਕ, ਸੁਪਨੀਲੀ, ਕਿਸ਼ੋਰ ਉਮਰ ਦੇ ਸੇਕ ਨਾ਼ਲ ਭਖਦੀ। ਸਕੂਲਾਂ ਕਾਲਜਾਂ ਦੇ ਮੁੰਡੇ ਕੁੜੀਆਂ ਇਹਦੇ ਵਿਚ ਚਿੱਠੀਆਂ ਲਿਖਦੇ ਤੇ ਕੋਈ ਵਿਰਲਾ ਆਤਮਾ ਸਿੰਘ ਵਰਗਾ ਇਹਦੇ ਵਿਚ ਬੋਲ ਵੀ ਪੈਂਦਾ। ਮੈਂ ਉਹਤੋਂ ਗਣਿਤ ਦਾ ਕੋਈ ਸੁਆਲ ਸਮਝਿਆ ਸੀ। ਸ਼ੁਕਰੀਆ ਕਰਨ ਲੱਗਾ ਤਾਂ ਆਤਮਾ ਸਿੰਘ ਬੋਲਿਆ ਸੀ, "ਧੰਨਵਾਦ ਤਾਂ ਮੈਨੂੰ ਕਰਨਾ ਚਾਹੀਦਾ ਹੈ ਤੁਸੀਂ ਇਹ ਮੌਕਾ ਦਿੱਤਾ। ਮੈਨੂੰ ਕਿਸੇ ਦੇ ਕੰਮ ਆਉਣ ਦਾ ਚਾਅ ਹੈ।" ਪ੍ਰੀਤਲੜੀ ਚਿੱਠੀ ਦੀ ਭਾਸ਼ਾ ਸੀ ਜਿਸ ਦੇ ਸ਼ਬਦਾਂ ਵਿਚ ਧਰਮ, ਫ਼ਲਸਫ਼ੇ, ਮਿਥ ਦਾ ਭਾਰ ਨਹੀਂ ਸੀ। ਲੋਕ ਪ੍ਰੀਤਲੜੀ ਨੂੰ ਚਿੱਠੀ ਵਾਕੂੰ ਉਡੀਕਦੇ, ਚਿੱਠੀ ਵਾਕੂੰ ਸਾਂਭਦੇ। ਅਸੀਂ (ਅਜਮੇਰ ਤੇ ਮੈਂ) ਪਹਿਲੀ ਵਾਰ ਪ੍ਰੀਤਲੜੀ ਅਪਣੀ ਤਾਈ ਸੰਤ ਕੌਰ ਕੋਲੋਂ ਵੇਖੀ ਸੀ। ਉਹਨੇਂ ਟਰੰਕ ਖੋਲ੍ਹਿਆ, ਕਪੜਿਆਂ ਦੀ ਤਹਿ ਵਿੱਚੋਂ ਪ੍ਰੀਤਲੜੀ ਕੱਢੀ, ਸਾਨੂੰ ਵਿਖਾਈ ਤੇ ਓਵੇਂ ਟਰੰਕ ਵਿਚ ਸਾਂਭ ਦਿੱਤੀ। ਪ੍ਰੀਤਲੜੀ ਵਿਚਦੀ ਸਾਡੇ ਪਿੰਡਾਂ ਵਿਚ ਸ਼ਹਿਰ ਪਹੁੰਚਿਆ, ਅਮਰੀਕਾ ਤੇ ਰੂਸ ਪਹੁੰਚੇ। ਅਸੀਂ ਅਪਣੀ ਜੂਹ ਚੋਂ ਬਾਹਰ ਨਿਕਲੇ। ਅਜ ਸਾਨੂੰ ਪ੍ਰੀਤਲੜੀ ਦੀ ਭਾਸ਼ਾ-ਜੂਹ ਚੋਂ ਵੀ ਨਿਕਲਣ ਦੀ ਲੋੜ ਹੈ। ਚਿੱਠੀ ਦੀ ਭਾਸ਼ਾ ਗੋਸ਼ਟੀ ਤੇ ਚਿੰਤਨ ਲਈ ਢੁਕਵੀਂ ਨਹੀਂ।

***? ਤੇਰੇ 'ਤੇ ਪ੍ਰੀਤਲੜੀ ਦਾ ਮੰਤਰ ਕਿਵੇਂ ਚੱਲਿਆ?***

- ਮੰਤਰ-ਮੁਗਧ ਨੂੰ ਮੰਤਰ ਦੇ ਮੰਤਕ ਦਾ ਪਤਾ ਨਹੀਂ ਲਗਦਾ। ਪਰ ਪ੍ਰੀਤਲੜੀ ਦਾ ਮੰਤਰ ਉਹਦੀ ਭਾਸ਼ਾ ਵਿਚ ਸੀ। ਓਦੋਂ ਸ਼ਹਿਰ, ਪਿੰਡ ਦੀ ਹੈਰਾਨੀ ਹੁੰਦੇ ਸਨ, ਅਜ ਵਾ਼ਲੀ ਫੋਕੀ ਘਿਰਣਾ ਨਹੀਂ। ਉਹ ਪਿੰਡ ਤੋਂ ਬਹੁਤੇ ਵੱਖਰੇ ਵੀ ਨਹੀਂ ਸਨ। ਜਿਵੇਂ ਕੁੜੀ ਇਕ ਦੀ ਥਾਂ ਦੋ ਗੁੱਤਾਂ ਕਰ ਲਵੇ। ਪ੍ਰੀਤਲੜੀ ਦੀ ਭਾਸ਼ਾ ਸ਼ਹਿਰਨ ਸੀ, ਚਕਮਾਕ ਦੀ ਆਕਰਸ਼ਣ ਵਾਲੀ। ਮੈਂ ਮੋਹਿਆ ਗਿਆ। ਦਾਰ ਜੀ ਨੂੰ ਚਿੱਠੀ ਲਿਖੀ ਤੇ ਕਵੀ ਬਣਨ ਲਈ ਆਸ਼ੀਰਵਾਦ ਮੰਗੀ ਜੋ ਹਫ਼ਤੇ ਦੇ ਵਿਚ-ਵਿਚ ਮਿ਼ਲ ਗਈ। ਪਿੰਡ ਵਿਚ ਇਹ ਸ਼ਾਇਦ ਪਹਿਲੀ ਆਸ਼ੀਰਵਾਦ ਹੋਣੀ ਹੈ ਜਿਹੜੀ ਸਿਰ 'ਤੇ ਪਿਆਰ ਦੇਣ ਦੀ ਥਾਂ ਡਾਕ ਰਾਹੀਂ ਆਈ ਸੀ। ਮੈਂ ਦਾਰ ਜੀ ਦੀ ਆਸ਼ੀਰਵਾਦ ਵਾਲੀ ਚਿੱਠੀ 1965 ਤਕ ਸਾਂਭੀ ਰੱਖੀ। ਪਿੱਛੋਂ ਕਿਤੇ ਗੁਆਚ ਗਈ।

***? ਤੂੰ ਓਦੋਂ ਗੁਰਦੁਆਰੇ ਵਿਚ ਸੀ, ਆਸ਼ੀਰਵਾਦ ਗੁਰੂ ਤੋਂ ਲੈਣ ਦੀ ਥਾਂ ਗੁਰਬਖਸ਼ ਸਿੰਘ ਤੋਂ ਕਿਉਂ ਮੰਗੀ?***

– ਉਹਦੇ ਮੰਤਰ ਦਾ ਕੀਲਿਆ ਹੋਇਆ ਸੀ। ਉਮਰ ਵੀ ਕੱਚੀ ਸੀ 13 ਕੁ ਸਾਲ ਦੀ। ਮੈਂ ਕੇਵਲ ਆਸ਼ੀਰਵਾਦ ਹੀ ਨਹੀਂ ਮੰਗੀ, ਉਸਦੇ ਵੱਡੇ ਪੁਤਰ ਦਾ ਨਾਂ ਵੀ ਲੈ ਲਿਆ। ਮਿਹਰ ਸਿੰਘ ਤੋਂ ਨਵਤੇਜ ਬਣ ਗਿਆ। ਮੋਗਿਓਂ ਛਪਦੇ ਸਪਤਾਹਿਕ ਸੁਖ ਜੀਵਨ ਲਈ ਲਿਖਿਆ ਜੋ ਮੈਨੂੰ ਅਜੇ ਤਕ ਯਾਦ ਹੈ:-

"ਸਭ ਸੱਜਣਾਂ ਨੂੰ ਵਿਦਿਤ ਕੀਤਾ ਜਾਂਦਾ ਹੈ ਕਿ ਮੈਂ, ਮਿਹਰ ਸਿੰਘ, ਸਪੁੱਤਰ ਸ. ਕਿਸ਼ਨ ਸਿੰਘ ਪਿੰਡ ਰੋਡੇ ਨੇ ਆਪਣਾ ਨਾਂ ਮਿਹਰ ਸਿੰਘ ਤੋਂ ਬਦਲ ਕੇ ਨਵਤੇਜ ਸਿੰਘ ਰੱਖ ਲਿਆ ਹੈ।"

ਸਹੀ/ ਮਿਹਰ ਸਿੰਘ, ਸਪੁੱਤਰ ਕਿਸ਼ਨ ਸਿੰਘ

ਇਸ਼ਤਿਹਾਰ ਦੇ ਨਾਲ ਸੰਪਾਦਕ ਨੂੰ ਚਿੱਠੀ ਲਿਖੀ ਕਿ ਮੇਰੇ ਕੋਲ ਇਸ਼ਤਿਹਾਰ ਛਪਵਾਉਣ ਜੋਗੇ ਪੈਸੇ ਨਹੀਂ। ਪੈਸਿਆਂ ਦੀ ਥਾਂ ਅਪਣੀ ਕਵਿਤਾ ਭੇਜ ਰਿਹਾ ਹਾਂ। ਚਿੱਠੀ ਤੇ ਕਵਿਤਾ ਦੀ ਸਾਰੀ ਇਬਾਰਤ ਮੈਨੂੰ ਵਿਸਰ ਗਈ ਹੈ। ਦੋ ਤਿੰਨ ਮਹੀਨੇ ਮੈਂ ਅਖ਼ਬਾਰ ਉਡੀਕਦਾ ਰਿਹਾ, ਪਿੱਛੋਂ ਭੁੱਲ ਗਿਆ। ਇਕ ਦਿਨ ਤੁਲਸੀ ਰਾਮ ਦੀ ਹੱਟੀਓਂ ਅਜਮੇਰ ਨੇ ਚਾਹ ਵਾਸਤੇ ਗੁੜ ਲਿਆਂਦਾ। ਗੁੜ ਕੱਢ ਕੇ ਉਹਦੇ 'ਤੇ ਲਪੇਟਿਆ ਅਖ਼ਬਾਰ ਸਿੱਟਣ ਲੱਗਾ, ਤਾਂ ਮੇਰੀ ਨਿਗ੍ਹਾ 'ਨਵਤੇਜ' ਸਿੰਘ ਨਾਂ 'ਤੇ ਪੈ ਗਈ। ਪੰਨੇ ਤੇ ਨਾਂ ਬਦਲੀ ਦਾ ਇਸ਼ਤਿਹਾਰ ਛਪਿਆ ਸੀ, ਹੇਠਾਂ ਮੇਰੀ ਕਵਿਤਾ:

ਕੋਈ ਚਮਕੇਗੀ ਨਵੀਂ ਸਵੇਰ।
ਇਹ ਰਾਤ ਹੈ ਢੱਬੀ ਚੋਰਾਂ ਦੀ
ਲਹੂ ਪੀਣੇ ਰਿਸ਼ਵਤ ਖੋਰਾਂ ਦੀ
ਨਫ਼ੇਖੋਰਾਂ ਦਾ ਲਗਦਾ ਗੇੜ
ਕੋਈ ਚਮਕੇਗੀ ਨਵੀਂ ਸਵੇਰ।

ਮੇਰੇ ਨਵੇਂ ਨਾਂ ਵਾਲਾ ਅਖ਼ਬਾਰ ਮੇਰੇ ਤਕ ਓਦੋਂ ਪਹੁੰਚਿਆ, ਜਦੋਂ ਉਹ ਰੱਦੀ ਬਣ ਗਿਆ ਸੀ।

***? ਪਹਿਲੀ ਵਾਰ ਆਪਣਾ ਨਵਾਂ ਨਾਂ ਵੇਖ ਕੇ ਕਿਵੇਂ ਲੱਗਿਆ?***

– ਹੈਰਾਨੀ ਤੇ ਖ਼ੁਸ਼ੀ ਹੋਈ। ਕਈ ਵਾਰ ਨਵਾਂ ਨਾਂ ਪੜ੍ਹਿਆ। ਘਰਦਿਆਂ ਨੂੰ ਵਿਖਾਇਆ। ਕੁਝ ਓਪਰਾ ਓਪਰਾ ਵੀ ਲੱਗਿਆ।

***? ਉਹ ਕਿਉਂ?***

– ਪੂਰਾ ਪਤਾ ਨਹੀਂ। ਨਾਂ ਬਦਲਣਾ ਪਹਿਲਾਂ ਖੇਡ ਜਿਹੀ ਲਗਦੀ ਸੀ। ਹੁਣ ਇਹ ਸੱਚੀਮੁੱਚੀਂ ਬਦਲ ਗਿਆ ਸੀ। ਚਾਚਾ ਜੀ ਨੇ ਕਿਹਾ ਤੂੰ ਨਾ ਤਾਂ ਭਾਵੇਂ ਕੋਈ ਰੱਖ ਲੈ ਪਰ ਅਸੀਂ ਤਾਂ ਤੈਨੂੰ ਮਿਹਰ ਸਿਉਂ ਈ ਕਹਾਂਗੇ। ਚਾਚਾ ਜੀ ਸਾਰੀ ਉਮਰ ਮੈਨੂੰ ਮਿਹਰ ਸਿਉਂ ਕਹਿੰਦੇ ਰਹੇ। ਮਾਂ ਹੌਲੀ-ਹੌਲੀ ਨਵਤੇਜ ਕਹਿਣਾ ਸਿੱਖ ਗਈ। ਪਰ ਜਦੋਂ ਉਹ ਨਵਾਂ ਨਾਂ ਲੈਂਦੀ, ਮੈਨੂੰ ਔਖ ਜਿਹੀ ਲਗਦੀ। ਆਵਾਜ਼ ਓਹੀ ਸੀ, ਪਰ ਓਹੋ ਜਿਹੀ ਲਗਦੀ ਨਹੀਂ ਸੀ। ਹੁਣ ਆ ਕੇ ਸਮਝ ਆਈ ਹੈ ਕਿ ਮੈਂ ਓਦੋਂ ਕੀ ਕਰ ਬੈਠਾ ਸੀ; ਉਹ ਸਥਿਤੀ ਪੈਦਾ ਕਰ ਦਿੱਤੀ ਸੀ ਜਿਸ ਵਿਚ ਮਾਂ ਨੂੰ ਅਪਣੇ ਪੁੱਤ ਦਾ ਨਾਂ ਸਿੱਖਣਾ ਪੈਂਦਾ ਹੈ। ਯਾਦ ਕਰਨਾ ਪੈਂਦਾ ਹੈ। ਜੇ ਉਹ ਹੁਣ ਹੁੰਦੀ ਮੈਂ ਜ਼ਰੂਰ ਪੁੱਛਦਾ; ਜਿਸ ਨਾਂ ਨਾਲ ਉਹਨੇ ਮੈਨੂੰ ਤੇਰਾਂ ਸਾਲ ਵੱਡਾ ਕੀਤਾ ਸੀ, ਦੁੱਧ ਚੁੰਘਾਇਆ, ਨੁਹਾਇਆ, ਧੁਆਇਆ, ਲੋਰੀਆਂ ਦਿੱਤੀਆਂ ਸੀ, ਉਹਦੇ ਨਾਲੋਂ ਟੁੱਟਣ ਵੇਲੇ ਉਹਦੇ ਅੰਦਰ ਕੀ ਹੋਇਆ ਸੀ?

***? ਮਿਹਰ ਸਿੰਘ ਤੇ ਨਵਤੇਜ ਆਪਸ ਵਿਚ ਲੜਦੇ ਵੀ ਰਹੇ?***

– ਲੜਦੇ ਤਾਂ ਰਹੇ ਹੋਣਗੇ, ਪਰ ਅੰਦਰਖਾਤੇ। ਇਹ ਲੜਾਈ ਪਛਾਣ ਦੀ ਸੀ ਤੇ ਇਹਦਾ ਕੁਰਖੇਤਰ ਮੇਰੇ ਅੰਦਰ ਸੀ। ਨਵੀਂ ਪਛਾਣ ਵਿਚ ਸਿਰਜਣਾ ਸੀ, ਮਾਣ ਤੇ ਨਾਮਣਾ ਸੀ। ਮਿਹਰ ਸਿੰਘ ਚੁਪ ਕਰ ਗਿਆ। ਕੁਝ ਸਾਲਾਂ ਪਿੱਛੋਂ ਮੇਰੀਆਂ ਕਵਿਤਾਵਾਂ ਪੜ੍ਹ ਕੇ ਇਕ ਭਲੇ ਪੁਰਖ ਨੇ ਦੋ ਤਿੰਨ ਵਾਰ ਯਤਨ ਕੀਤਾ ਕਿ ਮੈਂ ਕਾਂਸੀ ਜਾ ਕੇ ਸੰਸਕ੍ਰਿਤ ਪੜ੍ਹਾਂ। ਪਰ ਪ੍ਰੀਤਲੜੀ ਦੀ ਸ਼ਹਿਰਨ ਭਾਸ਼ਾ ਅੱਗੇ ਵੇਦਾਂ ਉਪਨਿਸ਼ਦਾਂ ਦੀ ਦੈਵੀ ਭਾਸ਼ਾ ਹਾਰ ਗਈ। ਵਾਲਮੀਕੀ ਤੇ ਕਾਲੀਦਾਸ ਦੇ ਚਰਣਾਂ 'ਚ ਬੈਠਣ ਦੀ ਥਾਂ ਮੈਂ ਮੋਹਨ ਸਿੰਘ ਤੇ ਅੰਮ੍ਰਿਤਾ ਪ੍ਰੀਤਮ ਦੇ ਰਾਹ ਪੈ ਗਿਆ। ਕਾਂਸ਼ੀ ਸੰਸਕ੍ਰਿਤ ਪੜ੍ਹਨ ਦਾ ਮਿਹਰ ਸਿੰਘ ਦਾ ਅੰਤਿਮ ਦਾਅ ਸੀ। ਉਸ ਪਿੱਛੋਂ ਉਹਨੇ ਤੀਰਾਂ ਵਾਲਾ ਭੱਥਾ ਕਿੱਲੀ 'ਤੇ ਟੰਗ ਦਿੱਤਾ।

***? ਨਵਤੇਜ ਬਣ ਕੇ ਕੀ ਫ਼ਰਕ ਪਿਆ?***

ਕਵਿਤਾ ਦਾ ਕੜ ਪਾਟ ਗਿਆ। ਇਹ ਕਵਿਤਾ, ਬੋਲੀ ਸਿੱਖ ਰਹੇ ਨਿਆਣੇ ਦੀਆਂ ਮਾਰੀਆਂ ਅਵੱਲੀਆਂ-ਸਵੱਲੀਆਂ ਵਰਗੀ ਸੀ। ਮੈਂ ਸੈਂਕੜੇ ਕਵਿਤਾਵਾਂ ਲਿਖੀਆਂ ਹੋਣਗੀਆਂ। ਹਰ ਕਵਿਤਾ ਸ਼ਾਹਕਾਰ ਲਗਦੀ। ਹਰ ਰਿਸਾਲੇ ਨੂੰ ਭੇਜਦਾ। ਗੁਰਬਖ਼ਸ਼ ਸਿੰਘ ਦੀ ਪ੍ਰੀਤਲੜੀ ਨੂੰ, ਮੋਹਨ ਸਿੰਘ ਦੇ ਪੰਜ ਦਰਿਆ ਤੇ ਨਾਨਕ ਸਿੰਘ ਦੇ ਲੋਕ ਸਾਹਿਤ ਨੂੰ, ਪ੍ਰੀਤਮ, ਜੀਵਨ ਪ੍ਰੀਤੀ, ਫ਼ੌਜੀਆਂ ਦੇ ਸੈਨਿਕ ਸਮਾਚਾਰ ਨੂੰ। ਹੋਰ ਨਾਂ ਯਾਦ ਨਹੀਂ ਰਹੇ। ਸੈਨਿਕ ਸਮਾਚਾਰ ਨੇ ਮੈਨੂੰ ਕਵਿਤਾ ਛਾਪਣ ਦੇ 6 ਰੁਪਏ ਭੇਜੇ, ਨਾਲ ਕਵਿਤਾ ਵਾਲਾ ਅੰਕ। ਮੈਂ ਰਿਸਾਲਾ ਵੱਡੇ ਭਰਾਵਾਂ, ਬਾਈ ਕਰਨੈਲ ਤੇ ਬਾਈ ਪ੍ਰੀਤਮ ਨੂੰ ਵਿਖਾਇਆ ਤੇ 6 ਰੁਪੱਈਆਂ ਦਾ ਵੀ ਦੱਸਿਆ। ਛੋਟੇ ਭਰਾ ਦਾ ਨਾਂ ਛਪਿਆ ਵੇਖ ਕੇ ਉਹ ਖਿੜ ਗਏ। ਬਾਈ ਕਰਨੈਲ ਨੇ ਪੁੱਛਿਆ, "ਕਿੰਨੇ ਚਿਰ 'ਚ ਲਿਖੀ ਸੀ?" "ਘੰਟੇ 'ਚ," ਮੈਂ ਕਿਹਾ। ਓਦੋਂ ਦਸ-ਬਾਰਾਂ ਘੰਟੇ ਦੀ ਹੱਡ-ਭੰਨਵੀਂ ਦਿਹਾੜੀ ਦੇ 10 ਰੁਪਏ ਮਿਲਦੇ ਸਨ। ਘੰਟੇ ਦੇ 6 ਰੁਪਏ ਕਮਾਉਣੇ ਉਨ੍ਹਾਂ ਨੂੰ ਅਚੰਭਾ ਲੱਗੇ। ਉਹ ਫਾਜ਼ਿਲਕਾ ਜ਼ਿਲ੍ਹੇ ਦੇ ਛੋਟੇ-ਜਿਹੇ ਕਸਬੇ ਮੰਡੀ ਲਾਧੂਕਾ ਵਿਚ ਕੰਮ ਕਰਦੇ ਸਨ। ਅਪਣਾ ਆਰਾ ਲਾਇਆ ਹੋਇਆ ਸੀ। ਮੰਡੀ ਦੇ ਸਾਰੇ ਇਕ ਦੂਜੇ ਨੂੰ ਜਾਣਦੇ ਸਨ। ਆਥਣੇ ਮੈਨੂੰ ਨਾਲ ਲੈ ਕੇ ਹਰ ਦੁਕਾਨ 'ਤੇ ਗਏ, ਸੈਨਿਕ ਸਮਾਚਾਰ ਵਿੱਚੋਂ ਮੇਰੀ ਕਵਿਤਾ ਵਿਖਾ ਕੇ ਕਹਿੰਦੇ, "ਇਹ ਸਾਡੇ ਐਸ ਭਰਾ ਦੀ ਕਵਿਤਾ ਐ, ਇਹਦੇ ਛੇ ਰੁਪਏ ਮਿਲੇ ਐ।" ਮੈਨੂੰ ਨਹੀਂ ਲੱਗਦਾ, ਹੁਣ ਮੇਰੀ ਕਵਿਤਾ ਕਦੇ ਉਸ ਤਰ੍ਹਾਂ ਸੈਲੀਬ੍ਰੇਟ ਹੋ ਸਕੇਗੀ।

ਮੈਂ ਨਵੀਂ ਪਛਾਣ ਪ੍ਰੀਤਲੜੀ ਤੋਂ ਲਈ ਸੀ। ਓਸੇ ਨੇ ਇਸ ਪਛਾਣ ਦੀ ਪਹਿਲੀ ਕਵਿਤਾ ਪ੍ਰਕਾਸ਼ਿਤ ਕੀਤੀ। ਜੂਨ 1954 ਵਿਚ, ਮੈਂ ਅੱਠਵੀਂ 'ਚ ਪੜ੍ਹਦਾ ਸੀ। ਉਸ ਪਿੱਛੋਂ ਬਾਕੀ ਰਿਸਾਲਿਆਂ ਨੇ ਵੀ ਮੇਰੀਆਂ ਪਹਿਲਾਂ ਭੇਜੀਆਂ ਕਵਿਤਾਵਾਂ ਛਾਪਣੀਆਂ ਸ਼ੁਰੂ ਕਰ ਦਿੱਤੀਆਂ।

***? ਤੇਰੀ ਕਵਿਤਾ ਸਚਮੁਚ ਲੰਙੀ ਹੈ ਕਿ ਤੂੰ ਤੋਲ ਰੱਖਣ ਵਾਸਤੇ ਇਹਦੀ ਲੱਤ ਤੋੜ ਦਿੱਤੀ ਹੈ?***

– ਦੋਵੇਂ ਗੱਲਾਂ ਸਹੀ ਹਨ। ਵਾਹ ਲਗਦੇ ਮੈਂ ਇਹਦੇ ਅੰਗ ਭੰਗ ਨਹੀਂ ਕਰਦਾ। ਏਥੇ ਉਦਾਹਰਣ ਦੇਣ ਵਿਚ ਇਹ ਲਛਮਣੀ ਕਰਮ ਹੋ ਗਿਆ ਹੈ।

***? ਤੂੰ ਕੀ ਢਾਹਿਆ?***

ਸ਼ਾਇਦ ਕੁਝ ਵੀ ਨਹੀਂ। ਬਸ 'ਕਹੀਂ ਔਰ' ਚਲਾ ਗਿਆ। ਰੋਡੇ ਚੋਂ ਨਿਕਲ ਕੇ 'ਸੰਸਾਰ' ਵਿਚ। ਪ੍ਰੀਤਲੜੀ ਉਹਦੀ ਐਟਲਸ ਸੀ। ਮੈਨੂੰ ਹਲ ਵਾਹੁੰਦਾ, ਕਬੂਤਰ ਉਡਾਉਂਦਾ, ਲੋਕਾਂ ਦੇ ਘਰੀਂ ਨਲਕੇ ਲਾਉਂਦਾ ਫ਼ਕੀਰੀਆ ਦਿਸਣੋਂ ਹਟ ਗਿਆ। ਤੇ ਆਰੇ 'ਤੇ ਕੰਮ ਕਰਦੇ ਵੱਡੇ ਭਰਾ, ਗੱਡੇ ਬਣਾਉਂਦਾ ਮੁੜ੍ਹਕੋ-ਮੁੜ੍ਹਕੀ ਬਾਪ ਤੇ ਦਿਨ ਰਾਤ ਕਪੜੇ ਸਿਉਂਦਾ ਗੁਰਮੁਖ ਅੱਖਾਂ ਤੋਂ ਓਝਲ ਹੋ ਗਏ। ਜਿਹੜੀਆਂ ਦਾਤੀਆਂ ਨਾਲ ਸਕੂਲੋਂ ਆ ਕੇ ਅਸੀਂ ਕਣਕ ਵਢਾਉਂਦੇ, ਤੇ ਜਿਹੜੇ ਹਥੌੜੇ ਨਾਲ ਈਸਰ ਫਾਲੇ ਕੁੱਟਦਾ ਉਨ੍ਹਾਂ ਨਾਲੋਂ ਲਾਲ ਝੰਡੇ ਤੇ ਵਾਹੇ ਦਾਤੀ ਹਥੌੜਾ ਵਧੇਰੇ ਅਸਲੀ ਲਗਦੇ। ਮੈਨੂੰ ਤਾਂ ਅਪਣੇ ਨੰਗੇ ਪੈਰ ਵੀ ਨਹੀਂ ਦਿਸਦੇ ਸੀ ਜਿਨ੍ਹਾਂ ਤੇ ਅੱਕ ਦੇ ਪੱਤੇ ਬੰਨ੍ਹ ਕੇ ਜੇਠ ਹਾੜ ਦੇ ਬਲਦੇ ਰੇਤੇ ਵਿਚਦੀ ਸਕੂਲੋਂ ਆਉਂਦੇ ਜਾਂਦੇ ਸੀ। ਮੈਂ ਜਿੱਥੇ ਸੀ ਓਥੇ ਨਹੀਂ ਸੀ। ਉਹ ਨਹੀ ਵੇਖਦਾ ਸੀ ਜੋ ਅੱਖਾਂ ਦੇ ਸਾਹਮਣੇ ਸੀ।

***? ਪ੍ਰਗਤੀਵਾਦ ਦੀ ਲੰਮੀ ਨਦਰ ਕਾਰਣ ਤੂੰ ਨੇੜ ਦਾ ਕੀ ਨਹੀਂ ਵੇਖ ਸਕਿਆ?***

ਸੰਤਾਲੀ ਦੀ ਵੰਡ ਅੱਖੋਂ ਪਰੋਖੇ ਕੀਤੀ।



ਸੁਰਿੰਦਰ ਤੇ ਨਵਤੇਜ-1973

***? ਸੰਤਾਲੀ ਦੀ ਵੰਡ ਦੀਆਂ ਕਿੰਨੀਆਂ ਕੁ ਯਾਦਾਂ ਯਾਦ ਹਨ?***

– ਬਹੁਤੀਆਂ ਨਹੀ। ਮੈਂ ਓਦੋਂ ਛੋਟਾ ਸੀ, ਦਸ-ਗਿਆਰਾਂ ਸਾਲ ਦਾ। ਬਹੁਤ ਕੁਝ ਭੁੱਲ ਭੁਲਾ ਗਿਆ ਹੈ। ਟੁੱਭੀ ਮਾਰ ਕੇ ਕੱਢਣਾ ਪਵੇਗਾ। ਪਹਿਲੀ ਯਾਦ ਮੁਸਲਮਾਨਾਂ ਨੂੰ ਅੰਮ੍ਰਿਤ ਛਕਾਉਣ ਦੀ ਹੈ। ਉਹ ਤਿੱਖੀ ਗਰਮੀ ਦਾ ਦਿਨ ਸੀ। ਸੰਤ ਅਰਜਨ ਸਿੰਘ ਦੇ ਗੁਰਦੁਆਰੇ ਦਾ ਦੀਵਾਨ ਹਾਲ ਭਰਿਆ ਹੋਇਆ ਸੀ। ਕਿਰਪਾਨ, ਕੜੇ ਤੇ ਕੰਘਿਆਂ ਦੇ ਕਕਾਰ ਥੁੜ ਗਏ ਸਨ। ਕਿਰਪਾਨ ਦੀ ਥਾਂ ਉਹੋ ਜਿਹੀ ਸ਼ਕਲ ਦੀਆਂ ਲੋਹੇ ਦੀਆਂ ਪੱਤੀਆਂ ਵੰਡੀਆਂ ਗਈਆਂ। ਮੈਂ ਸੰਤਾਂ ਨੂੰ ਕਿਹਾ ਸੀ, "ਜੀ ਏਨ੍ਹਾਂ ਦੇ ਪੰਜ ਕਕਾਰ ਤਾਂ ਪੂਰੇ ਨਹੀਂ, ਸਿਰਾਂ ਤੇ ਵਾਲ ਵੀ ਨਹੀਂ"। ਉਨ੍ਹਾਂ ਕਿਹਾ ਸੀ, "ਗੁਰੂ ਦੇ ਸਿੰਘ ਸਜ ਗਏ, ਗੁਰੂ ਆਪੇ ਦੇ ਦੇਊਗਾ।" ਮੈਂ ਅੰਮ੍ਰਿਤ ਛਕਾਉਣ ਵਾਲੇ ਪੰਜ ਪਿਆਰਿਆਂ ਵਿਚ ਸੀ ਤੇ ਜਾਪ ਸਾਹਿਬ ਦੀ ਬਾਣੀ ਪੜ੍ਹਦਾ ਹੁੰਦਾ ਸੀ।

ਉਨ੍ਹਾਂ ਨੂੰ ਗੁਰੂ ਦੇ ਸਿੰਘ ਸਜਾਉਣ ਦਾ ਮੈਨੂੰ ਵੀ ਚਾਅ ਸੀ। ਪਰ ਬੱਚਿਆਂ ਤੇ ਮਾਂਵਾਂ ਦੇ ਸਹਿਮੇ ਚਿਹਰੇ ਵੇਖ ਕੇ ਚਾਅ ਮੱਠਾ ਪੈ ਜਾਂਦਾ ਸੀ। ਛੋਟੇ ਬੱਚੇ ਮਾਵਾਂ ਨਾਲ ਚੰਬੜ ਕੇ ਤੁਰਦੇ ਵੱਡੇ ਨੀਵੀਂ ਪਾ ਕੇ। ਅੰਮ੍ਰਿਤ ਦੀ ਰਸਮ ਪਿੱਛੋਂ ਜੈਕਾਰਾ ਸੁਣ ਕੇ ਛੋਟੇ ਬੱਚਿਆਂ ਦੀਆਂ ਚੀਕਾਂ ਨਿਕਲ ਜਾਂਦੀਆਂ। ਦਹਿਲੀਆਂ ਹੋਈਆਂ ਮਾਵਾਂ ਉਨ੍ਹਾਂ ਦੇ ਮੂੰਹਾਂ 'ਤੇ ਹੱਥ ਧਰਦੀਆਂ। ਮੈਂ ਹੁਣ ਵੀ ਜਦੋਂ ਜੈਕਾਰਾ ਸੁਣਦਾ ਹਾਂ, ਉਹ ਦ੍ਰਿਸ਼ ਮੇਰੀਆਂ ਅੱਖਾਂ ਵਿਚ ਖੁੱਭ ਜਾਂਦਾ ਹੈ। ਪਿੱਛੇ ਜਿਹੇ ਕਿਸੇ ਕਵਿਤਾ ਦੀ ਪੰਕਤੀ ਵਿਚ ਜੈਕਾਰੇ ਦਾ ਸ਼ਬਦ ਲਿਖਿਆ ਹੀ ਸੀ ਕਿ ਅਪਣੇ ਆਪ ਅੱਗੇ ਲਿਖਿਆ ਗਿਆ:

"ਹਰ ਜੈਕਾਰੇ ਅੰਦਰ ਚੀਕ ਰਲੀ ਹੁੰਦੀ ਹੈ"

ਪਿੱਛੋਂ ਜਦੋਂ ਪਾਕਿਸਤਾਨ ਦੀ ਮਿਲਟਰੀ ਮੁਸਲਮਾਨਾਂ ਨੂੰ ਲੈਣ ਆਈ ਤਾਂ ਟਰੱਕ 'ਤੇ ਖੜ੍ਹਾ ਬਾਜਾ ਯਾਦ ਆਉਂਦਾ ਹੈ। ਉਹਨੇ ਸਾਡੇ ਸਾਰਿਆਂ ਵਲ ਵੇਖਿਆ ਤੇ ਬਾਂਹ ਚੋਂ ਕੜਾ ਲਾਹਕੇ ਵਗਾਹ ਮਾਰਿਆ ਤੇ ਕਿਹਾ, ਆਹ ਚੱਕੋ ਓਇ ਸਿਖੜਿਓ ਆਵਦਾ ਕੜਾ। ਕੜਾ ਰੋੜਾਂ ਤੇ ਰੁੜ੍ਹਦਾ-ਰੁੜ੍ਹਦਾ ਬੂਹਤੀ ਦੂਰ ਜਾ ਕੇ ਡਿਗ ਪਿਆ। ਰੁੜ੍ਹਦੇ ਕੜੇ ਵਲ ਵੇਖ ਕੇ ਉਹਨੇ ਸਾਡੇ ਵਲ ਇਉਂ ਵੇਖਿਆ ਕਿ ਦੱਸਣਾ ਨਹੀਂ ਆਉਂਦਾ। ਮੈਨੂੰ ਕਈ ਵਾਰ ਉਹ ਕੜਾ ਮੇਰੇ ਵਲ ਰੁੜ੍ਹਦਾ ਆਉਂਦਾ ਦਿਸਦਾ ਹੈ। ਹੁਣ ਇਹ ਫ਼ਰਕ ਕਰਨਾ ਔਖਾ ਹੋ ਗਿਆ ਹੈ ਕਿ ਇਹ ਚੀਕ ਮੇਰੀ ਹੈ ਜਾਂ ਉਨ੍ਹਾਂ ਬੱਚਿਆਂ ਦੀ?

***? ਓਦੋਂ ਹੋਰ ਕੀ ਵੇਖਿਆ?***

– ਮੁਸਲਮਾਨਾਂ ਦੇ ਘਰੋਂ ਲੁੱਟ ਕੇ ਲਿਆਂਦੇ ਭਾਂਡੇ। ਇਹ ਅੰਨ ਨਾਲ ਲਿਬੜੇ ਹੋਏ ਸਨ। ਇਹ ਮੈਨੂੰ ਅਜੇ ਵੀ ਦਿਸ ਪੈਂਦੇ ਹਨ। ਇਹ ਦ੍ਰਿਸ਼ ਮੈਨੂੰ ਸਭ ਤੋਂ ਵੱਧ ਕੰਬਾਉਂਦਾ ਹੈ। ਕਦੇ ਕਦੇ ਹੁਣ ਵੀ ਸੁਪਨੇ ਵਿਚ ਉਹ ਭਾਂਡੇ ਦਿਸ ਪੈਂਦੇ ਹਨ; ਅੰਨ ਨਾਲ ਲਿਬੜੇ, ਖ਼ਾਲੀ। ਕਿਸੇ ਦੇ ਹੱਥ ਵਿਚ ਨਹੀਂ ਫੜੇ ਹੁੰਦੇ ਨਾ ਕੋਈ ਚਿਹਰਾ ਦੀਹਦਾ ਹੈ। ਮੈਂ ਵੇਖ ਕੇ ਡਰ ਜਾਂਦਾ ਹਾਂ।

ਇਕ ਹੋਰ ਦ੍ਰਿਸ਼ ਹੈ ਜੋ ਸਾਧਾਰਣ ਲਗਦਾ ਹੈ, ਪਰ ਮੈਨੂੰ ਭੁੱਲਦਾ ਨਹੀਂ। ਮੈਂ ਕਿਸੇ ਦੇ ਘਰ ਸਾਧਾਰਣ ਪਾਠ ਕਰ ਰਿਹਾ ਸੀ। ਆਥਣ ਦਾ ਵੇਲਾ ਸੀ। ਘਰ ਦੀ ਸੁਆਣੀ ਬਾਹਰੋਂ ਨੱਸੀ ਆਈ ਤੇ ਦਰਵਾਜ਼ੇ ਦਾ ਬੂਹਾ ਫੜਾਕ ਦੇਣੇ ਬੰਦ ਕਰ ਦਿੱਤਾ। ਕਹਿੰਦੀ: ਓਡ ਆ ਗਏ, ਓਡ। ਲੋਕਾਂ ਦੇ ਦਿਲਾਂ ਵਿਚ ਇਕ ਦੂਜੇ ਪ੍ਰਤੀ ਅੰਤਾਂ ਦਾ ਡਰ ਸੀ।

ਕੋਠਿਆਂ 'ਤੇ ਪੈਣ ਦੇ ਦਿਨ ਸਨ। ਛੱਤਾਂ ਉੱਤੇ ਲੋਕ ਇੱਟਾਂ ਰੋੜੇ ਰੱਖਦੇ ਸਨ। ਗੁਆਂਢੀ ਫ਼ਕੀਰੀਏ (ਪਾਖਰ ਸਿੰਘ ਬਰਾੜ) ਨੂੰ ਰੌੜਾਂ ਵਿਚ ਐਵੇਂ ਚਾਨਣ ਦਿਸ ਪੈਂਦਾ, ਉਹ ਅੱਭੜਵਾਹੇ ਉਠ ਕੇ ਰੋੜੇ ਚੱਕ ਲੈਂਦਾ ਤੇ ਰੌਲਾ ਪਾ ਦਿੰਦਾ, 'ਆ ਗਏ ਓਏ, ਆ ਗਏ ਓਏ'।

***? ਪੰਜਾਬੀ ਲੇਖਕਾਂ ਵਿਚ ਪਟਿਆਲੇ ਦੀ ਗੱਲ ਚਲਦੀ ਹੈ ਤਾਂ ਭੂਤਵਾੜੇ ਤੇ ਲਾਲੀ ਦਾ ਨਾਂ ਅਕਸਰ ਆ ਜਾਂਦਾ ਹੈ। ਭੂਤਵਾੜਾ ਕੀ ਸੀ?***

– ਇਕ ਸਾਧਾਰਣ ਘਰ ਸੀ, ਜਿਸ ਵਿਚ ਅਸੀਂ ਕੁਝ ਦੋਸਤ-ਮਿਤਰ ਰਹਿੰਦੇ ਸੀ। ਇਹਦਾ ਨਾਂ ਭੂਤਵਾੜਾ ਪਿਆ ਤਾਂ ਇਹਦੇ ਵਾਸੀ ਭੂਤ ਬਣ ਗਏ। ਹੁਣ ਭੂਤ ਖਿੰਡ ਗਏ ਹਨ। ਭੂਤਵਾੜਾ ਢਹਿ ਗਿਆ ਹੈ। ਭੂਤਾਂ ਦੀਆਂ ਦਾੜ੍ਹੀਆਂ ਬੱਗੀਆਂ ਹੋ ਗਈਆ ਹਨ। ਭੂਤਵਾੜਾ ਬੁੱਢਾ ਨਹੀਂ ਹੋਇਆ। ਇਤਿਹਾਸ ਵਿਚੋਂ ਨਿਕਲ ਕੇ ਦੰਦ ਕਥਾ ਬਣ ਗਿਆ ਹੈ। ਦੰਦ ਕਥਾ ਅਲੋਪ ਹੋਣ ਤਕ ਜਵਾਨ ਰਹਿੰਦੀ ਹੈ। ਇਹਨੂੰ ਕਰਨ ਵਾਲੇ ਆਪ ਇਹਦੇ ਵਿਚ ਵੜ ਜਾਂਦੇ ਹਨ। ਭੂਤਵਾੜੇ ਵਿਚ ਵੀ ਨਵੇਂ ਪਾਤਰ ਨਵੀਆਂ ਕਥਾਵਾਂ ਨਾਲ ਪਰਵੇਸ਼ ਕਰ ਰਹੇ ਹਨ। ਜਦ ਵੀ ਇਹਦੀ ਗੱਲ ਤੁਰਦੀ ਹੈ ਤਾਂ ਵਾਰਿਸ ਦੀ ਹੀਰ ਵਾਂਙੂ ਅਸਲੀ ਤੇ ਵੱਡੀ ਹੋ ਜਾਂਦੀ ਹੈ। ਪੰਜ ਕੁ ਸਾਲ ਪਹਿਲਾਂ ਟੋਰੰਟੋ ਕੋਈ ਮੁੰਡਾ ਮੈਨੂੰ ਦੱਸ ਰਿਹਾ ਸੀ, "ਅੰਕਲ ਜੀ ਇਕ ਵਾਰ ਕਿਸੇ ਦਾ ਪੀਐਚ ਡੀ ਦਾ ਥੀਸਿਸ ਪਛੜ ਗਿਆ ਸੀ। ਭੂਤਾਂ ਨੇ ਰਲ ਕੇ ਤਿੰਨ ਦਿਨਾਂ ਵਿਚ ਲਿਖ ਦਿੱਤਾ।" ਭੂਤਵਾੜੇ ਦੀ ਕਥਾ ਦਾ ਪਾਤਰ 'ਮੈਂ' ਕਥਾ ਚੋਂ ਬਾਹਰ ਨਿਕਲ ਗਿਆ ਸੀ। ਤੇ ਉਹਨੂੰ ਹੈਰਾਨੀ ਨਾਲ ਸੁਣੀ ਗਿਆ।

ਭੂਤਵਾੜੇ ਦਾ ਸਥਾਪਨਾ-ਦਿਵਸ ਕਿਸੇ ਨੂੰ ਯਾਦ ਨਹੀਂ। 1958 ਵਿਚ ਅਸੀਂ ਪਟਿਆਲੇ ਇਕੱਠੇ ਹੋਣ ਲਗ ਪਏ ਸੀ। ਗੁਰਭਗਤ ਸਿੰਘ, ਕੁਲਵੰਤ ਗਰੇਵਾਲ, ਅਮਰਜੀਤ ਸਾਥੀ, ਤੇ ਪਰੇਮ ਪਾਲੀ ਪਹਿਲਾਂ ਹੀ ਓਥੇ ਸਨ। ਹਰਿੰਦਰ ਮਹਿਬੂਬ, ਗੁਰਬਖ਼ਸ਼ ਸੋਚ ਤੇ ਮੈਂ ਬਾਹਰੋਂ ਜਾ ਕੇ ਰਲ ਗਏ। ਰਾਤ ਅਸੀਂ ਅੱਡੋ-ਅੱਡ ਘਰਾਂ ਵਿਚ ਰਹਿੰਦੇ ਸੀ; ਦਿਨੇ ਮਹਿੰਦਰਾ ਕਾਲਜ ਵਿਚ ਇਕੱਠੇ ਵਿਚਰਦੇ। ਹਰਿੰਦਰ ਨੇ ਪੰਜਾਬੀ ਐਮ ਏ ਸ਼ੁਰੂ ਕੀਤੀ ਸੀ ਤੇ ਮੈਂ ਤੇਰ੍ਹਵੀਂ ਜਮਾਤ। ਹਰਿੰਦਰ ਪਹਿਲੇ ਦੋ ਸਾਲ ਪ੍ਰੀਖਿਆ ਵਿਚ ਨਾ ਬੈਠਾ, ਪਹਿਲੇ ਸਾਲ ਮਨ ਦੀ ਮੌਜ ਕਰਕੇ ਤੇ ਦੂਜੇ ਸਾਲ ਇਕ ਸੁਪਨੇ ਕਰਕੇ। ਇਹ ਸੁਪਨਾ ਪ੍ਰੀਖਿਆ ਤੋਂ ਕੁਝ ਦਿਨ ਪਹਿਲਾਂ ਆਇਆ ਸੀ। ਜਾਣੀਂ ਉਹਦੀ ਹਿੱਕ ਉੱਤੇ ਡਾਇਣ ਚੜ੍ਹ ਗਈ, ਵੱਡੇ ਨਹੁੰ, ਖੁੱਲ੍ਹੇ ਜੁੰਡੇ, ਤਿੱਖੇ ਦੰਦ। ਹਰਿੰਦਰ ਦੇ ਖ਼ੁਸ਼ਕ ਸੰਘ ਚੋਂ ਆਵਾਜ਼ ਨਿਕਲੀ, "ਕੌਣ ਐਂ ਤੂੰ"? "ਥਰਡ ਡਵੀਜ਼ਨ" ਉਹ ਬੋਲੀ। ਤੇ ਸੁਪਨਾ ਟੁੱਟ ਗਿਆ। ਉਸ ਤੋਂ ਅਗਲੇ ਸਾਲ ਯੂਨੀਵਰਸਿਟੀ ਵਿਚੋਂ 'ਫ਼ਸਟ' ਆ ਕੇ ਹਰਿੰਦਰ ਨੇ ਉਸ ਡਾਇਣ ਤੋਂ ਖਹਿੜਾ ਛੁਡਾਇਆ।

ਪਰ ਹਰਿੰਦਰ ਨੂੰ ਦੋ ਸਾਲ ਗੁਆਚਣ ਦੀ ਚਿੰਤਾ ਨਹੀਂ ਸੀ। ਉਹ ਸਾਲਾਂ ਦੀ ਗਿਣਤੀ-ਮਿਣਤੀ ਵਿਚ ਨਹੀਂ ਪੈਂਦਾ ਸੀ। ਇਕ ਸ਼ਾਮ ਲੋਅਰ ਮਾਲ 'ਤੇ ਅਸੀਂ ਪ੍ਰੋਫ਼ੈਸਰ ਪ੍ਰੀਤਮ ਸਿੰਘ ਨਾਲ ਸੈਰ ਕਰ ਰਹੇ ਸੀ। ਉਨ੍ਹਾਂ ਨੇ ਹਰਿੰਦਰ ਦੇ ਮੋਢੇ ਉੱਤੇ ਹੱਥ ਧਰਕੇ ਆਖਿਆ, "ਬਬੂ ਸ਼ਾਹ ਜੀ, ਨੌਕਰੀਆਂ ਲਈ ਮੁਕਾਬਲਾ ਦਿਨੋ-ਦਿਨ ਵਧੀ ਜਾਂਦੈ ਤੇ ਤੂੰ ਦੋ ਸਾਲ ਹੋਰ ਪਿੱਛੇ ਹੋ ਗਿਆ ਹੈਂ"।

ਹਰਿੰਦਰ ਨੇ ਸਹਿਜ ਭਾਅ ਉੱਤਰ ਦਿੱਤਾ, "ਪ੍ਰੋ ਸਾਹਿਬ ਮੈਂ ਸਮਝ ਲੂੰ ਦੋ ਸਾਲ ਪਿੱਛੋਂ ਜੰਮਿਆ ਸੀ"।

ਪ੍ਰੀਤਮ ਸਿੰਘ ਜੀ ਹੈਰਾਨ ਹੋ ਕੇ ਉਸ ਵਲ ਵੇਖਣ ਲੱਗ ਪਏ। ਉਹ ਦੋਵੇਂ ਇੱਕੋ ਸੜਕ 'ਤੇ ਦੋ ਸਮਿਆਂ ਵਿਚ ਤੁਰ ਰਹੇ ਸਨ। ਪ੍ਰੀਤਮ ਸਿੰਘ ਜੰਤਰੀ ਦੇ ਸਮੇਂ ਵਿਚ ਬੱਝੇ ਹੋਏ ਸਨ, ਹਰਿੰਦਰ ਖੁੱਲ੍ਹਾ ਸੀ। ਉਹ ਅਪਣੇ ਜਨਮ ਤੋਂ ਦੋ ਸਾਲ ਪਿੱਛੇ ਜਾ ਸਕਦਾ ਸੀ ਤੇ ਅੱਗੇ ਵੀ। ਉਹਦਾ ਸਮਾਂ ਲੋਅਰ ਮਾਲ ਦੀ ਸਿੱਧੀ ਰੇਖਾ ਵਰਗਾ ਨਹੀਂ ਸੀ ਅਤੇ ਨਾ ਹੀ ਹਰ ਹੀਲੇ ਅੱਗੇ ਨਿਕਲਣ ਦੀ ਹਿੰਸਾ ਨਾਲ ਲਿਬੜਿਆ ਹੋਇਆ ਸੀ। ਇਹ ਸਮਾਂ ਸੀ ਭੂਤਵਾੜੇ ਦਾ ਜੋ ਅਜੇ ਸਥਿਤ ਨਹੀਂ ਹੋਇਆ ਸੀ। ਹਰਿੰਦਰ ਭਵਿੱਖ ਵਿਚੋਂ ਆ ਕੇ ਪ੍ਰੀਤਮ ਸਿੰਘ ਨਾਲ ਰਲਿਆ ਸੀ।

***? ਭੂਤਵਾੜਾ ਕਿੱਥੇ ਤੇ ਕਦੋਂ ਸ਼ੁਰੂ ਹੋਇਆ ਸੀ?***

– 1962 ਵਿਚ ਹਰਿੰਦਰ ਮਹਿਬੂਬ, ਗੁਰਭਗਤ, ਪ੍ਰੇਮ ਪਾਲੀ ਤੇ ਮੈਂ ਪ੍ਰੋ ਪ੍ਰੀਤਮ ਸਿੰਘ ਦੇ ਘਰ ਦੇ ਸਾਹਮਣੇ ਕਿਸੇ ਮਕਾਨ ਵਿਚ ਆ ਗਏ। ਇਸ ਵਿਚ ਦੋ ਕਮਰੇ, ਇਕ ਨਿੱਕਾ ਜਿਹਾ ਸਟੋਰ, ਰਸੋਈ ਤੇ ਗੁਸਲਖ਼ਾਨਾ ਸੀ। ਕਮਰਿਆਂ ਦੇ ਮੂਹਰੇ ਬਰਾਮਦਾ ਸੀ। ਵਿਹੜਾ ਖੁੱਲ੍ਹਾ ਸੀ ਤੇ ਕੱਚਾ ਸੀ। ਇਕ ਪਾਸੇ ਬਾਰਾਂ ਕੁ ਫੁੱਟ ਉਚਾ ਵੰਝ ਗੱਡਿਆ ਹੋਇਆ ਸੀ। ਦੋ ਤਿੰਨ ਘੰਟੇ ਦੇ ਲਗਾਤਾਰ ਯਤਨਾਂ ਨਾਲ ਭੂਤਾਂ ਨੇ ਉਸ ਉੱਤੇ ਗੁਰਭਗਤ ਦਾ ਗਿੱਲਾ ਕੱਛਾ ਟੰਗ ਦਿੱਤਾ ਜੋ ਭੂਤਵਾੜੇ ਦੇ ਅੰਤ ਤਕ ਧੁੱਪਾਂ ਛਾਵਾਂ ਕਣੀਆਂ ਵਿੱਚ ਵੰਨ ਸਵੰਨੇ ਰੰਗਾਂ ਦੀ ਪ੍ਰਦਰਸ਼ਨੀ ਕਰਦਾ ਰਿਹਾ।

***? ਉਹਦਾ ਕੋਈ ਅਰਥ ਸੀ?***

– ਨਹੀਂ, ਕੋਈ ਅਰਥ ਨਹੀਂ ਸੀ। ਖੇਡ ਸੀ। ਇਹ ਸਬੱਬ ਹੀ ਸੀ ਕਿ ਭੂਤਵਾੜੇ ਦਾ ਸ੍ਰੀ ਗਣੇਸ਼ ਅਰਥ ਨਾਲ ਨਹੀਂ ਖੇਡ ਨਾਲ ਹੋਇਆ ਸੀ। ਪਰ ਅਰਥ ਪਰਸ ਰਾਮ ਦੇ ਕੁਹਾੜੇ ਵਾਂਗੂੰ ਮਨੁੱਖ ਦੀ ਹਰ ਕਿਰਿਆ ਤੇ ਉੱਲਰਿਆ ਰਹਿੰਦਾ ਹੈ। ਇਹ ਸਾਡੇ ਮਨੁੱਖ ਹੋਣ ਦਾ ਵਰ ਤੇ ਸਰਾਪ ਹੈ। ਗਿੱਲੇ ਕੱਛੇ ਦੀ ਖੇਡ ਦੇ ਅਰਥ ਦੀ ਸੂੰਹ ਮੈਨੂੰ ਪਟਿਆਲੇ ਦੇ ਸਰਕਾਰੀ ਇਸਤਰੀ ਕਾਲਜ ਦੇ ਸੰਗੀਤ ਅਧਿਆਪਕ ਤਾਰਾ ਸਿੰਘ ਤੋਂ ਪਈ। ਉਹ ਕਹਿੰਦੇ, ਲਾਲ, ਕੇਸਰੀ, ਤਿਰੰਗੇ ਝੰਡੇ ਤਾਂ ਆਮ ਵੇਖੀਦੇ ਹਨ, ਪਰ ਕੱਛੇ ਦਾ ਝੰਡਾ ਪਹਿਲੀ ਵਾਰ ਤੁਹਾਡੇ ਭੂਤਵਾੜੇ ਵਿਚ ਵੇਖਿਆ ਹੈ। ਜਦੋਂ ਵੀ ਕੋਲ ਦੀ ਲੰਘਦਾ ਹਾਂ ਸੋਚਦਾ ਹਾਂ ਇਹਦੇ ਕੀ ਅਰਥ ਹਨ? ਅਖ਼ੀਰ ਮੈਂ ਇਹੀ ਸਮਝਿਆ ਹੈ ਕਿ ਇਹ ਜਤ ਸਤ ਦਾ ਝੰਡਾ ਹੈ।

ਦ੍ਰਿਸ਼ਟੀ ਤੇ ਅਰਥਕਾਰੀ ਦੋਵੇਂ ਭੇਤ-ਭਰੇ ਅਮਲ ਹਨ। ਜੀਹਨੂੰ ਤਾਰਾ ਸਿੰਘ ਨੇ ਝੰਡਾ ਵੇਖਿਆ ਸੀ, ਮੈਂ ਝੰਡਾ ਨਹੀਂ ਵੇਖਿਆ ਸੀ। ਜੇ ਵੇਖਿਆ ਵੀ ਹੁੰਦਾ ਮੈਂ ਉਹਨੂੰ ਤਾਰਾ ਸਿੰਘ ਵਾਲੇ ਅਰਥ ਨਹੀਂ ਦੇਣੇ ਸਨ।

***? ਤੂੰ ਕੀ ਅਰਥ ਦਿੰਦਾ?***

ਇਹੀ ਕਿ ਝੰਡਾ ਅਰਥਹੀਣ ਹੁੰਦਾ ਹੈ। ਤੇ ਜੇ ਬਾਂਸ 'ਤੇ ਟੰਗਿਆ ਕੱਛਾ ਝੰਡੇ ਵਰਗਾ ਲਗਦਾ ਹੈ, ਤਾਂ ਇਹ ਝੰਡੇ ਦਾ ਮਜ਼ਾਕ ਹੈ। ਤੂੰ ਇਹਨੂੰ ਉੱਤਰ-ਆਧੁਨਿਕਤਾ ਦਾ ਪਹਿਲਾ ਅਭਿਆਸ ਵੀ ਕਹਿ ਸਕਦਾ ਹੈਂ।

ਮੈਨੂੰ ਏਹੋ ਜਿਹੀ ਇਕ ਹੋਰ ਖੇਡ ਯਾਦ ਆ ਗਈ ਹੈ। ਇਹ ਭੂਤਵਾੜੇ ਤੋਂ ਪਹਿਲਾਂ ਦੀ ਹੈ, ਪਰ ਸੁਰ ਭੂਤਵਾੜੇ ਦੀ ਹੈ। ਇਹਦੇ ਅਰਥ ਮੈਨੂੰ ਭੂਤਵਾੜੇ ਤੋਂ ਬਿਨਾ ਸਮਝ ਨਹੀਂ ਆਉਣੇ ਸੀ। ਮੈਂ ਨੌਂਵੀਂ ਵਿਚ ਸੀ ਤੇ ਮੋਗੇ ਕਿਸੇ ਗਿਆਨੀ ਕਾਲਜ ਦੇ ਪ੍ਰੋਗਰਾਮ ਲਈ ਇਹ ਤਿੰਨ ਮਿੰਟਾਂ ਦਾ ਸਕਿਟ ਤਿਆਰ ਕੀਤਾ ਸੀ। ਇਹਦੇ ਕੇਵਲ ਦੋ ਡਾਇਲਾਗ ਸਨ। ਇਕ ਜਣਾ ਕਹਿੰਦਾ ਸੀ "ਮੈਂ ਗਿੱਲਾ ਕੱਛਹਿਰਾ ਪਾਊਂਗਾ" ਤੇ ਦੂਜਾ ਕਹਿੰਦਾ ਸੀ "ਮੈਂ ਪਾਉਣ ਨਹੀਂ ਦੇਣਾ।"

ਸੁਣਿਐ ਜਿਵੇਂ ਝੰਡੇ ਨਾਲ ਕੀਤਾ ਸੀ ਭੂਤ ਹਰ ਪੰਜਾਬੀ ਲੇਖਕ ਨਾਲ ਕਰਦੇ ਸਨ, ਆਏ ਦਾ ਹਾਸਾ ਉਡਾਉਂਦੇ ਸਨ? ਕੀ ਇਹ ਸਹੀ ਹੈ ਕਿ ਜਸਵੰਤ ਸਿੰਘ ਕੰਵਲ ਨੇ ਭੂਤਾਂ ਨੂੰ ਸਿੱਧਾ ਹੀ ਕਹਿ ਦਿੱਤਾ ਸੀ ਕਿ ਤੁਸੀਂ "ਹਰ ਲੇਖਕ ਦੇ ਮਗਰ ਪੋਲੇ ਲੈ ਕੇ ਪੈ ਜਾਂਦੇ ਓ"?

ਕੰਵਲ ਨੇ ਅਵੱਸ਼ ਕਿਹਾ ਹੋਵੇਗਾ। ਪਰ ਭੂਤ ਹਰ ਲੇਖਕ ਦੇ ਮਗਰ ਨਹੀਂ ਪੈਂਦੇ ਸੀ। ਪੈਣ ਯੋਗ ਦੇ ਪੈਂਦੇ ਸੀ। "ਪੈਣਾ" ਸ਼ਬਦ ਵੀ ਸਹੀ ਨਹੀਂ। ਮਨਸ਼ਾ ਗੋਸ਼ਟੀ ਦੀ ਹੁੰਦੀ ਸੀ। ਜਿਹੜੇ ਆਲੋਚਨਾ ਸਹਾਰਦੇ ਨਹੀਂ ਸਨ ਉਨ੍ਹਾਂ ਨੂੰ ਭੂਤਾਂ ਦੀ ਸੁਰ ਮਜ਼ਾਕ ਦੀ ਲਗਦੀ ਸੀ। ਕਈ ਵਾਰ ਹੁੰਦੀ ਵੀ ਸੀ। ਉਪਹਾਸ ਕਾਰਗਰ ਗੁਰ ਹੈ। ਹੌਲੀ-ਹੌਲੀ ਭੂਤਵਾੜੇ ਵਿਚ ਹਰਦਿਲਜੀਤ ਲਾਲੀ, ਸੁਤਿੰਦਰ ਨੂਰ, ਹਰਭਜਨ ਸੋਹੀ ਬਠਿੰਡੇ ਵਾਲਾ (ਨਕਸਲੀ ਲੀਡਰ) ਸੁਰਜੀਤ ਲੀ, ਮਾਸਟਰ ਮੇਘ ਤੇ ਕੁਝ ਹੋਰ ਮਿੱਤਰ ਸ਼ਾਮਲ ਹੋ ਗਏ। ਹੁਣ ਭੂਤਵਾੜੇ ਦਾ ਨਾਂ ਭੂਤਵਾੜੇ ਚੋਂ ਨਿਕਲ ਕੇ ਰਿਕਸ਼ਾ ਤੇ ਤਾਂਗਾ ਵਾਹਕਾਂ ਤਕ ਪਹੁੰਚ ਗਿਆ ਸੀ। ਕੇਵਲ ਦੋ ਵਾਰ ਉਕਾਈ ਹੋਈ। ਪਹਿਲੀ ਵਾਰ ਓਦੋਂ ਜਦੋਂ ਰਿਕਸ਼ੇ ਵਾਲੇ ਨੇ ਡਾਕਟਰ ਗੰਡਾ ਸਿੰਘ ਦੇ ਦਰ ਤੇ ਆ ਕੇ ਪੁੱਛਿਆ ਸੀ, "ਜੀ ਭੂਤਵਾੜਾ ਏਹੀ ਐ?" "ਕੀ?" ਡਾਕਟਰ ਸਾਹਿਬ ਡੌਰ-ਭੌਰ ਹੋ ਕੇ ਆਸੇ-ਪਾਸੇ ਝਾਕਣ ਲਗ ਪਏ ਸਨ। ਉਨ੍ਹਾਂ ਦੀ ਸ੍ਰੀਮਤੀ ਨੇ ਰਿਕਸ਼ੇ ਵਾਲੇ ਨੂੰ ਭੂਤਵਾੜੇ ਵੱਲ ਇਸ਼ਾਰਾ ਕਰਕੇ ਡਾਕਟਰ ਸਾਹਿਬ ਦੀ ਪ੍ਰੇਸ਼ਾਨੀ ਦੂਰ ਕੀਤੀ ਸੀ। ਦੂਜੀ ਵਾਰ ਰਿਕਸ਼ੇ ਵਾਲਾ ਭੂਤ ਕਢਣ ਵਾਲੀ ਦੁਕਾਨ 'ਤੇ ਚਲਾ ਗਿਆ ਸੀ। ਮੁੰਡਾ ਅਜੇ ਅੰਦਰ ਵੜਿਆ ਹੀ ਸੀ ਲਾਲ ਅੱਖਾਂ ਨੇ ਕਿਹਾ, "ਬਹਿ ਜਾ ਏਥੇ ਤੇਰਾ ਭੂਤ ਪਿੱਛੋਂ ਕਢਾਂ ਗੇ"। "ਮੈਂ ਤਾਂ ਭੂਤ ਬਣਨ ਆਇਆ ਸੀ" ਕਹਿਕੇ ਮੁੰਡਾ ਬਾਹਰ ਨਿਕਲ ਗਿਆ।

ਲਾਲੀ ਦੇ ਆਉਣ ਨਾਲ ਭੂਤਵਾੜੇ ਦਾ ਵਿਹੜਾ ਹੋਰ ਮੋਕਲਾ ਹੋ ਗਿਆ। ਉਹਦੇ ਨਾਲ ਵਿਸ਼ਵ ਭਰ ਦੇ ਚੋਣਵੇਂ ਲੇਖਕ, ਕਲਾਕਾਰ ਅਤੇ ਫ਼ਿਲਮਕਾਰ ਇਸ ਵਿਹੜੇ ਵਿਚ ਪਹੁੰਚੇ। ਲਾਲੀ ਜ਼ਿੰਦਗੀ ਨੂੰ ਫੱਕਰ ਵਾਂਗ ਜਿਉਂਦਾ ਸੀ। ਤੇ ਅਪਣੇ ਆਪ ਨੂੰ ਲੁਟਾਉਂਦਾ ਰਹਿੰਦਾ ਸੀ। ਇਹ ਪਰਵਾਹ ਨਹੀਂ ਕਰਦਾ ਸੀ ਕਿ ਲੁੱਟਣ

ਵਾਲਾ ਕੌਣ ਹੈ। ਭੂਤਵਾੜੇ ਵਿਚ ਉਹ ਸਾਰੀ-ਸਾਰੀ ਰਾਤ ਪੁਸਤਕਾਂ ਪੜ੍ਹਦਾ ਰਹਿੰਦਾ ਸੀ ਤੇ ਸੁਣਨ ਵਾਲਿਆਂ ਨੂੰ ਜਗਾਈ ਰੱਖਣ ਦਾ ਕੰਮ ਵੀ ਆਪ ਹੀ ਕਰਦਾ ਸੀ।

ਭੂਤ ਘਰ ਦੇ ਸਾਜ਼ੋ-ਸਾਮਾਨ ਵਲੋਂ ਤਾਂ ਮਲੰਗ ਸਨ। ਪਰ ਉਹਨਾਂ ਦਾ ਵਿਹੜਾ ਸੂਰਜ ਦੀ ਧੁੱਪ, ਚੰਨ ਦੀ ਚਾਨਣੀ, ਸੱਜਰੀ ਪੌਣ ਤੇ ਤਾਰਿਆਂ ਨਾਲ ਭਰਿਆ ਰਹਿੰਦਾ ਸੀ। ਪੂਰਨਿਮਾ ਦੀਆਂ ਰਾਤਾਂ ਨੂੰ ਜਦੋਂ ਉਹ ਵਿਹੜੇ ਵਿਚ ਬੈਠਕੇ ਕਵਿਤਾ ਪਾਠ ਕਰਦੇ, ਤਾਂ ਚੰਨ ਚਾਨਣ ਦੇਣ ਲਈ ਨੀਵਾਂ ਹੋ ਜਾਂਦਾ ਲਗਦਾ ਸੀ

***? ਲਾਲੀ ਨੇ ਲਿਖਿਆ ਕਿਉਂ ਨਹੀਂ?***

– ਲਾਲੀ ਆਪ ਲਿਖਤ ਹੈ। ਉਹਨੂੰ ਲਿਖਣ ਵਾਲੇ ਹੋਰ ਹਨ। ਮੈਂ ਵੀ ਉਹਨੂੰ ਲਿਖਦਾ ਹਾਂ। ਉਹ ਮੇਰੇ ਵਿਚ ਲਿਖਦਾ ਹੈ। ਜਿਹੜੀ ਕਵਿਤਾ ਵਿਚੋਂ ਮੈਨੂੰ ਆਨੰਦ ਆਉਂਦਾ ਹੈ, ਉਹਦੇ ਵਿਚ ਉਹਦਾ ਕੁਝ ਹਿੱਸਾ ਹੁੰਦਾ ਹੈ।

ਉਹ ਬਾਣੀ (orality) ਦਾ ਬੰਦਾ ਹੈ, ਤੁਰਿਆ ਫਿਰਦਾ ਸ਼ਬਦਾਂ ਦੇ ਛਿੱਟੇ ਦਿੰਦਾ ਰਹਿੰਦੈ। ਉਹਦੇ ਨਾਲ਼ ਦੁਨੀਆਂ ਦੇ ਅਨੇਕ ਲੇਖਕ, ਕਲਾਕਾਰ ਹੁੰਦੇ ਹਨ। ਉਹਨੂੰ ਮਿਲਣ 'ਤੇ ਪਤਾ ਲਗਦਾ ਹੈ ਪਟਿਆਲੇ ਦੀ ਜੂਹ ਕਿੱਥੋਂ ਤਕ ਫੈਲੀ ਹੋਈ ਹੈ ਤੇ ਏਥੇ ਕਿੰਨੇ ਅਨੁਭਵੀ ਲੋਕ ਰਹਿੰਦੇ ਹਨ। ਉਹ ਲਾਲੀ ਦੀ ਰਸਨਾ ਰਾਹੀਂ ਬੋਲਦੇ ਹਨ, ਉਹ ਬੋਲ ਜਿਹੜੇ ਅੱਖਰਾਂ ਤੋਂ ਸਾਂਭੇ ਨਹੀਂ ਗਏ। ਇਹ ਬਾਣੀ ਦੀ ਮਹਿਮਾ ਹੈ, ਬੋਲਾਂ ਨੂੰ ਅੱਖਰਾਂ ਤੋਂ ਮੁਕਤ ਕਰ ਦਿੰਦੀ ਹੈ।

ਮੈਂ ਜਦੋਂ ਉਹਨੂੰ ਪਹਿਲੀ ਵਾਰ ਮਿਲਿਆ, ਉਹਨੇ ਵੱਡੀਆਂ ਜੇਬਾਂ ਵਾਲਾ ਕੋਟ ਪਾਇਆ ਹੋਇਆ ਸੀ। ਜੇਬਾਂ ਖ਼ਾਲੀ ਲਗਦੀਆਂ ਸਨ। ਥੁਹੜੀ ਹੀ ਦੂਰ ਗਏ ਸੀ ਕਿ ਜੇਬਾਂ ਵਿਚੋਂ ਮਦਾਰੀ ਦੀ ਟੋਪੀ ਵਾਂਗੂੰ ਵੰਨ ਸੁਵੰਨੇ ਪੰਛੀ ਨਿਕਲਣ ਲੱਗ ਪਏ। ਲਾਲੀ ਨੂੰ ਖ਼ਾਲੀ ਹੋਣ ਦੀ ਕਲਾ ਆਉਂਦੀ ਹੈ। ਉਹ ਖੂਹ ਦੀਆਂ ਟਿੰਡਾਂ ਵਾਂਗੂੰ ਭਰਦਾ ਹੈ, ਮੁਧ ਜਾਂਦਾ ਹੈ ਤੇ ਖ਼ਾਲੀ ਹੋ ਜਾਂਦਾ ਹੈ।

***? ਤੇਰੇ 'ਤੇ ਲਾਲੀ ਦਾ ਕੋਈ ਪ੍ਰਭਾਵ ਪਿਆ?***

– ਖ਼ਾਲੀ ਬੰਦੇ ਦਾ ਕੀ ਪ੍ਰਭਾਵ ਪੈਣਾ ਸੀ? ਨਾ ਹੀ ਉਹ ਪ੍ਰਭਾਵ ਪੈਣ ਦਿੰਦਾ ਹੈ। ਉਹਨੇ ਮੈਨੂੰ ਅਪਣੇ ਵਿਚਦੀ ਪਾਰ ਹੋਣ ਦਿੱਤਾ ਹੈ। ਆਕਾਸ਼ ਵਾਂਗੂੰ। ਉਹਨੇ ਮੈਨੂੰ ਮੇਰੇ ਅਪਣੇ ਵਰਗਾ ਬਣਨ ਦਿੱਤਾ ਹੈ। ਮੈਨੂੰ ਉਹ ਖੁੱਲ੍ਹੇ ਮੂੰਹ ਵਾਲੇ ਉੜੇ ਵਰਗਾ ਲਗਦਾ ਹੈ। ਮੈਂ ਉਹਦੇ ਵਾਂਗੂੰ ਅਪਣੀ ਰਚਨਾ ਵਿਚੋਂ ਤੇ ਅਪਣੇ ਆਪ ਵਿੱਚੋਂ ਖ਼ਾਲੀ ਹੋਣਾ ਚਾਹੁੰਦਾ ਹਾਂ।

***? ਕਿਸੇ ਹੋਰ ਭੂਤ ਦਾ ਪ੍ਰਭਾਵ?***

– ਸਾਰੇ ਭੂਤ ਵੱਖੋ-ਵੱਖਰੇ ਸਨ ਤੇ ਵਿਅਕਤੀ ਸਨ। ਮੇਰੇ ਵਿਚ ਉਹ ਸਾਰੇ ਹਨ। ਮੇਰੀ ਕਵਿਤਾ ਵਿਚ ਵੀ। ਮੇਰੀ ਕਵਿਤਾ ਉਹ ਸਾਰੇ ਜਣੇ ਲਿਖਦੇ ਹਨ। ਇਕ ਵਾਰ ਮੈਂ ਹਰਿੰਦਰ ਮਹਿਬੂਬ ਨੂੰ ਕਨੇਡਾ ਤੋਂ ਗੀਤ ਭੇਜਿਆ, 'ਬੇਰਾਹੇ ਮੇਰੇ ਪੈਰ'। ਉਹਨੇ ਅਪਣੇ ਆਪ ਹਰ ਬੰਦ ਵਿਚ ਇਕ ਪੰਕਤੀ ਜੋੜ ਕੇ ਦੋਹਾਂ ਦੇ ਨਾਂ ਹੇਠ ਨੂਰ ਦੇ ਇਕੱਠੀ ਫਰਵਰੀ ਰਿਸਾਲੇ ਵਿਚ ਛਪਵਾ ਦਿੱਤਾ। ਮੈਨੂੰ ਕਈ ਮਹੀਨਿਆਂ ਪਿੱਛੋਂ ਪਤਾ ਲਗਾ। ਜੇ ਉਹ ਜਾਂ ਨੂਰ ਉਸ ਗੀਤ ਦੇ ਲੇਖਕਾਂ ਵਜੋਂ ਬਾਕੀ ਭੂਤਾਂ ਦੇ ਨਾਂ ਲਿਖ ਦਿੰਦੇ ਮੈਂ ਹੋਰ ਵੀ ਖ਼ੁਸ਼ ਹੁੰਦਾ। ਹਰਿੰਦਰ ਮੇਰੇ ਓਦੋਂ ਵਧ ਨੇੜੇ ਹੁੰਦਾ ਹੈ, ਜਦੋਂ ਕਿਸੇ ਚਿੱਠੀ ਵਿਚ ਸ਼ੇਖ਼ਚਿਲੀਆਂ ਮਾਰਦਾ ਹੈ। ਓਦੋਂ ਉਹ ਬੱਚੇ ਵਾਂਗੂੰ ਮਾਸੂਮ ਹੁੰਦਾ ਹੈ। ਇਹ ਮਾਸੂਮੀ ਉਹਦੀ ਕਵਿਤਾ ਵਿਚੋਂ ਅਲੋਪ ਹੋ ਗਈ ਹੈ। ਹੁਣ ਉਹ ਭਾਰੀ ਗੌਰੀ ਕਵਿਤਾ ਲਿਖਦਾ ਹੈ। ਪੰਥ ਨਾਲ ਕੀਤੇ ਕੌਲ ਪੁਗਾਉਣ ਲਈ। ਅਪਣਾ ਬਚਨ ਪਾਲਣ ਪਿੱਛੋਂ ਇਕ ਦਿਨ ਫੇਰ ਉਹ ਵਗਦੇ ਖਾਲ਼ ਉੱਤੇ ਸੰਤਰਿਆਂ ਦੇ ਬੂਟੇ ਕੋਲ ਬਹਿ ਕੇ 'ਕਬਿਤ' ਜੋੜੇਗਾ। ਸਾਡਾ ਵੀ ਉਸ 'ਤੇ ਕੋਈ ਦਾਅਵਾ ਹੈ।

***? ਭੂਤਵਾੜਾ ਨਾਂ ਕਿਵੇਂ ਪਿਆ?***

– ਭੂਤਵਾੜਾ ਨਾਂ ਸੋਚ ਸਮਝ ਕੇ ਨਹੀਂ ਰੱਖਿਆ ਸੀ। ਇਹ ਗੁੱਸੇ ਵਿਚ ਆਏ ਕਿਸੇ ਮਿਤਰ ਮੂੰਹੋਂ ਨਿਕਲਿਆ ਸੀ। ਭੂਤਾਂ ਨੇ ਇਸ ਸਰਾਪ ਨੂੰ ਵਰਦਾਨ ਸਮਝ ਕੇ ਅਪਣਾਅ ਲਿਆ। ਇਸ ਤੋਂ ਪਹਿਲਾਂ ਗੁਰਭਗਤ ਸਿੰਘ ਨੇ ਬਿੰਕਰਜ਼ ਕੌਰਨਰ ਨਾਂ ਰੱਖਣ ਦਾ ਸੁਝਾਅ ਦਿੱਤਾ ਸੀ। ਪਰ ਜਦੋਂ ਕਿਸੇ ਸਾਥੀ ਨੇ ਹਾਸੇ ਵਿਚ ਥਿੰਕਰਜ਼ ਕੌਰਨਰ ਦਾ ਅਨੁਵਾਦ "ਸੋਚੂਆਂ ਦਾ ਖੂੰਜਾ" ਕੀਤਾ, ਤਾਂ ਗੁਰਭਗਤ ਸਿੰਘ ਦਾ ਸੁਝਾਅ ਰੱਦ ਕਰ ਦਿੱਤਾ ਗਿਆ। ਦੋ ਗੱਲਾਂ ਕਰ ਕੇ ਭੂਤਵਾੜਾ ਨਾਂ ਬਿਲਕੁਲ ਢੁੱਕਵਾਂ ਸੀ। ਪਹਿਲਾ, ਲੋਕਯਾਨ ਦੇ ਵਿਚ ਕਲਪਿਤ ਭੂਤਾਂ ਵਾਂਙ, ਇਸ ਭੂਤਵਾੜੇ ਦੇ ਭੂਤ ਵੀ ਵਖਰੇ ਸਮੇਂ ਤੇ ਸਪੇਸ ਵਿਚ ਵਿਚਰਦੇ ਸਨ। ਇਹ ਉਹ ਸਮਾਂ/ਸਪੇਸ ਸੀ; ਜਿਹਨੂੰ ਉਹ ਸਿਰਜਣਾ ਚਾਹੁੰਦੇ ਸਨ, ਜੋ ਕਵਿਤਾ ਅਤੇ ਕਲਾ ਦੀ ਬਣੀ ਹੋਈ ਸੀ। ਦੂਜਾ, ਲੋਕਯਾਨ ਦੇ ਭੂਤਾਂ ਵਾਂਗ ਇਹ ਭੂਤ ਵੀ ਅਪਣੇ ਪਿੱਛੇ ਪੈੜ ਛਡਣ ਦੇ ਖ਼ਿਲਾਫ਼ ਸਨ। ਉਹ ਨਾ ਕਿਸੇ ਦੀ ਪੈੜ ਉਤੇ ਤੁਰਦੇ ਸਨ ਨਾ ਅਪਣੀ ਤੇ ਕਿਸੇ ਨੂੰ ਤੁਰਨ ਦਿੰਦੇ ਸਨ। ਇਸ ਕਰਕੇ ਭੂਤਵਾੜੇ ਦਾ ਕੋਈ ਪੈਰੋਕਾਰ ਨਹੀਂ।

ਭੂਤਵਾੜੇ ਦਾ ਦਰ ਹਮੇਸ਼ਾਂ ਖੁੱਲ੍ਹਾ ਰਹਿੰਦਾ ਸੀ। ਰਾਤ ਨੂੰ ਜਿੰਨੇ ਭੂਤ ਸੌਂਦੇ ਸਨ, ਸਵੇਰੇ ਉਨ੍ਹਾਂ ਤੋਂ ਵਧ ਉਠਦੇ ਸਨ। ਰਾਤੀਂ ਆਏ ਸੁੱਤੇ ਪਏ ਭੂਤਾਂ ਵਿਚ ਜਿੱਥੇ ਥਾਂ ਮਿਲਦੀ ਘੁਸੜ ਕੇ ਪੈ ਜਾਂਦੇ। ਬਿਸਤਰਿਆਂ ਦੀ ਕੋਈ ਘਾਟ ਨਹੀਂ ਤੇ ਉਹ ਨਿਤ ਨਵੇਂ ਹੁੰਦੇ ਸਨ। ਸਮਾਚਾਰ ਪੱਤਰ ਦਿਨੇ ਖ਼ਬਰਾਂ ਦਿੰਦੇ ਸਨ ਰਾਤ ਨੂੰ ਗਦੈਲੇ ਬਣ ਜਾਂਦੇ ਸਨ। ਕਿਸੇ ਲੇਖਕ ਦਾ ਮਾਣ ਕਰਨ ਲਈ ਉਸਨੂੰ ਦੋ ਅਖ਼ਬਾਰ (ਗਦੈਲੇ) ਭੇਟਾ ਕੀਤੇ ਜਾਂਦੇ ਸਨ।

***? ਗੁਜ਼ਾਰਾ ਕਿਵੇਂ ਚਲਦਾ ਸੀ?***

– ਰੱਬ ਤਵੱਕੋਂ। ਗੁਰਭਗਤ ਖ਼ਾਲਸਾ ਕਾਲਜ ਪੜ੍ਹਾਉਂਦਾ ਸੀ। ਹਰਿੰਦਰ ਤੇ ਮੈਂ ਭਾਸ਼ਾ ਵਿਭਾਗ ਵਿਚ ਪਰੂਫ਼ ਰੀਡਰੀ ਕਰਦੇ ਸੀ। ਭਾਸ਼ਾ ਵਿਭਾਗ ਤੋਂ ਇੱਕਾ-ਦੁੱਕਾ ਅਨੁ-ਵਾਦ ਦਾ ਕੰਮ ਮਿਲ਼ ਜਾਂਦਾ ਸੀ। ਕਦੇ-ਕਦੇ ਕਾਵਿ ਮੁਕਾਬਲਿਆਂ ਵਿਚ ਨਕਦ ਇਨਾਮ ਮਿਲ਼ ਜਾਂਦੇ। ਪਿੰਡ ਗਏ ਭੂਤ ਆਟਾ, ਗੁੜ ਤੇ ਹੋਰ ਸੀਧਾ ਲੈ ਆਉਂਦੇ। ਕੁਝ ਵਿਸ਼ੇਸ਼ ਮਹਿਮਾਨ ਸਨ ਜਿੰਨਾਂ ਤੋਂ, ਆਓ ਭਾਗਤ ਤੋਂ ਪਿੱਛੋਂ, ਵਾਪਸੀ ਕਿਰਾਇਆ ਛਡ ਕੇ ਬਾਕੀ ਭੂਤਵਾੜੇ ਦੀ ਦਰਸ਼ਨ ਭੇਟਾ ਲੈ ਲਈ ਜਾਂਦੀ ਸੀ। ਭੂਤਵਾੜੇ ਵਿਚ ਸਭ ਕੁਝ ਸਭ ਦਾ ਸੀ। ਕਪੜੇ, ਪੁਸਤਕਾਂ, ਕਲਮਾਂ। ਫ਼ੀਸਾਂ, ਕਿਰਾਏ, ਦਾਖ਼ਲੇ ਦੇ ਖ਼ਰਚ ਵੀ ਸਭ ਦੇ ਸਾਂਝੇ ਸਨ। ਕਿਸੇ ਦਾ ਆਪਣਾ ਕੁਝ ਨਹੀਂ ਸੀ। ਹਰ ਕੋਈ ਸਭ ਦੇ ਜਿਉਣ ਚ ਜਿਉਂਦਾ ਸੀ। ਕਿਵੇਂ ਨਾ ਕਿਵੇਂ ਆਈ-ਚਲਾਈ ਚੱਲੀ ਜਾਂਦੀ ਸੀ। ਔਝ ਬਹੁਤੇ ਦਿਨ



ਲਾਲੀ ਤੇ ਨਵਤੇਜ - ਪਟਿਆਲਾ - 1999

ਨਹੀਂ ਲਗਦੀ ਸੀ। ਕਿਸੇ ਨਾ ਕਿਸੇ ਖੂੰਜੇ ਚੋਂ ਮੀਂਹ ਨਾਲ ਭਰੀਆਂ ਘਟਾਵਾਂ ਆ ਝੁੱਲਦੀਆ ਸਨ। ਕੁਝ ਦਰ ਵੀ ਸਾਡੇ ਲਈ ਖੁੱਲ੍ਹੇ ਰਹਿੰਦੇ ਸਨ, ਦਲੀਪ ਕੌਰ ਟਿਵਾਣਾ, ਅੰਮ੍ਰਿਤ ਕਲੇਰ, ਪ੍ਰੋਫ਼ੈਸਰ ਪ੍ਰੀਤਮ ਸਿੰਘ ਦੇ। ਉਧਾਰ ਦੇਣ ਵਾਲੇ ਅੰਡ ਮਿਹਰਬਾਨ ਸਨ। ਸਾਨੂੰ ਪਤਾ ਵੀ ਨਹੀਂ ਹੁੰਦਾ ਸੀ ਕਿਸ ਕਿਸ ਦਾ ਉਧਾਰ ਦੇਣਾ। ਮੈਨੂੰ ਲਗਦਾ ਹੈ ਪਟਿਆਲੇ ਵਰਗਾ ਨਗਰ ਹੀ ਭੂਤਵਾੜੇ ਨੂੰ ਝੱਲ ਸਕਦਾ ਸੀ। ਅਜ ਦੇ ਖਪਤ-ਯੁਗ ਦੀ ਸ਼ੈਲੀ ਵਿਚ ਭੂਤਵਾੜੇ ਦੀ ਗੱਲ ਕਰਨੀ ਔਖੀ ਹੈ।

***? ਕੀ ਇਹਦੀ ਗੱਲ ਕਰਨ ਦੀ ਲੋੜ ਹੈ?***

– ਮੈਂ ਸਮਝਦਾ ਹਾਂ ਲੋੜ ਹੈ। ਜੇ ਅਸੀਂ ਚਾਹੁੰਦੇ ਹਾਂ ਪਾਣੀ, ਹਵਾ, ਧੁੱਪ ਦੀ ਖ਼ਰੀਦੋ-ਫ਼ਰੋਖ਼ਤ ਨਾ ਹੋਵੇ; ਨਾ ਮਾਂ ਪਿਉ, ਭੈਣ ਭਰਾ ਦੀ, ਨਾ ਸੌਂਦਰਯ ਦੇ ਅਨੁਭਵ ਦੀ ਤਾਂ ਭੂਤਵਾੜੇ ਦੀ ਗੱਲ ਕਰਨ ਦੀ ਲੋੜ ਹੈ।

***? ਭੂਤਵਾੜੇ ਦੀ ਕੋਈ ਅਪਣੀ ਵਿਚਾਰਧਾਰਾ ਸੀ?***

– ਭੂਤਵਾੜੇ ਦਾ ਘਰ ਵਿਅਕਤੀਆਂ ਲਈ ਹੀ ਨਹੀਂ ਵਿਚਾਰਾਂ ਲਈ ਵੀ ਖੁੱਲ੍ਹਾ ਸੀ। ਏਥੇ ਸੌ ਫੁੱਲ (ਵਿਚਾਰ) ਸੱਚੀ ਮੁੱਚੀ ਖਿੜਨ ਦਿੱਤੇ ਜਾਂਦੇ ਸਨ। ਜੇ ਹਰਿੰਦਰ ਮਹਿਬੂਬ ਮਾਓ ਜ਼ੇ ਤੁੰਗ ਦੀਆਂ ਕਵਿਤਾਵਾਂ ਅਨੁਵਾਦ ਕਰ ਰਿਹਾ ਸੀ ਤਾਂ ਹਰਭਜਨ ਚੇ ਗੁਵੇਰਾ ਦੀ ਡਾਇਰੀ ਪੜ੍ਹ ਰਿਹਾ ਸੀ। ਲਾਲੀ ਤੇ ਮੈਂ ਗੁਲਾਮ ਫ਼ਰੀਦ ਦੀਆਂ ਕਾਫ਼ੀਆਂ ਗੁਰਮੁਖੀ ਵਿਚ ਲਿਖ ਰਹੇ ਸੀ। ਗੁਰਭਗਤ ਕਾਮੂ ਪੜ੍ਹ ਰਿਹਾ ਸੀ ਤੇ ਗੁਰਬਖ਼ਸ਼ ਸੋਚ ਹੋਮਰ। ਭੂਤਵਾੜਾ ਅਪਣੇ ਆਪ ਵਿੱਚ ਸਿਧਾਂਤ ਮੁਕਤ ਸੀ, ਪਰ ਹਰ ਤਰ੍ਹਾਂ ਦੇ ਸਿਧਾਂਤਕ ਸੰਵਾਦ ਲਈ ਸੂਤਰਧਾਰ ਦੀ ਭੂਮਿਕਾ ਨਿਭਾਉਂਦਾ ਸੀ। ਸੰਵਾਦ ਵਿਚ ਸ਼ਾਮਿਲ ਹਰ ਪ੍ਰਵਚਨ ਭੂਤਵਾੜੇ ਵਾਂਗ ਖੁੱਲ੍ਹਾ ਰਹਿੰਦਾ ਸੀ। ਵਿਚਾਰ ਨੂੰ ਵਿਚਾਰਧਾਰਾ ਤੋਂ ਅਤੇ ਦ੍ਰਿਸ਼ਟੀ ਨੂੰ ਦ੍ਰਿਸ਼ਟੀਕੋਣ ਤੋਂ ਮੁਕਤ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਸੀ।

ਸੁਪਨੇ ਲੈਣੇ ਭੂਤਾਂ ਦੀ ਪਛਾਣ ਦਾ ਮੁੱਖ ਚਿੰਨ੍ਹ ਸੀ। ਉਹ ਮਹਿਸੂਸ ਕਰਦੇ ਸਨ ਕਿ ਸੰਸਕ੍ਰਿਤੀ ਦੇ ਜਿਉਂਦੇ ਰਹਿਣ ਲਈ ਜ਼ਰੂਰੀ ਹੈ ਕੁਝ ਲੋਕ ਸੁਪਨੇ ਲੈਂਦੇ ਰਹਿਣ। ਹਰ ਤਰ੍ਹਾਂ ਦੇ ਸੁਪਨੇ, ਉਹ ਸੁਪਨੇ ਵੀ ਜਿਨ੍ਹਾਂ ਦਾ ਕੋਈ ਸਿਰ ਪੈਰ ਨਹੀਂ ਹੁੰਦਾ। ਭੂਤਵਾੜਾ ਸੁਪਨੇ ਲੈਣ ਵਾਲੀ ਥਾਂ ਸੀ ਤੇ ਸਾਰੇ ਭੂਤ ਉਹਨਾਂ ਦਿਨਾਂ ਵਿਚ ਸੁਪਨੇ ਲੈਂਦੇ ਸਨ। ਉਹ ਸੁਪਨੇ ਵੀ ਜਿਹਨਾਂ ਨੂੰ ਲੈਣ ਤੋਂ ਬਾਕੀ ਲੋਕ ਡਰਦੇ ਸਨ। ਅੱਜ ਜਦੋਂ ਪੰਜਾਬੀ ਸਭਿਆਚਾਰ ਨਵੀਆਂ ਚੁਣੌਤੀਆਂ ਨਾਲ਼ ਸਿੱਝ ਰਿਹਾ ਹੈ ਤਾਂ ਭੂਤਵਾੜੇ ਵਰਗੀ ਸਪੇਸ ਦੀ ਹੋਰ ਵੀ ਲੋੜ ਹੈ।

***? ਝਨਾਂ ਦੀ ਰਾਤ ਦੇ ਮੁਖਬੰਧ ਵਿਚ ਹਰਿੰਦਰ ਮਹਿਬੂਬ ਨੇ ਲਿਖਿਆ ਹੈ ਕਿ ਤੂੰ, "ਇਕ ਦੋਸਤ ਦੇ ਮਿਹਣੇ ਦੀ ਤਲਖ਼ੀ ਨ ਸਹਾਰਦੇ ਹੋਏ ਅਪਣੀਆਂ ਡੇਢ ਸੌ ਤੋਂ ਉਪਰ ਕੁਝ ਨਿੱਕੀਆਂ ਅਤੇ ਕੁਝ ਵੱਡੀਆਂ ਨਜ਼ਮਾਂ ਨੂੰ ਅਗਨ-ਭੇਟ ਕਰ ਦਿੱਤਾ। ਭਾਵੇਂ ਇੱਕ ਸਾਲ ਲੰਘਣ ਉਤੇ ਜਲੀਆਂ ਕਵਿਤਾਵਾਂ ਵਿਚੋਂ ਜ਼ਬਾਨੀ ਯਾਦ ਵੀਹ ਪੰਝੀ ਨਿੱਕੀਆਂ ਕਵਿਤਾਵਾਂ ਦਾ ਇੱਕ ਕਾਵਿ-ਸੰਗ੍ਰਹਿ ਉਸਨੇ ਛਾਪਿਆ ਵੀ ਪਰ ਇਸ ਸਦਮੇ ਦੀ ਪੀੜ ਨੂੰ ਉਹ ਨਾ ਭੁੱਲ ਸਕਿਆ ਅਤੇ ਪ੍ਰਦੇਸ ਵਿਚ ਵੀ ਉਦਾਸ ਹੀ ਰਿਹਾ।" ਇਸ ਟੂਕ ਬਾਰੇ ਤੇਰਾ ਕੀ ਪ੍ਰਤਿਕਰਮ ਹੈ?***

– ਕਵਿਤਾਵਾਂ ਅਗਨ-ਭੇਟ ਹੋਈਆਂ ਸਨ, ਇਹ ਸਹੀ ਹੈ। ਕਿੰਨੀਆਂ ਸਨ, ਇਹ ਯਾਦ ਨਹੀਂ। ਹਰਿੰਦਰ ਨੇਂ ਉਹ ਸਾਰੀਆਂ ਪੜ੍ਹੀਆਂ ਸਨ, ਹੋ ਸਕਦੈ ਉਹਦਾ ਅਨੁਮਾਨ ਸਹੀ ਹੋਵੇ। ਇੱਕ ਲੰਬੀ ਕਵਿਤਾ ਦੀ ਧੁੰਦਲੀ ਜਿਹੀ ਯਾਦ ਆਉਂਦੀ ਹੈ। ਸਮੁੰਦਰ ਚੋਂ ਔਰਤ ਜਨਮ ਲੈਂਦੀ ਹੈ ਤੇ ਪਾਣੀ ਚੁੱਕੀ ਮਾਰੂਥਲ ਵਲ ਜਾ ਰਹੀ ਹੈ। ਕਵਿਤਾ ਦਾ ਹੋਰ ਕੁਝ ਯਾਦ ਨਹੀਂ। ਪਰ ਹਰਿੰਦਰ ਦਾ ਪ੍ਰਤਿਕਰਮ ਯਾਦ ਹੈ। ਉਹਨੂੰ ਇਹ ਕਵਿਤਾ ਐਲਿਅਟ ਦੀ ਬੰਜਰ ਧਰਤੀ (ਵੇਸਟ ਲੈਂਡ) ਨਾਲੋਂ ਉੱਤਮ ਲੱਗੀ ਸੀ। ਉਹ ਬੰਜਰ ਧਰਤੀ ਨੂੰ ਪਸੰਦ ਨਹੀਂ ਕਰਦਾ ਸੀ, ਹੁਣ ਵੀ ਨਹੀਂ ਕਰਦਾ। ਸਮਝਦਾ ਹੈ ਇਹਦੇ ਵਿਚ ਕਵੀ ਨੇ ਮਿਥ ਵਿਕ੍ਰਿਤ ਕਰ ਦਿੱਤੀ ਹੈ। ਉਹਦਾ ਖ਼ਿਆਲ ਹੈ ਕੇਵਲ ਧਿਆਨੀ ਕਵੀ ਹੀ ਮਿਥ ਨੂੰ ਸੰਭਾਲ ਸਕਦਾ ਹੈ। ਨਹੀਂ ਤਾਂ ਮਿਥ "ਵਲੂੰਧਰੀ" ਜਾਂਦੀ ਹੈ ਸ਼ਿਵ ਕੁਮਾਰ ਦੀ ਲੂਣਾ ਵਾਂਙ। ਮੈਂ ਧਿਆਨੀ ਕਵੀ ਤਾਂ ਨਹੀਂ ਸੀ, ਪਰ ਹਰਿੰਦਰ ਦਾ ਮਿੱਤਰ ਪਿਆਰਾ ਸੀ। ਮੇਰੀ ਕਵਿਤਾ ਨੂੰ ਸਿਫ਼ਤ ਦਾ ਗੱਫਾ ਮਿਲ ਗਿਆ। ਉਂਜ ਮੈਨੂੰ ਬੰਜਰ ਧਰਤੀ ਉੱਤਮ ਕਵਿਤਾ ਲਗਦੀ ਸੀ। ਪਰ ਉਹ ਕਵਿਤਾਵਾਂ ਉੱਤਮ ਸਨ ਜਾਂ ਅੱਧਮ, ਡੇਢ ਸੌ ਸਨ ਜਾਂ ਡੇਢ ਹਜ਼ਾਰ ਉਨ੍ਹਾਂ ਨੇ ਨਾਸ ਹੋਣਾ ਹੀ ਸੀ। ਕਿਸੇ ਦੋਸਤ ਦਾ ਮਿਹਣਾ ਮਿਲਦਾ ਜਾਂ ਨਾ ਮਿਲਦਾ।

***? ਐਡਾ ਕਿਹੜਾ ਮਿਹਣਾ ਸੀ ਉਹ?***

ਉਹ ਮਿਹਣਾ ਨਹੀਂ ਸੀ ਕਵਿਤਾਵਾਂ ਸੜਨ ਦਾ ਬਹਾਨਾ ਸੀ। ਮੈਂ ਕਿਸੇ ਕਵਿਤਾ ਵਿਚ ਇਕ ਦੋ ਸ਼ਬਦ ਉਹਦੇ ਵਾਂਗੂੰ ਵਰਤ ਲਏ ਸਨ। ਤੇ ਬਸ। ਕਵਿਤਾਵਾਂ ਨਾ ਸੜਦੀਆਂ ਤਾਂ ਰਾਈ ਨੇ ਪਹਾੜ ਨਹੀਂ ਬਣਨਾ ਸੀ। ਭੁੱਲ ਮੇਰੀ ਹੀ ਸੀ। ਮੈਨੂੰ ਉਹ ਬਹਾਨਾ ਨਹੀਂ ਲਾਉਣਾ ਚਾਹੀਦਾ ਸੀ। ਸ਼ੁਕਰ ਹੈ ਇਹ ਗੱਲ ਹੁਣ ਆਈ-ਗਈ ਹੋ ਗਈ ਹੈ। ਬਹਾਨੇ ਦੀ ਉਮਰ ਵੱਡੀ ਨਹੀਂ ਹੁੰਦੀ।

***? ਤੇਰਾ ਪਰਵਾਸ ਦਾ ਅਨੁਭਵ ਕੇਹੋ ਜਿਹਾ ਹੈ?***

– ਮੈਨੂੰ ਅਜੇ ਤਕ ਪਰਵਾਸੀ ਹੋਣ ਦਾ ਅਨੁਭਵ ਨਹੀਂ ਹੋਇਆ। ਮੈਂ 14 ਮਈ 1968 ਨੂੰ ਕਨੇਡਾ ਪਹੁੰਚਿਆ ਸੀ। ਟੋਰਾਂਟੋ ਏਅਰਪੋਰਟ ਤੇ ਮੇਰੇ ਭਾਰਤੀ ਪਾਸਪੋਰਟ ਵਿਚ ਇਮੀਗ੍ਰੇਸ਼ਨ ਦੀ ਮੁਹਰ ਲੱਗੀ। ਮੈਂ ਪਰਵਾਸੀ ਹੋ ਗਿਆ। ਪੰਜ ਸਾਲਾਂ ਪਿੱਛੋਂ ਮੈਨੂੰ ਕਨੇਡੀਅਨ ਪਾਸਪੋਰਟ ਮਿਲ ਗਿਆ। ਮੈਂ ਕਨੇਡੀਅਨ ਨਾਗ੍ਰਿਕ ਬਣ ਗਿਆ। ਮੁਹਰ ਲਗਣ ਤੋਂ ਪਹਿਲਾਂ ਮੈਂ ਓਵੇਂ ਵੇਖਦਾ (ਕੀ?) ਸੀ, ਜਿਵੇਂ ਮੁਹਰ ਲੱਗਣ ਤੋਂ ਪਿੱਛੋਂ। ਕਨੇਡੀਅਨ ਪਾਸਪੋਰਟ ਮਿਲਣ ਤੇ ਵੀ ਮੈਂ 'ਹੋਰ ਕੁਛ ਨਹੀ ਬਣਿਆ'। ਮੈਂ ਕਨੇਡੇ ਦੀ ਬਰਫ਼ ਦੇ ਡਿਗਦੇ ਗੋੜ੍ਹਿਆਂ ਵਿਚ ਚਿੱਟਾ ਹੋਇਆ ਹਾਂ, ਇਹਦੇ ਸ਼ਾਂਤ ਤੇ ਅੰਧ ਮਹਾਂਸਾਗਰਾਂ ਵਿਚ ਛਾਲਾਂ ਲਾਈਆਂ ਹਨ, ਪੱਤਝੜ ਦੇ ਰੰਗਾਂ ਦੀ ਲੁੱਟ ਪੈਂਦੀ ਵੇਖੀ ਹੈ, ਪਰ ਮੈਨੂੰ ਅਜੇ ਤਕ 'ਪਰਵਾਸ' ਨਹੀਂ ਦਿਸਿਆ। ਜੇ ਕਿਸੇ ਫ਼ੈਕਟਰੀ ਵਿਚ ਕੰਮ ਕਰਨਾ ਪੈਂਦਾ ਤਾਂ ਦਿਸ ਪੈਣਾ ਸੀ! ਮੈਂ ਫ਼ੈਕਟਰੀ ਵਿਚ ਕੰਮ ਕੀਤਾ ਹੈ, ਮੁਰਗੇ ਸਾਫ਼ ਕਰਕੇ ਪੈਕ ਕਰਨ ਦਾ। ਜੇ ਏਹੋ ਜਿਹੇ ਕੰਮ ਨਾਲ਼ ਹੀ ਮੈਂ ਪਰਵਾਸੀ ਹੋਣਾ ਸੀ, ਤਾਂ ਲੁਧਿਆਣੇ ਦੇ ਮਿਲਰਗੰਜ ਦਾ ਕਾਮਾ ਮੇਰੇ ਨਾਲੋਂ ਵੱਧ ਪਰਵਾਸੀ ਹੈ। ਤੇ ਮੇਰੇ ਪਿੰਡ ਦਾ ਦਲਿਤ ਉਸ ਤੋਂ ਵੀ ਵੱਧ। ਉਹ ਤਾ ਸ਼ਾਇਦ ਪਰਵਾਸੀ ਵੀ ਨਹੀ। ਪਰਵਾਸੀ ਹੋਣ ਵਾਸਤੇ ਵਾਸੀ ਹੋਣਾ ਜ਼ਰੂਰੀ ਹੈ। ਮੈਨੂੰ ਨਹੀਂ ਲੱਗਦਾ, ਉਹ ਕਿਤੇ 'ਵਸਦੇ' ਹਨ। ਮਾਰਕਸ ਤਾਂ ਇਸ ਤੋਂ ਵੀ ਅੱਗੇ ਜਾਂਦਾ ਹੈ। ਉਹ ਕਹਿੰਦਾ ਹੈ ਕਿ ਪੂੰਜੀਵਾਦ ਕਿਰਤੀ ਤੋਂ ਮਨੁੱਖਤਵ ਵੀ ਖੋਹ ਲੈਂਦਾ ਹੈ ਤੇ ਉਹਨੂੰ ਵਸਤ (ਚੋਮਮੋਦਟਿ) ਬਣਾ ਦਿੰਦਾ ਹੈ। ਉਹਦੇ 'ਵਸਣ' ਲਈ ਅੰਦਰਲੀ ਥਾਂ ਵੀ ਨਹੀਂ ਬਚਦੀ। ਦੇਸ ਪਰਦੇਸ ਦੋਵੇਂ ਅਰਥਹੀਣ ਹੋ ਜਾਂਦੇ ਹਨ। ਮਾਰਕਸ ਇਸ ਵਰਤਾਰੇ ਨੂੰ ਏਲਿਅਨੇਸ਼ਨ (ਅਲਇਨਅਟੋਨਿ) ਕਹਿੰਦਾ ਹੈ ਪਰ ਅਜ ਦੇ ਪ੍ਰਸੰਗ ਵਿਚ ਇਹਨੂੰ ਪਰਵਾਸ ਵੀ ਕਿਹਾ ਜਾ ਸਕਦਾ ਹੈ; ਮਨੁੱਖ ਦਾ ਅਪਣੇ ਆਪ ਤੋਂ ਪਰਵਾਸੀ ਹੋਣਾ। ਇਸ ਅੰਤਰਦ੍ਰਿਸ਼ਟੀ ਤੋਂ ਵੇਖਿਆਂ ਪਰਵਾਸ ਵਧੇਰੇ ਵਿਆ-ਪਕ ਤੇ ਵੀਭ੍ਰਤਸ ਬਣ ਜਾਂਦਾ ਹੈ। ਇਹ ਦੇਸ ਪਰਦੇਸ ਅਤੇ ਵਿਸ਼ੇਸ਼ ਸਿਧਾਂਤਾਂ ਦੀਆਂ ਸਰਹੱਦਾਂ ਤੋਂ ਬਾਹਰ ਨਿਕਲ਼ ਜਾਂਦਾ ਹੈ। ਕਈ ਵਾਰ ਤਾਂ ਲੱਗਦਾ ਹੈ, ਇਹ ਪਰਵਾਸ ਮਨੁੱਖ ਦੇ ਨਿਅੰਤ੍ਰਣ ਤੋਂ ਵੀ ਬਾਹਰ ਨਿਕਲ ਗਿਆ ਹੈ।

***– ਤੈਨੂੰ ਕੈਨੇਡਾ ਵਿਚ ਬਰਫ਼, ਪਤਝੜ ਦੇ ਰੰਗ, ਝੀਲਾਂ ਸਮੁੰਦਰ ਦਿਸਦੇ ਹਨ, ਪਰ ਪਰਵਾਸ ਨਹੀਂ। ਇਹ ਕਿਉਂ?***

ਮੈਨੂੰ ਓਹੀ ਦਿਸਣਾ ਸੀ, ਜੋ ਓਥੇ ਸੀ। ਤੇ ਜੋ ਓਥੇ ਸੀ ਉਹ ਮੈਨੂੰ ਸੰਤਾਪ ਨਹੀਂ ਲੱਗਿਆ। ਮੈਂ ਪਰਵਾਸ ਦੇ ਇਹੀ ਅਰਥ ਸੁਣੇ ਸਨ। ਇਸ ਕਰਕੇ ਮੈਂ ਕਿਹਾ ਸੀ, ਮੈਨੂੰ ਪਰਵਾਸ ਨਹੀਂ ਦਿਸਿਆ।

***? ਬਹੁਤੇ ਲੋਕਾਂ ਨੂੰ ਪਰਵਾਸ ਵਿਚ ਸੰਤਾਪ ਕਿਉਂ ਦਿਸਦਾ ਹੈ?***

– ਕਈ ਵਾਰ ਅਸੀਂ ਉਹੀ ਵੇਖਦੇ ਹਾਂ, ਜੋ ਸਾਨੂੰ ਵੇਖਣ ਲਈ ਦੱਸਿਆ ਗਿਆ ਹੁੰਦਾ ਹੈ। ਮੈਨੂੰ ਲਗਦਾ ਹੈ, ਪਰਵਾਸ ਵਿਚ ਸੰਤਾਪ ਵੇਖਣ ਵਾਲੇ ਬਹੁਤੇ ਉਹ ਹਨ, ਜਿਹੜੇ ਪੰਜਾਬ ਤੋਂ ਬਾਹਰ ਨਹੀਂ ਨਿਕਲੇ। ਉਹ ਦੂਰ-ਦ੍ਰਸ਼ਟੇ ਵੀ ਹਨ, ਸੰਤਾਪ-ਦ੍ਰਸ਼ਟੇ ਵੀ। ਕੈਨੇਡੇ ਤੋਂ ਪਹਿਲੀ ਦੇਸ ਵਾਪਸੀ ਤੇ ਜਦ ਮੈਂ ਅਪਣੇ ਕਿਸੇ ਮਿੱਤਰ ਨੂੰ ਪੁੱਛਿਆ, "ਕੀ ਹਾਲ ਹੈ"? ਤਾਂ ਉਹਦਾ ਉੱਤਰ ਸੀ, "ਸਾਡਾ ਹਾਲ ਤਾਂ ਚੰਗਾ ਹੀ ਚੰਗਾ ਹੈ ਤੂੰ ਅਪਣਾ ਦੱਸ ਜਿਹੜਾ ਪਰਵਾਸ ਦਾ ਸੰਤਾਪ ਭੋਗਦਾ ਹੈ।" ਅਜ ਕਲ ਏਧਰਲੀਆਂ ਯੂਨੀਵਰਸਿਟੀਆਂ ਦੇ ਵਿਦਵਾਨ ਪਰਵਾਸ ਵਾਸਤੇ ਯੂਨਾਨੀ ਸ਼ਬਦ ਡਾਇਸਪੋਰਾ ਵਰਤਣ ਲੱਗ ਪਏ ਹਨ। ਇਹ ਮੁੱਢ ਵਿਚ ਯਹੂਦੀ ਉਜਾੜੇ ਲਈ ਵਰਤਿਆ ਜਾਂਦਾ ਸੀ। ਪੰਜਾਬੀ ਪਰਵਾਸ ਉਹੋ ਜਿਹਾ ਉਜਾੜਾ ਨਹੀਂ। ਯਹੂਦੀਆਂ ਨੂੰ ਉਜੜਨ ਦਾ ਸਰਾਪ ਹੈ, ਪੰਜਾਬੀਆਂ ਨੂੰ ਨਹੀਂ। ਬਾਬੇ ਨਾਨਕ ਨੇ ਤਾਂ ਸਗੋਂ ਇਹਦਾ ਵਰ ਦਿੱਤਾ ਸੀ। ਅਸੀਂ 'ਪਰਵਾਸ' ਨੂੰ ਰੋਮਾਂਸ ਦੀ ਧੁੰਦ ਵਿਚ ਲਪੇਟ ਦਿੱਤਾ ਹੈ। 'ਹੇਰਵੇ'ਦਾ ਲੇਬਲ ਲੱਗ ਕੇ ਧਰਤੀ ਬਦਲਣ ਦਾ ਦੁੱਖ ਵੀ ਦੁੱਖ ਨਹੀਂ ਰਹਿੰਦਾ।

***? ਤੈਨੂੰ ਪਰਵਾਸ ਨੇ ਦੁਖੀ ਨਹੀਂ ਕੀਤਾ?***

– ਨਹੀਂ। ਦੁੱਖ ਦੋਫਾੜ ਹੋਣ ਵਿੱਚੋਂ ਆਉਂਦਾ ਹੈ। ਮੈਂ ਕੈਨੇਡਾ ਵਿਚ ਆਪਣੇ ਆਪ ਨੂੰ ਦੋਫਾੜ ਨਹੀਂ ਹੋਣ ਦਿੱਤਾ। ਇਸ ਕਰਕੇ ਮੈਂ ਇਹਦੇ ਨਾਲ ਲੜਿਆ ਨਹੀਂ। ਆਉਣ ਵੇਲੇ ਮੈਂ ਅਪਣੇ ਸੂਟਕੇਸ ਵਿਚ ਉਹੀ ਚੀਜ਼ਾਂ ਰੱਖੀਆਂ ਸਨ, ਜਿਹੜੀਆਂ ਏਥੇ ਕੰਮ ਆਉਣੀਆਂ ਸਨ। ਬਾਕੀ ਸਿਮਰਤੀਆਂ, ਸੰਸਕਾਰ, ਤੇ ਸਾਂਸਕ੍ਰਿਤਕ ਅਭਿਮਾਨ ਮੈਂ ਓਥੇ ਛੜ ਆਇਆ ਸੀ।

***? ਪਰਵਾਸੀ ਦੋਫਾੜ ਕਿਵੇਂ ਹੁੰਦਾ ਹੈ?***

– ਉਹਦਾ ਇਕ ਪੈਰ ਧਰਤੀ 'ਤੇ ਹੁੰਦਾ ਹੈ ਦੂਜਾ ਸਿਮਰਤੀ ਵਿਚ। ਧਰਤੀ ਨਵੇਂ ਦੇਸ ਦੀ, ਸਿਮਰਤੀ ਪੁਰਾਣੇ ਦੀ। ਜਿੰਨਾ ਚਿਰ ਨਵੀਂ ਧਰਤੀ ਤੇ ਧਿਜਦਾ ਨਹੀਂ, ਉਹ ਦੂਜਾ ਪੈਰ ਨਹੀ ਪੁੱਟਦਾ। ਕਈ ਵਾਰ ਦੂਜਾ ਪੈਰ ਪੁੱਟਣ ਦੀ ਸੱਤਿਆ ਨਹੀਂ ਰਹਿੰਦੀ, ਸਿਮਰਤੀ ਦਲਦਲ ਬਣ ਜਾਂਦੀ ਹੈ। ਕਈ ਵਾਰ ਨਵੀਂ ਧਰਤੀ 'ਤੇ ਉਹਦਾ ਚਿੱਤ ਨਹੀਂ ਭਿੱਜਦਾ। ਕਈ ਲੰਗੂਰ ਦੂਜੇ ਦਰੱਖ਼ਤ ਤਕ ਛਾਲ਼ ਮਾਰਨ ਤੋਂ ਪਹਿਲਾਂ ਪੂਛ ਪਹਿਲੇ ਨਾਲ ਵਲੇਟ ਲੈਂਦੇ ਹਨ। ਡਿਗਣ ਤੋਂ ਬਚ ਜਾਂਦੇ ਹਨ, ਪਰ ਨਵੇਂ ਤਕ ਨਹੀਂ ਉਪੜਦੇ।

***? ਤੂੰ ਸਿਮਰਤੀਆਂ ਨੂੰ ਕਿਵੇਂ ਤਿਆਗਿਆ?***

– ਮੈਂ ਉਨ੍ਹਾਂ ਨੂੰ ਤਿਆਗਿਆ ਨਹੀਂ। ਬਸ ਉਨ੍ਹਾਂ ਨੂੰ ਫੜਿਆ ਨਹੀਂ। ਅਸੀਂ ਉਨ੍ਹਾਂ ਨੂੰ ਫੜਦੇ ਹਾਂ, ਓਦੋਂ ਹੀ ਉਹ ਸਾਨੂੰ ਫੜਦੀਆਂ ਹਨ।




***? ਸੁਣਿਐ ਤੇਰੇ ਬਾਰੇ ਪਟਿਆਲੇ ਚ ਕਿਸੇ ਨੇ ਗੱਲ ਉਡਾ ਦਿੱਤੀ ਸੀ ਕਿ ਨਵਤੇਜ ਵਾਲ ਖੁੱਲ੍ਹੇ ਛਡ ਕੇ ਹਿੱਪੀਆਂ ਨਾਲ ਸਿਤਾਰ ਵਜਾਉਂਦਾ ਫਿਰਦੈ। ਇਹ ਕਿੰਨੀ ਕੁ ਸਹੀ ਸੀ?***

– ਇਹ ਸਹੀ ਸੀ, ਜਿੰਨੀ ਕੁ ਉਡਣ ਵਾਲੀ ਗੱਲ ਸਹੀ ਹੋ ਸਕਦੀ ਹੈ। ਮੇਰੇ ਕੋਲ ਓਦੋਂ ਸਿਤਾਰ ਸੀ ਤੇ ਮੈਂ ਹਿੱਪੀਆਂ ਨਾਲ ਇਹ ਵਜਾਈ ਵੀ ਸੀ। ਪਰ ਇਹ ਵਾਕ ਵਾਰਤਕ ਵਰਗਾ ਹੈ। ਅਫ਼ਵਾਹ ਕਵਿਤਾ ਵਿਚ ਹੁੰਦੀ ਹੈ, ਉਹਨੂੰ ਖੰਭ ਲੱਗੇ ਹੁੰਦੇ ਹਨ। ਮੈਂ ਆਪਣੇ ਬਾਰੇ 'ਉਡਦੀ ਗੱਲ' 1975 ਵਿਚ ਪਹਿਲੀ ਦੇਸ ਵਾਪਸੀ ਤੇ ਪਟਿਆਲੇ ਸੁਰਜੀਤ ਲੀ ਤੋਂ ਸੁਣੀ ਸੀ। ਓਪਰੀ ਨਹੀਂ ਲੱਗੀ ਸੀ, ਕਿਉਂਕਿ ਇਹ ਸੱਠਵੇਂ ਦਹਾਕੇ ਦੇ ਸੁਭਾਅ ਨਾਲ ਮਿਲਦੀ ਸੀ ਜੋ ਸਬੱਬ ਨਾਲ ਉਸੇ ਸਾਲ ਅੰਤ ਹੋਇਆ ਮੰਨਿਆ ਜਾਂਦਾ ਹੈ।

ਸੱਠਵਾਂ ਦਹਾਕਾ ਧਰਤੀ ਤੇ ਤੁਰਿਆ ਨਹੀਂ ਸੀ, ਆਸਮਾਨ ਵਿਚ ਉਡਿਆ ਸੀ। ਇਹਦੇ ਸੁਆਲਾਂ ਦੇ ਜਵਾਬ ਹਵਾ ਵਿਚ ਤਰਦੇ ਫਿਰਦੇ ਸਨ। ਬਾਬ ਡਿਲ੍ਹਨ ਦਾ ਗੀਤ, "ਜਵਾਬ, ਮੇਰੇ ਦੋਸਤ, ਹਵਾ ਵਿਚ ਉਡਿਆ ਫਿਰਦਾ ਹੈ" (ਦ ਆਂਸਰ, ਮਾਈ ਫ੍ਰੈਂਡ, ਇਜ਼ ਬਲੋਇੰਙ ਇਨ ਦ ਵਿੰਡ), ਲੋਕਗੀਤ ਬਣ ਗਿਆ ਸੀ। ਹਿੱਪੀ ਉਹ ਮੁੰਡੇ ਕੁੜੀਆਂ ਸਨ ਜਿਹੜੇ ਉਸ ਹਵਾ ਨੂੰ ਜਿਉਣ ਲਗ ਪਏ ਸਨ। ਹਰ ਕਰਮ ਵੇਲੇ ਦੀ ਸਥਾਪਤੀ ਦੇ ਵਿਦ੍ਰੋਹ ਵਿਚ ਕਰਦੇ: ਵਾਲ ਲੰਬੇ ਰਖਦੇ, ਫੁੱਲਾਂ ਬੂਟੀਆ ਵਾਲੇ ਕਪੜੇ ਪਾਉਂਦੇ, ਸਾਕਾਹਾਰੀ ਭੋਜਨ ਖਾਂਦੇ, ਕਮਿਊਨਾਂ, ਸਾਂਝੀਆਂ ਬਸਤੀਆਂ, ਵਿਚ ਰਹਿੰਦੇ। ਇਹ ਉਨ੍ਹਾਂ ਦੀ ਸ਼ੈਲੀ ਸੀ ਜੋ ਨਿਜੀ ਸੰਪਤੀ, ਯੁੱਧ, ਹਿੰਸਾ, ਖਪਤਕਾਰੀ, ਨਿਜਵਾਦ ਨੂੰ ਨਕਾਰਦੀ। ਇਸ ਸ਼ੈਲੀ ਵਿਚ ਗਾਂਧੀ ਦੀ ਨਾਮਿਲਵਰਣ, ਤੇ ਮਲਾਮਤੀ ਸੂਫ਼ੀਆਂ ਦੀ ਮਲਾਮਤ ਦੇ ਕੁਝ ਅੰਸ਼ ਰਲੇ ਹੋਏ ਸਨ ਤੇ ਇਹ ਵਿਸ਼ਵਾਸ ਕਿ ਫੁਲਾਂ ਦੀ ਸ਼ਕਤੀ ਨਾਲ ਦੁਨੀਆਂ ਬਦਲੀ ਜਾ ਸਕਦੀ ਹੈ।

***? ਤੂੰ ਉਨ੍ਹਾਂ ਨੂੰ ਕਿਵੇਂ ਮਿਲਿਆ?***

– ਆਪਣੇ ਜਾਣੂ ਜਗਦੇਵ ਢਿੱਲੋਂ ਦੇ ਛੋਟੇ ਭਰਾ ਬਲਦੇਵ ਰਾਹੀਂ। ਉਹ ਵਿਕਟੋਰੀਆ ਦੇ ਸਿਟੀ ਹਾਲ ਵਿਚ ਨੀਲਜ਼ ਨੁਡਸਨ ਨਾਲ ਕੰਮ ਕਰਦਾ ਸੀ ਜੋ ਲੇਖਕ, ਬੁਤਘਾੜਾ, ਚਿਤਰਕਾਰ, ਇਮਾਰਤਸਾਜ਼ ਤੇ ਹੋਰ ਬੜਾ ਕੁਝ ਸੀ। ਉਹਦਾ ਘਰ ਹਿੱਪੀਕਲਾਕਾਰਾਂ ਤੇ ਸੰਗੀਤਕਾਰਾਂ ਦਾ ਕੇਂਦਰ ਸੀ। ਜਿਵੇਂ ਬਾਤ ਪਾਉਣ ਵਾਲਾ ਬਾਤ ਨੂੰ ਕੁੰਡੇ ਲਾਉਂਦਾ ਹੈ (ਬਾਤ ਪਾਵਾਂ ਬਤੌਲੀ ਪਾਵਾਂ, ਬਾਤ ਨੂੰ ਲਾਵਾਂ ਕੁੰਡੇ) ਬਲਦੇਵ ਗੱਲ ਨੂੰ ਕੁੰਡੇ ਲਾ ਕੇ ਕਰਦਾ ਸੀ। ਉਹਨੇਂ ਨੀਲਜ਼ ਨੂੰ ਦੱਸਿਆ, "ਇੰਡੀਆ ਤੋਂ ਮੇਰਾ ਫ੍ਰੈਂਡ ਆਇਐ, ਉਹਦੀ ਸਿਤਾਰ ਸੁਣਕੇ ਰਵੀ ਸ਼ੰਕਰ ਭੁੱਲ ਜਾਈ ਦੈ"। ਬਲਦੇਵ ਨੇਂ ਮੇਰੀ ਸਿਤਾਰ ਸੁਣੀ ਨਹੀਂ ਸੀ, ਉਹ ਮੈਨੂੰ ਜਾਣਦਾ ਵੀ ਨਹੀਂ ਸੀ। ਤੇ ਮੈਨੂੰ ਰਾਗ ਵੀ ਪੰਜ ਛੇ ਕੁ ਆਉਂਦੇ ਸਨ, ਉਹ ਵੀ ਅੱਧ ਪਚੱਧੇ; ਭੂਪਾਲੀ, ਭੈਰਵੀ, ਪਹਾੜੀ ਤੇ ਮਾਲਕੌਂਸ ਆਦਿ।

ਨੀਲਜ਼ ਸਮੁੰਦਰ ਦੇ ਐਨ ਨਾਲ ਰਹਿੰਦਾ ਸੀ। ਉਹਦੀਆਂ ਛੱਲਾਂ ਘਰ ਦੇ ਪਿਛਵਾੜੇ ਤਕ ਆ ਜਾਂਦੀਆਂ ਸਨ। ਉਥੇ ਬਹਿ ਕੇ ਚੰਦ ਦੀ ਚਾਨਣੀ ਵਿਚ ਸਮੁੰਦਰ ਵੇਖਦੇ ਤਾਂ ਉਹ ਨਿਰਾ ਅਚੰਭਾ ਦਿਸਦਾ। 'ਵਾਹੁ ਵਾਹੁ ਕਾ ਬਡਾ ਤਮਾਸਾ'। ਜਦੋਂ ਬਲਦੇਵ ਨਾਲ ਅਜਮੇਰ ਤੇ ਮੈ ਨੀਲਜ਼ ਦੇ ਘਰ ਪਹਿਲੀ ਵਾਰ ਗਏ, ਅੰਦਰ ਮੋਮਬੱਤੀਆਂ ਜਗ ਰਹੀਆਂ ਸਨ, ਧੂਪ ਧੁਖ ਰਹੀ ਸੀ ਤੇ ਓਮ ਦੀ ਧੁਨ ਗੂੰਜ ਰਹੀ ਸੀ। ਓਸ ਮਹਿਫ਼ਲ ਵਿਚ ਮੈਂ ਪਹਿਲੀ ਵਾਰ 'ਹਿੱਪੀਆਂ' ਨਾਲ ਬਹਿ ਕੇ ਸਿਤਾਰ ਵਜਾਈ। ਅਜਮੇਰ ਨੇ ਬੈਂਜੋ ਤੇ ਸੰਗਤ ਕੀਤੀ। ਤਿੰਨ ਚਾਰ ਮਿੰਟਾਂ ਪਿੱਛੋਂ ਸਿਤਾਰ ਦੀ ਆਵਾਜ਼ ਵਿਚ ਗਿਟਾਰ ਦੀ ਆਵਾਜ਼ ਰਲ ਗਈ। ਇਹ ਵਾਲਦੀ ਸੀ ਜੋ ਪਿੱਛੋਂ ਉਸ ਦਹਾਕੇ ਦੇ ਕੈਨੇਡਾ ਦੇ ਸੰਗੀਤ ਵਿਚ ਲੈਜੈਂਡ ਬਣ ਗਿਆ ਸੀ। 35 ਸਾਲਾਂ ਪਿੱਛੋਂ ਕੈਨੇਡਾ ਦੇ ਸੰਗੀਤ ਵਿਚ ਅਜੇ ਵੀ ਲੈਜੇਂਡ ਹੈ। ਵਾਲਦੀ ਨਾਲ ਸਾਡੀ ਦੋਸਤੀ ਮਾਲਕੌਂਸ ਰਾਗ ਵਿਚ ਪਈ ਸੀ। ਰਾਗ ਵਿਚ ਪਈ ਦੋਸਤੀ ਟੁਟਦੀ ਨਹੀਂ। ਉਸ ਪਿੱਛੋਂ ਅਸੀਂ ਕਈ ਪ੍ਰੋਗਰਾਮ ਇਕੱਠਿਆਂ ਕੀਤੇ। ਉਹ ਸਾਡੇ ਪੰਜਾਬੀ ਦੇ ਹਰ ਸਮਾਗਮ ਵਿਚ ਗਾ ਕੇ ਹਿੱਸਾ ਪਾਉਂਦਾ। ਵਾਲਦੀ ਅਤੇ ਨੀਲਜ਼ ਅਤੇ ਹੋਰ ਕਲਾਕਾਰਾਂ ਦੀ ਸੰਗਤ ਵਿਚ ਮੈਨੂੰ ਕਦੇ ਵੀ ਪਰਵਾਸ ਨਹੀਂ 'ਦਿਸਿਆ' ਸੀ। ਨਾਂ ਦੇਸ ਪਰਦੇਸ ਦਿਸੇ ਸਨ।

***? ਦੇਸ ਪਰਦੇਸ ਨਾਲ਼ ਨਾ ਸਹੀ, ਪਰਵਾਸ ਦਾ "ਥਾਂ" ਨਾਲ਼ ਤਾਂ ਸੰਬੰਧ ਹੈ ਹੀ। ਜਿਸ ਥਾਂ 'ਤੇ ਬੰਦਾ ਜਿਉਂਦਾ ਹੈ, ਉਹ ਵੀ ਉਹਦੇ ਅੰਦਰ ਜਿਉਂਦੀ ਹੈ। ਤੂੰ ਜਦੋਂ ਅਪਣੀ ਥਾਂ ਛੱਡੀ ਸੀ ਤੇਰੇ ਚਿਤ ਨੂੰ ਕੀ ਹੋਇਆ ਸੀ?***

– ਓਦੋਂ ਲਗਦਾ ਸੀ, ਮੈਂ ਉਹ ਥਾਂ ਛੱਡ ਨਹੀਂ ਰਿਹਾ ਸੀ। ਨਵੀ ਵੇਖਣ ਜਾ ਰਿਹਾ ਸੀ। ਸੋਚਿਆ ਸੀ ਤਿੰਨ ਚਾਰ ਵਰ੍ਹਿਆਂ ਪਿੱਛੋਂ ਪਰਤ ਆਵਾਂਗਾ। 'ਗਿਆ ਤੇ ਆਇਆ'। ਹਰ ਵਿਦਾ ਨੂੰ ਅਸੀਂ ਏਹੋ ਜਿਹੇ ਭਰਮ ਵਿਚ ਲਪੇਟ ਦਿੰਦੇ ਹਾਂ। ਵਧੇਰੇ ਸਹਿਣਯੋਗ ਹੋ ਜਾਂਦੀ ਹੈ। ਸਾਨੂੰ ਵਿਦਾ ਕਰਨੀ ਆਉਂਦੀ ਹੈ। ਆਗਮਨ ਨਾਲੋਂ ਵਿਦਾ ਵਿਚ ਸਾਡੀ ਸੰਸਕ੍ਰਿਤੀ ਵਧੇਰੇ ਅਭਿਵਿਅਕਤ ਹੁੰਦੀ ਹੈ; ਤਿਆਗ, ਸੰਨਿਆਸ ਤੇ ਵੈਰਾਗ ਵਿਦਾ ਦੇ ਹੀ ਅੰਗ ਹਨ। ਜਾਂ ਵਿਦਾ ਇਨ੍ਹਾਂ ਦਾ ਅੰਗ ਹੈ। ਸ਼ੰਕਰਾਚਾਰੀਆ ਵਰਗਾ ਸੰਨਿਆਸੀ ਵੀ ਮਾਂ ਦੀ ਅੰਤਿਮ ਵਿਦਾ ਵੇਲੇ ਘਰ ਮੁੜ ਆਉਂਦਾ ਹੈ। ਨਾਲ਼ ਦੇ ਸੰਨਿਆਸੀਆਂ ਨੂੰ ਇਹ ਸੰਨਿਆਸ ਦੀ ਉਲੰਘਣਾ ਲਗਦੀ ਹੈ। ਸ਼ੰਕਰਾਚਾਰੀਆਂ ਨੂੰ ਤਿਆਗ ਦੀ ਅੰਤਿਮ ਅਵਸਥਾ। ਚਾਚਾ ਜੀ ਮੈਨੂੰ ਵੱਡੇ ਸਕੂਲ ਦੇ ਬੱਸ ਅੱਡੇ ਤਕ 'ਤੋਰਨ' ਆਉਂਦੇ। ਦੋ ਕੋਹ। ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ। ਉਹੀ ਗੱਲਾਂ ਜਿਹੜੀਆਂ ਹਰ ਵਾਰ ਕਰਦੇ, 'ਪਿੱਛਾ ਯਾਦ ਰੱਖੀਂ, ਜਾਣ ਸਾਰ ਚਿੱਠੀ ਪਾ ਦੀ।" ਵਿਦਾ ਵੇਲੇ ਗੱਲ ਵਿਦਾ ਦੀ ਨਹੀਂ, ਮੁੜ ਕੇ ਆਉਣ ਦੀ ਹੁੰਦੀ ਹੈ। ਯਥਾਰਥ ਵਿਚ ਅਸੀਂ ਜਾ ਰਹੇ ਹੁੰਦੇ ਹਾਂ, ਕਲਪਣਾ ਵਿਚ ਆ ਰਹੇ। ਅਖਾਣ ਹੈ, ਜਾਣਾ ਅਪਣੇ ਵੱਸ, ਆਉਣਾ ਪਰਾਏ ਵਸ। ਅਸੀਂ ਕਲਪਣਾ ਵਿਚ 'ਆਉਣਾ' ਨੂੰ ਅਪਣੇ ਵੱਸ ਕਰਦੇ ਹਾਂ। ਮਾਂ ਬੂਹੇ ਚ ਖੜ੍ਹੀ ਮੈਨੂੰ ਜਾਂਦੇ ਨੂੰ ਵੇਖਦੀ, ਓਵੇਂ ਜਿਵੇਂ ਘਰ ਆਉਂਦੇ ਨੂੰ ਵੇਖਦੀ।

ਸੁਰਿੰਦਰ, ਮੇਰੇ ਮਿਤਰ ਗੁਲਾਬ ਗਰੇਵਾਲ ਤੇ ਉਹਦੀ ਪਤਨੀ ਅਮਰਜੀਵ ਮੈਨੂੰ ਦਿੱਲੀ ਤਕ ਛੱਡਣ ਆਏ। ਏਦੂੰ ਅੱਗੇ ਉਹ ਆ ਨਹੀਂ ਸਕਦੇ ਸਨ। ਜਹਾਜ਼ ਵਿਚ ਬੈਠਾ ਤਾਂ ਮਹਿਸੂਸ ਹੋਇਆ ਬਾਰੀ ਹੇਠਾਂ ਕੋਈ ਗੱਲ ਕਰਨ ਵਾਲਾ ਨਹੀਂ ਸੀ, ਜਹਾਜ਼ ਤੁਰਨ ਵੇਲੇ ਨਾਲ਼ ਨਾਲ਼ ਤੁਰਦਾ, ਕਦਮ ਤੇਜ਼ ਕਰਦਾ, ਆਵਾਜ਼ ਹੌਲੀ-ਹੌਲੀ ਉੱਚੀ ਹੁੰਦੀ, ਫੇਰ ਨੀਵੀਂ, ਗੱਲ ਬਚ ਜਾਂਦੀ ਫੇਰ ਕਰਨ ਲਈ। ਅਸੀਂ ਬਚੀ ਗੱਲ ਸੁਣਨ ਲਈ ਘਰ ਪਰਤਦੇ ਹਾਂ, ਭਾਵੇਂ ਅਸੀ ਸ਼ੰਕਰਾਚਾਰੀਆ ਵਰਗੇ ਸੰਨਿਆਸੀ ਵੀ ਕਿਉਂ ਨਾ ਹੋਈਏ।

ਪੈਰਿਸ ਏਅਰਪੋਰਟ ਉੱਤਰਿਆ, ਤਾਂ ਭਗਵੇਂ ਕਪੜਿਆਂ ਵਾਲੇ ਕੁਝ ਬੰਦੇ ਇਕ ਪਾਸੇ ਜਾਂਦੇ ਦਿਸੇ। ਪਤਾ ਲੱਗਾ ਉਹ ਉਤਰੀ ਵੀਤਨਾਮ ਤੋਂ 'ਪੈਰਿਸ ਅਮਨ ਸਮਝੌਤੇ' ਦੀ ਗੱਲਬਾਤ ਵਿਚ ਭਾਗ ਲੈਣ ਆਏ ਸਨ। ਮੇਰੇ ਪੈਰ ਆਪ-ਮੁਹਾਰੇ ਉਨ੍ਹਾਂ ਵੱਲ ਚੱਲੇ ਗਏ। ਮੇਰੇ ਇਕ ਹੱਥ ਵਿਚ ਹੈਂਡ ਬੈਗ ਤੇ ਦੂਜੇ ਵਿਚ ਸਿਤਾਰ ਸੀ। ਪੰਦਰਾਂ ਕੁ ਕਦਮ ਉਨ੍ਹਾਂ ਨਾਲ਼ ਤੁਰਿਆ ਤੇ ਰੁਕ ਗਿਆ। ਇਹ ਗੁਰੀਲੇ ਸਾਡੀ ਪੀੜ੍ਹੀ ਦੇ ਨਾਇਕ ਸਨ ਤੇ ਸਾਡੀ ਕਵਿਤਾ ਦੀ ਪ੍ਰੇਰਣਾ। ਅਜ ਇਨ੍ਹਾਂ ਦੇ ਨਾਲ਼ ਤੁਰ ਕੇ ਮੈਂ ਅੰਦਰੋਂ ਬਾਹਰੋਂ ਭਰ ਗਿਆ। ਬਹੁਤ ਵਰ੍ਹਿਆਂ ਪਿੱਛੋਂ ਮੈਨੂੰ ਮਾਸਟਰ ਨਿਰੰਜਣ ਸਿੰਘ ਯਾਦ ਆਇਆ।

***? ਉਹ ਕਿਉਂ? ਮਾਸਟਰ ਨਿਰੰਜਨ ਸਿੰਘ ਕੌਣ?***

– ਨਿਰੰਜਣ ਸਿੰਘ ਸੱਤਵੀਂ ਤੇ ਅੱਠਵੀ ਸ਼੍ਰੇਣੀ ਵਿਚ ਸਾਡਾ ਹਿਸਾਬ ਤੇ ਇਤਿਹਾਸ ਦਾ ਅਧਿਆਪਕ ਸੀ। ਉਨ੍ਹੇ ਸਾਨੂੰ ਦੱਸਿਆ ਸੀ ਵੀਤਨਾਮ ਵਿਚ ਬੰਦਾ ਬਹਾਦਰ ਦੇ ਸਿੰਘ ਲੜਦੇ ਹਨ। ਉਹ ਦੋ ਤਰ੍ਹਾਂ ਦਾ ਇਤਿਹਾਸ ਪੜ੍ਹਾਉਂਦਾ ਸੀ, ਕਿਤਾਬੀ ਤੇ 'ਅਸਲੀ'। ਕਿਤਾਬੀ ਇਤਿਹਾਸ ਦਾ ਬਹੁਤਾ ਹਿੱਸਾ ਉਹ ਸੱਤਵੀਂ ਸ਼੍ਰੇਣੀ ਵਿਚ ਨਿਬੇੜ ਦਿੰਦਾ ਤੇ ਕਹਿਣ ਲਗ ਜਾਂਦਾ – ਅਸਲ ਇਤਿਹਾਸ ਅਗਲੇ ਸਾਲ ਪੜ੍ਹਾਊਂਗਾ। ਤੇ ਅਸਲ ਇਤਿਹਾਸ ਉਹ ਪੜ੍ਹਾਉਂਦਾ ਨਹੀਂ, ਕਰਦਾ ਸੀ। ਉਹ ਸਹੀ ਅਰਥਾਂ ਵਿਚ ਇਤਿਹਾਸ 'ਕਾਰ' ਸੀ। ਕਈ ਵਾਰ ਜੋ ਉਹ ਦਸਦਾ ਸੀ, ਸਾਨੂੰ ਦਿਸਣ ਲਗ ਪੈਂਦਾ ਸੀ। ਤੇ ਕਈ ਵਾਰ ਲਗਦਾ ਸੀ, ਉਹ ਘਟਨਾਵਾਂ ਵੇਖ-ਵੇਖ ਕੇ ਸਾਨੂੰ ਵਿਖਾਈ ਜਾ ਰਿਹਾ ਹੈ। ਕਦੇ-ਕਦੇ ਲਗਦਾ ਸੀ ਜਦੋਂ ਉਹ ਬੋਲਦਾ ਸੀ, ਘਟਨਾ ਓਦੋਂ ਹੀ ਘਟਦੀ ਸੀ। ਤੇਜਾ ਸਿੰਘ ਸੁਤੰਤਰ ਦੀਆਂ ਕਹਾਣੀਆਂ ਤਾਂ ਇਉਂ ਹੀ ਲਗਦੀਆਂ ਸਨ। ਸੁਤੰਤਰ ਉਦੋਂ ਰੂਪੋਸ਼ ਸੀ। ਨਿਰੰਜਣ ਰੂਪੋਸ਼ ਯਥਾਰਥ ਦਾ ਕੁਸ਼ਲ ਕਹਾਣੀਕਾਰ/ ਇਤਿਹਾਸਕਾਰ ਸੀ। ਉਹ ਊਰਜਾ ਨਾਲ਼ ਡੁਲ੍ਹੂੰ-ਡੁਲ੍ਹੂੰ ਕਰਦਾ ਸੀ। ਜਿੱਥੋਂ ਦੀ ਲੰਘਦਾ ਸੀ, ਡੁੱਲ੍ਹਦਾ ਜਾਂਦਾ ਸੀ। ਲੋਕ ਉਹਨੂੰ ਢਿੱਲੋਂ ਦੀ ਥਾਂ ਭੇੜੂ ਕਹਿੰਦੇ ਸਨ। ਅਪਣੇ ਵੇ਼ਲੇ ਨਾਲ਼ ਉਹਦੀ ਬਣੀ ਨਹੀਂ। ਸਾਰੀ ਉਮਰ ਉਹਦੇ ਨਾਲ਼ ਭਿੜਦਾ ਰਿਹਾ। ਸਮਝੌਤਾ ਨਹੀਂ ਕੀਤਾ। ਜੋ ਕਹਿੰਦਾ ਸੀ ਕਰਦਾ ਸੀ। 1953 ਵਿਚ ਜਿਸ ਦਿਨ ਸਤਾਲਿਨ ਦੀ ਮੌਤ ਹੋਈ ਉਹਨੇ ਸਾਰਾ ਸਕੂਲ ਇਕੱਠਾ ਕਰ ਲਿਆ ਤੇ ਇਕ ਘੰਟਾ ਉਹਦੇ ਬਾਰੇ ਬੋਲਦਾ ਰਿਹਾ, ਜਿਵੇਂ ਉਹਦੇ ਪਿੰਡ ਦਾ ਬੰਦਾ ਹੁੰਦਾ ਹੈ। ਏਨੇ ਉਮਾਹ ਨਾਲ਼ ਹੀ ਬੰਦਾ ਬਹਾਦਰ ਬਾਰੇ ਬੋਲਦਾ ਸੀ। ਰਾਜਸਥਾਨ ਨਗੌਰ ਦੇ ਇਲਾਕੇ ਚੋਂ ਉਹ ਬਲਦ ਲੈਣ ਗਿਆ ਤੇ ਮੁੜਨ ਵੇਲੇ ਆਪਣੇ ਸਾਥੀ ਨੂੰ ਕਹਿੰਦਾ ਤੂੰ ਬਲਦ ਲੈ ਕੇ ਚੱਲ ਮੈ ਠਹਿਰ ਕੇ ਆਊਂਗਾ। ਉਹ ਸਿੱਧਾ ਪਿੰਡ ਨਹੀਂ ਆਇਆ, ਉਥੋਂ ਦੀ ਤੁਰ ਕੇ ਆਇਆ, ਜਿਸ ਰਾਹ ਬੰਦਾ ਬਹਾਦਰ ਸਰਹੰਦ ਤਕ ਆਇਆ ਸੀ।

***? ਤੈਨੂੰ ਕਵੀ ਬਣਾਉਣ ਵਿਚ ਮਾਸਟਰ ਨਿਰੰਜਨ ਸਿੰਘ ਦਾ ਕਿੰਨਾ ਕੁ ਹੱਥ ਹੈ?***

– 'ਕਿੰਨਾ ਕੁ' ਦਾ ਅਨੁਮਾਨ ਲਾਉਣਾ ਔਖਾ ਹੈ। ਸਾਡੀ ਮਿੱਟੀ ਗੁੰਨ੍ਹਣ ਵਾਲੇ ਅਨੇਕਾਂ ਹੱਥ ਹੁੰਦੇ ਹਨ। ਸਾਨੂੰ ਸਾਰਿਆਂ ਦਾ ਪਤਾ ਨਹੀਂ ਹੁੰਦਾ। ਨਿਰੰਜਣ ਸਿੰਘ ਤੋਂ ਪਹਿਲਾਂ ਸਾਧੂ ਸਿੰਘ ਤਾਲਿਬ ਨੇ ਮੇਰੀ ਉਂਗ਼ਲ ਫੜ੍ਹੀ ਸੀ। ਉਹ ਮੇਰਾ ਮਾਮਾ ਸੀ, ਤਾਈ ਸੰਤ ਕੌਰ ਦਾ ਛੋਟਾ ਭਰਾ ਜੀਹਨੇ ਸਾਨੂੰ ਪ੍ਰੀਤਲੜੀ ਦੇ ਦਰਸ਼ਨ ਕਰਵਾਏ ਸੀ। ਮਾਮਾ ਸਾਥੋਂ ਥੋਹੜੀ ਦੂਰ ਦਧਾਹੂਰ ਪਿੰਡ ਦੇ ਗੁਰਦੁਆਰੇ ਦਾ ਗ੍ਰੰਥੀ ਸੀ। ਕਈ ਅਖੰਡਪਾਠਾਂ ਦੀ ਭੇਟਾ ਨਵੇਂ ਜ਼ਮਾਨੇ ਦੇ ਫ਼ੰਡ ਵਿਚ ਪਾ ਦਿੰਦਾ ਸੀ। ਉਹ ਕਵੀ ਸੀ ਕੀਰਤਨੀਆ ਸੀ ਤੇ ਮੰਝਿਆ ਹੋਇਆ ਗਾਇਕ ਸੀ। ਉਹਦੀ ਕਵਿਤਾ "ਮੈਂ ਸ਼ਾਇਰ ਲੋਕਤਾ ਦਾ ਹਾਂ" ਓਦੋਂ ਲੋਕਾਂ ਦੇ ਮੂੰਹ 'ਤੇ ਚੜ੍ਹੀ ਹੋਈ ਸੀ। ਪਿੱਛੋਂ ਪ੍ਰੀਤਲੜੀ ਵਿਚ ਤੇਰਾ ਸਿੰਘ ਚੰਨ ਦੇ ਨਾਂ ਹੇਠਾਂ ਛਪੀ ਸੀ। ਮਾਮੇ ਦੇ ਨਾਲ਼ ਮੈ ਪਿੰਡ-ਪਿੰਡ ਅਮਨ ਦੇ ਨਾਟਕ ਕੀਤੇ। ਮੈ ਉਹਦੇ ਵਾਕੂੰ ਗੀਤ ਲਿਖਦਾ ਤੇ ਗਾਉਂਦਾ ਸੀ। ਭੂਤਵਾੜੇ ਤੋਂ ਪਹਿਲਾਂ ਮੇਰੀ ਪਛਾਣ ਮੇਰੇ ਗੀਤ ਸਨ। ਮਾਮੇ ਨੇ ਮੈਨੂੰ ਸਿੱਖਿਆ ਦਿੱਤੀ ਸੀ, "ਨਕਲ ਨਹੀਂ ਕਰਨੀ।"

ਨਿਰੰਜਣ ਨਿਰਾ ਭਰੋਸਾ ਸੀ। ਉਹ ਮੈਨੂੰ ਵੱਡਾ ਕਰਕੇ ਵੇਖਦਾ ਸੀ। ਤੇ ਕਹਿੰਦਾ ਰਹਿੰਦਾ ਸੀ ਤੂੰ ਏਡਾ ਹੈਂ। ਇਹਦਾ ਪਤਾ ਮੈਨੂੰ ਇਕ ਘਟਨਾ ਪਿੱਛੋਂ ਲੱਗਾ। ਹੋਇਆ ਇਉਂ। ਇਕ ਆਥਣੇ ਸਾਥੋਂ ਹਾਰੀ ਹੋਈ ਪਿੰਡ ਦੀ ਵਾਲੀਬਾਲ ਟੀਮ ਨੇ ਅਗਲਾ ਮੈਚ ਜਿੱਤਣ ਲਈ ਚਾਹ ਵਿਚ ਧਤੂਰੇ ਦੇ ਪੱਤੇ ਪਾ ਦਿੱਤੇ। ਉਨ੍ਹਾਂ ਨੂੰ ਪਤਾ ਨਹੀਂ ਸੀ ਧਤੂਰੇ ਦੇ ਹਰੇ ਫੁੱਲ ਵੀ ਜ਼ਹਿਰ ਹੁੰਦੇ ਹਨ। ਸਾਰੀ ਰਾਤ ਅਸੀਂ ਮੌਤ ਨਾਲ਼ ਮੈਚ ਖੇਡਦੇ ਰਹੇ। ਪਰ ਸਵੇਰ ਹੋਈ, ਸਾਰੇ ਬਚ ਗਏ। ਸਾਡੇ ਪਹੁੰਚਣ ਤੋਂ ਪਹਿਲਾਂ ਇਹ ਖ਼ਬਰ ਸਕੂਲ ਪਹੁੰਚ ਗਈ। ਨਿਰੰਜਨ ਮਿ਼ਲਿਆ ਤਾਂ ਪਹਿਲੀ ਗੱਲ ਕਹੀ, "ਸੁਣਿਐ, ਰਾਤ ਵੌਲੀਆਂ ਤੇ ਵੌਂਲੀਆਂ (ਵੋਲਲਏਬਅਲਲ ਸਪਕਿਏਸ) ਲਾਉਂਦਾ ਰਿਹੈਂ"। ਆਵਾਜ਼ ਵਿਚ ਬੇਮਲੂਮਾ ਗ਼ੁੱਸਾ ਤੇ ਫ਼ਿਕਰ ਰਲਿਆ ਹੋਇਆ ਸੀ। ਮੈਂ ਚੁੱਪ ਰਿਹਾ। ਉਹਨੇ ਮੇਰਾ ਮੋਢਾ ਥਾਪੜਿਆ ਤੇ ਕਿਹਾ, "ਬੱਚੂ, ਕੁਦਰਤ ਨੇ ਤੈਥੋਂ ਕੋਈ ਕੰਮ ਲੈਣੈਂ, ਐਵੇਂ ਨਹੀਂ ਬਚਿਆ।"

ਇਕ ਦਿਨ ਫੇਰ ਉਹਨੇ ਮੈਨੂੰ ਅਪਣੇ ਕੋ਼ਲ ਸੱਦਿਆ। ਹੱਥ ਵਿਚ ਪ੍ਰੀਤਲੜੀ ਸੀ ਜਿਸ ਵਿਚ ਮੇਰੀ ਕਵਿਤਾ ਛਪੀ ਹੋਈ ਸੀ। ਮੇਰੇ ਵਾਸਤੇ ਇਹਦਾ ਚੰਦਾ ਵੀ ਉਸੇ ਨੇ ਭਰਿਆ ਸੀ। ਉਹਨੇ ਮੈਨੂੰ ਨਵਾਂ ਜ਼ਮਾਨਾ ਤੇ ਲੋਕ ਲਹਿਰ ਵੀ ਲੁਆ ਕੇ ਦਿੱਤੇ ਸਨ। ਉਹਨੇ ਮੈਨੂੰ ਕੋ਼ਲ ਬਿਠਾ ਕੇ ਆਖਿਆ, "ਤੈਥੋਂ ਕੁਦਰਤ ਨੇ ਕੋਈ ਖ਼ਾਸ ਕੰਮ ਲੈਣੈ। ਐਵੇਂ ਵਿਆਹ ਦੇ ਚੱਕਰ ਚ ਨਾ ਪਈਂ।"

ਮੈਂ ਸਕੂਲ ਛੱਡਿਆ, ਤਾਂ ਨਿਰੰਜਣ ਸਿੰਘ ਵੀ ਉਥੇ ਹੀ ਰਹਿ ਗਿਆ। 18 ਵਰ੍ਹਿਆਂ ਪਿਛੋਂ 1974 ਇਕ ਦਿਨ ਉਹ ਮੈਨੂੰ ਮਿਲ ਗਿਆ। ਲੁਧਿਆਣੇ ਬਸ ਅੱਡੇ 'ਤੇ ਟਿਕਟ ਲੈਣ ਵਾਲੀ ਕਤਾਰ ਵਿਚ ਖੜ੍ਹਾ ਸੀ। ਮੈਂ ਕਨੇਡਿਓਂ ਪਰਤਿਆ ਸੀ। ਵਿਆਹ ਕਰਵਾ ਲਿਆ ਸੀ। ਤੇ ਕਵਿਤਾ ਲਿਖਣੀ ਛੱਡੀ ਹੋਈ ਸੀ। ਉਹਦੇ ਮੱਥੇ ਲੱਗਣ ਤੋਂ ਮੈਂ ਜਕ ਗਿਆ। ਪਿੱਛੋਂ ਜਾ ਕੇ ਮੋਢਿਆਂ 'ਤੇ ਹੱਥ ਰੱਖ ਦਿੱਤੇ। ਉਹਨੇ ਪਿੱਛੇ ਮੁੜ ਕੇ ਮੇਰੇ ਚਿਹਰੇ ਵੱਲ ਵੇਖਿਆ, ਕੁਝ ਸੈਕਿੰਡ ਵੇਖਦਾ ਰਿਹਾ ਤੇ ਸਿਰ ਹਿਲਾ ਦਿੱਤਾ। ਮੈਂ ਅਜੇ ਦੋ ਸ਼ਬਦ ਹੀ ਮੂੰਹੋਂ ਕੱਢੇ ਸੀ ਉਹਨੇ ਮੈਨੂੰ ਜੱਫੀ ਪਾ ਲਈ ਤੇ ਉਸੇ ਤਰਾਂ ਮੈਨੂੰ ਨਾ਼ਲ ਪਏ ਬੈਂਚ ਤਕ ਲੈ ਗਿਆ। ਬੈਠਣ ਤੋਂ ਪਹਿਲਾਂ ਉਹਨੇ ਮੈਨੂੰ ਸਿਰ ਤੋਂ ਪੈਰਾਂ ਤਕ ਵੇਖਿਆ ਤੇ ਅਪਣੇ ਨਾ਼ਲ ਬੈਠਾ ਲਿਆ। ਅਸੀਂ ਦੋ ਘੰਟੇ ਗੱਲਾਂ ਕਰਦੇ ਰਹੇ। ਮੈਂ ਕਰਦਾ ਰਿਹਾ, ਉਹ ਸੁਣਦਾ ਰਿਹਾ। ਚੁਪ ਕਰਦਾ, ਉਹ ਫੇਰ ਪੁੱਛ ਲੈਂਦਾ। ਮੈਂ ਕੀ ਕਰਦਾ ਹਾਂ, ਕਿਵੇਂ ਰਹਿੰਦਾ ਹਾਂ, ਬੱਚੇ ਕੀ ਬੋਲਦੇ ਹਨ, ਬੀਵੀ ਕੀ ਕਰਦੀ ਹੈ, ਅਜਮੇਰ ਮਿਲਦਾ ਰਹਿੰਦਾ ਹੈ? ... ਸਕੂਲ ਛੱਡਣ ਪਿੱਛੋਂ ਤੇ ਕਨੇਡੇ ਜਾਣ ਤਕ ਉਹਨੂੰ ਮੇਰੀਆਂ ਬਹੁਤ ਗੱਲਾਂ ਦਾ ਪਤਾ ਸੀ। ਬੁੱਟਰ (ਉਹਦਾ ਪਿੰਡ) ਜਾਣ ਵਾਲੀ ਬਸ ਦੀ ਹਾਕ ਪਈ, ਤਾਂ ਉਹਨੇ ਮੈਨੂੰ ਫੇਰ ਕਲਾਵੇ ਵਿਚ ਲੈ ਲਿਆ। ਇਸ ਵਾਰ ਚਿਰ ਤਕ ਅਪਣੇ ਨਾ਼ਲ ਲਾਈ ਰੱਖਿਆ ਤੇ ਬਸ ਵੱਲ ਤੁਰ ਪਿਆ। ਪਿਛੇ ਮੁੜ ਕੇ ਨਹੀਂ ਵੇਖਿਆ। ਬੁੱਟਰ ਜਾਣ ਵਾਲੀ ਉਹ ਆਖ਼ਰੀ ਬਸ ਸੀ। ਸਾਡਾ ਇਹ ਮੇਲ ਵੀ ਆਖਰੀ ਸੀ। ਮੈਂ ਖੜ੍ਹਾ ਜਾਂਦੀ ਬਸ ਵਲ ਵੇਖਦਾ ਰਿਹਾ। ਬਸ ਵਲ ਵਿੰਗ ਖਾਂਦੀ ਮੇਰੀ ਨਿਗਾਹ ਚੋਂ ਨਿਕਲ ਗਈ, ਫੇਰ ਲੁਧਿਆਣੇ ਚੋਂ ਤੇ ਅੰਤ ਥਾਂ ਥਾਂ ਰੁਕਦੀ ਪੰਦਰਾਂ ਸਾਲਾਂ ਪਿੱਛੋਂ ਉਹ ਧਰਤੀ ਦੀ ਜੂਹ ਟੱਪ ਗਈ। ਜਿੱਥੋਂ ਕੋਈ ਬਸ ਪਰਤਦੀ ਨਹੀਂ। ਬਸ ਓਝਲ ਹੋਣ ਪਿੱਛੋਂ ਮੈਂ ਅੱਡੇ ਵਿਚ ਖੜ੍ਹਾ ਰਿਹਾ। ਅੱਖਾਂ ਸਿੱਲ੍ਹੀਆਂ ਹੋ ਗਈਆਂ। ਕੇਹੋ ਜਿਹੇ ਗੁਰੂ ਮਿ਼ਲੇ ਸਨ ਮੈਨੂੰ। ਇਕ ਸਿਆਲਾਂ ਚ ਪਾਣੀ ਗਰਮ ਕਰਕੇ ਮੇਰੇ ਪੈਰ ਧੋਂਦਾ, ਦੂਜਾ ਮੈਂ ਜਿੱਥੇ ਵੀ ਹੁੰਦਾ ਮੇਰਾ ਧਿਆਨ ਰਖਦਾ।

ਮੈਨੂੰ ਪਤਾ ਹੈ ਕੁਦਰਤ ਨੇ ਮੈਥੋਂ ਕੋਈ ਕੰਮ ਨਹੀ ਲੈਣਾ, ਕਿਸੇ ਤੋਂ ਵੀ ਨਹੀਂ ਲੈਣਾ। ਪਰ ਇਹ ਭਰਮ ਮੈਨੂੰ ਅਣਮੁੱਲ ਲਗਦਾ ਹੈ। ਮੇਰਾ ਜੀਅ ਕਰਦਾ ਸੀ ਉਸ ਦਿਨ ਨਿਰੰਜਨ ਸਿੰਘ ਫੇਰ ਮੈਨੂੰ ਓਹੀ ਗੱਲ ਯਾਦ ਕਰਵਾਉਂਦਾ ਤੇ ਮੈ ਉਹਨੂੰ ਦਸਦਾ ਕਿ ਮੈਂ ਪੈਰਿਸ ਬੰਦਾ ਬਹਾਦਰ ਦੇ ਸਿੰਘਾਂ ਨਾ਼ਲ ਤੁਰ ਕੇ ਆਇਆ ਹਾਂ। □

**ਨਵਤੇਜ ਭਾਰਤੀ ਨੇ ਇਹ ਗੱਲਾਂ ਸਾਹਿਤਕ ਰਸਾਲੇ 'ਹੁਣ-8' ਵਿੱਚ ਇਸ ਰਸਾਲੇ ਦੇ ਮੁੱਖ ਸੰਪਾਦਕ ਅਵਤਾਰ ਜੰਡਿਆਲਵੀ ਦੇ ਸੁਝਾਵਾਂ 'ਤੇ ਕੀਤੀਆਂ।**

Elite Driving School
Learn to drive with experienced, caring & friendly instructor
Lessons available in English, Hindi, Punjabi & Urdu
19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।
19 Years Road Experience
15 Hours in Class Room & 10 Hours in Car Package Available
ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।



- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.
Gurmail Dhaliwal (Garry)
780-265-6990

2019 61st St NW, Edmonton, AB, T6L 1M5
Tel: 780-265-6990 Fax: 780-461-6990
Email: elitedriving@hotmail.com, www.elitedrivingschoolltd.ca

# Progressive Peoples Foundation of Edmonton

## Invites

# P. SAINATH

*An Eminent Indian Journalist*

## To deliver a lecture on the subject:

# IS INDIA SHINING?

**[P. Sainath is a writer and journalist who has been described by Nobel laureate Amartya Sen as "one of the world's great experts on famine and hunger." His stories and photographs have brought the world's attention to issues of poverty and injustice. Rural affairs editor of 'The Hindu' since 2004, he is a recipient of more than 35 national and international awards including the 2007 Ramon Magsaysay prize. He will receive an honorary doctor of letters degree from U of A, on June 8.]**

**On**

**Friday, June 10; 6:30 pm**

**At**

**Rasoi India Reasturant**

**# 9, 9261 – 34 Ave. Edmonton**

**PROGRAM:**

**Introduction of P. Sainath by Prof. Raj Pannu: 6: 30 pm**

**Lecture by P. Sainath, followed by Question-Answer session: 7:00 pm**

**Dinner at 8: 30 pm**

**(Contribution per person: $20:00 only)**

Contact: **Dr. P. R. Kalia: 780-440-2766; Gurcharan Brar: 780-265-3752; Rabinder Sra: 780-431-1692**
**Jasbir Deol: 780-906-4497; Dalbir Sangione: 780-462-8160; Sony Gill: 780-497-8801**
**Parminder Dhaliwal: 780-994-1886; Pavittar Dhaliwal: 780-909-3315**
**Navtej Bains: 780-485-2265**

~~~~

## THE IMPORTANCE OF BEING SAINATH

P. Sainath is an Indian journalist. He calls himself a 'rural reporter' focusing on social problems, rural affairs, poverty and the aftermaths of globalization in India. Sainath's most important work from the past decade focuses on India's agrarian crisis, with roughly 200 exclusive field reports and news analyses and hundreds of photographs. He spends between 270 and 300 days a year in the rural interior and has done so for the past 18 years. He is the Rural Affairs Editor for The Hindu daily for the past six years.

To share his views on as a reporter, he proved the power of the Press repeatedly. In one state after another, the bureaucracy and politicians acted upon his stories, preferring this to confrontation or denial. Today, more than any other journalist in India, he has been responsible for the attention brought to the raging farmers' suicides in the country.

At the same time, he writes articles on international economics and politics and critiquing the "corporate-owned" mass media. According to him the shift from hard-hitting, truth-seeking journalism to innocuous, promotional stenography goes hand in hand with the increase of globalization. The photographs he has taken in rural India have resulted in several highly acclaimed photo exhibitions.

All the same, Sainath is a captivating speaker. He dwells on serious issues like India's agrarian crisis, and the Age of Inequity etc. Bristling with energy, he is witty, forceful and illuminating. It's worth noting that few other journalists in recent times have had a greater impact on the lives of ordinary people in rural India.

A collection of his investigative articles, Everybody Loves a Good Drought, became an influential bestseller and led to policy changes in India. Sainath has spoken at, among other places, Columbia University and the University of California at Berkeley, where he also taught for some time.

He is also a bit of an ascetic. He never touches alcohol, since he doesn't want to have his judgement clouded 'even for a moment.' Sobriety, along with a wicked sense of humour and an absolute commitment to his country's poor, have no doubt helped make Sainath what he is today: one of India's leading journalists.

Born in Madras in 1957, Sainath studied history at Jawaharlal Nehru University, after which he began his career in journalism. For ten years he was deputy chief editor of a major South Asian weekly in Mumbai: The Blitz. In 1993, after winning a Times of India fellowship, he left his job at The Blitz and set out to travel the length and breadth of India's rural areas, reporting on the daily lives of the region's poorest villagers.


~~~~

ਸ਼ਰਧਾਂਜਲੀ

# ਮੱਖਣ ਸਿੰਘ ਸਮਰਾ ਨੂੰ ਯਾਦ ਕਰਦਿਆਂ

21 ਮਈ 2011 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਐਡਮਿੰਟਨ ਨਿਵਾਸੀ ਮੱਖਣ ਸਿੰਘ ਸਮਰਾ ਦਾ ਜਨਮ ਉਨ੍ਹਾਂ ਦੇ ਜੱਦੀ ਪਿੰਡ ਸਮਰਾਏ (ਜਿਲਾ ਜਲੰਧਰ, ਪੰਜਾਬ) 'ਚ ਮਾਤਾ ਪ੍ਰੀਤਮ ਕੌਰ ਅਤੇ ਸ. ਦਰਸ਼ਨ ਸਿੰਘ ਜੀ ਸਮਰਾ ਦੇ ਘਰ ਅਗਸਤ 1951 ਨੂੰ ਹੋਇਆ। ਆਪ ਜੀ ਪਰਿਵਾਰ ਵਿਚ ਦੂਜੇ ਨੰਬਰ ਤੇ ਸਨ। ਆਪ ਜੀ ਦੀ ਸ਼ਾਦੀ ਬਲਵੀਰ ਕੌਰ ਸਪੁਤਰੀ ਸਰਦਾਰ ਗੁਰਮੀਤ ਸਿੰਘ ਬਾਸੀ ਅਤੇ ਮਾਤਾ ਗੁਰਦੇਵ ਕੌਰ, ਪਿੰਡ ਬੁੰਡਾਲਾ, (ਜਿਲਾ ਜਲੰਧਰ, ਪੰਜਾਬ) ਨਾਲ ਮਾਰਚ 1986 ਵਿਚ ਹੋਈ। ਆਪ ਜੀ ਇਕ ਬਹੁਤ ਹੀ ਨਫੀਸ,ਮਿਹਨਤੀ ਅਤੇ ਖੁਸ਼ ਤਬੀਅਤ ਇਨਸਾਨ ਸਨ। 27 ਸਾਲ ਕਨੇਡੀਅਨ ਰੇਲਵੇ ਦੀ ਨੌਕਰੀ ਕਰਨ ਉਪਰੰਤ ਅੱਜ ਕੱਲ੍ਹ ਆਪਣਾ ਬਿਜਨਿਸ ਕਰ ਰਹੇ ਸਨ। ਆਪ ਜੀ ਦੇ ਪੁੱਤਰ ਤਰਨਦੀਪ ਸਮਰਾ ਅਤੇ ਬਰਨੀਤ ਸਮਰਾ ਹਨ।



ਆਪ ਜੀ ਨੇ ਮੈਟਰਿਕ ਸਰਕਾਰੀ ਹਾਈ ਸਕੂਲ ਸਮਰਾਏ ਤੋਂ ਕੀਤੀ ਅਤੇ ਬਾਅਦ ਵਿਚ ਫਗਵਾੜੇ ਆਈ ਟੀ ਆਈ ਤੋਂ ਟੈਕਨੀਕਲ ਡਿਪਲੋਮਾ ਹਾਸਿਲ ਕੀਤਾ। ਆਪ ਜੀ ਅਤੇ ਭਾਅ ਜੀ ਗੁਰਪਾਲ ਸਮਰਾ ਇੱਕੋ ਕਲਾਸ ਵਿਚ ਪੜ੍ਹੇ ਹਨ। ਘਰ ਵਿਚ ਖੇਤੀਬਾੜੀ ਦਾ ਕੰਮ ਬੜੇ ਲਗਨ ਨਾਲ ਕਰਿਆ ਕਰਦੇ ਸਨ।ਦੋਆਬੇ ਦੀ ਮਿੱਟੀ ਦੀ ਖੁਸ਼ਬੂ, ਪਿੰਡਾਂ ਦੀ ਚਹਿਲ ਪਹਿਲ, ਖੂਹਾਂ ਦੀਆਂ ਰੌਣਕਾਂ, ਛਿੰਝਾਂ, ਪੇਂਡੂ ਮੇਲੇ ਅਤੇ ਫਿਲਮਾਂ ਹਰ ਗਭਰੂ ਦੀ ਤਰ੍ਹਾਂ ਆਪ ਦੀ ਜਵਾਨੀ ਦਾ ਅਹਿਮ ਹਿੱਸਾ ਸਨ। ਮੱਖਣ ਸਿੰਘ ਸਮਰਾ ਦਾ ਸੁਭਾਅ ਨਿਵੇਕਲਾ ਸੀ। ਉਹ ਹਮੇਸ਼ਾ ਵੈਰ ਵਿਰੋਧ ਤੋਂ ਪਰ੍ਹੇ ਰਹੇ ਹਨ। ਪਿੰਡ ਸਮਰਾਏ ਵਿਚ ਉਹ ਉਨ੍ਹਾਂ ਘਰਾਂ ਜਾਂ ਲੋਕਾਂ ਨਾਲ ਵੀ ਰਾਬਤਾ ਰੱਖਦੇ ਜਿਨ੍ਹਾਂ ਨਾਲ ਪਰਿਵਾਰਕ ਸਬੰਧ ਵੀ ਨਹੀਂ ਸਨ ਹੁੰਦੇ। ਜਵਾਨੀ ਵਿਚ ਪੈਦਾ ਹੋਈ ਇਸ ਫਰਾਖ਼ਦਿਲੀ ਨੇ ਬਾਅਦ ਵਿਚ ਉਨਾਂ ਦਾ ਬੜਾ ਸਾਥ ਦਿੱਤਾ।

ਉਨ੍ਹਾਂ ਦੀ ਜਿੰਦਗੀ ਦਾ ਅਸਲੀ ਸੰਘਰਸ਼ ਕੈਨੇਡਾ ਵਿਚ ਆਉਣ ਤੋਂ ਸ਼ੁਰੂ ਹੁੰਦਾ ਹੈ। ਮਾਰਚ 1976 ਵਿਚ ਕੈਨੇਡਾ ਆ ਕੇ ਕੁਝ ਸਮਾਂ ਐਡਮਿੰਟਨ ਰਹਿਣ ਤੋਂ ਬਾਅਦ ਆਪ ਜੀ ਹੇ ਰਿਵਰ ਸ਼ਹਿਰ ਸ਼ਿਫਟ ਹੋ ਗਏ ਸਨ। ਹੇ ਰਿਵਰ ਵਿਚ ਆਪ ਜੀ ਨੇ ਕੈਨੇਡੀਅਨ ਰੇਲਵੇ ਦੀ ਨੌਕਰੀ ਕੀਤੀ। 27 ਸਾਲ ਆਪ ਜੀ ਹੇ ਰਿਵਰ ਸਹਿਰ ਵਿਚ ਰਹੇ। ਉਨਾਂ ਦੀ ਫਰਾਖ਼ਦਿਲੀ ਅਤੇ ਖੁਸ਼ ਤਬੀਅਤ ਸਦਕਾ ਉਨਾਂ ਨੇ ਅਜ਼ਨਬੀ ਸ਼ਹਿਰ ਵਿਚ ਵੀ ਅਨੇਕਾਂ ਦੋਸਤ ਬਣਾਏ ਅਤੇ ਉਨਾਂ ਦੋਸਤਾਂ ਸਦਕਾ ਇਸ ਸ਼ਹਿਰ ਨੂੰ ਵੀ ਆਪਣਾ ਬਣਾ ਲਿਆ। ਜਦੋਂ ਟੈਰੀ ਅਤੇ ਬਰਨੀਤ ਵੱਡੇ ਹੋਏ ਅਤੇ ਉਨਾਂ ਦੀ ਪੜ੍ਹਾਈ ਕਰਾਉਣ ਲਈ ਆਪ ਜੀ ਨੇ ਕੈਨੇਡੀਅਨ ਰੇਲਵੇ ਤੋਂ ਰਿਟਾਇਰਮੈਂਟ ਲੈ ਲਈ ਅਤੇ ਸੰਨ 2004 ਵਿਚ ਸਮੂਹ ਪਰਿਵਾਰ ਕੋਲ ਐਡਮਿੰਟਨ ਸ਼ਿਫਟ ਕਰ ਲਿਆ। ਸੰਨ 2004 ਤੋਂ ਬਾਅਦ ਆਪ ਜੀ ਨੇ ਆਪਣੇ ਛੋਟੇ ਭਰਾ ਕੁਲਵਿੰਦਰ ਸਮਰਾ ਨਾਲ ਸਾਂਝਾ ਬਿਜ਼ਨਿਸ ਕਰ ਲਿਆ। ਜਿਹੜੇ ਦੋਸਤਾਂ ਮਿੱਤਰਾਂ, ਗੁਆਂਢੀਆਂ ਜਾਂ ਗਰਾਜ਼ ਤੇ ਆਏ ਲੋਕਾਂ ਨੇ ਉਨਾਂ ਨੂੰ ਮਿ-ਲਆ ਜਾਂ ਦੇਖਿਆ ਹੈ ਉਹ ਮੱਖਣ ਸਮਰਾ ਦੀ ਸਾਦਗੀ ਅਤੇ ਸੰਖੇਪ ਜਿਹੀ ਜ਼ਿੰਦਗੀ ਤੋਂ ਜ਼ਰੂਰ ਪ੍ਰਭਾਵਿਤ ਹੋਏ ਹੋਣਗੇ। ਕੰਮ ਕਰਨਾ ਉਨਾਂ ਦਾ ਗੁਣ ਸੀ ਅਤੇ ਕਿਰਤ ਕਰਨ ਵਾਲਾ ਹਮੇਸ਼ਾ ਮਹਾਨ ਗਿਣਿਆ ਗਿਆ ਹੈ। ਕਿਸੇ ਦੀ ਮੱਦਦ ਕਰਨੀ ਉਨਾਂ ਦੀ ਚਾਹਨਾ ਦਾ ਹਿੱਸਾ ਸੀ। ਜਦੋਂ ਗੁਣ ਸੁਭਾਅ ਦਾ ਹਿੱਸਾ ਬਣ ਜਾਣ ਤਾਂ ਮਨੁੱਖ ਮਨੁੱਖਤਾ ਦੇ ਅਰਥਾਂ ਨੂੰ ਵਿਸ਼ਾਲਤਾ ਪ੍ਰਦਾਨ ਕਰਦਾ ਹੈ। ਜਦੋਂ ਉਹ ਕਿਸੇ ਨਾਲ ਖੁੱਲ ਜਾਂਦੇ ਸਨ ਤਾਂ ਉਨ੍ਹਾਂ ਦੀ ਰੌਚਿਕਤਾ ਝਲਕਦੀ ਰਹਿੰਦੀ ਸੀ। ਛੋਟੇ ਬੱਚਿਆ ਨੂੰ ਕਈ ਤਰ੍ਹਾਂ ਦੇ ਆਪਣੇ ਘੜੇ ਨਾਂਵਾਂ ਨਾਲ ਬੁਲਾਉਣਾ ਜਾਂ ਜਾਣ ਬੁੱਝ ਕੇ ਛੇੜਣਾ ਉਨਾਂ ਦੇ ਸੁਭਾਅ ਦਾ ਹਿੱਸਾ ਸੀ। ਬੱਚੇ ਵੀ ਉਨਾਂ ਦੀ ਗੱਲ ਦਾ ਗੁੱਸਾ ਨਹੀਂ ਸਨ ਮਨਾਉਂਦੇ ਬਲਕਿ ਇਸ ਗੱਲਬਾਤ ਤੋਂ ਮਚਲਦੇ ਸਨ ਖੁਸ਼ ਹੁੰਦੇ ਸਨ।

ਆਪਣੇ ਹਰ ਰਿਸ਼ਤੇ ਦੀ ਉਨਾਂ ਕਦਰ ਕੀਤੀ ਅਤੇ ਹਰ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਇਆ। ਇਸ ਅਹਿਸਾਸ ਦਾ ਉਨਾਂ ਸਾਰਿਆਂ ਨੇੜਲੇ ਸਾਥੀਆਂ ਨੂੰ ਪਤਾ ਹੈ। ਇਨਸਾਨ ਆਪਣਾ ਸਫਰ ਪੂਰਾ ਕਰਕੇ ਭਾਵੇਂ ਇਸ ਸੰਸਾਰ ਤੋਂ ਚਲੇ ਜਾਂਦਾ ਹੈ ਪਰ ਉਹ ਆਪਣੀਆਂ ਪਿਉਂਦਾਂ ਕਿਸੇ ਨਾ ਕਿਸੇ ਰਿਸ਼ਤੇ ਅਤੇ ਅਹਿਸਾਸ ਨਾਲ ਅਗਲੀਆਂ ਪੀੜ੍ਹੀਆਂ ਲਈ ਛੱਡ ਜਾਂਦਾ ਹੈ। ਹੋਰ ਜਾਣਕਾਰੀ/ਪਰਿਵਾਰ ਨਾਲ ਸੰਪਰਕ ਲਈ ਕੁਲਵਿੰਦਰ ਸਮਰਾ ਨੂੰ 780 990 6053 ਜਾਂ ਦਲਬੀਰ ਸਾਂਗਿਆਣ ਨਾਲ 780 995 5475 ਤੇ ਫੋਨ ਕਰ ਸਕਦੇ ਹੋ।


INDIA's PROMINENT HUMAN RIGHTS ADVOCATE IN EDMONTON

**Colin Gonsalves has been described as a champion of the exploited.**

At the invitation of the **World Sikh Organization of Canada (WSO)**, Mr. Colin Gonsalves - a senior advocate of the Supreme Court of India and a pioneer of public interest and human rights law is visiting Canada from May 29 to June 15, 2011.

After addressing public and private meetings of public officials, concerned citizens and legal professionals in Ottawa, Montreal and Toronto, he will address a public meeting being organized by the Sikh Federation of Edmonton at the Maharaja banquet Hall on Wednesday, the 8th of June at 6:30 pm.

His passion for the Human Rights is evident from the fact that he gave up a career in engineering to respond to a call of his conscience to help people, more than he could as an engineer. He has won over 200 mostly precedent setting cases against the Indian government and powerful corporations in favour of poor and marginalized groups.



*"...........The entire working people, which is to say 70% of the population ....... fall outside the justice system; they never get to court. They cannot take their grievances to any legal system, ..... There's an iron curtain between the people of India and the judiciary, ............"*

**Wednesday, June 8, 2011 Maharaja Banquet Hall 6:30 - 9 p.m.**

Edmonton Event Organized and hosted by The Sikh Federation of Edmonton

Contact: Kulmit Singh Sangha - 780-619-8485 or Sital Singh Nanuan - 780-709-2149 or e-mail: magmaint@hotmail.com



BLITZ AUTO CANADA

3207-97 Street, Edmonton, Alberta, T6N 1B7, Canada

Full Maintenance Service

- Breaks
- Muffler
- Suspension
- Lube & Oil
- Tires
- Batteries

Contact:
Umesh Amin
Ph:780 463 2886
Fax: 780 463 6536
email: unamin@gmail.com



WE CARE YOUR CAR BETTER



Laddi Padda Realtor

ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾਂ ਯਾਦ ਰੱਖੋ ਲਾਡੀ ਪੱਡਾ

PROFESSIONAL REALTY GROUP

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਭਰੋਸੇਮੰਦ ਰੀਐਲਟਰ ਲਾਡੀ ਪੱਡਾ ਨੂੰ ਮਿਲੋ ਜਾਂ ਫੋਨ ਕਰੋ।



Cell: 780-909-5154

9222-51 Avenue, Edmonton, AB T6E 5L8

Phone: 780-439-9818, Fax: 780-439-1257



Laddi Padda


BIG BO'S
UP TO 50% SALE
Furniture, Appliances & Blinds
ਵਧੀਆ ਫਰਨੀਚਰ, ਅਪਲਾਇੰਸਿਜ਼
ਅਤੇ ਬਲਾਇੰਡਜ਼ ਲਈ ਅੱਜ ਹੀ
ਪਧਾਰੋ BIG BO'S FURNITURE
Stainless Steel
3 Pcs Set
Fridge, Range,
Dishwasher,
Washer & Dryer
5 Pcs. White Set
SAMSUNG
FRIGIDAIRE
Store Hours:
Mon-Wed 10 am-6 pm.
Thu-Fri 10 am-8pm.
Sat 10 am-6 pm.
Sun 12 pm - 5 pm.
4220 99 St. NW
Edmonton, AB
780 430 4346
Prices valid until Quantities last.


Creative Doors
& Mouldings Ltd.
"Your Complete Finishing Store"
* Interior * Prehung Units
* Locks & Hardware * French Doors
* Bi-Folds * Mouldings * Accessories
* Railing
Call: Bill Sekhon
Phone: (780) 438-2224
Cell: (780) 232-1816
Fax: (780) 438-4422
9838-60 Avenue Edmonton, AB T6E 0C5

NEW WAY Stucco Ltd.



Quality work at reasonable rates.

We do Splash Dash Stucco and Acrylic. For free estimates call

(BALJIT) Ph.: (780)-708-1436, Fax: (780)-462-0691

All Kind of Stucco Acrylic & Rain Screen Residential & Commercial

ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜਰੂਰ ਦਿਉ

Moga Painting Company

Serving Since 1985



Experts in Interior & Exterior Paint

Residential & Commercial

> Excellent Colour Matching
> Guaranteed Work
> Reasonable Rates

Office Painting, Spray Painting, Staircase Railing, Stain & Varnish

ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।

For Free ESTIMATES Call SURJIT

Edmonton (780) 934-3535 Winnipeg (204) 979-7070



Sales Representative

Harinder Hundal

M.Sc. Eco, M.B.A

Residential | Commertial | Investment Properties

Home Life/United Realty Inc. Brokerage

Independently Owned & Operated.

Higher Standards Agents... Higher Results™

Cell: 647 818 6880
Bus: 905 672 1234
Fax : 905 672 0672
hpshundal@gmail.com

ਟੋਰਾਂਟੋ ਦੇ ਇਲਾਕੇ 'ਚ ਜਾਇਦਾਦ ਖਰੀਦਣ ਜਾਂ ਵੇਚਣ ਲਈ ਇੱਕ ਭਰੋਸੇਮੰਦ ਨਾਂ

MLS MULTIPLE LISTING SERVICE® REALTOR®

50 SunnyVale Gate, Unit # 7, Brampton, ON L6S 0C4

ਮੁਲਾਕਾਤ Productions

ਟੀ.ਵੀ ਪ੍ਰੋਗਰਾਮ ਮੁਲਾਕਾਤ

Aired on VISION TV
1:00 pm to 1:30 pm
(Alberta Time / Every Saturday)



Charanjit Brar
Producer & Host
Ph: 647 300 8436
cbrar@rogers.com

ਬਹੁਤ ਹੀ ਘੱਟ ਕੀਮਤਾਂ ਦਾ ਅੱਜ ਹੀ ਫ਼ਾਇਦਾ ਉਠਾਓ

SUZUKI Way of Life!

0% ਵਿਆਜ

100 ਤੋਂ ਵਧੇਰੇ ਪੁਰਾਣੀਆਂ ਗੱਡੀਆਂ ਵਿੱਚੋਂ ਆਪਣੀ ਮਨਪਸੰਦ ਗੱਡੀ ਚੁਣੋ

TIME TO FIGHT CARFORMITY

DRIVE SOMETHING DIFFERENT AND DON'T FOLLOW THE HERD.

2011 KIZASHI SX iAWD

Kizashi fights Carformity. How? First, it offers true power of control with a superb chassis that delivers crisp and precise handling. Then, Kizashi comes fully loaded with what others call options. Fuel-efficient 180-hp 2.4L engine, Intelligent All Wheel Drive (iAWD), SmartPass™ Keyless Entry, and Rockford Fosgate Premium Audio System are just a few examples. This midsize sedan Fights Carformity on all levels.

OWN IT FOR $199* BI-WEEKLY | PURCHASE FINANCING 0.9% FOR 72 MONTHS

2011 SX4 HATCHBACK JX iAWD

The most fuel-efficient Compact Intelligent All-Wheel Drive vehicle in Canada. This is Fighting Carformity at its best. Its 150-hp 2.0L engine, 16" Aluminum Alloy Wheels, and European-tuned suspension will take you on any side street or highway life demands.

OWN IT FOR $139* BI-WEEKLY | PURCHASE FINANCING 0% FOR 72 MONTHS

2011 GRAND VITARA JX 4WD

Fight Carformity with a Compact SUV that has the off-road capabilities and practicality of an authentic SUV, along with on-road comfort and convenience. Grand Vitara's SmartPass™ Keyless Entry and Start system, Electronic Stability Program (ESP), Class-leading towing capacity¹, and fuel-efficient engine will make your journey more enjoyable. It's Suzuki's leading candidate to Fight Carformity off-road as well as on.

OWN IT FOR $175* BI-WEEKLY | PURCHASE FINANCING 0% FOR 72 MONTHS







TEST DRIVE ONE AT YOUR LOCAL VISIT MILLWOODS SUZUKI



Jessy Prihar Delar Principal

SHOP 24/7 @ MILLWOODS SUZUKI.COM

SPECIAL TOLL FREE 1-866-897-4500

ON THE AUTO ROW 3403-93 ST.

Alberta Motor Vehicle Industry Council

BBB Accredited Business



Greg Harrison New Car Sales Manager

CONSUMERS SHOULD READ THE FOLLOWING: All offers include Delivery & Destination ($1,495 for Kizashi/$1,395 for SX4/$1,595 for Grand Vitara models), $100 A/C Excise Tax (where applicable), $20 Tire Tax, $399 Dealer Administration Fee. Offers exclude PPSA up to $72 (when financing), applicable taxes, license, registration, insurance and a down payment of $2,300/$1,900/$2,200. Vehicles may not be exactly as shown. These offers cannot be combined with any other and are subject to change without notice. Dealers may sell for less. See participating dealers for details. *Limited time finance offers available O.A.C. Special bi-weekly purchase finance offers are available on 2011 Kizashi SX iAWD Model 6B23V41 (Selling Price $30,209), 2011 SX4 Hatchback JX iAWD with manual transmission Model H3NB2J1 (Selling Price $21,749) and 2011 Grand Vitara JX 4WD automatic transmission Model L2TB5T1 (Selling Price $27,299) for a 72 month term. Selling prices include Delivery & Destination ($1,495/$1,395/$1,595), $100 A/C Excise Tax (where applicable), $20 Tire Tax and $399 Dealer Administration Fee and exclude PPSA up to $72 (when financing), applicable taxes, license, registration, insurance and a down payment of $2,300/$1,900/$2,200.The bi-weekly 72 month payment interest rates are based on 2011 Kizashi SX iAWD @ 0.9%, 2011 SX4 Hatchback JX iAWD @ 0% and 2011 Grand Vitara JX 4WD @ 0% purchase financing, bi-weekly payments are $199/$139/$175 with $2,300/$1,900/$2,200 down payment. Cost of borrowing is $1,631/$0/$0 for a total obligation of $31,840/$21,749/$27,299. Offer valid until May 31, 2011. ¹When properly equipped.

# ਅਲਬਰਟਾ ਵਿਚ ਔਰਤਾਂ ਦੀਆਂ ਉਜਰਤਾਂ

ਜੌਰਡਨ ਹਮਿਲਟਨ, ਸਾਰਾ ਨਿਊਮੈਂਟਾਗਡ

ਇਨ੍ਹਾਂ ਗਰਮੀਆਂ ਵਿਚ ਅਲਬਰਟਾ ਦੇ ਵਿੱਤ ਮੰਤਰੀ ਆਈਰਿਸ ਇਵਾਨਜ਼ ਨੇ ਮੰਨਿਆ ਕਿ ਅਲਬਰਟਾ ਦੀ ਸਰਕਾਰ 6.9 ਬਿਲੀਅਨ ਡਾਲਰ ਘਾਟੇ ਦਾ ਸਾਹ-ਮਣਾ ਕੁਦਰਤੀ ਗੈਸ ਦੀਆਂ ਕੀਮਤਾਂ ਦੇ ਡਿੱਗਣ ਕਾਰਨ ਕਰ ਰਹੀ ਹੈ। ਫਿਰ ਵੀ ਮੰਤਰੀ ਨੇ ਇਹ ਨਹੀਂ ਦੱਸਿਆ ਕਿ ਅਬਲਰਟਾ ਦੀ ਕਿਰਤ ਸ਼ਕਤੀ ਇਸ ਮੰਦੇ ਤੋਂ ਕਿਸ ਤਰ੍ਹਾਂ ਪ੍ਰਭਾਵਿਤ ਹੋਈ। ਖ਼ੈਰ ਤਸਵੀਰ ਸੁਖਾਵੀਂ ਨਹੀਂ ਹੈ।

ਤਾਜ਼ਾ ਅੰਕੜਾ ਸੰਗ੍ਰਹਿ ਅਨੁਸਾਰ ਮੰਦੇ ਨੇ ਅਲਬਰਟਾ ਵਿਚ ਰੁਜ਼ਗਾਰ ਦੇ ਢਾਂਚੇ ਉਪਰ ਅਹਿਮ ਪ੍ਰਭਾਵ ਪਾਇਆ ਹੈ। ਜਿਹੜੀਆਂ ਤਬਦੀਲੀਆਂ ਆਈਆਂ ਹਨ, ਉਨ੍ਹਾਂ ਵਿਚ ਮਰਦਾਂ ਤੋਂ ਰੁਜ਼ਗਾਰ ਖੁਸੱਣ ਦੀ ਅਹਿਮ ਤਬਦੀਲੀ ਵੀ ਸ਼ਾਮਲ ਹੈ। ਅਗਸਤ 2008 ਅਤੇ ਜੂਨ 2009 ਦੇ ਦਰਮਿਆਨ 20 ਸਾਲ ਤੋਂ ਉਪਰ ਦੀਆਂ ਔਰਤਾਂ ਦੀ ਰੁਜ਼ਗਾਰ ਸੰਖਿਆ ਵਿਚ 12,800 ਦਾ ਵਾਧਾ ਹੋਇਆ ਜਦਕਿ 20 ਸਾਲ ਤੋਂ ਵੱਧ ਉਮਰ ਦੇ 29000 ਮਰਦਾਂ ਤੋਂ ਰੁਜ਼ਗਾਰ ਖੁੱਸਿਆ।

ਇਹ ਆਰਥਿਕ ਨਜ਼ਰੀਏ ਤੋਂ ਇਕ ਜਟਿਲ ਸਮੱਸਿਆ ਹੈ ਕਿਉਂਕਿ ਔਰਤਾਂ, ਆਦਮੀਆਂ ਤੋਂ ਘੱਟ ਕਮਾਉਂਦੀਆਂ ਹਨ-ਇਸ ਕਰਕੇ ਨਹੀਂ ਕਿ ਉਹ ਔਰਤਾਂ ਹਨ, ਸਗੋਂ ਇਸ ਕਰਕੇ ਕਿ ਔਰਤਾਂ ਨੂੰ ਘੱਟ ਤਨਖਾਹ ਵਾਲੀਆਂ ਨੌਕਰੀਆਂ ਦਿੱਤੀਆਂ ਗਈਆਂ ਹਨ। ਸਾਲ 2009 ਦੌਰਾਨ ਪਹਿਲੇ ਛੇ ਮਹੀਨਿਆਂ ਲਈ ਆਦਮੀਆਂ ਨੂੰ ਪ੍ਰਤੀ ਘੰਟਾ ਔਸਤਨ 25.43 ਡਾਲਰ (20 ਸਾਲ ਤੋਂ ਉਪਰ ਦੇ) ਮਿਲੇ ਤੇ ਇਸ ਦੀ ਤੁਲਨਾ ਵਿਚ 20 ਸਾਲ ਤੋਂ ਉਪਰ ਦੀਆਂ ਔਰਤਾਂ ਨੂੰ 19.52 ਡਾਲਰ ਮਿਲਦੇ ਸਨ। ਇਸ ਦਾ ਅਰਥ ਹੈ ਕਿ ਵਧੇਰੇ ਅਲਬਰਟਾ-ਪਰਿਵਾਰ ਗੁਜ਼ਾਰੇ ਲਈ ਔਰਤਾਂ ਨੂੰ ਮਿਲਦੀਆਂ ਘੱਟ ਉਜਰਤਾਂ 'ਤੇ ਨਿਰਭਰ ਹਨ। ਇਹ ਮੁਸੀਬਤ ਪੈਦਾ ਕਰਨ ਵਾਲਾ ਰੁਝਾਨ ਹੈ ਜਦਕਿ ਗੁਜ਼ਰ-ਬਸਰ ਲਈ ਹੋ ਰਹੇ ਖਰਚਿਆਂ ਵਿਚ ਖਾਸ ਕਮੀ ਨਹੀਂ ਆਈ। ਜੇਕਰ ਇਹ ਰੁਝਾਨ ਜਾਰੀ ਰਿਹਾ ਤਾਂ ਸਾਨੂੰ ਸਾਰਿਆਂ ਨੂੰ ਤਦ ਤਿੱਖੇ ਪ੍ਰਤੀਕਰਮ ਨੂੰ ਮਹਿਸੂਸ ਕਰਨਾ ਹੋਵੇਗਾ ਜਦ ਵੱਧ ਤੋਂ ਵੱਧ ਔਰਤਾਂ ਸਮਾਜਿਕ ਸੇਵਾ ਸੈਕਟਰ ਤੋਂ ਸਹਾਇਤਾ ਚਾਹੁਣਗੀਆਂ ਤੇ ਦੂਜੇ ਪਾਸੇ ਸਾਡੀ ਸਥਾਨਕ ਆਰਥਿਕਤਾ ਨੂੰ ਮੁੜ ਗਤੀਸ਼ੀਲ ਕਰਨ ਲਈ ਘੱਟ ਤੋਂ ਘੱਟ ਵਿੱਤੀ ਯੋਗਦਾਨ ਮਿਲ ਰਿਹਾ ਹੋਵੇਗਾ।

ਈਵਾਨਜ਼ ਨੇ ਵਿਆਖਿਆ ਕੀਤੀ ਕਿ ਸੂਬੇ ਨੂੰ 17 ਬਿਲੀਅਨ ਡਾਲਰ ਦੇ ਫੰਡ ਉਪਰ ਨਿਰਭਰ ਰਹਿਣਾ ਹੋਵੇਗਾ ਭਾਵੇਂ ਅਲਬਰਟਾ ਦੀ ਸਰਕਾਰ ਕਿਹੋ ਜਿਹੇ ਆਰਥਿਕ ਤੁਫ਼ਾਨ ਦਾ ਸਾਹਮਣਾ ਕਰ ਰਹੀ ਹੋਵੇ। ਪ੍ਰਤੂੰ ਸਾਡੀਆਂ ਜਟਿਲ ਘਰੇਲੂ ਤੇ ਕਿਰਤ ਸਮੱਸਿਆਵਾਂ ਦੇ ਹੱਲ ਸਿਰਜਣਾਤਮਿਕ, ਉਚਿਤ, ਨਵੇਂ ਅਤੇ ਦੀਰਘਕਾਲੀਨ ਸਮਾਧਾਨਾਂ ਦੀ ਮੰਗ ਕਰਦੇ ਹਨ, ਜਿਹੜੇ ਮੂਲ ਕਾਰਨਾਂ ਨੂੰ ਸੰਬੋਧਿਤ ਹੋਣ ਨਾ ਕਿ ਕੇਵਲ ਲੱਛਣਾਂ ਨੂੰ। ਲਿੰਗ ਅਸਮਾਨਤਾ ਵਲ ਵੀ ਧਿਆਨ ਦੇਣ ਦੀ ਲੋੜ ਹੈ। ਇਸ ਤੱਥ ਨੂੰ ਆਧਾਰ ਬਣਾ ਕੇ ਕਿ ਔਰਤਾਂ ਇਕ ਵੱਖਰੀ ਤਰ੍ਹਾਂ ਦੇ ਕੰਮ ਹੀ ਕਰ ਸਕਦੀਆਂ ਹਨ, ਉਜਰਤਾਂ ਵਿਚ ਅੰਤਰ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਸਾਨੂੰ ਇਹ ਵਿਚਾਰਨ ਦੀ ਲੋੜ ਹੈ ਕਿ ਔਰਤਾਂ ਦੇ ਕੰਮ ਨੂੰ ਘਟਾ ਕੇ ਕਿਉਂ ਦੇਖਿਆ ਜਾਂਦਾ ਹੈ। ਇਕੱਲਾ ਅਦਿੱਖ ਮੰਡੀਤੰਤਰ ਹੀ ਉਜਰਤ ਨੂੰ ਨਿਰਧਾਰਿਤ ਨਹੀਂ ਕਰਦਾ, ਉਜਰਤਾਂ ਨਿਰਣੇ ਲੈਣ ਵਾਲਿਆਂ, ਜਿਨ੍ਹਾਂ ਵਿਚ ਮਹਾਂ ਪ੍ਰਬੰਧਕ ਸਰਕਾਰ ਤੇ ਯੂਨੀਅਨਾਂ ਸ਼ਾਮਲ ਹੁੰਦੀਆਂ ਹਨ, ਵਲੋਂ ਵੀ ਪ੍ਰਭਾਵਿਤ ਹੁੰਦੀਆਂ ਹਨ। ਬਦਕਿਸਮਤੀ ਨਾਲ, ਘੱਟ ਉਜਰਤਾਂ ਵਾਲੀਆਂ ਕਰਮਚਾਰੀ ਮਹਿਲਾਵਾਂ ਦੀ ਮਹਾਂ ਪ੍ਰਬੰਧਕਾਂ ਨਾਲ ਗੱਲਬਾਤ ਬਹੁਤ ਘੱਟ ਹੁੰਦੀ ਹੈ। ਔਰਤਾਂ ਉਚੀਆਂ ਉਜਰਤਾਂ ਦੀ ਮੰਗ ਕਰਨ ਦੇ ਮਾਮਲੇ ਵਿਚ ਜਾਂ ਤਾਂ ਨਾ-ਕਾਬਿਲ ਹੁੰਦੀਆਂ ਹਨ ਜਾਂ ਫਿਰ ਮੰਗ ਕਰਨ ਦੀ ਇੱਛਾ ਹੀ ਨਹੀਂ ਰੱਖਦੀਆਂ। ਡਰਦੀਆਂ ਮਾਰੀਆਂ ਉਹ ਆਵਾਜ਼ ਹੀ ਨਹੀਂ ਉਠਾਉਂਦੀਆਂ ਕਿ ਮਿਲ ਰਹੀਆਂ ਉਜਰਤਾਂ ਨਾਲ ਉਹ ਵਧੇਰੇ ਸਮੇਂ ਲਈ ਆਪਣਾ ਅਤੇ ਆਪਣੇ ਪਰਿਵਾਰ ਦਾ ਗੁਜ਼ਾਰਾ ਨਹੀਂ ਚਲਾ ਸਕਦੀਆਂ। ਉੱਚੀ ਆਮਦਨ ਵਾਲੀਆਂ ਦੇ ਉਲਟ ਘੱਟ ਕਮਾਉਣ ਵਾਲੀਆਂ ਔਰਤਾਂ ਬੱਚਤ ਕਰਨ ਲਈ ਸੰਘਰਸ਼ ਕਰਰਦੀਆਂ ਹਨ ਤੇ ਬੇਰੁਜ਼ਗਾਰੀ ਭੱਤੇ 'ਤੇ ਰਹਿਣਾ ਪ੍ਰਵਾਨ ਨਹੀਂ ਕਰਦੀਆਂ ਜਿਸ ਨਾਲ ਉਨ੍ਹਾਂ ਨੂੰ ਆਪਣੀ ਪਹਿਲੀ ਆਮਦਨ ਤੋਂ 55 ਫੀਸਦੀ ਘੱਟ ਮਿਲੇਗਾ। ਨਾਲ ਘੱਟ ਉਜਰਤਾਂ ਲੈਣ ਵਾਲੀਆਂ ਕਰਮਚਾਰੀ ਮਹਿਲਾਵਾਂ ਅਕਸਰ ਨਾ ਚਾਹੁੰਦਿਆਂ ਵੀ ਅਢੁਕਵੀਆਂ ਉਜਰਤਾਂ ਪ੍ਰਵਾਨ ਕਰਦੀਆਂ ਹਨ। ਇਸ ਸ਼ਕਤੀ ਅਸੰਤੁਲਨ ਦੇ ਚੱਲਦਿਆਂ, ਮਹਾਂ ਪ੍ਰਬੰਧਕਾਂ ਨੂੰ ਜ਼ਰੂਰ ਹੀ ਬੁਨਿਆਦੀ ਲੋੜਾਂ ਪੂਰੀਆਂ ਕਰਨ ਜੋਗੀ ਉਜਰਤ ਦੇਣੀ ਚਾਹੀਦੀ ਹੈ-ਗੁਜ਼ਾਰੇ ਯੋਗ ਉਜਰਤ।

ਅਲਬਰਟਾ ਵਿਚ ਬਿਹਤਰ ਤੇ ਵਾਜਬ ਦਰਾਂ ਦੀਆਂ ਬਾਲ ਸੰਭਾਲ ਸੁਵਿਧਾਵਾਂ ਦੀ ਅਣਹੋਂਦ ਕਾਰਨ ਔਰਤਾਂ ਆਪਣੀਆਂ ਬਾਲ ਸੰਭਾਲ ਜ਼ਿੰਮੇਵਾਰੀਆਂ ਨੂੰ ਨਿਭਾਉਂਦੀਆਂ ਹੋਈਆਂ ਕੰਮ ਦੀਆਂ ਥਾਵਾਂ 'ਤੇ ਹੋਣ ਵਾਲੀ ਪ੍ਰਗਤੀ ਵਿਚ ਸ਼ਾਮਲ ਹੋਣੋਂ ਰਹਿ ਜਾਂਦੀਆਂ ਹਨ ਕਿਉਂਕਿ ਅਲਬਰਟਾ ਦੇ ਕਾਰਖਾਨਿਆਂ ਵਿਚ ਆਪਣੇ ਪੁਰਸ਼ ਸਹਿਕਰਮੀਆਂ ਤੇ ਹਰ ਉਮਰ ਵਰਗ ਤੋਂ ਘੱਟ ਕੰਮ ਕਰ ਪਾਉਂਦੀਆਂ ਹਨ, ਉਹ ਆਮ ਕਰਕੇ ਪਰਿਵਾਰਕ ਉਪਜੀਵਕਾ ਕਮਾਉਣ ਵਾਲੀਆਂ ਹੁੰਦੀਆਂ ਹਨ ਜਿਹੜੀਆਂ ਆਪਣੇ ਬੱਚਿਆਂ ਦੀ ਸਾਂਭ ਸੰਭਾਲ ਤੋਂ ਹੀ ਆਪਣਾ ਕੈਰੀਅਰ ਕੁਰਬਾਨ ਕਰ ਦਿੰਦੀਆਂ ਹਨ। ਬੱਚੇ ਹੋਣ ਮਗਰੋਂ ਕੰਮ ਦੀ ਥਾਂ 'ਤੇ ਔਰਤਾਂ ਦਾ ਬਹੁਤ ਘੱਟ ਇਤਿਹਾਸ ਰਹਿ ਜਾਂਦਾ ਹੈ ਜਾਂ ਫਿਰ ਰਹਿੰਦਾ ਹੀ ਨਹੀਂ, ਜੇਕਰ ਉਹ ਮੁੜ ਕੰਮ 'ਤੇ ਆਉਣ ਦਾ ਫੈਸਲਾ ਕਰ ਵੀ ਲਵੇ। ਲੋੜ ਹੈ ਔਰਤਾਂ ਨੂੰ ਅਲਬਰਟਾ ਵਿਖੇ ਚੰਗੀਆਂ ਤੇ ਵਾਜਬ ਦਰਾਂ ਦੀਆਂ ਬਾਲ ਸੰਭਾਲ ਸੁਵਿਧਾਵਾਂ ਮੁਹੱਈਆ ਕਰਵਾਉਣ ਦੀ ਤਾਂ ਕਿ ਉਹ ਘੱਟ ਉਜਰਤਾਂ ਦੇ ਚੱਕਰ ਵਿਚ ਫਸਕੇ ਨਾ ਰਹਿ ਜਾਣ।

ਉਨ੍ਹਾਂ ਖੇਤਰਾਂ ਵਿਚ ਨਿਵੇਸ਼ ਨੂੰ ਉਤਸ਼ਾਹਿਤ ਕਰਕੇ, ਜਿਨ੍ਹਾਂ ਨੂੰ ਜਜ਼ਬਾਤੀ ਕਿਰਤ ਦੇ ਉਚੇਰ ਪੱਧਰ ਲੋੜੀਂਦੇ ਹਨ, ਜਿਵੇਂ ਕਿ ਬਾਲ ਸੰਭਾਲ, ਅਸੀਂ ਜਜ਼ਬਾਤੀ ਕਦਰ ਦੀ ਜਨਤਕ ਧਾਰਨਾ ਨੂੰ ਬਦਲ ਸਕਦੇ ਹਾਂ। ਸਾਡਾ ਸਮਾਜ ਸਮਝਦਾ ਹੈ ਕਿ ਪਾਲਣ-ਪੋਸ਼ਣ ਤੇ ਸੰਭਾਲ ਦੇ ਕੰਮ ਕੁਦਰਤੀ ਹੀ ਔਰਤ ਦੇ ਹਿੱਸੇ ਆਏ ਹਨ, ਇਸ ਲਈ ਉਹ ਕਿਰਤ ਜਿਹੜੀ ਕਿਸੇ ਹੋਰ ਦੇ ਬੱਚੇ ਦੀ ਦੇਖ-ਭਾਲ ਦੇ ਕੰਮ ਆਉਂਦੀ , ਓਨੀ ਕੀਮਤੀ ਨਹੀਂ ਜਿੰਨੀ ਕਿ ਟਰੱਕ ਜਾਂ ਹੋਰ ਭਾਰੀ ਮਸ਼ੀਨਰੀ ਨੂੰ ਚਲਾਉਣ ਦੇ ਕੰਮ ਆਉਂਦੀ ਕਿਰਤ। ਸਪਸ਼ਟ ਹੈ ਕਿ ਜਜ਼ਬਾਤੀ ਕਿਰਤ ਨੂੰ ਵਿਦਿਅਕ ਅਤੇ ਕਿੱਤਾ ਸਿਖਲਾਈ ਕੋਰਸਾਂ ਵਿਚ ਮਾਨਤਾ ਦੁਆਉਣ ਦੀ ਲੋੜ ਹੈ। ਅੰਤ ਵਿਚ, ਔਰਤਾਂ ਦੀ ਬਹੁਗਿਣਤੀ ਵਾਲੇ ਘੱਟ-ਉਜਰਤ ਸੇਵਾ ਸੈਕਟਰ ਕੋਲ ਯੂਨੀਅਨ ਦਾ ਉਹ ਇਤਿਹਾਸ ਨਹੀਂ ਹੈ, ਜਿਹੜਾ ਕਿ ਮਰਦਾਂ ਦੀ ਬਹੁਗਿਣਤੀ ਵਾਲੇ ਵਸਤ-ਉਤਪਾਦਨ ਸੈਕਟਰ ਕੋਲ। ਨਤੀਜੇ ਵਜੋਂ, ਮਾਲਕਾਂ ਉਪਰ ਬਰਾਬਰ ਦੀਆਂ ਉਜਰਤਾਂ ਅਤੇ ਲਾਭ ਮੁਹੱਈਆ ਕਰਾਉਣ ਲਈ ਕਾਫ਼ੀ ਦਬਾਅ ਨਹੀਂ ਹੁੰਦੇ। ਵਸਤ-ਉਤਪਾਦਨ ਸੈਕਟਰ ਦੇ ਬਹੁਤ ਸਾਰੇ ਉਨ੍ਹਾਂ ਕਰਮਚਾਰੀਆਂ ਨੂੰ ਵੀ ਯੂਨੀਅਨ ਵਲੋਂ ਦੁਆਏ ਗਏ ਲਾਭ ਹਾਸਲ ਹੋ ਜਾਂਦੇ ਹਨ, ਜਿਨ੍ਹਾਂ ਦੇ ਕੰਮ ਦੀਆਂ ਥਾਵਾਂ 'ਤੇ ਕੋਈ ਯੂਨੀਅਨ ਨਹੀਂ ਹੁੰਦੀ, ਔਰਤ ਬਹੁਗਿਣਤੀ ਸੇਵਾ ਸੈਕਟਰ ਦੀਆਂ ਘੱਟ ਉਜਰਤਾਂ ਦੀ ਉਨ੍ਹਾਂ ਦੀਆਂ ਯੂਨੀਅਨਾਂ ਦੀ ਅਣਹੋਂਦ ਕਾਰਨ ਵਿਆਖਿਆ ਹੀ ਨਹੀਂ ਹੋ ਸਕਦੀ। ਇਸ ਦੇ ਮੱਦੇਨਜ਼ਰ ਕਿ ਹੁਣ ਸੇਵਾ ਖੇਤਰ (ਔਰਤ ਬਹੁਗਿਣਤੀ ਦਾ) ਤੇਜ਼ੀ ਨਾਲ ਵੱਧ-ਫੁਲ ਰਿਹਾ ਹੈ। (ਅਤੇ ਵਸਤ ਉਤਪਾਦਨ ਸੈਕਟਰ ਦੇ ਉਲਟ ਭੂਗੋਲਿਕ ਪੱਖੋਂ ਵੀ ਕਾਫ਼ੀ ਵਿਸ਼ਾਲ ਹੈ।) ਸਾਰੇ ਅਲਬਰਟਾ ਵਾਸੀਆਂ ਲਈ ਉਜਰਤ ਢਾਂਚੇ ਦਾ ਪੁਨਰ ਮੁਲੰਕਣ ਕਾਫ਼ੀ ਲਾਹੇਵੰਦ ਰਹੇਗਾ। ਜਦੋਂ ਤੋਂ ਔਰਤਾਂ ਤਨਖ਼ਾਹਦਾਰ ਕਿਰਤੀ ਵਰਗ ਵਿਚ ਸ਼ਾਮਲ ਹੋਈਆਂ ਹਨ, ਉਦੋਂ ਤੋਂ ਹੀ ਆਪਣੇ ਮਰਦ ਸਾਥੀਆਂ ਤੋਂ ਘੱਟ ਕਮਾਈ 'ਤੇ ਗੁਜ਼ਾਰਾ ਕਰਨ ਲਈ ਸੰਘਰਸ਼ ਕਰ ਰਹੀਆਂ ਹਨ। ਇਸ ਮੰਦੇ ਦੀ ਲਿੰਗਕ ਪ੍ਰਕਿਰਤੀ ਕਾਰਨ, ਵੱਡੀ ਗਿਣਤੀ ਵਿਚ ਪਰਿਵਾਰ ਔਰਤਾਂ ਦੀਆਂ ਉਜਰਤਾਂ 'ਤੇ ਨਿਰਭਰ ਕਰਦੇ ਹਨ, ਜਿਸ ਤੋਂ ਇਸ ਸੂਬੇ ਵਿਚ ਲਿੰਗਕ ਅਸਮਾਨਤਾ ਨੂੰ ਸੰਬੋਧਿਤ ਕਰਨ ਦੀ ਸੂਚੀ ਮੁਹੱਈਆ ਹੁੰਦੀ ਹੈ। ਸਮਾਜਿਕ ਬਦਲਾਵ ਦੀ ਸਾਡੀ ਮੁਹਿੰਮ ਨੂੰ ਭਰਵੇਂ ਯਤਨਾਂ ਦੀ ਲੋੜ ਹੈ। ਸਮਾਜਿਕ ਹੰਭਲੇ, ਪ੍ਰੇਰਣਾ ਤੇ ਕਾਰਵਾਈ ਤੋਂ ਬਗ਼ੈਰ ਸਾਡੀ ਮੁਹਿੰਮ ਅਸਫ਼ਲ ਹੋ ਜਾਵੇਗੀ।



## ਮਾਹੀ ਸਿੰਘ ਅਰੋੜਾ : ਮੇਰੇ ਚਰਖੇ ਦੀ ਟੁੱਟ ਗਈ ਮਾਲ੍ਹ...

ਮਾਹੀ ਸਿੰਘ ਅਰੋੜਾ ਮਸਾਂ ਪੌਣੇ ਚਾਰ ਸਾਲ ਦੀ ਸੀ ਜਦੋਂ ਪ੍ਰਾਪਤੀਆਂ ਉਸ ਦੇ ਪੈਰ ਚੁੰਮਣ ਲੱਗੀਆਂ ਤੇ ਸਾਰੇ ਕੈਨੇਡਾ ਤੋਂ ਉਸ ਨੂੰ ਭਰਵਾਂ ਪਿਆਰ ਤੇ ਮੋਹ ਹਾਸਲ ਹੋਇਆ। ਤੁਸੀਂ ਜ਼ਰੂਰ ਉਸ ਨੂੰ ਟੀ.ਵੀ. 'ਤੇ ਸ਼ਨੀਵਾਰ ਨੂੰ ਪ੍ਰਸਾਰਿਤ ਹੁੰਦੇ ਦੇਸ ਪ੍ਰਦੇਸ ਪ੍ਰੋਗਰਾਮ ਵਿੱਚ ਦੇਖਿਆ ਹੋਵੇਗਾ। ਉਹ ਛੋਟੀ ਉਮਰ ਦੀ ਨਰਤਕੀ ਹੈ ਜਿਸ ਨੇ ਲੱਖਾਂ ਦਾ ਦਿਲ ਜਿੱਤ ਲਿਆ ਹੈ।



ਉਹ ਕੁੱਝ ਕੁ ਮਹੀਨਿਆਂ ਦੀ ਸੀ ਜਦੋਂ ਸੰਗੀਤ ਉਪਰ ਥਿਰਕਣਾ ਸ਼ੁਰੂ ਕੀਤਾ। ਬਾਰਾਂ ਮਹੀਨਿਆਂ ਦੀ ਉਮਰ ਵਿੱਚ, ਰੱਬ ਨੇ ਉਸ ਨੂੰ ਸ਼ਬਦਾਂ ਤੇ ਤਾਲਾਂ ਦੀ ਸੋਝੀ ਬਖ਼ਸ਼ੀ ਜਦੋਂ ਉਸ ਨੇ 'ਦੇ ਲੈ ਗੇੜਾ' ਉਪਰ ਨਾਚ ਕਰਨਾ ਸ਼ੁਰੂ ਕੀਤਾ, ਜਿਥੇ ਉਸ ਨੇ ਨਾਚ ਕੀਤਾ ਅਤੇ ਆਪਣੇ ਆਲੇ ਦੁਆਲੇ ਘੁੰਮਣਾ ਸ਼ੁਰੂ ਕਰ ਦਿੱਤਾ (ਉਹ ਗੇੜਾ ਦੇ ਰਹੀ ਸੈੱਟ 'ਤੇ ਨਾਚ ਕਰ ਰਹੀ ਸੀ)। ਉਹ ਦੋ ਵਰ੍ਹਿਆਂ ਤੋਂ ਵੀ ਘੱਟ ਉਮਰ ਦੀ ਸੀ ਜਦੋਂ ਉਸ ਨੂੰ ਮਿਨੀ ਪੋਲਿਸ ਦੇ ਇਕ ਮੰਚ ਉਪਰ ਪੇਸ਼ਕਾਰੀ ਲਈ ਮੌਕਾ ਮਿਲਿਆ, ਜਿਥੇ ਉਸ ਦੀ ਮਾਤਾ ਨੇ ਮੰਚ ਉਪਰ ਉਸ ਦੀ ਸਹਾਇਤਾ ਕੀਤੀ। ਉਹ ਪੂਰੇ ਤਿੰਨ ਸਾਲ ਦੀ ਸੀ ਜਦੋਂ ਉਸ ਨੂੰ ਵਿਨੀ ਪੈੱਗ ਵਿਖੇ 'ਰੰਗੋਲੀ ਸ਼ਾਮ' ਪ੍ਰੋਗਰਾਮ ਵਿੱਚ ਪੇਸ਼ਕਾਰੀ ਲਈ ਮੌਕਾ ਮਿਲਿਆ, ਜਿਥੇ ਉਸ ਦੀ ਸ਼ਾਨਦਾਰ ਪੇਸ਼ਕਾਰੀ ਨੂੰ ਸਭ ਨੇ ਪਸੰਦ ਕੀਤਾ ਅਤੇ ਉਹ ਵਿਨੀਪੈੱਗ ਵਿਚ ਮਸ਼ਹੂਰ ਹੋਣ ਲੱਗੀ। ਇਸ ਤੋਂ ਮਗਰੋਂ ਉਸ ਨੇ ਵੈਲੀ ਗਾਰਡਨ ਵਿਖੇ 'ਤੀਆਂ ਦਾ ਮੇਲਾ' ਵਿੱਚ ਪੇਸ਼ਕਾਰੀ ਦਿਤੀ ਜਿਥੇ ਸਾਰੀਆਂ ਔਰਤਾਂ ਨੇ ਅਨੰਦ ਮਾਣਿਆ ਅਤੇ ਉਸ ਦੀ ਬੇਹੱਦ ਪ੍ਰਸ਼ੰਸਾ ਕੀਤੀ। ਮਾਹੀ ਨੂੰ ਨਵੇਂ ਸਾਲ 'ਤੇ ਹਿੰਦੂ ਮੰਦਰ ਵਿਚ ਪੇਸ਼ਕਾਰੀ ਦਾ ਮੌਕਾ ਵੀ ਮਿਲਿਆ।

ਬੜੀ ਛੇਤੀ ਹੀ ਉਹ ਆਪਣੇ ਮਾਪਿਆਂ (ਅਮਰਦੀਪ ਅਤੇ ਰੂਬਲ ਸਿੰਘ) ਨਾਲ ਵੈਨਕੂਵਰ ਆਉਣ ਵਾਲੀ ਸੀ। ਉਸ ਨੂੰ ਰੇਡੀਓ ਸ਼ੇਰ-ਏ-ਪੰਜਾਬ ਵਲੋਂ ਕਰਵਾਏ ਗਏ ਵਿਸਾਖੀ ਮੇਲੇ ਦੇ ਮੰਚ 'ਤੇ ਪੇਸ਼ਕਾਰੀ ਦਾ ਮੌਕਾ ਮਿਲਿਆ ਸੀ, ਇਥੇ ਉਸ ਨੇ ਦਰਸ਼ਕਾਂ ਦੀ ਭੀੜ ਇਕੱਠੀ ਕਰ ਲਈ। ਸੁਨਹਿਰੀ ਪਲਾਂ ਨੂੰ ਮਾਨਣ ਲਈ ਵੱਡੀ ਗਿਣਤੀ ਵਿਚ ਲੋਕ ਇਕੱਠੇ ਹੋਏ। ਸਾਢੇ ਤਿੰਨ ਸਾਲ ਦੀ ਇੱਕ ਨਿੱਕੀ ਪਰੀ, ਸਧੀ ਹੋਈ ਕਦਮ ਤਾਲ ਨਾਲ ਲੋਕਾਂ ਨੂੰ ਮੁਗਧ ਕਰ ਰਹੀ ਸੀ। ਉਸ ਨੇ ਸਮੁੱਚੇ ਪੰਜਾਬੀਆਂ ਦਾ ਦਿਲ ਜਿੱਤ ਲਿਆ। ਗਲੀ ਵਿਚ ਇੰਨੀ ਭੀੜ ਹੋ ਗਈ ਕਿ ਇਹ ਲਗਭਗ ਬੰਦ ਹੀ ਹੋ ਗਈ। ਲੋਕ ਅਨੰਦ ਮਾਣ ਰਹੇ ਸਨ, ਤਾੜੀਆਂ ਵਜਾ ਰਹੇ ਸਨ, ਤਸਵੀਰਾਂ ਖਿੱਚ ਰਹੇ ਸਨ, ਵੀਡੀਓ ਫਿਲਮਾਂਕਣ ਕਰ ਰਹੇ ਸਨ ਅਤੇ ਨੱਚ ਰਹੇ ਸਨ।

ਉਸ ਨੇ ਉਪਰੋਥਲੀ ਤਿੰਨ ਗੀਤਾਂ 'ਤੇ ਨਾਚ ਕੀਤਾ, 'ਬੱਲੇ ਨੀ ਪੰਜਾਬ ਦੀਏ ਸ਼ੇਰ ਬੱਚੀਏ' ਐਕਸ਼ਨ ਡਾਂਸ ਨਾਲ ਅਰੰਭ ਕੀਤਾ, ਇਸ ਤੋਂ ਪਿੱਛੋਂ, 'ਪੰਜਾਬੀਆਂ ਦੀ ਹੋ ਗਈ ਬੱਲੇ ਬੱਲੇ' ਉਪਰ ਭੰਗੜਾ ਪਾਇਆ ਤੇ ਫਿਰ 'ਮੇਰੇ ਚਰਖੇ ਦੀ ਟੁੱਟ ਗਈ ਮਾਲ੍ਹ' ਉਪਰ ਗਿੱਧਾ ਪਾਇਆ। ਮਾਹੀ ਪੰਜਾਬੀ ਪਹਿਰਾਵੇ ਵਿਚ ਸਜੀ ਹੋਈ ਸੀ। ਸੱਗੀ ਫੁੱਲ ਤੇ ਕੈਂਠਾ ਪਹਿਨੇ ਹੋਏ ਉਹ ਇੰਨੀ ਆਕਰਸ਼ਕ ਲੱਗ ਰਹੀ ਸੀ ਕਿ ਬਹੁਤ ਲੋਕਾਂ ਨੇ ਉਸ ਦੀਆਂ ਤਸਵੀਰਾਂ ਖਿੱਚੀਆਂ, ਨਾ ਕੇਵਲ ਮੰਚ ਉਪਰ ਹੀ ਸਗੋਂ ਜਦੋਂ ਉਹ ਗਲੀ 'ਚੋਂ ਗੁਜ਼ਰ ਰਹੀ ਸੀ ਉਦੋਂ ਵੀ। ਉਸ ਦੀ ਪੇਸ਼ਕਾਰੀ ਤੋਂ ਪ੍ਰਭਾਵਿਤ ਹੋ ਕੇ 'ਦੇਸ ਪ੍ਰਦੇਸ' ਪ੍ਰੋਗਰਾਮ ਦੇ ਸੰਚਾਲਕ ਬਲਜਿੰਦਰ ਸਿੰਘ ਅਟਵਾਲ ਨੇ ਅਪਣੇ ਪ੍ਰੋਗਰਾਮ ਵਿੱਚ ਡਾਂਸ ਕਰਨ ਦੀ ਉਸ ਨੂੰ ਪੇਸ਼ਕਸ਼ ਕੀਤੀ। ਮਾਹੀ ਅਪ੍ਰੈਲ-ਮਈ ਮਹੀਨੇ ਤੋਂ ਇਸ ਪ੍ਰੋਗਰਾਮ ਵਿੱਚ ਨਜ਼ਰ ਆ ਰਹੀ ਹੈ। ਮੰਚ 'ਤੇ ਮਾਹੀ ਦੀਆਂ ਪੇਸ਼ਕਾਰੀਆਂ ਦੌਰਾਨ ਉਸ ਦੀ ਮਾਤਾ ਨੂੰ ਸੈਂਕੜਿਆਂ ਤੋਂ ਇਹ ਵਧਾਈ ਭਰੇ ਸ਼ਬਦ ਸੁਣਨ ਨੂੰ ਮਿਲਦੇ ਹਨ;

"ਧੀ ਹੋਵੇ ਤਾਂ ਏਦਾਂ ਦੀ"

"ਸਾਰਿਆਂ ਦੇ ਘਰ ਏਦਾਂ ਦੀ ਧੀ ਜਨਮ ਲਵੇ।"

"ਉਹ ਲੋਕ ਵੇਖਣ ਜਿਹੜੇ ਧੀਆਂ ਨੂੰ ਕੁੱਖਾਂ ਵਿੱਚ ਮਾਰਦੇ ਹਨ।"

ਟੀ.ਵੀ. 'ਤੇ ਮਾਹੀ ਦੀ ਪੇਸ਼ਕਾਰੀ ਦੇਖਣ ਮਗਰੋਂ, ਉਸ ਦੇ ਮਾਪਿਆਂ ਨੂੰ ਬਹੁਤ ਸਾਰੇ ਫ਼ੋਨ ਕੈਨੇਡਾ ਵਿੱਚੋਂ ਆਏ ਅਤੇ ਇਹੋ ਜਿਹੇ ਹੀ ਵਧਾਈ ਸੰਦੇਸ਼ ਮਿਲੇ। ਉਸ ਨੇ ਨਾਚ ਦੀ ਸਿਖਲਾਈ ਆਪਣੀ ਮਾਤਾ ਰੂਬਲ ਸਿੰਘ ਕੋਲੋਂ ਲਈ ਹੈ। ਮਾਹੀ ਦੇ ਮਾਪਿਆਂ ਦੇ ਦੱਸਣ ਅਨੁਸਾਰ- ਮਾਹੀ ਨੂੰ ਉਦੋਂ ਤੋਂ ਹੀ ਨਾਚ ਦਾ ਸ਼ੌਕ ਹੈ ਜਦੋਂ ਉਹ ਕੁੱਝ ਮਹੀਨਿਆਂ ਦੀ ਹੀ ਸੀ। ਉਸ ਨੇ 12 ਮਹੀਨਿਆਂ ਦੀ ਉਮਰ ਵਿੱਚ ਹੀ 'ਦੇ ਲੈ ਗੇੜਾ' ਉਪਰ ਡਾਂਸ ਤਿਆਰ ਕਰ ਲਿਆ ਸੀ। ਉਹ ਡਾਂਸ ਨਾਲ ਕੁਦਰਤ ਵੱਲੋਂ ਹੀ ਵਰੋਸਾਈ ਹੋਈ ਹੈ।

**ਅਮਰਦੀਪ ਸਿੰਘ ਵਿਨੀਪੈੱਗ (ਕੈਨੇਡਾ) ਫੋਨ : 204-318-1090**


# Indian Fast Food Operator for Kingsway Mall



Re/Max Excellence, Realtor
Re/Max Hall of Fame 2007
17718-64-Ave.
Edmonton, AB. T5T 4J5

**Winnie Chan**
**780-990-8866**

**Turn-key Operation:** No experience required !
**New in Edmonton:** 5 other in Canada Potential for Growth.
**Initial Investment:** Minimum **$ 50,000 to $ 100,000** cash
Vendor Arranged Financing for Approved Credits

*Why look for a job if you can be Your own boss !*
*If you have 3 other partners, you don't have to hire any help !*
*$ 25,000 will buy you a permanent job; you make your money back in the first year of employment !*

**Location:** Centrally located at 109 St and Kingsway Ave.
✦ Next to the future LRT station.
✦ Close to NAIT, future development of the Municipal Airport.
**Rent:** Best rate in the foodcourt with a 10 year lease.
**Price:** $ 299,000 includes all furniture, fixtures, equipment & Franchise Fees.
**Possession:** Upon approval by Franchise.
Confidentiality Agreement must be signed for Information.
Serious enquiries Only . E-mail: winniechan@remax.net
**DO NOT APPROACH BUSINESS / STAFF ANYTIME.**

# ਤੰਦਰੁਸਤ ਰੱਖਣ ਵਿੱਚ ਭੋਜਨ ਸਲਾਹਕਾਰ ਦੀ ਭੂਮਿਕਾ



**ਡਾ. ਬਲਵਿੰਦਰ ਕੌਰ (ਭੋਜਨ ਸਲਾਹਕਾਰ)**
**ਆਈਵੀ ਮਲਟੀਸਪੈਸ਼ਲਿਟੀ ਹਸਪਤਾਲ**
**ਸੈਕਟਰ 71 ਮੋਹਾਲੀ**

ਆਪਣੇ ਪਿਛਲੇ ਲੇਖ ਵਿਚ ਮੈਂ ਸੰਤੁਲਿਤ ਭੋਜਨ ਲੈਣ ਦੇ ਮਹੱਤਵ ਦੀ ਚਰਚਾ ਕੀਤੀ ਸੀ। ਇਸਨੂੰ ਜਾਰੀ ਰਖਦਿਆਂ ਆਪਣੇ ਇਸ ਲੇਖ ਵਿੱਚ ਮੈਂ ਤੰਦਰੁਸਤ ਰੱਖਣ ਵਿੱਚ ਭੋਜਨ ਸਲਾਹਕਾਰ ਦੀ ਭੂਮਿਕਾ ਦੀ ਚਰਚਾ ਕਰ ਰਹੀ ਹਾਂ।

ਭੋਜਨ ਸਲਾਹਕਾਰ ਭੋਜਨ ਯੋਜਨਾ ਸੇਵਾਵਾਂ ਨੂੰ ਨੇਮਬੱਧ ਕਰਦਾ ਹੈ। ਉਹ ਲੋਕਾਂ ਤੇ ਮਰੀਜ਼ਾਂ ਨੂੰ ਨਿੱਜੀ ਤੌਰ 'ਤੇ ਮਿਲਦਾ ਹੈ। ਭੋਜਨ ਸਲਾਹਕਾਰ ਦੀ ਭੋਜਨ ਯੋਜਨਾ ਹਰੇਕ ਵਿਅਕਤੀ ਦੇ ਨਿੱਜੀ ਸੁਆਦ ਤੇ ਉਸ ਦੀਆਂ ਖੁਰਾਕੀ ਲੋੜਾਂ ਨੂੰ ਮੁੱਖ ਰੱਖ ਕੇ ਬਣਾਈ ਹੁੰਦੀ ਹੈ। ਸਲਾਹ ਲੈਣ ਵਾਲੇ ਅੱਗੇ ਇਕ ਸਵਾਲਨਾਮਾ ਪੇਸ਼ ਕੀਤਾ ਜਾਂਦਾ ਹੈ, ਜਿਹੜਾ ਲੋਕਾਂ ਦਾ ਵਿਸ਼ਲੇਸ਼ਣ ਕਰਨ ਵਿਚ ਮਦਦ ਕਰਦਾ ਹੈ ਅਤੇ ਉਨ੍ਹਾਂ ਲਈ ਸਲਾਹਾਂ ਢੁਕਵੀਆਂ ਤੇ ਲਚਕੀਲੀਆਂ ਹੁੰਦੀਆਂ ਹਨ ਜੋ ਇੱਛਿਤ ਨਤੀਜੇ ਨਾ ਮਿਲਣ ਦੀ ਸੂਰਤ ਵਿਚ ਤਬਦੀਲ ਕੀਤੀਆਂ ਜਾ ਸਕਦੀਆਂ ਹਨ। ਜਿਵੇਂ ਸ਼ੱਕਰ ਰੋਗ ਹੋਣ ਦਾ ਪਤਾ ਚੱਲੇ ਤਾਂ ਸਿਹਤ ਸੇਵਾਵਾਂ ਪ੍ਰਦਾਨ ਕਰਨ ਵਾਲੇ ਕੋਲ ਰੋਗੀ ਦੀ ਸਹਾਇਤਾ ਲਈ ਅੱਜ ਬਹੁਤ ਕੁੱਝ ਹੈ, ਫਿਰ ਵੀ ਸਹੀ ਖੁਰਾਕ ਲੈ ਕੇ ਵੀ ਰੋਗੀ ਆਪਣੇ ਆਪ ਲਈ ਬਹੁਤ ਕੁੱਝ ਕਰ ਸਕਦੇ ਹਨ-- ਉਨ੍ਹਾਂ ਨੂੰ ਕਰਨਾ ਵੀ ਚਾਹੀਦਾ ਹੈ। ਭੋਜਨ ਸਲਾਹਕਾਰ ਤੁਹਾਨੂੰ ਕਲੋਰੀਆਂ ਗਿਣਨ, ਚਰਬੀ ਨੂੰ ਗਰਾਮਾਂ ਵਿਚ ਗਿਣਨ ਕਾਰਬੋਹਾਈਡਰੇਟਸ ਨੂੰ ਗਰਾਮਾਂ ਵਿਚ ਗਿਣਨ ਅਤੇ ਵਿਅਕਤੀ ਦੇ ਕਿਸੇ ਚੰਗੀ ਸਿਹਤ ਅਤੇ ਸਗਰਮ ਜੀਵਨ ਸ਼ੈਲੀ ਸਬੰਧੀ ਨਿਸ਼ਾਨੇ ਦੀ ਸੂਚਨਾ ਦੇਣ ਦੇ ਯੋਗ ਹੋਵੇਗਾ, ਜਿਸ ਭੋਜਨ ਸਲਾਹਕਾਰ ਦਾ ਸ਼ੱਕਰ ਰੋਗੀਆਂ ਨਾਲ ਕੰਮ ਕਰਨ ਦਾ ਤਜਰਬਾ ਹੋਵੇ, ਤੁਹਾਨੂੰ ਨਵੇਂ ਢੰਗ ਨਾਲ ਭੋਜਨ ਨੂੰ ਦੇਖਣ ਦੀ ਜਾਚ ਸਿਖਾ ਸਕਦਾ ਹੈ ਅਤੇ ਅਜਿਹਾ ਖਾਣ ਦੀ ਜਾਚ ਵੀ ਜਿਸ ਨਾਲ ਤੁਸੀਂ ਸਫ਼ਲਤਾ ਸਹਿਤ ਸ਼ੱਕਰ ਰੋਗ ਨੂੰ ਕਾਬੂ ਵਿੱਚ ਰੱਖ ਸਕੋ।

ਭੋਜਨ ਸਲਾਹਕਾਰ ਵਿਅਕਤੀਆਂ ਦੀਆਂ ਭੋਜਨ ਸਬੰਧੀ ਲੋੜਾਂ ਤੇ ਮਾਨਸਿਕ ਤੰਦਰੁਸਤੀ ਦੇ ਮੁੱਦਿਆਂ ਨੂੰ ਪਛਾਨਣ ਵਿਚ ਬੜੀ ਚੰਗੀ ਤਰ੍ਹਾਂ ਸਿਖਿਅਤ ਹੁੰਦੇ ਹਨ ਅਤੇ ਇਸ ਕਰ ਕੇ ਉਹ ਮੁਢਲੇ ਸਿਹਤ ਸੰਭਾਲ ਸੰਦਰਭਾਂ ਵਿੱਚ ਸ਼ਾਮਲ ਹੋਣ ਦੀ ਬੜੀ ਢੁਕਵੀਂ ਯੋਜਨਾ ਬਣਾਉਂਦੇ ਹਨ।

ਵਿਗਿਆਨ ਸਿੱਖਿਆ ਅਤੇ ਭੋਜਨ ਪ੍ਰਬੰਧ ਉਪਰ ਅਧਾਰਿਤ ਹੋਣ ਕਾਰਨ, ਅਤੇ ਤੱਥ ਅਧਾਰਿਤ ਨਿਰਣਿਆਂ 'ਤੇ ਕੌਮੀ ਮਿਆਰਾਂ ਮੁਤਾਬਿਕ ਅਮਲ ਵਿਚ ਲਿਆਂਦੇ ਜਾਣ ਕਾਰਨ, ਭੋਜਨ ਮਾਹਿਰ ਇਲਾਜ ਨਾਲ ਸਬੰਧਤ ਲਗਭਗ ਸਾਰੇ ਮਾਮਲਿਆਂ ਵਿੱਚ ਅਤੇ ਸਿਹਤ ਨਿਰਧਾਰਕਾਂ ਸਬੰਧੀ ਭੋਜਨ ਯੋਜਨਾਵਾਂ ਤਿਆਰ ਕਰ ਸਕਦੇ ਹਨ।

ਭੋਜਨ ਸਲਾਹਕਾਰ ਕਈ ਹੋਰ ਭੋਜਨ ਮਾਹਿਰਾਂ ਦੀ ਸਹਾਇਤਾ ਨਾਲ ਕੰਮ ਕਰਦਾ ਹੈ। ਭੋਜਨ ਮਾਹਿਰ ਭੋਜਨ ਸਲਾਹਕਾਰ ਦੀ ਸਿਹਤ ਸੰਭਾਲ ਲਈ ਭੋਜਨ ਯੋਜਨਾ ਵਿਕ-ਸਿਤ ਤੇ ਇਸ ਨੂੰ ਲਾਗੂ ਕਰਨ ਵਿਚ ਸਹਾਇਤਾ ਕਰਦਾ ਹੈ। ਮਰੀਜ਼ ਦੀ ਸਹਿਣ ਸ਼ਕਤੀ ਨੂੰ ਨੇੜਿਉਂ ਨਿਯੰਤ੍ਰਿਤ ਕੀਤਾ ਜਾਂਦਾ ਹੈ ਅਤੇ ਲੋੜ ਮੁਤਾਬਕ ਢਾਲਿਆ ਜਾਂਦਾ ਹੈ। ਤਰਲ ਸੰਤੁਲਨ, ਪ੍ਰੋਟੀਨ ਲੋੜਾਂ ਅਤੇ ਖਾਧ-ਪ੍ਰਣਾਲੀ ਆਦਿ ਕੁੱਝ ਨਿਯੰਤ੍ਰਿਕ ਮਾਪਦੰਡ ਹਨ ਜਿਨ੍ਹਾਂ ਵਿੱਚ ਭੋਜਨ ਸਲਾਹਕਾਰ ਭੋਜਨ ਮਾਹਿਰ ਦਾ ਅਨੁਸਰਨ ਕਰ ਸਕਦਾ ਹੈ। ਭੋਜਨ ਮਾਹਿਰ ਸਿਹਤ ਸੰਭਾਲ ਦੇ ਕਈ ਖੇਤਰਾਂ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਉਹ ਰੋਗੀਆਂ, ਸਲਾਹ ਲੈਣ ਵਾਲਿਆਂ ਅਤੇ ਕਈ ਸਾਰੇ ਸਿਹਤ ਸੰਭਾਲ ਮਾਹਿਰਾਂ ਦੇ ਨਾਲ ਰਹਿ ਕੇ ਕੰਮ ਕਰਦੇ ਹਨ ਤਾਂ ਕਿ ਵਿਅਕਤੀਆਂ, ਸਮੂਹਾਂ ਤੇ ਭਾਈਚਾਰਿਆਂ ਲਈ ਵਧੀਆ ਤੋਂ ਵਧੀਆ ਭੋਜਨ ਪ੍ਰੋਗਰਾਮ ਨਿਰਧਾਰਿਤ ਕੀਤਾ ਜਾ ਸਕੇ। ਬਿਮਾਰੀਆਂ ਤੋਂ ਰੋਕਥਾਮ ਕਰਨ ਵਿੱਚ ਤੁਹਾਡਾ ਭੋਜਨ ਮਾਹਿਰ ਵਧੀਆ ਖੁਰਾਕ ਯੋਜਨਾ ਰਾਹੀਂ ਤੁਹਾਡੀ ਸਹਾਇਤਾ ਕਰ ਸਕਦਾ ਹੈ। ਭੋਜਨ ਸਲਾਹਕਾਰ ਲੋਕਾਂ ਨੂੰ ਇਹ ਸਿਖਾਉਣ ਵਿੱਚ ਮਾਹਿਰ ਹੁੰਦਾ ਹੈ ਕਿ ਯੋਗ ਖੁਰਾਕ ਕਿਵੇਂ ਲਈ ਜਾਵੇ ਭਾਵੇਂ ਉਨ੍ਹਾਂ ਨੂੰ ਕੋਈ ਵੀ ਬੀਮਾਰੀ ਕਿਉਂ ਨਾ ਹੋਵੇ। ਕਲੈਸਟਰੌਲ ਰੋਗੀ ਆਪਣੀ ਖੁਰਾਕ ਵਿੱਚ ਵਧੇਰੇ ਫਲ ਤੇ ਸਬਜ਼ੀਆਂ ਸ਼ਾਮਲ ਕਰ ਕੇ ਇਸ ਰੋਗ ਨੂੰ ਕਾਬੂ ਵਿੱਚ ਰੱਖ ਸਕਦੇ ਹਨ ਤੇ ਰੇਸ਼ੇਦਾਰ ਸਬਜ਼ੀਆਂ ਆਪਣੇ ਭੋਜਨ ਵਿਚ ਸ਼ਾਮਲ ਕਰ ਸਕਦੇ ਹਨ। ਇਸੇ ਤਰ੍ਹਾਂ ਸ਼ੱਕਰ ਰੋਗੀ ਮਿੱਠਾ ਘੱਟ ਕਰ ਸਕਦੇ ਹਨ। ਭੋਜਨ ਮਾਹਿਰਾਂ ਦੀ ਸਹਾਇਤਾ ਵੱਡੀ ਗਿਣਤੀ ਵਿੱਚ ਰੋਗੀਆਂ ਨੂੰ ਲਾਭ ਪੁਚਾਉਂਦੀ ਹੈ।

**ਸੰਵਾਦ**

# ਮਾਪਿਆਂ ਦੇ ਸਹਿਯੋਗ ਨਾਲ ਅਧਿਆਪਕ ਬੱਚਿਆਂ ਦੀ ਪੜ੍ਹਾਈ 'ਚ ਵਧੇਰੇ ਸਹਾਈ ਹੋ ਸਕਦੇ ਹਨ



ਕੌਲੀਨ ਮਕਲੌ ਕਲਿੰਕ

ਗਰਮੀ ਦਾ ਮੌਸਮ ਆਉਣ 'ਤੇ ਅਧਿਆਪਕਾਂ ਤੇ ਵਿਦਿਆਰਥੀਆਂ ਦੇ ਮਨ ਵਿੱਚ ਇੱਕ ਹੀ ਵਿਚਾਰ ਹੁੰਦਾ ਹੈ ਜੁਲਾਈ!! ਜਦੋਂ ਨਿਸ਼ਚੇ ਹੀ ਸਕੂਲ ਦੇ ਵਿੱਦਿਅਕ ਸੈਸ਼ਨ ਦੀ ਸਮਾਪਤੀ ਸਾਡੇ ਸਾਹਮਣੇ ਹੁੰਦੀ ਹੈ, ਇਹ ਚੇਤੇ ਰਹਿਣਾ ਜ਼ਰੂਰੀ ਹੈ ਕਿ ਫਾਈਨਲ਼ ਪ੍ਰੀਖਿਆ ਵਿੱਚ ਸਿਰਫ 2 ਹਫ਼ਤੇ ਹੀ ਬਾਕੀ ਹਨ। ਕੀ ਤੁਸੀਂ ਸੁਣਨਾ ਸ਼ੁਰੂ ਕਰ ਰਹੇ ਹੋ ਕਿ ਤੁਹਾਡੇ ਕਿਸ਼ੋਰ ਕੋਲ ਘਰ ਕਰਨ ਲਈ ਕੋਈ ਕੰਮ ਨਹੀਂ ਹੈ? ਠੀਕ ਹੈ, ਇਹ ਸੱਭ ਤੋਂ ਵਧੀਆ ਸਮਾਂ ਹੈ ਕਿ ਜਾਣਿਆ ਜਾਵੇ ਕਿ ਤੁਹਾਡਾ ਕਿਸ਼ੋਰ ਸਕੂਲ ਕੀ ਕਰਦਾ ਰਿਹਾ ਹੈ। ਸਾਡੇ ਸਾਰੇ ਵਿਦਿਆਰਥੀਆਂ ਕੋਲ ਘਰ ਦਾ ਕੰਮ ਹੈ, ਜਿਹੜਾ ਆਗਾਮੀ ਜੂਨ ਪ੍ਰੀਖਿਆ 'ਚ ਅਪਣੀ ਸਫ਼ਲਤਾ ਦੇ ਵਾਧੇ ਲਈ ਉਹ ਕਰ ਸਕਦੇ ਹਨ। 2011-2012 ਦੀ ਰਜਿਸਟਰੇਸ਼ਨ ਮੁਕੰਮਲ ਹੋਣ 'ਤੇ ਬਹੁਤ ਸਾਰੇ ਵਿਦਿਆਰਥੀ ਇਹ ਜਾਣ ਕੇ ਨਿਰਾਸ਼ ਸਨ ਕਿ ਅਗਲੇਰੀ ਪੱਧਰ ਦੇ ਪ੍ਰੋਗਰਾਮਿੰਗ ਲਈ ਉਹਨਾਂ ਦੇ ਅੰਕ ਕਾਫ਼ੀ ਉੱਚੇ ਨਹੀਂ ਸਨ, ਜਿਹੜੇ ਉਹਨਾਂ ਲਈ ਪੋਸਟ ਸੈਕੰਡਰੀ ਵਾਸਤੇ ਲੋੜਦੇ ਸਨ। ਅੰਗਰੇਜ਼ੀ ਤੇ ਕਈ ਹੋਰ ਪ੍ਰਮੁੱਖ ਵਿਸ਼ਿਆਂ ਲਈ 60 ਫੀਸਦੀ ਅੰਕ ਹੋਣੇ ਜ਼ਰੂਰੀ ਹਨ। ਅਗਲੇ ਛੇ ਹਫ਼ਤੇ ਅਪਣੇ ਅੰਕ ਵਧਾਉਣ ਲਈ ਅਤੇ ਅਧਿਆਪਕਾਂ ਵੱਲੋਂ ਦਿੱਤੇ ਜਾਂਦੇ ਟਟੋਰੀਅਲ ਤੇ ਅਤਿਰਿਕਤ ਸਹਾਇਤਾ ਪ੍ਰਦਾਨ ਕਰਨ ਦੇ ਮੌਕੇ ਹਾਸਲ ਕਰਨ ਲਈ ਅਤਿ ਮਹੱਤਵਪੂਰਣ ਹਨ। ਜੂਨ ਵਿੱਚ ਸਾਡੀ ਪ੍ਰਸ਼ਾਸਕੀ ਟੀਮ ਤੁਹਾਡੇ ਕਿਸ਼ੋਰਾਂ ਦੇ ਦਰਜੇ ਦਾ ਪੁਨਰ ਮੁਲੰਕਨ ਕਰੇਗੀ ਤੇ ਜੇਕਰ ਉਹਨਾਂ ਦੇ ਅੰਕਾਂ ਵਿੱਚ ਸੁਧਾਰ ਆਇਆ ਤਾਂ ਉਹਨਾਂ ਦੀ ਰਜਿਸਟਰੇਸ਼ਨ ਤਬਦੀਲ ਕਰਨ 'ਚ ਪ੍ਰਸੰਨਤਾ ਮਹਿਸੂਸ ਕਰੇਗੀ। ਜੋ ਕੁਝ ਉਹਨਾਂ ਨੇ ਸਕੂਲ ਵਿਚ ਸਿਖਿਆ ਹੈ ਉਸਦੀ ਸਰਸਰੀ ਪੜਚੋਲ ਕੀਤੀ ਜਾਂਦੀ ਹੈ। ਉਹਨਾਂ । ਪੜ੍ਹਨ ਤੇ ਲਿਖਣ ਦੋਹਾਂ 'ਚ ਹੀ ਨਿਪੁੰਨਤਾ ਹਾਸਲ ਕਰਨ ਲਈ ਅੰਗਰੇਜ਼ੀ ਦੀਆਂ ਪੁਸਤਕਾਂ ਪੜ੍ਹਨੀਆਂ ਚਾਹੀਦੀਆਂ ਹਨ। ਜਦਕਿ ਸਾਡੇ ਵਧੇਰੇ ਵਿਦਿਆਰਥੀਆਂ ਲਈ ਪੜ੍ਹਨਾ ਇੱਕ ਸੰਘਰਸ਼ ਹੈ। ਮੈਂ ਤੁਹਾਡੇ ਕਿਸ਼ੋਰ ਲਈ ਪੜ੍ਹਨ ਦੇ ਇੱਕ ਲਾਜ਼ਮੀ ਸਮੇਂ ਦੇ ਪੱਖ ਵਿੱਚ ਹਾਂ। ਹਰ ਮਹੀਨਾ ਇੱਕ ਨਵਾਂ ਨਾਵਲ ਪੜਨ ਦੇ ਨਿਸ਼ਾਨੇ ਨਾਲ ਆਰੰਭ ਕਰੋ। ਸਾਰੇ ਵਿਭਾਗਾਂ ਦੇ ਮੇਰੇ ਬਹੁਤ ਸਾਰੇ ਅਧਿਆਪਕ ਸਾਥੀਆਂ । ਇਹ ਖੇਦ ਹੈ ਕਿ ਸਾਡੇ ਵਿਦਿਆਰਥੀਆਂ ਦੀ ਸਭ ਤੋਂ ਵੱਡੀ ਸਮੱਸਿਆ ਪੜ੍ਹਨ ਯੋਗਤਾ ਦੀ ਘਾਟ ਹੈ। ਅੰਗਰੇਜ਼ੀ ਤੋਂ ਜ਼ਿਆਦਾ ਗਣਿਤ 'ਤੇ ਸੋਚਣ ਤੇ ਪੜ੍ਹਨ ਦੀਆਂ ਆਲੋਚਨਾਤਮਿਕ ਜੁਗਤਾਂ ਉਹਨਾਂ ਦੇ ਅੰਕਾਂ ਵਿੱਚ ਸੁਧਾਰ ਲਿਆ ਸਕਦੀਆਂ ਹਨ। ਜਦੋਂ ਮੇਰੇ ਧਿਆਨ 'ਚ ਆਉਂਦਾ ਹੈ ਕਿ ਟੀਵੀ, ਆਈਪੌਡਸ ਤੇ ਇੰਟਰਨੈੱਟ ਹੁਣ ਸਾਡੇ ਰੋਜ਼ਾਨਾ ਜੀਵਨ ਦਾ ਹਿੱਸਾ ਹਨ, ਕੀ ਤੁਸੀਂ ਅਪਣੇ ਕਿਸ਼ੋਰਾਂ ਵੱਲੋਂ ਕਢਵਾਈਆਂ ਪੁਸਤਕਾਂ ਦੀ ਪੜਤਾਲ ਲਈ ਸਥਾਨਕ ਲਾਇਬਰੇਰੀ ਦਾ ਗੇੜਾ ਲਗਾਉਣਾ ਸੋਚਿਆ ਹੈ? ਕਿਸ਼ੋਰਾਂ ਦਾ ਵਿਕਾਸ ਇਹਨੀਂ ਦਿਨੀਂ ਯਕੀਨਨ ਹੀ ਇੱਕ ਸੰਘਰਸ਼ ਹੋ ਸਕਦਾ ਹੈ। ਕਿਉਂ ਆਪਣੇ ਬਚਿਆਂ ਦੇ ਅਧਿਆਪਕਾਂ ਦੇ ਫ਼ੋਨ ਤੇ ਈਮੇਲ ਚੈੱਕ ਨਹੀਂ ਕੀਤੇ ਜਾਂਦੇ? ਸਕੂਲ ਜ਼ੋਨ ਇੱਕ ਐਡਮਿੰਟਨ ਪਬਲਿਕ ਵੈੱਬਸਾਈਟ 'ਤੇ ਹੈ ਜਿਹੜੀ ਮਾਪਿਆਂ ਤੇ ਵਿਦਿਆਰਥੀਆਂ ਦੋਵਾਂ ਲਈ ਹੀ ਰੋਜ਼ਾਨਾ ਦੀ ਹਾਜ਼ਰੀ, ਅੰਕ ਤੇ ਘਰ ਦਾ ਕੰਮ ਦੇਖਣ ਲਈ ਡਿਜ਼-ਾਇਨ ਕੀਤੀ ਗਈ ਹੈ। ਬਿਹਤਰ ਹੈ ਕਿ ਸਕੂਲ ਆਓ, ਆਓ ਤੇ ਦੇਖੋ ਕਿ ਅਸੀਂ ਤੁਹਾਡੇ ਬੱਚੇ ਦੇ ਭਵਿੱਖ । ਤਰਾਸ਼ਣ 'ਚ ਸਹਾਇਤਾ ਕਰਨ ਹਿੱਤ ਕੀ ਕਰ ਰਹੇ ਹਾਂ। ਕਿਸੇ ਵੀ ਸਮੇਂ ਤੁਹਾਡਾ ਕਲਾਸ ਵਿੱਚ ਆਉਣਾ ਮੈ। ਪਿਆਰਾ ਲੱਗੇਗਾ। ਮਾਪਿਆਂ ਤੇ ਅਧਿਆਪਕਾਂ ਦੇ ਸਹਿਯੋਗ ਨਾਲ ਅਸੀ ਤੁਹਾਡੇ ਬੱਚਿਆਂ ਦੀ ਪੜਾਈ ਚ ਵਧੇਰੇ ਸਹਾਈ ਹੋ ਸਕਦੇ ਹਾਂ। ਪਤਚੜ 'ਚ ਮਿਲਾਗੇ ।

**ਮੁਖੀ ਅੰਗਰੇਜ਼ੀ ਵਿਭਾਗ, ਜੇ ਪਰਸੀ ਪੇਜ ਹਾਈ ਸਕੂਲ ਮਿਲਵਡੂਜ਼,ਅਡੈਮਿੰਟਨ**



## ਮਾਂ ਬੋਲੀ ਨਾਲ ਜੁੜੋ

'ਨਵੀਂ ਦੁਨੀਆ' ਵੱਲੋਂ ਬੱਚਿਆਂ ਨੂੰ ਪੰਜਾਬੀ ਭਾਸ਼ਾ ਨਾਲ ਜੋੜੀ ਰੱਖਣ ਵਾਸਤੇ ਗ੍ਰੇਡ 10 ਤਕ ਦੇ ਬੱਚੇ/ਬੱਚੀਆਂ ਲਈ ਇਕ ਪ੍ਰਸ਼ਨ-ਲੜੀ 'ਮਾਂ ਬੋਲੀ ਨਾਲ ਜੁੜੋ' ਸ਼ੁਰੂ ਕੀਤੀ ਜਾ ਰਹੀ ਹੈ। ਹਰੇਕ ਮਹੀਨੇ ਦੀ 28 ਤਾਰੀਕ ਤਕ ਜਿਹੜੇ ਬੱਚੇ/ਬੱਚੀਆਂ ਇਹਨਾਂ ਸਵਾਲਾਂ ਦੇ ਜਵਾਬ ਡਾਕ ਜਾਂ ਈਮੇਲ ਦੁਆਰਾ ਭੇਜਣਗੇ, ਉਹਨਾਂ ਵਿਚੋਂ ਸਭ ਤੋਂ ਜ਼ਿਆਦਾ ਸਹੀ ਜਵਾਬ ਭੇਜਣ ਵਾਲਿਆਂ ਦੇ ਨਾਮ ਤੇ ਪਤੇ ਅਗਲੇ ਅੰਕ 'ਚ ਛਾਪੇ ਜਾਣਗੇ ਅਤੇ ਕੁਝ ਸਮੇ ਬਾਅਦ ਜੇਤੂ ਬੱਚਿਆਂ ਨੂੰ 'ਦੀਪ ਗ੍ਰਾਫਿਕਸ ਐਂਡ ਸਾਈਨਜ਼' ਦੇ ਚਰਨਦੀਪ ਸਿੰਘ ਅਤੇ 'ਨਵੀਂ ਦੁਨੀਆ' ਵਲੋਂ ਉਨ੍ਹਾਂ ਨੂੰ ਇਨਾਮ ਵੀ ਦਿੱਤੇ ਜਾਣਗੇ ।

### ਹੇਠਲੇ ਪ੍ਰਸ਼ਨਾਂ ਦੇ ਸਹੀ ਉਤਰ ਦੁਆਲੇ ◯ (ਘੇਰਾ) ਪਾਓ :-

1. ਪੰਜਾਬੀ ਬੋਲੀ ਦੀ ਲਿਪੀ ਦਾ ਨਾਮ ਲਿੱਖੋ ? **ਪੈਂਤੀ / ਗੁਰਮੁਖੀ / ਗੁਰਬਾਣੀ**
2. ਪੰਜਾਬ ਦਾ ਨਾਮ ਕਿਸ ਤੋਂ ਪਿਆ ? **ਪੰਜ ਪਿਆਰੇ / ਪੰਜ ਦਰਿਆ / ਪੰਜ ਸਰੋਵਰ**
3. ਆਟਾ ਗੁੰਨਣ ਵਾਲੇ ਭਾਂਡੇ ਨੂੰ ਕੀ ਕਹਿੰਦੇ ਹਨ ? **ਪਰਾਤ / ਕੜ੍ਹਾਈ / ਥਾਲੀ**
4. ਜਿਹੜੀ ਇਸਤਰੀ ਆਪਣੇ ਘਰ ਦਾ ਹੀ ਕੰਮ ਕਰਦੀ ਹੋਵੇ ਉਸਨੂੰ ਕੀ ਕਹਿੰਦੇ ਹਨ ? **ਸਿਆਂਣੀ / ਸੁਹਾਗਣੀ / ਸੁਆਣੀ**
5. ਦੁੱਧ ਕਾਹਦੇ ਨਾਲ ਰਿੜਕਿਆ ਜਾਂਦਾ ਹੈ ? **ਚਾਟੀ / ਮਧਾਣੀ / ਪਰਾਣੀ**

ਸਾਡਾ ਪਤਾ- **Nawi Dunia**
2nd Floor 3448 – 93 Street NW,
Edmonton T6E 6A4, Alberta (Canada)
Phone: 780 465 9118 Fax: 780 465 0661
e-mail: info@nawidunia.com

### ਜਵਾਬ ਭੇਜਣ ਵਾਲੇ ਦਾ ਵੇਰਵਾ

ਨਾਮ ______________________
ਪਤਾ
______________________
ਫੋਨ ਨੰਬਰ __________
ਸਕੂਲ ਦਾ ਨਾਮ ______________________
ਗ੍ਰੇਡ ______________________
ਮੈ ਉਪ੍ਰੋਕਤ ਸਾਰੇ ਸਵਾਲਾਂ ਦੇ ਜਵਾਬ ਆਪਣੇ ਆਪ/ਵੱਡਿਆਂ ਨੂੰ ਪੁੱਛ ਕੇ ਲਿਖੇ ਹਨ।

ਵਿਦਿਆਰਥੀ ਦੇ ਦਸਤਖ਼ਤ
______________
ਮਿਤੀ______

# Matrimonial

## ਵਰ ਦੀ ਲੋੜ

ਖ਼ੂਬਸੂਰਤ ਜੱਟ ਸਿੱਖ 5 ਫੁੱਟ 4 ਇੰਚ, 22-6-1988, ਬੀ.ਐਸ.ਸੀ. ਨਰਸਿੰਗ, ਸਟੇਟਸ ਪਰਿਵਾਰ ਦੀ ਲੜਕੀ ਲਈ ਐਨ.ਆਰ.ਆਈ. ਵਰ ਦੀ ਲੋੜ ਹੈ। ਸੰਪਰਕ ਕਰੋ : 01624-2871483, 99888-29111

ਕੰਬੋਜ ਸਿੱਖ ਥਿੰਦ 23 ਸਾਲਾ 5 ਫੁੱਟ 5 ਇੰਚ B.A., L.L.B. (ਆਨਰਜ), L.L.M. ਕਰ ਰਹੀ, ਮਾਤਾ ਪਿਤਾ ਗਜ਼ਟਿਡ ਅਫਸਰ, ਭਰਾ ਕੈਨੇਡਾ ਪੱਕਾ, ਸੁੰਦਰ ਸ਼ੁਸੀਲ ਲੜਕੀ ਲਈ ਬਰਾਬਰ ਦੀ ਯੋਗਤਾ ਵਾਲਾ ਲੜਕਾ ਚਾਹੀਦਾ ਹੈ। ਸੰਪਰਕ : 011-91-98765-74003 ਤੋਂ ਇਲਾਵਾ ਫੋਟੋ 'ਤੇ ਬਾਇਉ ਡਾਟਾ sucessfull.thind@yahoo.ca 'ਤੇ ਭੇਜਿਆ ਜਾ ਸਕਦਾ ਹੈ।

------

ਰਾਮਗੜ੍ਹੀਆ ਸਿੱਖ ਹੁਸ਼ਿਆਰਪੁਰ ਅਧਾਰਤ 22 ਸਾਲਾ ਕੰਪਿਊਟਰ ਇੰਜੀਨੀਅਰ ਲੜਕੇ ਲਈ ਸੁੰਦਰ ਯੋਗ ਲੜਕੀ ਦੀ ਲੋੜ ਹੈ। ਸੰਪਰਕ ਨੰ: 98157 41224, e-mail : engg.money@yahoo.com

------

Suitable match for two Jat Sikh Girls, 24-26, 5'-3", 5'-3", respectivily, +2, Diploma holder in professional courses like beautician decent marriage. Contact 0136-237337, 95014-53344

------

ਖ਼ੂਬਸੂਰਤ, ਜੱਟ ਸਿੱਖ ਗਿੱਲ 27 ਸਾਲ, 5'-3", 10+2, ਬਿਊਟੀਸ਼ੀਅਨ ਲਈ ਵਰ ਦੀ ਲੋੜ ਹੈ। ਸੰਪਰਕ : 01636-37337, 94176-94520

------

ਖ਼ੂਬਸੂਰਤ ਜੱਟ ਸਿੱਖ ਗਿੱਲ, 25 ਸਾਲ, 5'-3", 10+2, ਨਰਸ ਲਈ ਵਰ ਦੀ ਲੋੜ ਹੈ। ਸੰਪਰਕ : 94176-94520

------

ਖ਼ੂਬਸੂਰਤ, ਹਿੰਦੂ ਖੱਤਰੀ, ਜੇਠੀ, 26 ਸਾਲ, 5'-3", ਐਮ.ਏ. (ਇਕਨੋਮਿਕਸ) ਬੀ.ਐਡ, ਸਟੇਟਸ ਪਰਿਵਾਰ ਲਈ ਵਰ ਦੀ ਲੋੜ ਹੈ। ਸੰਪਰਕ : 94656-85637, 0161-2880781

------

ਖ਼ੂਬਸੂਰਤ ਬੀ-ਟੈਕ, ਕੰਪਿਊਟਰ ਸਾਇੰਸ, ਸਾਫਟ ਵੇਅਰ ਇੰਜੀਨੀਅਰ ਰਾਜਪੂਤ, ਚੌਹਾਨ ਕਲੀਨ ਸ਼ੇਵਨ, ਅਗਾਂਹਵਧੂ ਵਿਚਾਰਾਂ ਵਾਲੇ ਮਿਹਨਤੀ 5'-11" ਲੰਮੇ, 4 ਨਵੰਬਰ 1985 ਨੂੰ ਜਨਮੇ ਲੜਕੇ ਲਈ ਬਰਾਬਰ ਦੀ ਯੋਗਤਾ ਵਾਲੀ ਸੁੰਦਰ ਤੇ ਸ਼ੁਸੀਲ ਲੜਕੀ ਦੀ ਲੋੜ ਹੈ। ਜਾਤ ਬੰਧਨ ਨਹੀਂ। ਸੰਪਰਕ: 98151-94782, 94633-91876, ਈ-ਮੇਲ : hardev.chauhan@yahoo.co.in

## ਕੰਨਿਆ ਦੀ ਲੋੜ

ਸੈਣੀ ਕਲੀਨ ਸ਼ੇਵ 28 ਸਾਲਾ ਪੰਜ ਫੁੱਟ ਚਾਰ ਇੰਚ ਤਿੰਨ ਸਾਲ ਤੋਂ ਵਰਕ ਪਰਮਿਟ 'ਤੇ ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡਾ ਦੀ ਪੱਕੀ ਵਸਨੀਕ ਲੜਕੀ ਦੀ ਜ਼ਰੂਰਤ ਹੈ। ਸੰਪਰਕ : 403-351-1534

------

Diploma in Health Services Family Welfare, ਬਤੌਰ ਡਰਾਈਵਰ ਦੁਬਈ ਵਿੱਚ ਰਹਿ ਰਹੇ 25 ਸਾਲਾ ਪਗੜੀਧਾਰੀ ਜੱਟ ਸਿੱਖ 6'1" ਸੋਹਣੇ-ਸੁਣੱਖੇ ਲੜਕੇ ਲਈ ਕੈਨੇਡਾ ਵਿੱਚ ਪੱਕੇ ਤੌਰ ਤੇ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਪਰਿਵਾਰ ਸਮੇਤ ਕਨੇਡਾ ਪੱਕੇ ਤੌਰ ਤੇ ਰਹਿ ਰਹੀ ਹੈ। 780-263-7977/ 780-461-0701 ਜਾਂ tranum0701@gmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

------

ਖ਼ੂਬਸੂਰਤ, ਜੱਟ ਸਿੱਖ ਗਿੱਲ, 24 ਸਾਲ, 5'-9", ਮਕੈਨੀਕਲ ਇੰਜੀਨੀਅਰ, ਮਲਟੀ ਨੈਸ਼ਨਲ ਕੰਪਨੀ ਵਿਚ ਨੌਕਰੀਸ਼ੁਦਾ, ਐਮ.ਬੀ.ਏ., ਲੜਕੇ ਲਈ ਇੰਜੀਨੀਅਰ ਲੜਕੀ ਦੀ ਲੋੜ ਹੈ। ਮਾਤਾ-ਪਿਤਾ ਸਰਕਾਰੀ ਨੌਕਰੀ ਵਿਚ। ਸੰਪਰਕ : 94176-94520

------

ਖ਼ੂਬਸੂਰਤ ਦੋ ਕੈਨੇਡੀਅਨ ਜੱਟ ਸਿੱਖ ਲੜਕੇ ਕੱਦ 6 ਫੁੱਟ 8 ਇੰਚ, ਉਮਰ 24-28 ਸਾਲਾਂ ਵਾਸਤੇ ਪੜ੍ਹੀਆਂ ਲਿਖੀਆਂ ਲੜਕੀਆਂ ਦੀ ਲੋੜ ਹੈ। Student ਤੇ Work Permit 'ਤੇ ਆਈਆਂ ਕੁੜੀਆਂ ਲਈ ਵੀ ਸੋਚਿਆ ਜਾ ਸਕਦਾ ਹੈ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ : amrit1331@hotmail.com

------

ਭਾਰਤ 'ਚ ਰਹਿੰਦੇ ਬਾਂਸਲ (ਮੁੰਡੇ), 1983 ਦੇ ਜਨਮੇ, 5'-7", ਬੀ.ਕਾਮ, ਐਮ.ਬੀ.ਏ. ਦੀ ਪੜ੍ਹਾਈ, ਬੈਂਕ 'ਚ ਨੌਕਰੀ ਕਰਦੇ ਲੜਕੇ ਲਈ ਕਨੇਡਾ ਦੀ ਵਸਨੀਕ ਲੜਕੀ ਦੀ ਲੋੜ ਹੈ। ਸੰਪਰਕ 780-504-7254 ਜਾਂ aman_singh3@hotmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

------

ਜ਼ਰੂਰਤ ਹੈ ਕਨੇਡਾ 'ਚ ਜੰਮੇ-ਪਲੇ 33 ਸਾਲਾ 6'-2" ਤਲਾਕਸ਼ੁਦਾ (ਇਕ 5 ਸਾਲ ਦਾ ਲੜਕਾ), ਕੇਵਲ ਇਕ ਸਾਲ ਵਿਆਹੁਤਾ ਰਹੇ ਲੜਕੇ ਲਈ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ/ ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ 780-487-2295 ਤੋਂ ਇਲਾਵਾ ushab@hotmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ

## ਗੁਰਸਿੱਖ ਕੰਨਿਆ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਤੇ ਆਏ ਗੁਰਸਿੱਖ ਪਰਿਵਾਰ ਦੇ 25 ਸਾਲਾ ਜੱਟ ਸਿੱਖ 6'2" ਸੋਹਣੇ-ਸੁਣਖੇ ਲੜਕੇ ਲਈ ਗੁਰਸਿੱਖ ਲੜਕੀ ਦੀ ਲੋੜ ਹੈ। ਫ਼ੋਨ ਨੰ. 780-405-6145 ਜਾਂ raju.hundal@yahoo.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# Classified Plus

Your guide to every search

## HOUSE FOR SALE/RENT

Sold

1100 Sq. ft. Half Duplex with Fully Finished Basement. Close to Bus Stop, School and other Amenities available for RENT/SALE in Millwoods. Contact 780 566 8532.

****

Sold

Newly Built 1950 Sq. Ft; Bi-level House with Fully Finished Basement, 2 Car Attached Garage. House is close to all Amenities, Anthony Henday (Ellerslie, Edmonton) Available for Sale/Rent. Contact 780 566 8532.

* * * *

### House for Sale by Owner

Built in 2007, 1500 sq feet 2 story home, with 3 bedrooms upstairs, fireplace, 3 full bath, double attached garage, in quite crescent location, owner occupied available for immediate possession. For more information please call @ 780-245-0351/780-474-0351 or email: suman1950@yahoo.com

****

### 2 Story House For Sale By Owner In Leduc

2 Story 2000 Sq. ft. 4 Bed Room, 2 ½ Washrooms, Family Room with 17' Ceiling on the Main Floor. Hard Wood on Main Floor. House backs on to the City Park. For details call 780 965 0808.

* Newly Built Bi-Level House with KEYLESS ENTRY for Sale
* Don't Miss this Great opportunity… Must See the House
* Buyers still have time to Choose Carpet Color…Hurry Up

Newly Built Bi-Level House 2405 Sq Ft with Front Exposed Double Door, 4 Bed Rooms with attached Baths on the Main Floor, 3 Kitchens (Main Kitchen has Granite Counter Tops), 2 Furnaces, 2 Hot Water Tanks, 2 Laundries (1 Upstairs & 1 in the Basement). Finished/Heated 2 Car Attached Garage. 700+ sq. ft Finished Concrete drive way for Parking in the Back Alley, Exposed aggregate Drive Way in the Front, Enjoy Barbecue on the Large Deck. House has Stucco Exterior.
* Fully Finished 2 Basements having 2 Bedrooms 9' Ceiling and a Washroom each.

For details/appointments Contact 780 964 7001.

****

### ਕੰਪਿਊਟਰ ਹਾਰਡਵੇਅਰ

ਕੰਪਿਊਟਰ ਦੀਆਂ ਟੈਕਨੀਕਲ ਸਮੱਸਿਆਵਾਂ ਜਾਂ ਕੰਪਿਊਟਰ ਦੀਆਂ ਹੋਰ ਸੇਵਾਵਾਂ ਲਈ ਅਸਲਾਨ ਕੰਪਿਊਟਰ ਸਿਸਟਮ ਦੇ 'ਜੇ' ਨਾਲ 780-437-9504 Ext 222, ਟੋਲ ਫ੍ਰੀ 1-888-275-2647 'ਤੇ ਸੰਪਰਕ ਕਰੋ। ਇਸ ਤੋਂ ਇਲਾਵਾ ਤੁਸੀਂ 'ਜੇ' ਦੀ ਈਮੇਲ jay-beem@aslan.ab.ca 'ਤੇ ਵੀ ਸੰਪਰਕ ਕਰ ਸਕਦੇ ਹੋ।

****

### House for sale

2008 Built, 3148 Sq. Ft., 5 Bedroom with master bedroom, Large Living, Dining, Family Room, Big Breakfast nook & more just in $ 6,69,889.00. Address for location is 120 lakeland drive, Beaumont, Alberta T4XOB6. make an appointment call : 587-784-0599

****

### Condo on sale

1977 Built, 1232 Sq.Ft., 1.5 Bath, 4 Bedroom, Paint was done 2 years ago, Rental income $ 1200/month, Basement almost finished, sale on just $ 1,79,900.00. Address is # 114B-16344 109 street. Edmonton, AB T5X 2T4. make an appointment call 587-784-0599.




ਸਿਟੀ ਐਸਟੇਟਸ

## City Estates

All Types of Property, Plots & Kothis available for Sale & Purchase in Chandigarh/Mohali/ Panchkula.

ਮੋਹਾਲੀ, ਚੰਡੀਗੜ੍ਹ, ਪੰਚਕੂਲਾ 'ਚ ਜਾਇਦਾਦ
ਖਰੀਦਣ ਤੇ ਵੇਚਣ ਲਈ ਇਕ ਭਰੋਸੇਯੋਗ ਨਾਂ

For More Info Contact: SCO 123, Phase 7, Mohali (Punjab)
011 91 98147 11263 or 011 91 98729 73304

# NIRVANA

Restaurant ✲ Lounge ✲ Hall

**North America's first exclusive east indian restuarant &cocktail lounge.**

*Professionally giving you the hospitality of India.*



*"We Had Dinner along with my friends family, it was really nice, pure Indian taste...... I will recommend this to any-one who like REAL Indian food."*

**Cordial and Wonderful Ambience**
**Sumptuous food and Indian Sweets.**
**Wide Variety of Cocktail**
**Sensational Service**

**We cater for indoor, outdoor, small or large functions.**

*email:info@nirvanacalgary.com or reservations @nirvanacalgary.com*

**ph: (403)590-9797 fax:(403)590-9798**

**1009-5075 FALCONRIDGE BLVD. NE CALGARY, AB. T3J SK9**
**EMAIL: info@nirvanacalgary.com**

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

# ਫ਼ਿਲਮ 'ਦਿ ਕੌਂਸਟੈਂਟ ਗਾਰਡਨਰ' ਤੇ ਮਨੁੱਖੀ ਦਰਦ ਵਿਚਲੀ ਸਾਂਝ



(ਜਤਿੰਦਰ ਮੌਹਰ)

ਦੁੱਖਾਂ ਤੇ ਭੁੱਖਾਂ ਦੇ ਮਾਰੇ ਦੂਰ-ਦੁਰੇਡੇ ਵਸਦੇ ਅਜਨਬੀ ਲੋਕ ਅਖ਼ਬਾਰ ਦੀ ਸੁਰਖ਼ੀ ਨਹੀਂ ਬਣਦੇ। ਇਰਾਕੀ ਤੇ ਅਫ਼ਗ਼ਾਨੀ ਤਾਂ ਕਦੇ ਕਦੇ ਅਖ਼ਬਾਰੀ ਟੋਟਿਆਂ 'ਤੇ ਉੱਕਰੇ ਮਿਲ ਜਾਣਗੇ ਪਰ ਅਫ਼ਰੀਕੀ ਇਸ ਤੋਂ ਵੀ ਵਾਂਝੇ ਹਨ।

ਕਲਾ ਦਾ ਕੰਮ ਬੰਦੇ ਦੀ ਸੰਵੇਦਨਾ ਨੂੰ ਜਗਾਉਣਾ ਹੈ ਤੇ ਦਰਦ ਦੀ ਬੋਲੀ ਇੱਕ ਹੈ।ਪਾਸ਼ ਕਹਿੰਦਾ ਹੈ। ਅਲੱਗ ਹੁੰਦੀ ਹੈ ਭਾਸ਼ਾ ਭਾਸ਼ਣਾਂ ਦੀ ਸਦਾ ਪਰ ਰੋਂਦੀਆਂ ਮਾਂਵਾਂ ਤੇ ਭੈਣਾਂ ਦੀ ਭਾਸ਼ਾ ਇੱਕ ਹੁੰਦੀ ਹੈ ਅਲੱਗ ਹੁੰਦੀ ਹੈ ਭਾਸ਼ਾ, ਜੋ ਭਰੀ ਜਾਂਦੀ ਹੈ ਮਰਦਮਸ਼ੁਮਾਰੀ ਦੇ ਰਜਿਸਟਰ ਵਿੱਚ ਘਰਾਂ ਤੋਂ ਉਠਦਿਆਂ ਵੈਣਾਂ ਦੀ ਭਾਸ਼ਾ ਇੱਕ ਹੁੰਦੀ ਹੈ। ਮਨੁੱਖਤਾ ਦੇ ਦਰਦ ਵਿਚਲੀ ਸਾਂਝ ਤੇ ਪਿਆਰ ਨੂੰ ਪ੍ਰਣਾਏ ਜਜ਼ਬੇ ਦੀ ਗੱਲ ਕਰਦੀ ਫ਼ਿਲਮ ਹੈ 'ਦਿ ਕੌਂਸਟੈਂਟ ਗਾਰਡਨਰ'। ਇਹ 21ਵੀਂ ਸਦੀ ਦੇ ਪਹਿਲੇ ਦਹਾਕੇ ਦੀ ਜ਼ਿਕਰਯੋਗ ਕਿਰਤ ਹੈ। ਫ਼ਿਲਮ ਦੋ 'ਮਾਲੀਆਂ' ਟੈਸਾ ਤੇ ਜਸਟਿਨ ਦੀ ਕਹਾਣੀ ਹੈ। ਜਸਟਿਨ ਲਈ ਬੂਟਿਆਂ ਨੂੰ ਪਾਣੀ ਨਾ ਦੇਣ ਵਾਲਾ ਬੰਦਾ ਜ਼ਾਲਿਮ ਹੈ। ਟੈਸਾ ਲਈ ਮਨੁੱਖੀ ਜ਼ਿੰਦਗੀ ਦਾ ਸਤਿਕਾਰ ਨਾ ਕਰਨ ਵਾਲਾ ਜਾਬਰ ਹੈ। ਬੂਟਿਆਂ ਦੇ ਵਾਧੇ ਲਈ ਰੋਜ਼ ਪਾਣੀ ਦੀ ਲੋੜ ਹੈ ਤੇ ਜ਼ਿੰਦਗੀਆਂ ਬਚਾਉਣ ਲਈ ਲਗਾਤਾਰ ਸੰਘਰਸ਼ ਕਰਨਾ ਪੈਂਦਾ ਹੈ। ਦੋਵੇਂ ਕੰਮ ਆਸ਼ਕ ਬਾਖ਼ੂਬੀ ਕਰਦੇ ਹਨ। ਟੈਸਾ ਤੇ ਜਸਟਿਨ ਵਿਚ 'ਪਿਆਰ' ਦੀ ਸਾਂਝ ਹੈ। ਪਾਸ਼ ਕਹਿੰਦਾ ਹੈ ਕਿ ਪਿਆਰ ਕਰਨਾ ਤੇ ਜੀਣਾ ਉਨ੍ਹਾਂ ਨੂੰ ਕਦੇ ਨਹੀਂ ਆ ਸਕਦਾ, ਜਿਨ੍ਹਾਂ ਨੂੰ ਜ਼ਿੰਦਗੀ ਨੇ ਬਾਣੀਏ ਬਣਾ ਦਿੱਤਾ। ਟੈਸਾ ਤੇਲ ਬਦਲੇ ਇਰਾਕੀਆਂ ਦੇ ਘਾਣ ਲਈ ਜ਼ਿੰਮੇਵਾਰ ਬਰਤਾਨਵੀ ਵਿਦੇਸ਼ੀ ਨੀਤੀਆਂ ਦੀ ਕੱਟੜ ਆਲੋਚਕ ਹੈ। ਉਹ ਬਰਤਾਨਵੀ ਸਫ਼ੀਰ ਜਸਟਿਨ ਨਾਲ ਵਿਆਹ ਮਗਰੋਂ ਕੀਨੀਆ ਆ ਜਾਂਦੀ ਹੈ, ਜਿੱਥੇ ਜਸਟਿਨ ਬਰਤਾਨਵੀ ਸਫ਼ਾਰਤਖ਼ਾਨੇ 'ਚ ਤਾਇਨਾਤ ਹੈ।

ਅਫ਼ਰੀਕਾ ਇੱਕ ਤੋਂ ਬਾਅਦ ਇੱਕ ਤਿੰਨ ਮਹਾਂਮਾਰੀਆਂ ਦੀ ਚਪੇਟ 'ਚ ਹੈ। ਅਮਰੀਕਾ ਤੇ ਯੂਰਪ ਅਮੁੱਕ ਕਾਰਨ ਦੱਸ ਕੇ ਦਿਉਕੱਦ ਦਵਾ-ਕੰਪਨੀਆਂ ਦੀ ਸਰਪ੍ਰਸਤੀ ਕਰ ਰਹੇ ਹਨ। ਅਫ਼ਰੀਕਾ ਵਾਸੀ ਵੀਹ ਗੁਣਾ ਵੱਧ ਕੀਮਤਾਂ ਉੱਤੇ ਉਨ੍ਹਾਂ ਦੀਆਂ ਦਵਾਈਆਂ ਖਰੀਦਣ ਲਈ ਮਜਬੂਰ ਹਨ। ਮਹਾਂਮਾਰੀਆਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ। ਕੀਨੀਆ ਦੇ ਸਿਹਤ ਮੰਤਰੀ ਵੱਲੋਂ ਖੋਲ੍ਹੇ ਜਾ ਰਹੇ ਦਵਾਖ਼ਾਨੇ ਨਾਮਨਿਹਾਦ ਹਨ। ਸਸਤੀਆਂ ਤੇ ਘਟੀਆ ਦਵਾਈਆਂ, ਉਪਰੋਂ ਸੂਈਆਂ ਉਬਾਲਣ ਦਾ ਸਾਜ਼ੋ-ਸਾਮਾਨ ਤੱਕ ਨਹੀਂ ਪਹੁੰਚ ਰਿਹਾ। ਏਡਜ਼ ਮਹਾਂਮਾਰੀ ਦਾ ਰੂਪ ਲੈ ਚੁੱਕੀ ਹੈ। ਪੈਸਾ ਸਿਹਤ ਮੰਤਰੀ ਦੀ ਲੰਬੀ ਤੇ ਮਹਿੰਗੀ ਕਾਰ ਦੇ ਪੇਟੇ ਪੈ ਚੁੱਕਿਆ ਹੈ। ਜਣੇਪੇ ਲਈ ਲੋਕ ਚਾਲੀ ਕਿਲੋਮੀਟਰ ਪੈਦਲ ਸਫ਼ਰ ਕਰਦੇ ਹਨ।

ਕੇ.ਡੀ.ਐਚ ਨਾਂ ਦੀ ਸਵਿੱਸ-ਕਨੇਡੀਅਨ ਬਹੁਕੌਮੀ ਦਵਾ-ਕੰਪਨੀ ਇੰਗਲੈਂਡ ਨੂੰ ਪੰਦਰਾਂ ਸੌ ਨੌਕਰੀਆਂ ਦਾ ਲਾਲਚ ਦੇ ਰਹੀ ਹੈ। ਉਹ ਆਪਣੀ ਅੱਧ-ਖੋਜੀ ਦਵਾਈ ਡਾਇਪਰੈਕਸਾ ਕੀਨੀਆਂ ਦੇ ਕਾਲੇ ਲੋਕਾਂ 'ਤੇ ਪਰਖਣਾ ਚਾਹੁੰਦੀ ਹੈ।ਆਉਣ ਵਾਲੇ ਸਮੇਂ 'ਚ ਦੁਨੀਆਂ ਪੱਧਰ 'ਤੇ ਫ਼ੈਲਣ ਜਾ ਰਹੀ ਨਵੀਂ ਟੀ.ਬੀ ਦੀ ਬਿਮਾਰੀ ਦੇ ਇਲਾਜ ਲਈ ਇਹ ਰਾਮਬਾਣ ਸਿੱਧ ਹੋ ਸਕਦੀ ਹੈ। ਸ਼ੇਅਰ ਬਾਜ਼ਾਰ ਦੇ ਦਲਾਲਾਂ ਦੀ ਭਾਸ਼ਾ 'ਚ ਇਸ ਨੂੰ ਟੀ.ਬੀ ਦੀ ਮੰਡੀ ਕਿਹਾ ਜਾ ਰਿਹਾ ਹੈ ਤੇ ਮੰਡੀ ਮੁਨਾਫ਼ਾ ਕਮਾਉਣ ਲਈ ਹੁੰਦੀ ਹੈ। ਇਸ ਮੰਡੀ ਦੇ ਕਮਾਊ ਪੁੱਤ ਦਾ ਨਾਮ 'ਡਾਇਪਰੈਕਸਾ' ਹੈ। ਸਹੀ ਫ਼ਾਰਮੂਲਾ ਅਜੇ ਤੱਕ ਨਾ ਮਿਲਿਆ ਹੋਣ ਕਰਕੇ ਪਰਖੇ ਆਦਮੀ ਦੀ ਜਾਨ ਜਾ ਸਕਦੀ ਹੈ। ਦੁਬਾਰਾ ਖੋਜ ਕਰਨ ਉੱਤੇ ਦੋ ਸਾਲ ਦਾ ਸਮਾਂ ਤੇ ਲੱਖਾਂ ਡਾਲਰ ਲੱਗਣਗੇ। ਤਦ ਤੱਕ ਹੋਰ ਕੰਪਨੀਆਂ ਨਵੀਂ ਦਵਾਈ ਖੋਜ ਲੈਣਗੀਆਂ। ਸਸਤੇ ਤੇ ਫੌਰੀ ਕਰਨ ਵਾਲੇ ਇਸ ਜ਼ਰੂਰੀ ਕੰਮ ਲਈ 'ਮਰਨ ਜੋਗੇ' ਕਾਲੇ ਲੋਕਾਂ ਤੋਂ ਵੱਡਾ ਉਮੀਦਵਾਰ ਕੌਣ ਹੋ ਸਕਦਾ ਹੈ? ਕਰੋੜਾਂ ਅਰਬਾਂ ਕਮਾਉਣ ਲਈ ਗ਼ਰੀਬ ਕਾਲਿਆਂ ਦੀ ਬੇਵਜ੍ਹਾ ਮੌਤ ਘਾਟੇ ਦਾ ਸੌਦਾ ਨਹੀਂ ਹੈ। ਇੰਗਲੈਂਡ ਦੇ ਮਨ੍ਹਾਂ ਕਰਨ ਦੀ ਹਾਲਤ 'ਚ ਕੇ.ਡੀ.ਐਚ ਇਹ ਕੰਮ ਫ਼ਰਾਂਸ ਕੋਲੋਂ ਕਰਵਾਏਗਾ। ਇੰਗਲੈਂਡ, ਕੇ.ਡੀ.ਐਚ ਤੇ ਕੀਨੀਆ ਸਰਕਾਰ ਵਿਚਾਲੇ ਸੌਦਾ ਪੱਕਾ ਹੋ ਜਾਂਦਾ ਹੈ। ਆਲਮੀ ਬੈਂਕ, ਬਹੁਕੌਮੀ ਕੰਪਨੀਆਂ ਤੇ ਅਮੀਰ ਦੇਸ਼ਾਂ ਦਾ ਮੁਕਾਮੀ ਸਰਕਾਰਾਂ ਨਾਲ ਨਾਪਾਕ ਗੱਠਜੋੜ ਆਵਾਮ ਦੀ ਜ਼ਿੰਦਗੀ ਨੂੰ ਬਦ ਤੋਂ ਬਦਤਰ ਬਣਾ ਰਿਹਾ ਹੈ। ਇਹ ਤੰਦੂਆ ਜਾਲ ਦੇਸ਼ਾਂ ਤੋਂ ਸੂਬਿਆਂ ਤੇ ਅੱਗੇ ਪਿੰਡਾਂ ਸ਼ਹਿਰਾਂ ਤੱਕ ਫੈਲਿਆ ਹੋਇਆ ਹੈ। ਨਿੱਤ ਨਵੇਂ ਦਿਨ ਜਨਤਾ 'ਤੇ ਥੋਪੇ ਜਾਂਦੇ ਕਾਲੇ ਕਨੂੰਨਾਂ ਨੂੰ ਇਸੇ ਕੜੀ 'ਚ ਦੇਖਿਆ ਜਾਣਾ ਚਾਹੀਦਾ ਹੈ। ਭੀਖ 'ਚ ਦਿੱਤੇ ਪੈਸੇ ਦੇ ਜ਼ੋਰ ਨਾਲ ਮੁਕਾਮੀ ਸਰਕਾਰਾਂ ਨੂੰ ਆਪਣੇ ਹਿੱਤ ਲਈ ਵਰਤਣਾ ਸੌਖਾ ਹੈ। ਇਸ ਸੰਦਰਭ 'ਚ ਫ਼ਿਲਮ ਦੀ ਚੇਤਨ ਕਿਰਦਾਰ ਬੀਬੀ ਬਿਰਗਿਟ ਦਾ ਮੰਨਣਾ ਹੈ ਕਿ ਹੱਥ 'ਚ ਪੰਜਾਹ ਹਜ਼ਾਰ ਡਾਲਰ ਲੈ ਕੇ ਬੈਟਰੀ ਦਾ ਤੇਜ਼ਾਬ ਵੀ ਚਮੜੀ ਨਰਮ ਕਰਨ ਵਾਲੀ ਕਰੀਮ ਵਜੋਂ ਪਰਖਿਆ ਜਾ ਸਕਦਾ ਹੈ।ਇਤਿਹਾਸ ਗਵਾਹ ਹੈ ਕਿ ਡਾਹਢਿਆਂ ਨੇ ਐਟਮ ਬੰਬਾਂ, ਖ਼ਤਰਨਾਕ ਦਵਾਈਆਂ ਤੋਂ ਲੈ ਕੇ ਤਸ਼ੱਦਦ ਕਰਨ ਦੇ ਨਵੇਂ ਢੰਗ ਸਭ ਮਨੁੱਖੀ ਪਿੰਡੇ 'ਤੇ ਹੀ ਪਰਖੇ ਹਨ। ਬੇਖ਼ਬਰ ਗ਼ਰੀਬਾਂ 'ਤੇ ਪਰਖ ਸ਼ੁਰੂ ਹੋ ਜਾਂਦੀ ਹੈ। ਇਸ ਕੰਮ ਦਾ ਜ਼ਿੰਮਾ ਕੀੜੇਮਾਰ ਦਵਾਈਆਂ ਬਣਾਉਣ ਵਾਲੀ ਕੰਪਨੀ ਥ੍ਰੀ ਬੀਜ਼ ਸੰਭਾਲਦੀ ਹੈ।ਟੈਸਾ ਤੇ ਉਸ ਦਾ ਕਾਲਾ ਦੋਸਤ ਅਰਨਾਲਡ ਇਸ ਧੋਖੇ ਨੂੰ ਬੇਪਰਦ ਕਰਨ 'ਚ ਲੱਗੇ ਹਨ। ਲੋਕਾਂ ਦੇ ਅੱਖੀਂ ਘੱਟਾ ਪਾਉਣ ਲਈ ਕੰਪਨੀਆਂ ਲੱਖਾਂ ਡਾਲਰ ਮਸ਼ਹੂਰੀ 'ਤੇ ਖਰਚਦੀਆਂ ਹਨ। ਪਰਖੇ ਮਰੀਜ਼ ਮਰਨੇ ਸ਼ੁਰੂ ਹੋ ਜਾਂਦੇ ਹਨ। ਡਾਇਪਰੈਕਸਾ ਦੀ ਖੋਜ ਕਰਨ ਵਾਲਾ ਡਾਕਟਰ ਲੌਰਬੀਅਰ ਪਾਪ ਦਾ ਪਛਤਾਵਾ ਕਰਨ ਲਈ ਬਾਈਬਲ ਦੀ ਸ਼ਰਨ ਲੈਂਦਾ ਹੈ। ਕੀਨੀਆ ਤੋਂ ਭੱਜ ਕੇ ਸੂਡਾਨ ਦੇ ਦੂਰ-ਦੁਰੇਡੇ ਇਲਾਕਿਆਂ 'ਚ ਮੈਡੀਕਲ ਕੈਂਪ ਚਲਾ ਰਿਹਾ ਹੈ। ਦਵਾ-ਕੰਪਨੀਆਂ ਤੇ ਸਹਾਇਤਾ ਏਜੰਸੀਆਂ ਮਦਦ ਦੇ ਨਾਮ 'ਤੇ ਸੜਿਆ ਹੋਇਆ ਖਾਣਾ ਤੇ ਮਿਆਦ ਪੁੱਗੀਆਂ ਦਵਾਈਆਂ ਭੇਜਦੀਆਂ ਹਨ। ਇਨ੍ਹਾਂ ਕੰਪਨੀਆਂ ਨੂੰ ਇਸ 'ਪਵਿੱਤਰ' ਕੰਮ ਬਦਲੇ ਟੈਕਸ ਛੋਟ ਮਿਲਦੀ ਹੈ। ਪੱਤਲਨੁਮਾ ਮਰੀਜ਼ਾਂ ਲਈ ਪੱਤਲਨੁਮਾ ਦਵਾਈਆਂ। ਅੱਧਮਰਿਆਂ ਲਈ ਪੈਕੇਜ ਭੇਜਣਾ ਕੰਪਨੀਆਂ ਲਈ ਆਪਣੇ ਪਾਪ ਧੋਣ ਦਾ ਤਰੱਦਦ ਹੈ।ਅਫ਼ਰੀਕਾ 'ਚ ਦਵਾ-ਕੰਪਨੀਆਂ ਅਤੇ ਹਥਿਆਰਾਂ ਦੇ ਸੌਦਾਗਰਾਂ ਵਿੱਚ ਡੂੰਘੀ ਸਾਂਝ ਹੈ। ਦੋਵੇਂ ਗੋਲੀਆਂ ਨਾਲ ਮਾਰਦੇ ਹਨ। ਅਫ਼ਰੀਕਾ 'ਚ ਕਤਲ ਨਹੀਂ ਹੁੰਦੇ। ਅਫ਼ਸੋਸਨਾਕ ਮੌਤਾਂ ਹੁੰਦੀਆਂ ਹਨ। ਜਿਨ੍ਹਾਂ ਨਾਲ ਸੱਭਿਅਤਾ ਦੀ ਤਰੱਕੀ ਲਈ ਆਮਦਨ ਜੁਟਾਈ ਜਾਂਦੀ ਹੈ। ਇਹ ਕੰਮ ਬਹੁਤ ਸੌਖਾ ਹੈ ਕਿਉਂਕਿ ਏਥੇ ਜ਼ਿੰਦਗੀਆਂ ਬਹੁਤ ਸਸਤੀਆਂ ਹਨ।

ਜਸਟਿਨ ਆਪਣੀ ਬਾਗ਼ਬਾਨੀ 'ਚ ਮਸਤ ਹੈ। ਟੈਸਾ ਦਾ ਤਰੱਦਦ ਮਨੁੱਖਤਾ ਦੇ ਦਰਦ ਦੀ ਥਾਹ ਪਾਉਣਾ ਹੈ। ਟੈਸਾ ਤੇ ਅਰਨਾਲਡ, ਡਾ. ਲੌਰਬੀਅਰ ਦਾ ਇਕਬਾਲੀਆ ਬਿਆਨ ਰਿਕਾਰਡ ਕਰਨ 'ਚ ਕਾਮਯਾਬ ਹੋ ਜਾਂਦੇ ਹਨ। ਜਾਸੂਸ ਦੋਵਾਂ ਦਾ ਸ਼ੁਰੂ ਤੋਂ ਪਿੱਛਾ ਕਰ ਰਹੇ ਹਨ। ਸੜੇ ਖਾਣੇ ਤੇ ਮਿਆਦ ਪੁੱਗੀਆਂ ਦਵਾਈਆਂ ਦਾ ਪੈਕੇਜ ਅਤੇ ਟੇਪ ਲੈ ਕੇ ਉਹ ਸੰਯੁਕਤ ਰਾਸ਼ਟਰ ਕੋਲ ਜਾਂਦੇ ਸਮੇਂ ਗਾਇਬ ਹੋ ਜਾਂਦੇ ਹਨ। ਟੈਸਾ ਦੀ ਲਾਸ਼ ਤੁਰਕਾਨਾ ਝੀਲ ਕੋਲ ਮਿਲਦੀ ਹੈ। ਉਸ ਦੇ ਖ਼ੂਨ ਦਾ ਇਲਜ਼ਾਮ 'ਜਨੂੰਨੀ ਕਾਤਲ' ਅਰਨਾਲਡ 'ਤੇ ਲੱਗਦਾ ਹੈ ਜਿਸਦੀ ਕੋਈ ਉੱਘ-ਸੁਘ ਨਹੀਂ ਮਿਲਦੀ।ਜਸਟਿਨ ਦੇ ਹੱਥ ਟੈਸਾ ਦੇ ਕਤਲ ਦੀਆਂ ਕੁਝ ਤੰਦਾਂ ਲੱਗਦੀਆਂ ਹਨ। ਉਸ ਦਾ ਸਹਿਕਰਮੀ ਸੈਂਡੀ, ਟੈਸਾ ਦੇ ਕਤਲ 'ਚ ਸ਼ਰੀਕ ਸੀ। ਸੈਂਡੀ ਹੀ ਜਸਟਿਨ ਨੂੰ ਸਲਾਹ ਦਿੰਦਾ ਹੈ ਕਿ ਉਹ ਲਹੂ ਲੁਹਾਨ ਅਫ਼ਰੀਕੀਆਂ ਦੀ ਫ਼ਿਕਰ ਨਾ ਕਰੇ ਕਿਉਂਕਿ ਉਸ ਉੱਤੇ ਵੀ ਨਜ਼ਰ ਰੱਖੀ ਜਾ ਰਹੀ ਹੈ। ਮੰਡੀ ਦੇ ਵਿਹੜੇ 'ਚ ਥਾਣੇ ਦਾ ਦਰੱਖ਼ਤ ਉੱਗਣਾ ਸੁਭਾਵਿਕ ਹੈ।। ਫ਼ਿਲਮ ਸਰਕਾਰੀ ਖ਼ੁਫ਼ੀਆ ਏਜੰਸੀਆਂ ਤੇ ਬਹੁਕੌਮੀ ਕੰਪਨੀਆਂ ਦੇ ਘਾਤਕ ਗੱਠਜੋੜ ਵੱਲ ਇਸ਼ਾਰਾ ਕਰਦੀ ਹੈ।ਇਹ ਏਜੰਸੀਆਂ ਆਮ ਸ਼ਹਿਰੀਆਂ ਦੀ ਜਸੂਸੀ ਕਰਦੀਆਂ ਹਨ। ਆਵਾਮ ਪ੍ਰਤੀ ਇਨ੍ਹਾਂ ਦੀ ਕੋਈ ਜ਼ਿੰਮੇਵਾਰੀ ਨਹੀਂ, ਸੋ ਜਵਾਬਦੇਹੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਨ੍ਹਾਂ ਦੀ ਬੇਸ਼ਕਲ ਤੇ ਬੇਆਵਾਜ਼ ਹੋਂਦ ਸਮਾਜ ਦੇ ਪਿੰਡੇ ਉੱਤੇ ਚੱਕਲੀ ਵਾਲੇ ਫੋੜੇ ਵਾਂਗ ਰੜਕਦੀ ਹੈ। ਜਸਟਿਨ ਨੂੰ ਆਖ਼ਰੀ ਚਿਤਾਵਨੀ ਦੇਣ ਆਏ 'ਸੱਜਣ' ਬੋਲਦੇ ਨਹੀਂ-ਪੁੱਛਦੇ ਵੀ ਨਹੀਂ-ਲੱਤਾਂ ਤੇ ਹੂਰਿਆਂ ਦੀ ਬੋਲੀ ਬੋਲਣ ਤੋਂ ਬਾਅਦ ਅਗਲੀ ਕਾਰਵਾਈ ਲਈ ਸਿਰਫ਼ ਲਿਖਤੀ ਰੁੱਕਾ ਛੱਡ ਜਾਂਦੇ ਹਨ। ਇਸੇ ਚੁੱਪ ਨੂੰ ਪਾਸ਼ ਤੋੜਦਾ ਹੈ,

ਤੂੰ ਆਦਮੀ ਦੀ ਜਾਤ ਨਹੀਂ
ਕੁਜਾਤ ਸੀ
ਜਿਸ ਨੂੰ ਪਹਿਲੀ ਵਾਰ ਦੁਨੀਆਂ 'ਤੇ
ਕਿਸੇ ਜਾਸੂਸ ਦੀ ਜ਼ਰੂਰਤ ਪਈ
ਤੂੰ ਜਿਸ ਨੇ ਪਹਿਲੀ ਵਾਰ
ਮਹਾਂਬਲੀ ਇਨਸਾਨ ਦਾ ਸ਼ਿਕਾਰ ਕਰਨ ਦੀ ਸੋਚੀ
ਦੁਨੀਆਂ ਭਰ ਦੇ ਸ਼ਹੀਦਾਂ ਦੀ ਜਰੀ ਹੋਈ ਪੀੜ ਨਾਲ
ਮਸਾਂ ਹੀ ਅੱਧ-ਪਚੱਧੀ ਮਿਣੀ ਗਈ ਹੈ
ਤੇਰੀ ਕਰੂਪ ਲਾਸ਼

ਕੇ.ਡੀ.ਐਚ, ਥ੍ਰੀ ਬੀਜ਼ ਅਤੇ ਬਰਤਾਨਵੀ ਸਫ਼ਾਰਤਖ਼ਾਨੇ ਦੇ ਵੱਡੇ ਅਫ਼ਸਰਾਂ ਦੀ ਮਸਾਦ ਦੇ ਏਜੰਟ ਨਾਲ ਸਾਂਝ ਭਿਆਲੀ ਹੈ। ਮਸਾਦ ਇਜ਼ਰਾਈਲ ਦੀ ਖ਼ੁਫ਼ੀਆ ਏਜੰਸੀ ਹੈ ਜੋ ਸੰਨ੍ਹ ਲਾ ਕੇ ਕਤਲ ਕਰਨ ਲਈ ਦੁਨੀਆਂ ਭਰ 'ਚ ਬਦਨਾਮ ਹੈ। ਅੱਜਕੱਲ੍ਹ ਪੰਜਾਬ ਪੁਲੀਸ ਨੂੰ ਸਿਖਲਾਈ ਦੇਣ ਦਾ ਕੰਮ ਮਸਾਦ ਜ਼ਿੰਮੇ ਹੈ। ਇੰਟਰਨੈਟ ਦੀ ਖ਼ਬਰ ਮੁਤਾਬਿਕ ਮਾਓਵਾਦੀ ਲਹਿਰ ਦੇ ਸਿਖ਼ਰਲੇ ਆਗੂਆਂ ਨੂੰ ਨਿਸ਼ਾਨਾ ਬਣਾਉਣ ਦਾ ਠੇਕਾ ਮਸਾਦ ਨੂੰ ਦਿੱਤਾ ਗਿਆ ਹੈ।

ਜਸਟਿਨ ਆਪਣੇ ਇਰਾਦੇ 'ਤੇ ਡਟਿਆ ਰਹਿੰਦਾ ਹੈ। ਬੇਕਸੂਰ ਅਰਨਾਲਡ ਦੀ ਲਾਸ਼ ਵੀਰਾਨੇ 'ਚੋਂ ਮਿਲਦੀ ਹੈ। ਥ੍ਰੀ ਬੀਜ਼ ਕੰਪਨੀ ਦਾ ਕੈਂਸਰ ਪੀੜਤ ਮਾਲਕ ਟਿਮ, ਜਸਟਿਨ ਨੂੰ ਮਿੱਠੀ ਧਮਕੀ ਦਿੰਦਾ ਹੋਇਆ ਕਾਰਪੋਰੇਟ ਵੱਲੋਂ ਕਤਲ ਕਰਨ ਦਾ ਢੰਗ ਸਮਝਾਉਂਦਾ ਹੈ। ਉਹ ਦੱਸਦਾ ਹੈ ਕਿ ਕੰਪਨੀ ਦਾ ਬੌਸ ਹਲਚਲ ਹੁੰਦੀ ਦੇਖ ਕੇ ਰੱਖਿਆ ਮੁਖੀ ਨੂੰ ਫੋਨ ਕਰਦਾ ਹੈ। ਰੱਖਿਆ ਮੁਖੀ ਕਿਸੇ ਨੂੰ ਤੇ ਉਹ ਅੱਗਿਓਂ ਕਿਸੇ ਹੋਰ ਦੇ ਦੋਸਤ ਨੂੰ ਫੋਨ ਕਰੇਗਾ। 'ਸੰਵੇਦਨਸ਼ੀਲ ਸੱਜਣਾਂ' ਦਾ ਜੋੜਾ ਨੀਲੇ ਟਰੱਕ 'ਚ ਕੰਮ ਨਿਪਟਾਉਣ ਚਲਿਆ ਜਾਵੇਗਾ ਜਿਨ੍ਹਾਂ ਨੂੰ ਪਤਾ ਵੀ ਨਹੀਂ ਕਿ ਹੁਕਮ ਕੌਣ ਦੇ ਰਿਹਾ ਹੈ? ਨਾ ਕੋਈ ਝਮੇਲਾ ਤੇ ਨਾ ਛਾਣਬੀਣ ਤੇ ਕੰਮ ਖ਼ਤਮ।ਟਿਮ ਦੱਸਦਾ ਹੈ ਕਿ ਅਰਨਾਲਡ ਨੂੰ ਮਾਰੂਥਲ 'ਚ ਲਿਜਾ ਕੇ ਪਹਿਲਾਂ ਉਸ ਦੀ ਜੀਭ ਵੱਢੀ ਗਈ। ਫਿਰ ਲਿੰਗ ਕੱਟ ਕੇ ਮੂੰਹ 'ਚ ਭਰਿਆ ਗਿਆ। ਅੰਤ ਈਸਾ ਮਸੀਹ ਵਾਂਗ ਸੂਲੀ 'ਤੇ ਟੰਗ ਦਿੱਤਾ। ਜਦੋਂ ਪੁਲੀਸ ਵਾਲਿਆਂ ਨੇ ਆ ਕੇ ਉਸ ਦੇ ਸਰੀਰ 'ਚੋਂ ਕਿੱਲ ਕੱਢੇ ਉਸ ਵੇਲੇ ਅਰਨਾਲਡ ਜਿਉਂਦਾ ਸੀ। ਜਸਟਿਨ ਨਾਲ ਰਿਆਇਤ ਵਰਤਣਗੇ ਕਿਉਂਕਿ ਉਸ ਦੀ ਮੌਤ ਹਾਦਸਾ ਲੱਗਣੀ ਜ਼ਰੂਰੀ ਹੈ। 'ਦਿਆਲੂ' ਦਰਿੰਦੇ ਵੀ ਛੋਟ ਦਿੰਦੇ ਹਨ।

ਜਸਟਿਨ ਅਪਣੀ ਹੋਣੀ ਦਾ ਫ਼ੈਸਲਾ ਕਰ ਚੁੱਕਿਆ ਹੈ। ਕੁਝ ਸਬੂਤ ਜੁਟਾਉਣ 'ਚ ਕਾਮਯਾਬੀ ਮਿਲਦੀ ਹੈ। ਅੰਤ 'ਚ ਹੋਣੀ ਨਾਲ ਉਸ ਦਾ ਮਿਲਣ ਹੋ ਜਾਂਦਾ ਹੈ। ਤਿੰਨ ਵੱਖਰੀਆਂ ਬੰਦੂਕਾਂ 'ਚੋਂ ਚੱਲੀਆਂ ਗੋਲੀਆਂ ਵਿੱਚੋਂ ਇੱਕ ਵੀ ਉਸ ਦੇ ਹੱਥ 'ਚ ਨਹੀਂ ਲੱਗਦੀ। ਜੱਲਾਦ ਦਾ ਨਿਸ਼ਾਨਾ ਏਨਾ ਪੱਕਾ ਸੀ। ਆਖ਼ਰ ਤਜਰਬਾ ਵੀ ਕਿਸੇ ਸ਼ੈਅ ਦਾ ਨਾਮ ਹੈ! ਸ਼ਾਇਦ ਇਹੀ ਜਸਟਿਨ ਦੇ ਹਿੱਸੇ ਆਈ ਰਿਆਇਤ ਸੀ।

ਕੇ.ਡੀ.ਐਚ ਨੂੰ ਉਸੇ ਤਿਮਾਹੀ 'ਚ ਰਿਕਾਰਡ ਆਮਦਨੀ ਹੁੰਦੀ ਹੈ। ਹੁਣ ਹਰਾਰੇ ਦੀ ਕੰਪਨੀ ਜ਼ਿੰਬਾਮੈਡ ਨੂੰ ਡਾਇਪਰੈਕਸਾ ਪਰਖਣ ਦਾ ਠੇਕਾ ਮਿਲ ਗਿਆ ਹੈ। ਸਭ ਪਹਿਲਾਂ ਦੀ ਤਰ੍ਹਾਂ ਠੀਕ ਠਾਕ ਚੱਲਦਾ ਰਹਿੰਦਾ ਹੈ।ਬੇਸ਼ਕੀਮਤੀ ਮਨੁੱਖੀ ਜਾਨਾਂ ਫਿਰ ਦਾਅ 'ਤੇ ਲੱਗੀਆਂ ਹਨ। ਬਕੌਲ ਪਾਸ਼

ਕੌਣ ਗਿਣੇ ਕਿ
ਤਸ਼ੱਦਦ ਦੀ ਕਿਸ ਕਿਸ ਅਦਾ 'ਤੇ
ਤੁਸਾਂ ਮੇਰਾ ਨਾਮ ਲਿਖਿਆ ਹੈ?

# ਨੌਜਵਾਨਾਂ ਲਈ 'ਦੌੜ' ਰਿਹੈ ਸੌ ਸਾਲਾ ਫੌਜਾ ਸਿੰਘ



ਫੌਜਾ ਸਿੰਘ ਨੇ 100 ਸਾਲ ਦੀ ਉਮਰ ਵਿਚ 10 ਤੋਂ ਵਧੇਰੇ ਮੈਰਾਥਨ ਜਿੱਤੀਆਂ ਤੇ ਯੂ.ਕੇ., ਯੂਰਪੀਅਨ, ਕਾਮਨਵੈਲਥ ਅਤੇ ਵਰਲਡ ਰਿਕਾਰਡ ਤੋੜੇ। ਉਨ੍ਹਾਂ 2004 ਵਿੱਚ ਏਥਨਜ਼ ਵਿਚ ਉਲੰਪਿਕ ਦੌਰਾਨ ਮਸ਼ਾਲ ਵੀ ਚੁੱਕੀ। ਇਹ ਉਨ੍ਹਾਂ ਦੀ ਦ੍ਰਿੜਤਾ ਤੇ ਚੁਣੌਤੀਆਂ ਅੱਗੇ ਡੱਟਣ ਦੀ ਸਮਰਥਾ ਹੀ ਸੀ ਜਿਸ ਕਾਰਨ ਐਡੀਡਾਸ ਕੰਪਨੀ ਨੇ ਉਨ੍ਹਾਂ ਨੂੰ ਆਪਣੇ ਇਸ਼ਤਿਹਾਰਾਂ ਲਈ ਚੁਣਿਆ। ਇਹ ਇਸ਼ਤਿਹਾਰ ਉਨ੍ਹਾਂ ਡੈਵਿਡ ਬੈਕਹਮ ਤੇ ਮੁਹੰਮਦ ਅਲੀ ਨਾਲ 'ਨਥਿੰਗ ਇਜ਼ ਇੰਪਾਸੀਬਲ' ਦੇ ਸਿਰਲੇਖ ਹੇਠ ਕੀਤਾ। ਫੌਜਾ ਸਿੰਘ ਨੇ ਇਸ ਤੋਂ ਮਿਲੇ ਪੈਸਿਆਂ ਬਾਰੇ ਤਾਂ ਨਹੀਂ ਦੱਸਿਆ ਪਰ ਜਦੋਂ ਉਨ੍ਹਾਂ ਤੋਂ ਪੁੱਛਿਆ ਕਿ ਉਨ੍ਹਾਂ ਨੇ ਇਸ ਪੈਸੇ ਦਾ ਕੀ ਕੀਤਾ, ਤਾਂ ਉਨ੍ਹਾਂ ਕਿਹਾ, 'ਮੈਂ ਇਸ ਪੈਸੇ ਦਾ ਕੀ ਕਰਾਂਗਾ? ਏਸ ਉਮਰ ਵਿੱਚ ਦੌੜਨਾ ਹੀ ਆਪਣੇ ਆਪ ਵਿਚ ਇਨਾਮ ਹੈ। ਪ੍ਰਮਾਤਮਾ ਮੈਨੂੰ ਦੇਖ ਰਿਹਾ ਹੈ, ਇਹ ਪੈਸਾ ਉਨ੍ਹਾਂ ਨੂੰ ਦਿਓ, ਜਿਨ੍ਹਾਂ ਨੂੰ ਇਸ ਦੀ ਲੋੜ ਹੈ।' ਫੌਜਾ ਸਿੰਘ ਨੇ ਲੰਡਨ, ਨਿਊ ਯਾਰਕ, ਟੋਰਾਂਟੋ ਵਿਚ ਹੋਈਆਂ ਮੈਰਾਥਨਾਂ ਵਿਚ ਹਿੱਸਾ ਲਿਆ। ਇਨ੍ਹਾਂ ਤੋਂ ਉਨ੍ਹਾਂ ਨੇ ਕਈ ਚੈਰਟੀਆਂ ਲਈ ਹਜ਼ਾਰਾਂ ਪੌਂਡ ਜੁਟਾਏ। ਉਨ੍ਹਾਂ ਬੀ.ਐਲ.ਆਈ. ਐਸ.ਐਸ. ਲਈ ਵੀ ਪੈਸਾ ਜੁਟਾਇਆ। ਇਹ ਸੰਸਥਾ ਪ੍ਰੀ-ਮੈਚਿਊਰ ਬੱਚਿਆਂ ਦੀ ਦੇਖ-ਭਾਲ ਲਈ ਕੰਮ ਕਰਦੀ ਹੈ। ਉਹ ਇਸ ਨੂੰ 'ਨੌਜਵਾਨਾਂ ਲਈ ਬਜ਼ੁਰਗਾਂ ਦੀ ਦੌੜ' ਵਜੋਂ ਲੈਂਦੇ ਹਨ। ਫੌਜਾ ਸਿੰਘ ਦਾ ਜਨਮ ਪਹਿਲੀ ਅਪਰੈਲ 1911 ਨੂੰ ਹੋਇਆ ਅਤੇ ਅੱਜ ਕਲ ਉਹ ਲੰਡਨ, ਇੰਗਲੈਂਡ ਵਿਚ ਰਹਿ ਰਹੇ ਹਨ। ਫੌਜਾ ਸਿੰਘ 1992 ਵਿਚ ਲੰਡਨ ਗਏ ਸਨ। ਉਨ੍ਹਾਂ ਦੀ ਪਤਨੀ ਦੀ ਭਾਰਤ ਵਿਚ ਜਲੰਧਰ ਦੇ ਇਕ ਪਿੰਡ ਵਿਚ ਮੌਤ ਹੋਣ ਕਾਰਨ ਉਹ ਲੰਡਨ ਵਿਚ ਆਪਣੇ ਪੁੱਤਰ ਕੋਲ ਆ ਗਏ। ਫੌਜਾ ਸਿੰਘ ਨੇ ਪਹਿਲੀ ਮੈਰਾਥਨ 89 ਸਾਲ ਦੀ ਉਮਰ ਵਿਚ ਕੀਤੀ ਸੀ। ਉਨ੍ਹਾਂ ਇਹ ਦੌੜ ਛੇ ਘੰਟਿਆਂ ਤੇ 54 ਮਿੰਟਾਂ ਵਿਚ 26.2 ਮੀਲ ਦੀ ਦੂਰੀ ਤੈਅ ਕਰਕੇ ਪੂਰੀ ਕੀਤੀ ਸੀ। ਇਹ ਕਿਸੇ ਵਿਅਕਤੀ ਵਲੋਂ ਪਹਿਲਾਂ ਬਣਾਏ ਰਿਕਾਰਡ ਤੋਂ 58 ਮਿੰਟ ਤੇਜ਼ ਸੀ। ਫੌਜਾ ਸਿੰਘ ਨੇ ਮਹਾਰਾਣੀ ਨਾਲ 2206 ਬੈਕਿੰਘਮ ਪੈਲੇਸ ਵਿਚ ਉਦੋਂ ਨਾਸ਼ਤਾ ਕੀਤਾ ਜਦੋਂ ਮਹਾਰਾਣੀ ਨੇ ਉਨ੍ਹਾਂ ਨੂੰ ਵਿੰਡਸਰ ਕੈਸਲ ਵਿਖੇ ਲੀਵਿੰਗ ਲੀਜੈਂਡ ਦਾ ਰਨਰ-ਅਪ ਐਵਾਰਡ ਦੇਣ ਲਈ ਸੱਦਿਆ ਸੀ। ਇਸ ਤੋਂ ਇਲਾਵਾ ਫੌਜਾ ਸਿੰਘ ਮਹਾਰਾਣੀ ਦੇ ਬੈਟਨ ਰਿਲੇਅ ਦਾ ਵੀ ਹਿੱਸਾ ਸੀ, ਜੋ 2010 ਦੀਆਂ ਪਿਛਲੇ ਸਾਲ ਦਿੱਲੀ ਵਿੱਚ ਹੋਈਆਂ ਕਾਮਨਵੈਲਥ ਖੇਡਾਂ ਦੇ ਆਗਾਜ਼ ਵਜੋਂ ਲੰਡਨ ਵਿਚ ਹੋਈ ਸੀ। ਫੌਜਾ ਸਿੰਘ ਨੇ ਹਾਲ ਹੀ ਵਿੱਚ 200 ਮੀਟਰ, 400 ਮੀਟਰ, 800 ਮੀਟਰ ਅਤੇ 3000 ਮੀਟਰ ਵਿਚ ਯੂ.ਕੇ. ਲਈ ਰਿਕਾਰਡ ਬਣਾਏ। ਇਹ ਰਿਕਾਰਡ ਉਨ੍ਹਾਂ 94 ਮਿੰਟਾਂ ਵਿਚ ਬਣਾਏ। ਲੰਡਨ ਮੈਰਾਥਨ (2003) ਲਈ ਉਨ੍ਹਾਂ ਦਾ ਬੇਹਤਰੀਨ ਸਮਾਂ ਛੇ ਘੰਟੇ ਦੋ ਮਿੰਟ ਸੀ ਤੇ 90 ਤੋਂ ਉਪਰ ਉਮਰ ਵਰਗ ਦਾ ਉਨ੍ਹਾਂ ਦਾ ਰਿਕਾਰਡ 2003 ਵਿਚ ਟੋਰਾਂਟੋ ਵਾਟਰਫਰੰਟ ਮੈਰਾਥਨ ਵਿਖੇ ਪੰਜ ਘੰਟੇ 40 ਮਿੰਟ ਸੀ।

**(ਨਵੀਂ ਦੁਨੀਆ ਬਿਊਰੋ)**




ਪੀ.ਸੀ. ਪਾਰਟੀ ਦੀ ਸੁਬਾਈ ਲੀਡਰਸ਼ਿਪ ਦੀ ਦੌੜ ਵਿੱਚ ਸ਼ਾਮਿਲ ਗੈਰੀ ਮਾਰ ਐਡਮਿੰਟਨ ਵਿਖੇ ਪੰਜਾਬੀ ਭਾਈਚਾਰੇ ਨਾਲ ਕੀਤੀ ਗਈ ਮੀਟਿੰਗ ਦੌਰਾਨ।



ਏ ਐਂਡ ਵੀ. ਕੁਲੀਜ਼ਨ ਆਟੋ ਬਾਡੀ ਸ਼ਾਪ ਦੇ ਉਦਘਾਟਨ ਮੌਕੇ ਇਕੱਤਰ ਵਿਅਕਤੀ।

# Royal Executive Homes

## Town Houses in Wildwood



**Available from 1232 sq. ft. to 1589 sq. ft. with attached Single and Double Garage. Starting Price: $ 289,900**

- Excellent Location
- Close to All Amenities
- Transit Excess
- Future Rec Center
- Close to White Mud & Anthony Henday
- Affordable Prices

**Hurry 50% SOLD**




**Unit A**

MAIN FLOOR AREA 597 Sq.F.
UPPER FLOOR AREA 992 Sq.F.
TOTAL LIVING AREA 1589 Sq.F.
GARAGE AREA 338 Sq.F.




**Unit B**

MAIN FLOOR AREA 498 Sq.F.
UPPER FLOOR AREA 734 Sq.F.
TOTAL LIVING AREA 1232 Sq.F.
GARAGE AREA 182 Sq.F.




**Unit C**

MAIN FLOOR AREA 524 Sq.F.
UPPER FLOOR AREA 780 Sq.F.
TOTAL LIVING AREA 1304 Sq.F.
GARAGE AREA 200 Sq.F.




wild wood TOWN HOUSES
1820, 34th Ave
Edmonton.

**780-965-7390**
**780-906-4497**



# Supreme Pizza
## Punjabi Pizza

Menisa Plaza (on Millwood Road) 1079 Knottwood Road East NW Edmonton

Chicken Wings Hot, Honey Garlic

(780) 485-1213 or (780) 485-1231

1 Large Pizza with 4 Toppings, 2 Can Coke & 24 Wings

**Paneer Pizza**
Paneer, Red Onion, Green Peppers, Mushrooms, Tomatoes.

**Vegetarian**
Olives, Mushrooms, Pineapple, Tomatoes Green Peppers, Red Onions,

**Supreme Special**
Ham, pepperoni, Salami, Mushrooms, Pineapple, Tomatoes, Olive, Red Onion, Green Peppers

**Chicken Special**
Tandoori Chicken, Red Onions, Green peppers, Mushrooms, Tomatoes

**The Pasta Niche**
Baked Lasagna with Meat Sauce and Veggi Sauce

Delivery Charges Will Apply to All Areas

# ਸੁਪਰੀਮ ਪੀਜ਼ਾ

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

ਪੰਜਾਬੀ ਸਟਾਈਲ ਪੀਜ਼ਾ



**Delivery Hours**

Monday to Thursday: 2:30pm to 11:00pm,
Friday & Saturday: 2:30pm to 12:00midnight
Sunday & Holidays: 2:30pm to 11:00pm

Try Us Tonight For Best Deal
In Town
**3 For 1**
Any 3 Toppings
12” Medium - 14” Large

Buy 1 Get 1 Free

**List of Toppings**
Paneer, BBQ Chicken, Tandoori Chicken, Plain Chicken, Hot Pepperoni, Pepperoni, Ham, Mushrooms, Beef, Capacolli, Red Onions, Shrimps, Italian Sausage, Olives, Green Peppers, Tomatoes, Salami, Jalapinos, Feta Cheese, Pineapple

For Delivery: Please Call 1/2 Hour before we close! Its faster if you call 780 485 1213.

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਅਤੇ
ਸਵਾਦੀ ਪੀਜ਼ਾ ਖਾਣ ਲਈ ਇਕੋ-ਇਕ ਨਾ **ਸੁਪਰੀਮ ਪੀਜ਼ਾ**
ਆਪਣੇ ਭਰਾਵਾਂ ਦਾ ਪੀਜ਼ਾ ਜਿਸ ’ਤੇ ਤੁਸੀਂ ਪੰਜਾਬੀ ਵਿਚ ਆਰਡਰ ਕਰ ਸਕਦੇ ਹੋ।

2 Large Fully Loaded Pizza for $25. 1 Large Pizza 5 Toppings for $14.

2 Medium Pizza Fully Loaded for $22. 1 Medium Pizza 5 Toppings for $13.

**Call at: 780 485 1213**



BRIDGEPORT
HOMES LTD.

**BEST PRICES IN TOWN**
**WE ASSURE BEATING MARKET PRICE**

## Now Lots available for big houses
in Wildwood Crescent (Silverberry) one house available in Tamarack

ਵਧੀਆ ਰੇਟ ਅਤੇ ਭਰੋਸੇਮੰਦ ਸੇਵਾਵਾਂ ਲਈ
ਅੱਜ ਹੀ **ਡੌਲੀ ਚੌਹਾਨ** ਨਾਲ ਗੱਲਬਾਤ ਕਰੋ

**780-935-7718**



Lots available for bi-Level homes in Silverberry Area



For more information call: **Dolly Chauhan @ 780-935-7718**